# ਸਿੱਖ ਧਰਮ ਦੇ
# ਰਹਿਸ ਤੇ ਰਮਜ਼

ਡਾ: ਤਾਰਨ ਸਿੰਘ
ਐਮ.ਏ., ਪੀ-ਐਚ. ਡੀ.

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ. ਜਲੰਧਰ

ਸਭ ਹੱਕ ਲੇਖਕ ਦੇ ਰਾਖਵੇਂ ਹਨ

---

## ਨਿਊ ਬੁੱਕ ਕੰਪਨੀ ਵਲੋਂ ਪ੍ਰਕਾਸ਼ਤ
## ਡਾ: ਤਾਰਨ ਸਿੰਘ ਦੀਆਂ ਹੋਰ ਰਚਨਾਵਾਂ

- ਨੇਮ ਤੇ ਪ੍ਰੇਮ
- ਨਾਮੁ ਨਿਧਾਨੁ
- ਬਾਰਹਮਾਹਾ ਦਰਪਣ
- ਗੁਰੂ ਨਾਨਕ ਚਿੰਤਨ ਤੇ ਕਲਾ
- ਭਗਤੀ ਤੇ ਸ਼ਕਤੀ

ਪਹਿਲੀ ਵਾਰ : ੧੯੯੧
(ਨਿਊ ਬੁਕ ਕੰਪਨੀ ਵਲੋਂ)

ਮੁੱਲ : ੪੫-੦੦

ਪ੍ਰਕਾਸ਼ਕ : ਸ: ਮਹਿਤਾਬ ਸਿੰਘ,
ਨਿਊ ਬੁੱਕ ਕੰਪਨੀ,
ਮਾਈ ਹੀਰਾਂ ਗੇਟ, ਜਲੰਧਰ ।
ਫ਼ੋਨ : 73650

ਛਾਪਕ : ਸੈਂਟੋ ਪ੍ਰਿੰਟਰਜ਼,
ਚਹਾਰ ਬਾਗ਼, ਜਲੰਧਰ ।

ਰਾਹੀਂ : ਸੁਰਜੀਤ ਕੰਪੋਜ਼ਿੰਗ ਹਾਊਸ,
5, ਮਨਜੀਤ ਨਗਰ,
ਬਸਤੀ ਸ਼ੇਖ਼, ਜਲੰਧਰ ।

# ਭੂਮਿਕਾ

੧.

'ਰਹਿਸ' ਦਾ ਭਾਵ 'ਗੁੱਝਾ ਭੇਤ' ਹੈ, 'ਰਮਜ਼' ਦਾ ਅਰਥ ਵੀ 'ਗੁੱਝਾ ਸੰਕੇਤ' ਹੈ। ਪਰਮਾਰਥਕ ਭਾਵ ਦੀਆਂ ਰਚਨਾਵਾਂ ਵਿਚ ਬੋਲੀ, ਸ਼ਬਦਾਵਲੀ ਰੂਪਕ, ਉਪਮਾਵਾਂ, ਪ੍ਰਤੀਕ, ਸੰਕੇਤ, ਚਿੰਨ੍ਹ, ਵਾਯੂ-ਮੰਡਲ, ਆਤਮਕ-ਮੰਡਲ, ਚਿਤ੍ਰ ਅਤੇ ਭਾਵ—ਸਭ ਰਹਿਸ ਤੇ ਰਮਜ਼ਾਂ ਭਰਪੂਰ ਹੁੰਦੇ ਹਨ। ਇਹ ਵੀ ਠੀਕ ਹੈ ਕਿ ਪਰਮਾਰਥਕ ਰਚਨਾ, ਵਿਸ਼ੇਸ਼ ਕਰਕੇ ਕਾਵਿ-ਰਚਨਾ, ਭੇਤ ਭਰੀਆਂ ਚੀਜ਼ਾਂ ਤੇ ਭਾਵਾਂ—ਪਰਮਾਤਮਾ, ਆਤਮਾ, ਪ੍ਰਕ੍ਰਿਤੀ, ਨਾਮ, ਗੁਰੂ, ਮਨ, ਬੁਧੀ, ਚਿਤ, ਆਚਾਰ, ਕਰਮ, ਆਵਾਗਵਨ, ਮਾਇਆ—ਬਾਰੇ ਵਿਚਾਰ ਤੇ ਭਾਵ ਪ੍ਰਕਾਸ਼ਤ ਕਰਦੀ ਹੈ, ਤੇ ਇਸ ਲਈ ਇਸ ਕਾਵਿ ਨੂੰ ਰਹਿਸਵਾਦੀ ਕਾਵਿ ਕਹਿੰਦੇ ਹਨ। ਪਰ ਇਹ ਕਵਿਤਾ ਭੇਤਾਂ ਨੂੰ ਗੁੱਝੇ ਰਹਿਸਾਂ, ਰਮਜ਼ਾਂ, ਪ੍ਰਤੀਕਾਂ, ਸੰਕੇਤਾਂ, ਅਲੰਕਾਰਾਂ ਵਿਚ ਵੀ ਲੁਕਾ ਕੇ ਭਾਵ ਉਜਾਗਰ ਕਰਨ ਦਾ ਯਤਨ ਕਰਦੀ ਹੈ। ਇਹ ਇਸ ਪ੍ਰਕਾਰ ਦੇ ਕਾਵਿ ਦੀ ਵਿਸ਼ੇਸ਼ ਕਰ ਕੇ, ਅਤੇ ਆਮ ਕਾਵਿ ਦੀ ਵੀ ਸਾਧਾਰਨ ਤੌਰ ਤੇ, ਮਜਬੂਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਹਿਸਾਂ ਤੇ ਰਮਜ਼ਾਂ ਦੀ ਇਕ ਬੱਝਵੀਂ ਪ੍ਰਣਾਲੀ ਹੈ। ਪਰਮਾਤਮਾ ਇਸ ਪ੍ਰਣਾਲੀ ਵਿਚ ਮਾਤਾ, ਪਿਤਾ, ਕੰਤ, ਸੁਹਾਗ, ਮਾਲੀ, ਬ੍ਰਿਛ, ਸਾਜਨ, ਮਿੱਤਰ, ਦਰਿਆ, ਜੋਤਿ, ਸਾਗਰ, ਪਾਤਸ਼ਾਹ, ਸਾਧ, ਜੋਗੀ, ਸ਼ਿਵ, ਠਾਕੁਰ ਆਦਿ ਕਈ ਕੁਝ ਬਣ ਜਾਂਦਾ ਹੈ ਅਤੇ ਇਹਨਾਂ ਰਹਿਸਮਈ ਰਮਜ਼ੀ ਸ਼ਬਦਾਂ ਵਿਚ ਉਸ ਦੇ ਬਹੁ-ਪੱਖੀ ਬਿਰਦ, ਸੁਭਾ, ਰੂਪ, ਰਸ ਨੂੰ ਸੁਝਾਇਆ ਜਾਂਦਾ ਹੈ। ਦਸਮ ਗ੍ਰੰਥ ਵਿਚ ਇਹੋ ਪਰਮਾਤਮਾ ਸਰਬ ਲੋਹ, ਖੰਡਾ, ਖੜਗ, ਤੀਰ, ਸ਼ਸਤ੍ਰ-ਪਾਣ, ਅਸਤ੍ਰ ਮਾਣ, ਧਰਮੰਧੁਜਾ, ਖੜਗ ਕੇਤੁ, ਕਾਲ, ਅਕਾਲ ਆਦਿ ਬਣ ਜਾਂਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਰਹਿਸਾਂ ਤੇ ਰਮਜ਼ਾਂ ਦੀ ਇਕ ਆਪਣੀ ਮੌਲਿਕ ਪ੍ਰਣਾਲੀ ਖੜੀ ਕਰ ਦਿੰਦੇ ਹਨ। ਇਸੇ ਤਰ੍ਹਾਂ 'ਆਤਮਾ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਣਾਲੀ ਵਿਚ ਜੋਤਿ, ਪੰਛੀ, ਰਥਵਾਹ, ਪਰਦੇਸੀ, ਪ੍ਰਾਹੁਣੀ, ਸਾਜਣ ਦੇ ਸੰਕੇਤਕ ਰੂਪ ਧਾਰਨ ਕਰ ਲੈਂਦੀ ਹੈ; ਮਨ, ਉਸ ਪ੍ਰਣਾਲੀ ਵਿਚ, ਕਮਲ, ਹਾਥੀ, ਹਰਣ ਦੇ ਸੰਕੇਤ ਧਾਰਣ ਕਰ ਲੈਂਦਾ ਹੈ; ਮਾਇਆ (ਪਦਾਰਥ ਪ੍ਰਕ੍ਰਿਤੀ) ਕਸੁੰਭੇ, ਪਰਪੰਚ, ਅਗਨੀ, ਬਿਖ ਦੇ ਸੰਕੇਤ ਧਾਰਨ ਕਰ ਲੈਂਦੀ ਹੈ; ਸਰੀਰ ਨੂੰ ਉਸ ਪ੍ਰਣਾਲੀ ਵਿਚ, ਰੱਥ, ਭਾਂਡਾ, ਠੀਕਰ, ਪਿੰਜਰਾ, ਬੇੜਾ, ਤੁਲਹਾ ਦੇ ਸੰਕੇਤ ਦਿੱਤੇ ਗਏ ਹਨ; ਗੁਰੂ ਉਸ ਪ੍ਰਣਾਲੀ ਵਿਚ ਦਰਿਆ, ਸਾਗਰ, ਮਾਲੀ, ਦੀਪਕ, ਘਨਹਰ, ਬਾਰਸ਼ (ਮੀਂਹ), ਬੇੜਾ, ਤੁਲਹਾ, ਪਾਤਣੀ ਦੇ ਰਹਿਸਾਂ-ਰਮਜ਼ਾਂ ਵਿਚ ਪ੍ਰਗਟ ਕੀਤਾ ਗਿਆ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਰਹਿਸਾਂ-ਰਮਜ਼ਾਂ ਦੇ ਰੂਪ ਵਿਚ ਭਾਵਾਂ ਤੇ ਵਿਚਾਰਾਂ ਨੂੰ ਪ੍ਰਗਟ ਕਰਦਾ ਹੈ, ਰਹਿਸਮਈ ਮੰਡਲਾਂ ਦੇ ਭੇਤ ਸੁਝਾਉਂਦਾ ਹੈ।

ਇਸ ਪੁਸਤਕ ਵਿਚ ਕੁਝ ਖੇਸੰਪ ਯਤਨ ਕੀਤੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਸ ਰਹਿਸਾਂ ਤੇ ਰਮਜ਼ਾਂ ਵਾਲੀ ਪ੍ਰਣਾਲੀ ਦਾ ਕੁਝ ਰੂਪ ਤੇ ਰਸ ਦੱਸਿਆ ਦਰਸਾਇਆ ਜਾ ਸਕੇ। ਦੁਖੁ ਦਾਰੂ, ਸਿੰਮਲ ਰੁਖੁ, ਕਮਲ ਪਰਗਾਸੇ, ਅੰਧ ਬਿਲਾ, ਰੰਕ ਤੇ ਰਾਉ, ਜਮਜਾਲ, ਕਾਰਜ, ਮਜਨ (ਇਸ਼ਨਾਨ), ਜੀਵਨ ਪਦ, ਜੈਕਾਰ, ਕਰੁ ਗਹਿ ਲੇਹੁ (ਹੱਥ ਪਕੜੋ)—ਸਭ ਰਹਿਸ ਤੇ ਰਮਜ਼ਾਂ ਹਨ ਜਿਨ੍ਹਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਹੈ। 'ਸਿੰਮਲ' ਮਨੁੱਖੀ ਵਤੀਰੇ ਦਾ ਸੰਕੇਤ ਹੈ; 'ਕਮਲ ਪਰਗਾਸੇ' ਮਨੁੱਖੀ ਹਿਰਦੇ ਦੀ ਦਸ਼ਾ ਦਾ ਸੰਕੇਤ ਹੈ; 'ਅੰਧ-ਬਿਲਾ' ਵੀ ਮਨੁੱਖੀ ਹਿਰਦੇ ਦੀ ਦਸ਼ਾ ਦਾ ਸੰਕੇਤ ਹੈ; ਰੰਕ ਤੇ ਰਾਉ, ਮਜਨ, ਜੀਵਨ ਪਦ ਸਭ ਮਨੁੱਖੀ ਹਿਰਦੇ ਦੀਆਂ ਦਸ਼ਾਵਾਂ ਹਨ; ਜਮਜਾਲ ਕਾਮਾਦਿਕ ਦਾ ਜਾਲ ਹੈ; ਕਾਰਜ, ਜੀਵਨ ਮਨੋਰਥ ਦੀ ਪਛਾਣ ਹੈ; ਜੈਕਾਰ, ਸਮੁੱਚੇ ਮਾਨਵ ਸਮਾਜ ਦੀ ਹੋਣੀ ਦਾ ਆਦਰਸ਼ ਹੈ।

ਇਹ ਜ਼ਰੂਰੀ ਨਹੀਂ ਕਿ ਮੈਂ ਇਹਨਾਂ ਰਹਿਸਾਂ ਤੇ ਰਮਜ਼ਾਂ ਦੀ ਪੂਰਨ ਡੂੰਘਾਈ ਦਾ ਥਾਹੁ ਲੈ ਸਕਿਆ ਹੋਵਾਂ। ਪਰ ਮੈਂ ਇਹ ਨਹੀਂ ਪ੍ਰਵਾਨ ਕਰ ਸਕਦਾ ਕਿ ਇਹ ਰਹਿਸ ਤੇ ਰਮਜ਼ (Mysticism and Mystic terms) ਕੇਵਲ ਧਾਰਮਕ ਕਾਵਿ ਤੇ ਪਰਮਾਰਥਕ ਗਿਆਨ ਦੀਆਂ ਗੁੰਝਲਾਂ ਹਨ। ਸਗੋਂ ਠੀਕ ਗੱਲ ਇਹ ਹੈ ਕਿ ਸੰਸਾਰ ਦਾ ਕੋਈ ਵੀ ਗਿਆਨ ਵਿਗਿਆਨ ਰਹਿਸਾਂ ਤੇ ਰਮਜ਼ਾਂ ਵਾਲੀ ਸ਼ਬਦਾਵਲੀ ਤੋਂ ਬਿਨਾਂ ਚੱਲ ਨਹੀਂ ਸਕਦਾ ਅਤੇ ਚੱਲ ਨਹੀਂ ਰਿਹਾ। ਸਭ ਦੀ ਆਪਣੀ ਰਹਿਸਮਈ ਸ਼ਬਦਾਵਲੀ ਹੈ। ਸਾਧਾਰਨ ਬੋਲ ਚਾਲ ਵਿਚੋਂ ਜਾਂ ਕਿਸੇ ਹੋਰ ਬੋਲੀ ਵਿਚੋਂ ਸ਼ਬਦ ਲੈ ਕੇ 'ਵਿਸ਼ੇਸ਼ ਭਾਵਾਂ' ਦੇ ਪ੍ਰਗਟਾਅ ਲਈ ਨਿਸਚਿਤ ਕਰ ਲਏ ਗਏ ਹਨ। ਸਾਇੰਸ ਦੇ ਹਰ ਭਾਗ ਵਿਚ, ਇੰਜੀਨੀਅਰਿੰਗ, ਮੈਡੀਕਲ, ਸਾਰਿਆਂ ਵਿਚ ਰਹਿਸਮਈ ਤੇ ਰਮਜ਼ਾਂ ਵਾਲੀ ਸ਼ਬਦਾਵਲੀ ਹੈ। ਸੋ ਧਰਮ ਤੇ ਕੋਈ ਵਿਸ਼ੇਸ਼ ਦੂਸ਼ਣ ਨਹੀਂ ਕਿ ਇਸ ਨੇ ਰਹਿਸਾਂ, ਰਮਜ਼ਾਂ, ਸੰਕੇਤਾਂ ਦੀ ਵਰਤੋਂ ਨਾਲ ਬੋਲੀ ਗੁੰਝਲਦਾਰ ਕੀਤੀ ਹੋਈ ਹੈ; ਕਿਸੇ ਪਾਸੇ ਵੀ ਰਹਿਸਾਂ ਰਮਜ਼ਾਂ ਬਿਨਾਂ ਗੁਜ਼ਾਰਾ ਨਹੀਂ ਹੈ।

ਇਸੇ ਤਰ੍ਹਾਂ ਚਿੰਨ੍ਹ, ਸੰਕੇਤ ਜੀਵਨ ਦੇ ਹਰ ਭਾਗ ਵਿਚ ਹਨ। ਕੇਵਲ ਧਰਮ ਵਿਚ ਕੇਸ, ਕੜਾ, ਕਿਰਪਾਨ, ਕੱਛ, ਮੁੰਦਾ, ਡੰਡਾ, ਝੋਲੀ ਆਦਿ ਹੀ ਨਹੀਂ, ਹਰ ਜੀਵਨ ਸ਼ੋਭੇ ਵਿਚ ਇਹ ਚਿੰਨ੍ਹ ਹਨ। $Co_2$, $Ho_2$, ਰੈਡ ਕਰਾਸ, ਕਰਾਊਨ, ਤੇ ਸਟਾਰ ਮੋਢੇ ਤੇ ਲੱਗੇ, ਝੰਡੇ ਤੇ ਵਾਹੇ ਚਿਤ੍ਰ, ਹਵਾਵਾਂ ਦਾ ਰੁਖ ਦੱਸਣ ਲਈ ਵਾਹੇ ਤੀਰ, ਗੱਡੀ, ਸੜਕ, ਪੁਲ, ਦਰਿਆ ਦੱਸਣ ਲਈ ਨਕਸ਼ਿਆਂ ਵਿਚ ਮਿਥੇ ਚਿੰਨ੍ਹ ਸਾਰੀਆਂ ਲਿਪੀਆਂ ਤੇ ਹਿੰਦਸਿਆਂ ਦੇ ਚਿੰਨ੍ਹ—ਇਹ ਸਭ ਚਿੰਨ੍ਹ ਹੀ ਹਨ। ਫਿਰ ਚਿੰਨ੍ਹ ਧਰਮ ਵਿਚ ਵਿਸ਼ੇਸ਼ ਤੌਰ ਤੇ ਅਲੋਚਨਾ ਦੇ ਭਾਗੀ ਕਿਉਂ ਹਨ? ਮਨੁੱਖ ਦਾ ਚਿੰਨ੍ਹਾਂ ਦੀ ਵਰਤੋਂ ਬਿਨਾਂ ਗੁਜ਼ਾਰਾ ਹੀ ਨਹੀਂ।

ਚਿੰਨ੍ਹ ਕਿਸੇ ਵਿਸਥਾਰ ਵਾਲੇ ਡੂੰਘੇ ਦੀਰਘ ਸੂਖਮ ਖ਼ਿਆਲ ਨੂੰ ਇਕ ਸਥੂਲ ਰੂਪ ਵਿਚ ਜਾਂ ਚਿਤ੍ਰ ਨਾਲ ਦਰਸਾਉਣ ਦਾ ਯਤਨ ਹੈ। ਸਾਰੇ ਕੱਕਾਰਾਂ ਦੇ ਭਾਵ ਹਨ, ਜਿਵੇਂ ਰੈਡ ਕਰਾਸ, ਜਮ੍ਹਾ ਤਫ਼ਰੀਕ, ਤਕਸੀਮ, ਝੰਡਿਆਂ, ਅੱਖਰਾਂ (letters) ਦੇ ਚਿੰਨ੍ਹਾਂ ਦੇ ਭਾਵ ਹਨ। ਧਰਮ ਵਿਸ਼ੇਸ਼ ਤੌਰ ਤੇ ਰਹਿਸਮਈ ਤੇ ਗੁੰਝਲਦਾਰ ਨਹੀਂ।

ਧਰਮ ਵਿਚ, ਸਿੱਖ ਧਰਮ ਵਿਚ ਵਿਸ਼ੇਸ਼ ਕਰਕੇ, ਸਿਮਰਨ ਭਗਤੀ ਦੀ ਮਹਾਨਤਾ ਹੈ, ਨਿਤਨੇਮ ਭਗਤੀ ਦੀ ਮਹਾਨਤਾ ਹੈ ਅਤੇ ਆਮ ਸਮਝਿਆ ਜਾਂਦਾ ਹੈ ਕਿ ਕੇਵਲ ਧਰਮ ਵਿਚ ਹੀ ਸਿਮਰਨ, ਜਾਪ, ਧਿਆਨ ਮੁੜ ਮੁੜ ਕੇ ਇਕੋ ਚੀਜ਼ ਨੂੰ ਦੁਹਰਾਈ ਜਾਣਾ ਹੈ, ਹੋਰ ਜੀਵਨ ਸ਼ੋਭਿਆਂ ਵਿਚ ਐਸਾ ਨਹੀਂ ਹੈ। ਪਰ ਇਹ ਗੱਲ ਨਹੀਂ ਹੈ। ਸਾਰਾ ਜੀਵਨ ਵਿਸ਼ਵਾਸ ਕਰਦਾ ਹੈ ਕਿ ਸਿਮਰਨ ਤੇ ਜਾਪ ਹੀ ਕਿਸੇ ਭਾਵ, ਵਿਚਾਰ ਨੂੰ ਸਾਡੇ ਸੁਭਾਅ ਦਾ ਸਥਾਈ ਭਾਗ ਬਣਾ ਸਕਦੇ ਹਨ। ਸਗੋਂ ਸਾਰੀ ਜ਼ਿੰਦਗੀ ਵਿਚ ਕੇਵਲ ਦੁਹਰਾਈ ਹੀ ਉਨਤੀ ਤੇ ਕੰਮ ਦਾ ਧੁਰਾ ਹੈ। ਲਿਪੀਆਂ, ਪਹਾੜਿਆਂ, ਸ਼ਬਦ-ਜੋੜਾਂ, ਦੀ ਮਸ਼ਕ ਹੈ ਤੇ ਮਸ਼ਕ ਜਾਪ ਤੇ ਸਿਮਰਨ ਹੀ ਹੈ: ਫਾਰਮੂਲੇ, ਗੁਰ, ਹਿੰਦਸੇ, ਸਾਰਾ ਗਣਿਤ, ਜਾਪ ਤਾਂ ਸਿਮਰਨ ਆਸਰੇ ਹੈ; ਸਾਰੀਆਂ ਮਸ਼ੀਨਾਂ ਇਕੋ ਹਰਕਤ ਮੁੜ ਮੁੜ ਕਰੀ ਜਾ ਰਹੀਆਂ ਹਨ ਤੇ ਕੰਮ ਹੁੰਦਾ ਜਾ ਰਿਹਾ ਹੈ। ਸੋ ਦੁਹਰਾਈ ਜਾਂ repetition ਜਾਂ ਜਾਪ ਤੇ ਹੀ ਸਾਰਾ ਜੀਵਨ ਨਿਰਭਰ ਹੈ। ਬਾਇਆਂ, ਦਾਇਆਂ ਦੀ ਪ੍ਰੇਡ ਦੀ ਮਸ਼ਕ ਹੀ ਫ਼ੌਜੀ ਜਾਪ ਹੈ। ਮਨੁੱਖ ਨੇ ਜੋ ਵੀ ਕਮਾਲ ਕੀਤਾ ਹੈ, ਉਸ ਦਾ ਆਧਾਰ, ਸਿਮਰਨ ਤੇ ਜਾਪ (ਮਸ਼ਕ—exercise) ਹੈ। ਸਰੀਰਕ, ਮਾਨਸਿਕ, ਬੋਧਿਕ, ਕਲਾਤਮਕ, ਸਦਾਚਾਰਕ—ਜੋ ਵੀ ਕਮਾਲ ਹੈ: ਉਸ ਪਿਛੇ ਨਿਰੰਤਰ ਅਭਿਆਸ ਜਾਂ ਜਾਪ-ਸਿਮਰਨ ਹੈ। ਸੋ ਇਹ ਵੀ ਧਰਮ ਦਾ ਕੋਈ ਨਿਆਰਾ ਗੁੰਝਲ ਰਹਿਸ ਨਹੀਂ ਹੈ। ਸਿਮਰਨ-ਜਾਪ, ਨਿਤਨੇਮ ਕਰਨੀ ਦੇ ਰਹਿਸ ਹਨ, ਇਹਨਾਂ ਦੀ ਆਪਣੀ ਰਮਜ਼ ਹੈ। ਪਰ ਇਹ ਧਾਰਮਕ ਪੱਖ ਵਿਚ ਕੋਈ ਨਿਆਰੀ ਚੀਜ਼ ਨਹੀਂ. ਇਹ ਜੀਵਨ ਦੇ ਹਰ ਭਾਗ ਵਿਚ ਹਨ।

ਇਸ ਪੁਸਤਕ ਵਿਚ ਸਿੱਖ ਧਰਮ ਦੀ ਕੁਝ ਰਹਿਸ-ਮਈ ਰਮਜ਼ੀ ਸ਼ਬਦਾਵਲੀ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਹੈ, ਕੁਝ ਉਸ ਦੇ ਚਿੰਨ੍ਹਾਂ ਨੂੰ ਉਘਾੜਨ ਦਾ ਯਤਨ ਕੀਤਾ ਹੈ, ਕੁਝ ਉਸ ਦੇ ਵਿਸ਼ੇਸ਼ਕ ਧਾਰਮਕ ਰੂਪ ਸਿਮਰਨ—ਜਪ ਦੇ ਰਹਿਸ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਇਹ ਪੁਸਤਕ ਦਾ ਪਹਿਲਾ ਭਾਗ ਹੈ।

੨.

ਦੂਜੀ ਗੱਲ ਸਾਖੀਆਂ ਦੀ ਹੈ ਜਿਨ੍ਹਾਂ ਨੂੰ ਬਹੁਤੇ ਲੋਕੀ ਨਾ-ਮੰਨਣ ਯੋਗ ਕਰਾਮਾਤਾਂ ਜਾਂ ਕਲਪਨਾ ਕਹਿਣ ਦਾ ਨਿਰਾਦਰ ਕਰਦੇ ਹਨ। ਮੇਰਾ ਵਿਸ਼ਵਾਸ ਹੈ ਕਿ ਕਿਸੇ ਜੀਵਨ ਮੰਡਲ ਵਿਚ, ਕਿਸੇ ਸਿੱਧੀ ਵਾਲੇ ਮਹਾਂਪੁਰਸ਼ ਰਾਹੀਂ, ਇਹ ਸਾਰੀਆਂ ਸਾਖੀਆਂ ਸਚਮੁੱਚ ਵਾਪਰੀਆਂ ਹਨ ਅਤੇ ਹੁਣ ਵਾਪਰ ਸਕਦੀਆਂ ਹਨ। ਸਿੱਖ ਗੁਰ-ਇਤਿਹਾਸ ਦੀ ਹਰ ਸਾਖੀ ਯਥਾਰਥਕ ਜੀਵਨ ਦੀ ਸਾਖੀ (ਸ਼ਾਹਦੀ) ਹੈ। ਇਹ ਸਭ ਕੁਝ ਇਸੇ ਤਰ੍ਹਾਂ ਵਾਪਰਿਆ। ਇਹਨਾਂ ਦੇ ਰਹਿਸ ਹਨ।

ਪਰ ਇਹਨਾਂ ਸਾਖੀਆਂ ਨੂੰ ਇਕ ਹੋਰ ਦ੍ਰਿਸ਼ਟੀ-ਕੋਣ ਤੋਂ ਵੇਖਣ ਦੀ ਹੋਰ ਵੀ ਵਧੇਰੇ ਲੋੜ ਹੈ। ਜੇ 'ਲੂੰਬੜੀ' 'ਕਾਂ' ਨੂੰ ਇਹ ਕਹਿ ਕੇ ਕਿ ਤੂੰ ਬੜਾ ਚੰਗਾ ਗਾਉਂਦਾ ਹੈਂ, ਰੋਟੀ ਦਾ ਟੁਕੜਾ ਲੈ ਜਾਂਦੀ ਹੈ, ਅਤੇ ਇਸ ਕਹਾਣੀ ਵਿਚੋਂ ਅਸੀਂ ਖ਼ੁਸ਼ਾਮਦੀ-ਚਾਪਲੂਸੀ ਦੇ ਜੀਵਨ ਕਰਤੱਵ ਦਾ ਸੰਕੇਤ ਲੈ ਕੇ ਇਸ ਕਹਾਣੀ ਦਾ ਮਾਣ ਸਤਿਕਾਰ ਕਰ ਲੈਂਦੇ ਹਾਂ ਤਾਂ ਕਿਉਂ 'ਬ੍ਰਿਛ ਛਾਇਆ', 'ਚਿੱਕੜ ਤੇ ਕੇਸਰ', 'ਸੰਨ੍ਹ ਬ੍ਰਿਤਾਂਤ', 'ਬੜ੍ਹੇ ਤੇ ਤਖ਼ਤ', 'ਤਪਤ ਲੋਹ', 'ਪੀਰੀ ਦੀ ਤਲਵਾਰ', 'ਦੀਰਘ ਜਾਮਾ', 'ਗੁਰ ਦ੍ਰਿਸ਼ਟਿ', 'ਜਹਾਜ਼ ਉਦਾਰਨ',

'ਬਚਿਤ੍ਰ ਨਾਟਕ', ਰਹਿਸ-ਮਈ, ਭਾਵ ਭਰਪੂਰ, ਸਿਖਿਆਦਾਇਕ ਸਾਖੀਆਂ ਨਹੀਂ ਹੋ ਸਕਦੀਆਂ ? ਇਹ ਸਾਰੀਆਂ ਸਾਖੀਆਂ ਪਰਮ ਮਨੁੱਖਾਂ ਦੀ ਮਹਾਨਤਾ ਦੇ ਲੱਛਣਾਂ ਨੂੰ ਦਰਸਾਉਂਦੀਆਂ ਹਨ; ਜਿਵੇਂ ਲੂੰਬੜੀ ਦੀ ਚਲਾਕੀ ਉਸ ਦੇ ਖ਼ੁਸ਼ਾਮਦੀ ਔਗੁਣ ਨੂੰ ਦ੍ਰਿੜ੍ਹ ਕਰਾਉਂਦੀ ਹੈ। 'ਗੁਰੂ' ਕੀ ਹੈ—ਇਸ ਦਾ ਨਿਰਣਾ ਬਾਣੀ ਨੂੰ ਕੇਵਲ ਇਹਨਾਂ ਸਾਖੀਆਂ ਦੀ ਸਹਾਇਤਾ ਨਾਲ ਵਿਚਾਰਨ ਕਰਕੇ ਹੋਣਾ ਹੈ।

ਸੋ ਜੇ ਪੰਚ ਤੰਤਰ, ਹਿਤੋ ਉਪਦੇਸ਼, Fables, ਅਲਫ਼-ਲੈਲਾ ਦੀਆਂ ਕਹਾਣੀਆਂ ਰਹਿਸ-ਮਈ ਭਾਵਾਂ ਨੂੰ ਪ੍ਰਗਟ ਕਰਦੀਆਂ ਹਨ ਤਾਂ ਫਿਰ ਇਹਨਾਂ ਸਾਖੀਆਂ ਦਾ ਤਾਂ ਕਹਿਣਾ ਹੀ ਕੀ ਹੈ ? ਇਹ ਤਾਂ ਬਹੁਤ ਹੀ ਉੱਚੇ ਭੇਤ ਦਰਸਾ ਸਕਦੀਆਂ ਹਨ।

ਇਸ ਪੁਸਤਕ ਵਿਚ ਕੁਝ ਪ੍ਰਮੁਖ ਸਾਖੀਆਂ ਦਾ ਰਹਿਸ ਲੱਭਣ ਦਾ ਯਤਨ ਹੈ। ਇਹ ਪੁਸਤਕ ਦਾ ਦੂਜਾ ਭਾਗ ਹੈ।

੩.

ਪੁਸਤਕ ਦੇ ਤੀਜੇ ਭਾਗ ਵਿਚ ਸਿੱਖ ਧਰਮ ਦੇ ਆਸ਼ਾ-ਮਈ ਆਦਰਸ਼ ਜੋ ਕੁਝ ਬੋਲਿਆਂ (Slangs ਜਾਂ Slogans) ਵਿਚ ਬੰਨ੍ਹੇ ਹੋਏ ਹਨ, ਉਹਨਾਂ ਦੀਆਂ ਰਮਜ਼ਾਂ ਲੱਭਣ ਦਾ ਯਤਨ ਕੀਤਾ ਹੈ। ਸੰਸਾਰ ਦੇ ਸਾਰੇ ਅਖਾਣ, ਮੁਹਾਵਰੇ ਤੇ ਪ੍ਰਚੱਲਤ ਨਾਹਰੇ ਇਸੇ ਰਹਿਸ-ਮਈ ਰਮਜ਼ੀ ਰੁਚੀ ਦਾ ਪ੍ਰਮਾਣ ਹਨ। ਇਹ ਵੀ ਧਰਮ ਦੀ ਕੋਈ ਕਮਜ਼ੋਰੀ ਜਾਂ ਗੁੰਝਲ ਨਹੀਂ। ਇਹ ਜੀਵਨ ਦੀ ਲੋੜ ਤੇ ਚਾਲ ਹੈ।

੪.

ਇਸ ਪੁਸਤਕ ਦੇ ਕੁਝ ਲੇਖ 'ਗੁਰਮਤਿ ਪ੍ਰਕਾਸ਼' ਅਤੇ 'ਖ਼ਾਲਸਾ ਐਡਵੋਕੇਟ' ਵਿਚ ਛਪ ਚੁੱਕੇ ਹਨ। ਮੈਂ ਦੋਹਾਂ ਸਮਕਾਲੀ ਪੱਤਰਾਂ ਦਾ ਧੰਨਵਾਦੀ ਹਾਂ।

ਵਾਹਿਗੁਰੂ ਜੀ ਕਾ ਖ਼ਾਲਸਾ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ॥

ਖ਼ਾਲਸਾ ਕਾਲਜ, ਅੰਮ੍ਰਿਤਸਰ
ਮਿਤੀ ੨੭ ਮਾਰਚ, ੧੯੬੫ ਤਾਰਨ ਸਿੰਘ

# ਤਤਕਰਾ


ਭੂਮਿਕਾ ... ੩

ਭਾਗ ਪਹਿਲਾ

੧. ਦੁਖੁ ਦਾਰੂ ... ੧੧
੨. ਸਿੰਮਲ ਰੁਖੁ ... ੧੫
੩. ਕਮਲੁ ਪਰਗਾਸੇ ... ੨੧
੪. ਅੰਧ ਬਿਲਾ ਤੇ ਕਾਢਹੁ ... ੨੬
੫. ਰੰਕ ਤੇ ਰਾਉ ... ੩੦
੬. ਜਮ ਜਾਲ ... ੩੪
੭. ਕਾਰਜੁ ਰਾਸਿ ... ੩੮
੮. ਪਛਾਨੁ ... ੪੨
੯. ਮਜਨੁ ... ੪੬
੧੦. ਨਹੀਂ ਡਰਣ ... ੫੦
੧੧. ਜੀਵਨ ਪਦ ... ੫੪
੧੨. ਦਾਤੇ ... ੫੮
੧੩. ਹਰਿ ਕੀ ਜਇਆ (ਜੈ) ... ੬੩
੧੪. ਓੜਕਿ ਨਿਬਹੀ ਪ੍ਰੀਤਿ ... ੬੭
੧੫. ਹਰਿ ਕੇ ਦਰਸਨ ... ੭੨
੧੬. ਕਰੁ ਗਹਿ ਲੇਹੁ ... ੭੭

ਭਾਗ ਦੂਜਾ

੧. ਬ੍ਰਿਛ ਦੀ ਛਾਇਆ ... ੮੫
੨. ਚਿੱਕੜ ਤੇ ਕੇਸਰ ... ੯੭
੩. ਸੰਨ੍ਹ ਬ੍ਰਿਤਾਂਤ ... ੧੦੬
੪. ਥੜ੍ਹੇ ਤੇ ਤਖ਼ਤ ... ੧੧੫
੫. ਤਪਤ ਲੋਹ ... ੧੨੪

੬. ਪੀਰੀ ਦੀ ਤਲਵਾਰ ... ੧੩੨
੭. ਦੀਰਘ ਜਾਮਾ ਤੇ ਫੁੱਲ ... ੧੪੧
੮. ਅੰਮ੍ਰਿਤ ਦ੍ਰਿਸ਼ਟਿ ... ੧੫੦
੯. ਜਹਾਜ਼ ਉਦਾਰਨ ... ੧੫੭
੧੦. ਬਚਿਤ੍ਰ ਨਾਟਕ ... ੧੬੪

ਭਾਗ ਤੀਜਾ

੧. ਦੇਗ—ਤੇਗ ... ੧੭੫
੨. ਸਰਬੱਤ ਖ਼ਾਲਸਾ ਜੀ ... ੧੮੩
੩. ਸਿੱਖੀ ਦਾਨ—ਰਹਿਤ ਦਾਨ ... ੧੯੦
੪. ਝੰਡੇ ਜੁਗੋ ਜੁਗ ਅਟੱਲ ... ੨੦੧
੫. ਜੈਕਾਰਾ ... ੨੦੯

# ਭਾਗ ਪਹਿਲਾ

# ੧. ਦੁਖੁ ਦਾਰੂ

ਦਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥
ਤੂੰ ਕਰਤਾ ਕਰਣਾ ਮੈ ਨਾਹੀ, ਜਾ ਹਉ ਕਰੀ ਨ ਹੋਈ ॥
ਬਲਿਹਾਰੀ, ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥
ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰਿ ਰਹਿਆ ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ ॥
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੋ ਕਰਿ ਰਹਿਆ ॥

'ਦੁਖੁ ਦਾਰੂ ਸੁਖੁ ਰੋਗ ਭਇਆ'—ਦੇ ਮਹਾਂਵਾਕ ਨੂੰ ਇਸ ਸਲੋਕ ਦੇ ਪ੍ਰਸੰਗ ਤੇ ਪਰਕਰਣ ਵਿਚ ਵਿਚਾਰਦੇ ਹਾਂ। ਇਉਂ ਪਤਾ ਲਗਦਾ ਹੈ ਕਿ ਇਸ ਮਹਾਂਵਾਕ ਵਿਚ 'ਦੁਖੁ' ਤੇ 'ਸੁਖੁ'—ਦੋਵੇਂ ਸ਼ਬਦ-ਸਾਧਾਰਨ ਸੰਸਾਰਕ ਅਰਥਾਂ ਵਿਚ ਵਰਤੇ ਗਏ ਹਨ। ਭਾਵ—ਦੁਖ ਮਨ ਦੀ ਉਹ ਅਵਸਥਾ ਹੈ, ਜੋ ਸਰੀਰਕ ਬੀਮਾਰੀ ਕਰਕੇ, ਕਿਸੇ ਐਕੜ-ਚਿੰਤਾ ਕਰਕੇ, ਕਿਸੇ ਸਾਥੀ ਸੰਬੰਧੀ ਦੇ ਸਦੀਵੀ ਵਿਛੋੜੇ ਕਰਕੇ, ਕਿਸੇ ਨਮੋਸ਼ੀ-ਅਪਮਾਨ ਕਰਕੇ; ਜਾਂ ਮਾਲ ਧਨ ਦੇ ਨੁਕਸਾਨ ਕਰਕੇ ਪੈਦਾ ਹੁੰਦੀ ਹੈ। ਇਸ ਪਰਕਰਣ ਵਿਚ 'ਸੁਖੁ' ਦਾ ਭਾਵ ਵੀ ਮਨੁੱਖੀ ਮਨ ਦੀ ਉਹ ਦਸ਼ਾ ਹੈ ਜੋ ਧਨ ਦੀ ਬਹੁਲਤਾ ਤੇ ਸਰੀਰਕ ਅਰੋਗਤਾ ਨਾਲ ਪੈਦਾ ਹੁੰਦੀ ਹੈ। ਭਾਵ'—ਦੁਖੁ' ਤੇ 'ਸੁਖੁ' ਦੇ ਅਰਥ ਸਾਧਾਰਨ ਤੇ ਸੰਸਾਰੀ ਲੈਣੇ ਹਨ; ਪਰਮਾਰਥਕ ਆਤਮਕ ਜਾਂ ਹੋਰ ਕਿਸੇ ਉਚੇਰੇ ਪੱਧਰ ਦੇ ਨਹੀਂ ਲੈਣੇ।

ਪਰ 'ਦੁਖੁ ਦਾਰੂ ਸੁਖੁ ਰੋਗੁ ਭਇਆ' ਦੇ ਪਰਕਰਣ ਵਿਚ 'ਦਾਰੂ' ਤੇ 'ਰੋਗੁ' ਸਾਧਾਰਨ 'ਦਵਾਈ' ਤੇ 'ਬੀਮਾਰੀ' ਦੇ ਅਰਥਾਂ ਵਿਚ ਨਹੀਂ ਵਰਤੇ ਗਏ। 'ਰੋਗੁ' ਦਾ ਭਾਵ ਆਮ ਸਾਧਾਰਨ ਸਰੀਰਕ ਬੀਮਾਰੀ ਨਹੀਂ ਹੈ ਤੇ 'ਦਾਰੂ' ਦਾ ਭਾਵ ਆਮ ਪੀਣ-ਖਾਣ ਵਾਲੀ ਦਵਾਈ ਨਹੀਂ ਹੈ। ਇਹ ਸ਼ਬਦ ਕਿਸੇ ਮਾਨਸਕ-ਆਤਮਕ ਬੀਮਾਰੀ ਬਾਰੇ ਤੇ ਉਸ ਦੇ ਇਲਾਜ ਬਾਰੇ ਵਰਤੇ ਹਨ।

ਜੇ ਪਹਿਲੀ ਪੂਰੀ ਸਤਰ ਵੇਖੀਏ ਤਾਂ 'ਰੋਗੁ' ਦਾ ਭਾਵ ਪਤਾ ਲਗਦਾ ਹੈ। ਪੂਰੀ ਸਤਰ ਹੈ 'ਦੁਖੁ ਦਾਰੂ ਸੁਖੁ ਰੋਗੁ ਭਇਆ; ਜਾ ਸੁਖੁ ਤਾਮਿ ਨ ਹੋਈ ॥' ਭਾਵ ਇਹ ਹੈ ਕਿ ਆਮ ਕਰਕੇ ਜਿਸ ਆਦਮੀ ਨੂੰ ਮਾਲ-ਧਨ ਤੇ ਸਰੀਰਕ ਅਰੋਗਤਾ ਦਾ 'ਸੁਖੁ' ਪ੍ਰਾਪਤ ਹੋ ਜਾਏ 'ਤਾਮਿ ਨ ਹੋਈ' ਉਸ ਦੇ ਹਿਰਦੇ ਵਿਚ ਪਰਮਾਤਮਾ ਦਾ ਵਾਸਾ ਨਹੀਂ ਹੁੰਦਾ। ਪਰਮਾਤਮਾ ਤੋਂ ਊਣਾ ਹਿਰਦਾ ਰੋਗੀ ਹਿਰਦਾ ਹੈ—ਇਹ ਹੈ ਇਸ ਸਲੋਕ ਵਿਚ ਵਿਚਾਰ। ਜਿਸ ਹਿਰਦੇ ਵਿਚ ਪਰਮਾਤਮਾ ਨਹੀਂ ਉਹ ਰੋਗੀ ਹੈ।

ਤਾਂ ਤੇ ਹੁਣ ਵਿਚਾਰਨ ਵਾਲੀ ਗੱਲ ਇਹ ਹੋਈ ਕਿ ਇਸ ਗੱਲ ਦਾ ਕੀ ਭਾਵ ਕਿ ਕਿਸੇ ਹਿਰਦੇ ਵਿਚ ਪਰਮਾਤਮਾ ਨਹੀਂ ਹੈ। ਤੇ ਜੇ ਐਸਾ ਹਿਰਦਾ ਜਾਂ ਮਨ ਸਚਮੁੱਚ ਰੋਗੀ

ਹੁੰਦਾ ਹੈ ਤਾਂ ਉਸ ਰੋਗ ਦੇ ਚਿੰਨ੍ਹ ਕਿਹੜੇ ਹੁੰਦੇ ਹਨ ! ਇਨ੍ਹਾਂ ਦੋਹਾਂ ਗੱਲਾਂ ਦਾ ਨਿਰਣਾ ਬਾਕੀ ਸਾਰੇ ਸਲੋਕ ਨੂੰ ਵਿਚਾਰਨ ਨਾਲ ਹੁੰਦਾ ਹੈ ।

'ਹਿਰਦੇ ਵਿਚ ਪਰਮਾਤਮਾ ਨਾ ਹੋਣ' ਦਾ ਭਾਵ ਇਸ ਸਤਰ ਵਿਚੋਂ ਲੱਭਣਾ ਪਏਗਾ—'ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ, ਜਿਨਿ ਕੀਤੀ ਸੋ ਪਾਰਿ ਪਇਆ ॥' ਮਨ ਵਿਚ ਪਰਮਾਤਮਾ ਹੋਣ ਦਾ ਭਾਵ ਹੈ, ਮਨ ਵਿਚ ਰੱਬੀ ਸਿਫ਼ਤਾਂ ਗੁਣਾਂ ਦਾ ਵਿਚਾਰ ਹੋਣਾ । ਸਭ ਤੋਂ ਉੱਚੀ ਰੱਬੀ ਸਿਫ਼ਤ 'ਸੱਚ' ਹੈ ਜਾਂ 'ਸਚਾਈ' ਹੈ । ਮਨੁੱਖੀ ਮਨ ਵਿਚ ਜਾਂ ਆਚਰਨ ਵਿਚ ਇਹੋ 'ਸਚਾਈ' ਅਤਿਅੰਤ ਲੋੜੀਂਦੀ ਹੈ । ਮਨੁੱਖ ਵਿਚ ਪਰਮਾਤਮਾ ਨਹੀਂ ਦਾ ਭਾਵ—ਕਿ ਉਸ ਦੇ ਹਿਰਦੇ ਵਿਚ 'ਸਚਾਈ' ਦਾ ਪਰਵੇਸ਼ ਨਹੀਂ । ਜੇ ਹਿਰਦੇ ਵਿਚ ਸਚਾਈ ਨਹੀਂ ਹੈ ਤਾਂ ਇਹ 'ਕਰਤੱਵ' ਤੇ 'ਆਚਰਨ' ਵਿਚ ਨਹੀਂ ਆ ਸਕਦੀ । ਜੇ ਆਚਰਨ ਵਿਚ ਸਚਾਈ ਨਹੀਂ ਹੈ ਤਾਂ ਮਨੁੱਖ 'ਪਾਰਿ' ਨਹੀਂ ਪੈ ਸਕਦਾ—'ਜਿਨਿ ਕੀਤੀ ਸੋ ਪਾਰਿ ਪਇਆ' ਭਾਵ ਜੀਵਨ ਮਨੋਰਥ ਜਾਂ ਆਦਰਸ਼ ਵਿਚ ਸਫ਼ਲ ਨਹੀਂ ਹੋ ਸਕਦਾ । ਜੀਵਨ ਦਾ ਮਨੋਰਥ ਤੇ ਅਵੱਸ਼ ਹੈ, ਇਨਸਾਨ ਦਾ ਮਨੋਰਥ ਇਨਸਾਨ ਬਣਨਾ ਹੀ ਹੈ ਤੇ ਆਚਰਨ-ਹੀਣ ਇਨਸਾਨ, ਇਨਸਾਨ ਨਹੀਂ ਹੈ । ਜੇ ਮਨੁੱਖ ਮਨੁੱਖਤਾ, ਸਚਾਈ, ਆਚਰਨ ਦੀ ਟੀਸੀ ਤੇ ਪੁੱਜ ਜਾਏ ਤਾਂ ਉਹ ਪਰਮਾਤਮਾ-ਰੂਪ ਹੋ ਜਾਂਦਾ ਹੈ । ਸੋ ਰੋਗੀ ਮਨ ਦਾ ਭਾਵ ਹੋਇਆ ਉਹ ਮਨ ਜਿਸ ਵਿਚ 'ਸਚੁ' ਦਾ ਵਾਸਾ ਨਾ ਹੋਣ ਕਰਕੇ 'ਗੁਣ' ਨਹੀਂ ਹਨ ਤੇ ਮਨੁੱਖ ਆਚਰਨ-ਹੀਣ ਹੈ । ਇਹ ਰੋਗੀ ਦਸ਼ਾ ਧਨ-ਪਦਾਰਥ ਦੇ ਸੁਖ ਦੀ ਬਹੁਲਤਾ ਵਿਚੋਂ ਆਮ ਕਰਕੇ ਉਤਪੰਨ ਹੋ ਜਾਂਦੀ ਹੈ । ਧਨ ਪਾਪਾਂ ਬਿਨਾਂ ਇਕੱਠਾ ਨਹੀਂ ਹੁੰਦਾ ਤੇ ਮਨੁੱਖ ਨੂੰ ਐਬਾਂ ਵਿਚ ਆਮ ਕਰਕੇ ਧੱਕ ਦਿੰਦਾ ਹੈ । ਕਈ ਧਨਾਢ ਲੋਗ ਚੰਗੇ ਵੀ ਹੋ ਸਕਦੇ ਹਨ ਤੇ ਹੁੰਦੇ ਹਨ ਪਰ ਆਮ ਨਹੀਂ । ਇਸੇ ਕਰਕੇ 'ਰਈਸ' ਹੋਣਾ ਅੱਜ ਕਲ੍ਹ ਸ਼ਰਮ ਦੀ ਗੱਲ ਬਣਦੀ ਜਾਂਦੀ ਹੈ । ਹਰ ਇਕ ਦੇਸ਼-ਵਾਸੀ ਲਈ ਬਰਾਬਰੀ, ਖ਼ੁਸ਼ਹਾਲੀ, ਸਰਕਾਰ ਦਾ ਵੀ ਨਿਸ਼ਾਨਾ ਬਣਦਾ ਜਾ ਰਿਹਾ ਹੈ ।

ਖ਼ੈਰ ! ਸਾਡੀ ਵਿਚਾਰ ਹੁਣ ਇਹ ਹੈ ਕਿ ਐਸੇ 'ਰੋਗੀ' ਮਨ ਦੇ ਰੋਗੀ ਹੋਣ ਦੇ ਚਿੰਨ੍ਹ ਕੀ ਹਨ ? ਇਸ ਗੱਲ ਦਾ ਨਿਰਣਾ ਸਾਰੇ ਸਲੋਕ ਦੀਆਂ ਬਾਕੀ ਸਤਰਾਂ ਕਰਦੀਆਂ ਹਨ । ਮੂਲ ਗੱਲ ਇਹ ਹੈ ਕਿ 'ਰੋਗੀ ਮਨ' ਦੀ 'ਵਿਚਾਰ-ਧਾਰਾ' ਰੋਗੀ ਹੁੰਦੀ ਹੈ । ਰੋਗੀ ਵਿਚਾਰ ਇਸ ਸਲੋਕ ਵਿਚ ਇਹ ਦਸੇ ਹਨ :

(੧) ਆਪਣੇ ਆਪ ਨੂੰ ਅੰਤਮ-ਸੁਤੰਤਰ ਤੇ ਸਰਬ ਸ਼ਕਤੀਮਾਨ ਹਸਤੀ ਮੰਨਣਾ ਤੇ ਪੂਰਨ ਬ੍ਰਹਮੰਡ ਦੇ ਨਿਯਮਾਂ ਅਧੀਨ ਆਪ ਨੂੰ ਨਾ ਮੰਨਣਾ, ਇਹ ਇਕ ਰੋਗੀ ਵਿਚਾਰ ਹੈ । ਇਹ ਵਿਚਾਰ ਮਨੁੱਖ ਪਾਸੋਂ ਕੁਕਰਮ, ਪਾਪ ਤੇ ਅਨਿਆਂ ਕਰਾਂਦਾ ਹੈ । ਇਸ ਦੇ ਉਲਟ ਅਰੋਗ ਵਿਚਾਰ ਹੈ—'ਤੂ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥' ਭਾਵ ਸਾਰਾ ਸੰਸਾਰ ਇਕ ਪ੍ਰਬੰਧ ਵਿਚ ਹੈ, ਇਸ ਨੂੰ ਚਲਾਣ ਵਾਲੀ ਪਰਮਾਤਮਾ ਦੀ ਹਸਤੀ ਹੈ ਤੇ ਹਰ ਮਨੁੱਖ ਅਟੱਲ ਨਿਯਮਾਂ ਦੇ ਅਧੀਨ ਹੈ ।

(੨) ਸੰਸਾਰ ਨੂੰ ਕੇਵਲ ਪ੍ਰਕਿਰਤੀ ਜਾਂ matter ਸਮਝਣਾ ਰੋਗੀ ਵਿਚਾਰ ਹੈ । ਅਸਲੀਅਤ ਇਹ ਹੈ 'ਬਲਿਹਾਰੀ ਕੁਦਰਤਿ ਵਸਿਆ' । ਸੰਸਾਰ ਨੂੰ ਕੇਵਲ ਪ੍ਰਕਿਰਤੀ ਮੰਨਣ ਦਾ ਭਾਵ ਇਹ ਹੈ ਕਿ ਜੀਵਨ ਵਤੀਰਾ ਇਹ ਬਣਾਇਆ ਜਾਏ : 'ਇਹ ਜਗ ਮਿੱਠਾ

ਅਗਲਾ ਕਿਨ ਡਿਠਾ'—'ਬਾਬਰ ਬਐਸ਼ ਕੋਸ਼ ਕਿ ਆਲਮ ਦੁਬਾਰਾ ਨੇਸਤ'—ਇਹ ਪਦਾਰਥਵਾਦ ਮਨੁੱਖ ਨੂੰ ਐਸ਼-ਇਸ਼ਰਤ ਵਿਚ ਧੱਕ ਦਿੰਦਾ ਹੈ। ਇਹ ਵੀ ਰੋਗੀ ਮਨ ਦੀ ਦਸ਼ਾ ਹੈ। ਸੰਜਮ, ਜ਼ਬਤ, ਸਚਾਈ ਦਾ ਧਾਰਨੀ—ਅਰੋਗ ਮਨ—ਉਹ ਹੈ ਜਿਸ ਵਿਚ 'ਪ੍ਰਕਿਰਤੀ' ਨਾਲ 'ਪੁਰਸ਼' ਦੀ ਹੋਂਦ ਦਾ ਵੀ ਵਿਸ਼ਵਾਸ, ਆਤਮਾ ਦੀ ਹੋਂਦ ਦਾ ਵਿਸ਼ਵਾਸ ਤੇ ਹਰ ਕਰਮ ਦੇ ਫਲ ਦਾ ਵਿਸ਼ਵਾਸ ਹੈ।

(੩) ਰੋਗੀ ਮਨ ਦਾ ਤੀਜਾ ਚਿੰਨ੍ਹ ਇਹ ਹੈ ਕਿ ਇਹ ਵਿਸ਼ਵਾਸ ਨਾ ਰੱਖਣਾ ਕਿ ਸਾਰੇ ਮਨੁੱਖ ਬਰਾਬਰ ਹਨ, ਬਰਾਬਰ ਇਸ ਕਰਕੇ ਹਨ ਕਿ ਸਭ ਵਿਚ 'ਜੋਤਿ', 'ਆਤਮਾ' ਹੈ ਜੋ ਪਰਮਾਤਮਾ ਦਾ ਅੰਸ਼ ਹੈ—'ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ'। ਰੋਗੀ ਮਨ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਨਹੀਂ ਮੰਨਦਾ; ਇਹ ਨਹੀਂ ਮੰਨਦਾ 'ਏਕ ਨੂਰ ਤੇ ਸਭ ਜਗ ਉਪਜਿਆ'—ਭਾਵ ਰੋਗੀ ਮਨ ਮਨੁੱਖਤਾ ਦੀਆਂ ਵੰਡੀਆਂ ਵਿਚ ਵਿਸ਼ਵਾਸ ਰਖਦਾ ਹੈ; ਜ਼ਾਤਪਾਤ (ਤੇ ਵਰਨ) ਵਿਚ ਵਿਸ਼ਵਾਸ ਰਖਦਾ ਹੈ 'ਹਉਮੈ ਰੋਗ' ਦਾ ਇਹ ਸਭ ਤੋਂ ਵੱਡਾ ਚਿੰਨ੍ਹ ਹੈ ਜੋ ਮਨੁੱਖੀ ਆਚਰਨ ਵਿਚ ਖ਼ੁਦਗਰਜ਼ੀ, ਸੁਆਰਥ ਪੈਦਾ ਕਰਦਾ ਹੈ; ਵਿਤਕਰੇ ਤੇ ਹੰਕਾਰ ਪੈਦਾ ਕਰਦਾ ਹੈ। ਇਹ ਆਚਰਨ-ਹੀਣਤਾ ਹੈ।

(੪) ਰੋਗੀ ਮਨ ਦਾ ਇਕ ਚਿੰਨ੍ਹ ਇਹ ਵੀ ਹੈ ਕਿ ਇਹ ਕੇਵਲ 'ਦਿਮਾਗੀ' ਗਿਆਨ, ਨੂੰ ਹੀ ਮਨੁੱਖ ਦੀ ਮਹਾਨਤਾ ਸਮਝਦਾ ਹੈ। ਪਰ 'ਗਿਆਨ' ਜਾਂ ਵਿਦਵਤਾ ਮਨੁੱਖ ਦੀ ਮਹਾਨਤਾ ਦਾ ਕੋਈ ਸਬੂਤ ਨਹੀਂ, ਉਸ ਦੇ ਹਿਰਦੇ ਵਿਚ 'ਭੈ' ਤੇ 'ਪਿਆਰ'—'ਭਉ' ਤੇ 'ਭਾਉ' ਮਨੁੱਖ ਦੀ ਮਹਾਨਤਾ ਦਾ ਪਰਮਾਣ ਹੁੰਦੇ ਹਨ। ਫ਼ਿਲਾਸਫ਼ੀ ਨਹੀਂ, ਪ੍ਰੇਮ ਮਨੁੱਖ ਦੀ ਮਹਾਨਤਾ ਦਾ ਪਰਮਾਣ ਹੈ। 'ਆਲਮ ਬਾ ਅਮਲ' ਮਹਾਨ ਚੀਜ਼ ਹੈ। ਸੰਸਾਰ ਤੇ ਪਰਮਾਤਮਾ ਦਾ ਵਿਦਵਤਾ ਨਾਲ ਅੰਤ ਨਹੀਂ ਪ੍ਰਾਪਤ ਹੁੰਦਾ 'ਤੇਰਾ ਅੰਤੁ ਨ ਜਾਈ ਲਖਿਆ'—ਪ੍ਰੇਮ ਨਾਲ ਮਨੁੱਖ ਪਰਮਾਤਮਾ ਰੂਪ ਹੋ ਜਾਂਦਾ ਹੈ! ਮਨੁੱਖ ਦਾ ਪ੍ਰੇਮ, ਕੁਦਰਤ ਦਾ ਪ੍ਰੇਮ, ਸੁੰਦਰਤਾ ਤੇ ਸਚਾਈ ਦਾ ਪ੍ਰੇਮ ਹੀ ਪ੍ਰਭੁ ਪ੍ਰੇਮ ਹੈ ਤੇ "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ"।

ਇਹ ਹਨ ਚਿੰਨ੍ਹ ਰੋਗੀ ਮਨ ਦੇ ਜੋ 'ਸੁਖੁ' ਧਨ-ਪਦਾਰਥ ਦੀ ਬਹੁਲਤਾ ਆਮ ਕਰਕੇ ਪੈਦਾ ਕਰਦੀ ਹੈ 'ਸੁਖੁ ਰੋਗੁ ਭਇਆ' ਦਾ ਅਰਥ। ਯਾਦ ਰਹੇ, ਲੱਤੜੀਂਦੀ ਖੁਸ਼ਹਾਲੀ ਹੋਰ ਚੀਜ਼ ਹੈ ਤੇ ਵਿਗੜੀ ਅਮੀਰੀ ਹੋਰ ਚੀਜ਼ ਹੈ।

ਇਤਨੀ ਵਿਚਾਰ ਨਾਲ ਮਹਾਂ-ਵਾਕ ਦਾ ਦੂਜਾ ਭਾਗ 'ਦੁਖੁ ਦਾਰੂ' ਆਪਣੇ ਆਪ ਸਪੱਸ਼ਟ ਹੋ ਜਾਂਦਾ ਹੈ। "ਦੁਖੁ ਦਾਰੂ" ਵਿਚ ਆਮ ਸੰਸਾਰਕ ਤਜਰਬੇ ਦਾ ਬਿਆਨ ਹੈ, ਭਾਵ ਜਦੋਂ 'ਦੁਖੁ' ਆਉਂਦਾ ਹੈ, ਮੁਸੀਬਤ ਪੈਂਦੀ ਹੈ, ਕੋਈ ਸੰਬੰਧੀ ਵਿਛੜਦਾ ਹੈ, ਗ਼ਰੀਬੀ ਦਲਿੱਦਰ ਵਿਚ ਆਦਮੀ ਫਸ ਜਾਂਦਾ ਹੈ—ਤਾਂ ਪਰਮਾਤਮਾ ਯਾਦ ਆ ਜਾਂਦਾ ਹੈ। ਮਨੁੱਖ ਦੀ ਵਿਚਾਰਧਾਰਾ ਬਦਲਦੀ ਹੈ। ਉਹ (੧) 'ਭਾਣਾ' 'ਹੁਕਮ' ਭਾਵ ਸਰਬ ਸਾਂਝੇ ਸੰਸਾਰ ਪ੍ਰਬੰਧ ਦਾ ਕਾਇਲ ਹੁੰਦਾ ਹੈ, (੨) ਉਹ ਸਰਬ ਸ਼ਕਤੀਮਾਨ ਪਰਮਾਤਮਾ ਦਾ ਵਿਸ਼ਵਾਸੀ ਹੁੰਦਾ ਹੈ; (੩) ਉਹ ਦੂਜੇ ਮਨੁੱਖਾਂ ਨੂੰ ਆਪਣੇ ਬਰਾਬਰ ਸਮਝਦਾ ਹੈ, ਉਸ ਅੰਦਰ 'ਪਰਮਾਤਮਾ' ਭਾਵ ਉਪਜਦਾ ਹੈ, ਇਸ ਪ੍ਰੀਵਰਤਨ ਨਾਲ ਉਸ ਦਾ ਆਚਰਨ ਬਦਲਦਾ ਹੈ, 'ਸਚੁ' ਭਾਵ ਮਨੁੱਖੀ ਆਚਰਨ ਦੇ ਗੁਣ ਪਰਵੇਸ਼ ਕਰਦੇ ਹਨ ਤੇ ਉਹ 'ਸਿਫਤਿ ਸੁਆਲਿਉ' ਕਰਕੇ 'ਪਾਰ' ਪੈਂਦਾ ਹੈ। ਆਪਣੇ ਜੀਵਨ ਆਦਰਸ਼ ਤੀਕ ਪੁੱਜਦਾ ਹੈ।

ਸੰਸਾਰਕ ਤਜਰਬਾ ਵੀ ਇਹੋ ਹੀ ਹੈ ਕਿ ਗ਼ਰੀਬੀ ਤੇ ਲੋੜ ਮਨੁੱਖੀ ਬੁੱਧੀ ਨੂੰ ਤੀਖਣ ਕਰਦੇ ਹਨ, ਮਨੁੱਖ ਵਿਚ ਸ੍ਵੈ-ਭਰੋਸਾ, ਦ੍ਰਿੜ੍ਹਤਾ ਅਤੇ ਹਿੰਮਤ ਪੈਦਾ ਕਰਦੇ ਹਨ, ਮਨੁੱਖ ਵਿਚ ਮਿਹਨਤ-ਕਸ਼ੀ ਦਾ ਸੁਭਾਅ ਪੈਦਾ ਕਰਦੇ ਹਨ; ਪਰਮਾਤਮਾ ਦਾ ਭੈ ਪੈਦਾ ਕਰਦੇ ਹਨ, ਤੇ ਇਹੋ ਆਚਰਨ ਦੇ ਸ਼ੁਭ ਗੁਣ ਹਨ। ਗ਼ਰੀਬੀ ਆਦਮੀ ਵਿਚ ਨਿਮਰਤਾ ਪੈਦਾ ਕਰਦੀ ਹੈ। ਹੋਰਾਂ ਨਾਲ ਹਮਦਰਦੀ ਉਪਜਾਉਂਦੀ ਹੈ—'ਦੁਖੀ ਹੀ ਦੁਖੀ ਦੀ ਸਾਰ ਜਾਣਦਾ ਹੈ।' ਮੁੱਕਦੀ ਗੱਲ ਇਹ ਹੈ ਕਿ "ਦੁਖੁ ਦਾਰੂ ਸੁਖੁ ਰੋਗੁ ਭਇਆ" ਦਾ ਭਾਵ ਹੈ ਕਿ ਜੇ ਬਹੁਤੀ ਅਮੀਰੀ ਦੀ ਐਸ਼-ਇਸ਼ਰਤ ਪ੍ਰਾਪਤ ਹੋ ਜਾਏ ਤਾਂ ਆਮ ਕਰਕੇ ਪਰਮਾਤਮਾ ਭੁੱਲ ਜਾਂਦਾ ਹੈ ਤੇ ਮਨੁੱਖ ਵਿਚ ਆਚਰਨ-ਹੀਣਤਾ ਦਾ 'ਰੋਗੁ' ਆ ਜਾਂਦਾ ਹੈ—ਦੁਖੁ, ਰੋਗੁ ਮੁਸੀਬਤ ਵਿਚ, ਪਰਮਾਤਮਾ ਯਾਦ ਰਹਿੰਦਾ ਹੈ ਤੇ ਮਨੁੱਖ ਵਿਚ ਆਚਰਣ ਦੀ ਦ੍ਰਿੜ੍ਹਤਾ ਉਪਜਦੀ ਹੈ। ਕੁਝ ਕੁਝ ਇਹ ਭਾਵ ਇਸ ਕਥਨ ਨਾਲ ਰਲਦਾ ਹੈ ਕਿ :

"ਤਪੋਂ ਰਾਜ ਤੇ ਰਾਜੋਂ ਨਰਕ"

ਸਹੀ ਆਦਰਸ਼ 'ਰਾਜ-ਯੋਗ' ਹੈ—ਖ਼ੁਸ਼ਹਾਲੀ ਵੀ ਹੋਵੇ ਤੇ ਆਚਰਨ ਵੀ ਹੋਵੇ। ਆਚਰਨ ਪ੍ਰਭੂ-ਪ੍ਰੇਮ ਨਾਲ ਉਪਜਦਾ ਹੈ।

———

## ੨. ਸਿੰਮਲ ਰੁਖੁ

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥
ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥

ਇਸ ਸਲੋਕ ਦੇ ਸਰਲ ਅਰਥ ਇਸ ਪ੍ਰਕਾਰ ਹੋਣਗੇ :—

ਸਿੰਮਲ ਦਾ ਬ੍ਰਿਛ ਤੀਰ ਵਾਂਗ ਸਿੱਧਾ, ਉੱਚਾ, ਵੱਡਾ ਤੇ ਗੁਫੇਦਾਰ ਹੁੰਦਾ ਹੈ। ਪੰਛੀ ਉਸ ਤੋਂ ਆਪਣਾ ਆਧਾਰ ਪ੍ਰਾਪਤ ਕਰਨ ਦੀ ਆਸ ਕਰਕੇ ਉਸ ਵਲ ਆਉਂਦੇ ਹਨ ਪਰ ਉਹ ਨਿਰਾਸ ਹੋ ਕੇ ਜਾਂਦੇ ਹਨ। (ਕਿਉਂਕਿ) ਉਸ ਦੇ ਫਲ ਫਿੱਕੇ ਹੁੰਦੇ ਹਨ, ਫੁੱਲ ਬੇ-ਸੁਆਦ ਹੁੰਦੇ ਹਨ ਅਤੇ ਉਸ ਦੇ ਪੱਤਰ ਖਾਣ ਦੇ ਕੰਮ ਨਹੀਂ ਆ ਸਕਦੇ।

ਮਿੱਠਤ ਤੇ ਨਿਮਰਤਾ ਦੇ ਗੁਣ ਹੀ ਗੁਣਾਂ ਤੇ ਚੰਗਿਆਈਆਂ ਵਿਚੋਂ ਸਰੇਸ਼ਟ ਹਨ।

(ਪਰ) ਸਭ ਕੋਈ ਆਪਣੀ ਗ਼ਰਜ਼ ਦੀ ਖ਼ਾਤਰ ਦੂਜੇ ਅਗੇ ਨਿੰਵਦਾ ਹੈ ਅਸਲ ਵਿਚ ਕੋਈ ਕਿਸੇ ਅੱਗੇ ਨਹੀਂ ਨਿੰਵਦਾ, ਜੇ ਆਦਰਸ਼ਕ ਮਿਆਰ-ਕਾਂਟੇ ਤੇ ਕਿਸੇ ਮਨੁੱਖ ਨੂੰ ਤੋਲ ਕੇ ਵੇਖਿਆ ਜਾਏ ਤਾਂ ਮਹਾਨ ਉਸ ਨੂੰ ਕਿਹਾ ਜਾਏਗਾ ਜੋ ਨਿਮਰਤਾ ਵਾਲਾ ਹੋ ਕੇ ਝੁਕੇਗਾ। (ਪਰ) ਅਪਰਾਧੀ ਸ਼ਿਕਾਰੀ ਜਿਸ ਨੇ ਮਿਰਗ ਨੂੰ ਮਾਰਨਾ ਹੈ, ਉਹ ਵੀ ਨਿੰਵਦਾ ਤੇ ਹੈ ! (ਤਾਂ ਤੇ) ਕੇਵਲ ਸਿਰ ਨਿਵਾਣ ਨਾਲ ਕੀ ਬਣ ਸਕਦਾ ਹੈ ਜਿੰਨੇ ਤੀਕ ਹਿਰਦਾ ਪਵਿੱਤਰ ਨ ਹੋਵੇ।

ਹੁਣ ਇਸ ਸਲੋਕ ਵਿਚੋਂ ਜੀਵਨ ਦੇ ਮੂਲ ਸਿਧਾਂਤ ਲੱਭਦੇ ਹਾਂ :—

ਪਹਿਲਾ ਸਿਧਾਂਤ ਇਹਨਾਂ ਸਤਰਾਂ ਵਿਚ ਹੈ :—"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ"

ਮਨੁੱਖੀ ਸ਼ਖ਼ਸੀਅਤ ਨੂੰ ਪਰਖਣ ਲਈ ਕੋਈ ਸਦੀਵੀ ਸਰਬ ਪਰਵਾਨ ਤੇ ਦੇਸ ਕਾਲ ਦੀ ਸੀਮਾ ਤੋਂ ਸੁਤੰਤਰ ਮਿਆਰ ਜ਼ਰੂਰ ਹਨ। ਗੁਰੂ ਨਾਨਕ ਸਾਹਿਬ ਇਸ ਸਿਧਾਂਤ ਨੂੰ ਮੰਨਦੇ ਹੋਏ ਦਸਦੇ ਹਨ ਕਿ ਮਹਾਨ ਸ਼ਖ਼ਸੀਅਤ ਉਹ ਹੀ ਹੈ ਜਿਸ ਵਿਚ ਨਿਮਰਤਾ ਹੈ ਕਿਉਂਕਿ ਮੇਰੀ ਜਾਚੇ 'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ' ਦਾ ਸਿਧਾਂਤ

ਠੀਕ ਹੈ। ਨਿਮਰਤਾ ਦਾ ਪ੍ਰਤੱਖ ਰੂਪ ਨਿਮਰ ਤੇ ਮਿੱਠਾ ਬੋਲ ਹੈ। ਜੇ ਪਰਖ-ਮਿਆਰ ਨਾਲ ਮਨੁੱਖਾਂ ਨੂੰ ਪਰਖਿਆ ਜਾਏ ਤਾਂ ਮਹਾਨ ਤੇ ਗੌਰਵ ਵਾਲੀ ਸ਼ਖ਼ਸੀਅਤ ਉਹ ਹੀ ਹੋਵੇਗੀ ਜਿਸ ਵਿਚ ਨਿਮਰਤਾ ਹੋਵੇਗੀ ਜਿਵੇਂ ਤਰਾਜ਼ੂ ਤੇ ਤੋਲਣ ਨਾਲ ਭਾਰਾ ਪਾਸਾ ਹੀ ਝੁਕਦਾ ਹੈ—"ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ।"

ਇਸ ਸਲੋਕ ਦਾ ਦੂਜਾ ਸਿਧਾਂਤ ਇਨ੍ਹਾਂ ਸਤਰਾਂ ਵਿਚੋਂ ਲਭਦੇ ਹਾਂ :—

"ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥"

ਨਿਮਰਤਾ ਤੇ ਮਿਠਾਸ ਦਾ ਸਹੀ ਰੂਪ ਪਰਉਪਕਾਰੀ ਸੁਭਾਅ ਹੈ, ਕਿਸੇ ਦੇ ਕੰਮ ਆਉਣ ਦੀ ਤੀਬਰ ਇੱਛਾ ਹੈ ਤੇ ਕਿਸੇ ਦੇ ਕੰਮ ਆਉਣ ਦੀ ਸਮਰੱਥਾ ਹੈ। ਇੱਛਾ ਹੋਵੇ ਪਰ ਜਿੰਨੇ ਤੀਕ ਕੋਈ ਗੱਲ ਕਿਸੇ ਮਨੁੱਖ ਦੇ ਸੁਭਾਅ ਵਿਚ ਸ਼ਾਮਲ ਨਾ ਹੋਵੇ, ਉਹ ਮਨੁੱਖ ਤੋਂ ਹੋ ਆਉਣੀ ਸੰਭਵ ਨਹੀਂ ਤੇ ਜੇ ਇੱਛਾ ਵੀ ਹੋਵੇ, ਸੁਭਾਅ ਵੀ ਹੋਵੇ ਪਰ ਕਿਸੇ ਦੇ ਕੰਮ ਆ ਸਕਣ ਲਈ ਆਪਣੇ ਪਾਸ ਕੋਈ ਸਮਰਥਾ, ਸਮਿਗਰੀ, ਧਨ ਪਦਾਰਥ ਹੀ ਨਾ ਹੋਵੇ ਤਾਂ ਵੀ ਪਰਉਪਕਾਰ ਸੰਭਵ ਨਹੀਂ। ਸੋ ਮਿਠਾਸ ਕੇਵਲ ਸੋਹਣੇ ਸ਼ਬਦਾਂ ਨਾਲ ਅਗਲੇ ਦਾ ਘਰ ਪੂਰਾ ਕਰਨਾ ਨਹੀਂ, ਜਾਂ ਸਭਿਅਕ ਸ਼ਬਦਾਂ ਵਿਚ ਅਗਲੇ ਨੂੰ ਟਾਲਣਾ ਨਹੀਂ, ਸਗੋਂ ਦੂਜੇ ਦੇ ਕੰਮ ਆਉਣ ਦੀ ਤੀਬਰ ਇੱਛਾ ਹੈ। ਨਿਮਰਤਾ, ਮਿਠਾਸ ਤੇ ਸੇਵਾ ਇਕੱਠੇ ਤੁਰਦੇ ਹਨ। ਮਹਾਨ ਸ਼ਖ਼ਸੀਅਤ ਇਕ ਸੁਭਾਅ ਹੈ ਜੋ ਨਿਮਰਤਾ ਤੇ ਸੇਵਾ ਵਿਚੋਂ ਪ੍ਰਗਟ ਹੁੰਦਾ ਹੈ। ਸਿੰਮਲ ਵਿਚ ਇਹ ਸੁਭਾਅ ਨਹੀਂ ਹੈ। ਉਹ ਵੱਡਾ ਉੱਚਾ ਹੈ, ਉਸ ਨਾਲ ਫੁੱਲ ਫਲ ਵੀ ਹਨ ਪਰ ਉਹ ਕਿਸੇ ਪੰਛੀ ਦੇ ਕੰਮ ਨਹੀਂ ਆ ਸਕਦਾ। ਉਸ ਵਿਚ ਕੰਮ ਆਉਣ ਦੀ ਇੱਛਾ ਨਹੀਂ ਹੈ।

ਇਸ ਸਲੋਕ ਦਾ ਤੀਜਾ ਸਿਧਾਂਤ ਇਹਨਾਂ ਸਤਰਾਂ ਵਿਚ ਹੈ :—

"ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥"

ਸੰਸਾਰ ਵਿਚ ਮਹਾਨਤਾ ਦਾ ਆਮ ਪਰਵਾਣਤ ਮਿਆਰ ਇਹ ਹੈ ਕਿ ਮਨੁੱਖ ਧਨਾਢ ਹੋਵੇ ਤੇ ਬਾਹਰਲੀ ਸ਼ਖ਼ਸੀਅਤ ਕਰਕੇ ਸਭਿਆਚਾਰ ਤੇ ਸਭਿਅਤਾ ਦੇ ਆਡੰਬਰ ਵਿਚ ਪੂਰਾ ਹੋਵੇ। ਸਾਰੀ ਮਹਾਨਤਾ ਧਨ ਨਾਲ ਸੰਬੰਧਤ ਹੋ ਗਈ ਹੈ, ਸ਼ਖ਼ਸੀਅਤ ਦੇ ਸਹੀ ਗੁਣ ਭਾਵੇਂ ਹੋਣ ਭਾਵੇਂ ਨਾ ਹੋਣ। ਪਰ ਗੁਰੂ ਨਾਨਕ ਸਾਹਿਬ ਮਹਾਨਤਾ ਦੇ ਇਸ ਮਿਆਰ ਨੂੰ ਇਕ ਦਮ ਝੁਠਲਾ ਰਹੇ ਹਨ। ਉਹ ਕਹਿੰਦੇ ਹਨ ਕਿ ਸਿੰਮਲ ਦਾ ਰੁੱਖ ਵੇਖਣ ਵਿਚ ਬੜਾ ਉੱਚਾ, ਲੰਮਾ, ਚੌੜਾ ਤੇ ਗੁਫੇਦਾਰ ਹੈ, ਉਸ ਦਾ ਬਾਹਰਲਾ ਰੂਪ ਬੜਾ ਮਹਾਨ ਹੈ ਪਰ ਉਸ ਦੀ ਇਹ ਮਹਾਨਤਾ ਕੋਈ ਮਹਾਨਤਾ ਨਹੀਂ ਹੈ ਕਿਉਂਕਿ—"ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ।" ਜੇ ਉਸ ਦਾ ਧਨ ਕਿਸੇ ਦੇ ਕੰਮ ਨਹੀਂ ਆਉਂਦਾ ਤਾਂ ਉਹ ਮਹਾਨ ਨਹੀਂ ਹੈ। ਧਨ ਵੀ ਹੋਣਾ ਜ਼ਰੂਰੀ ਹੈ ਪਰ ਧਨ ਦੀ ਠੀਕ ਵਰਤੋਂ ਉਸ ਤੋਂ ਵੀ ਜ਼ਰੂਰੀ ਹੈ।

ਨਾ ਕੇਵਲ ਇਹ, ਸਗੋਂ ਇਨ੍ਹਾਂ ਸਤਰਾਂ ਵਿਚੋਂ ਇਹ ਸਿਧਾਂਤ ਵੀ ਸਪਸ਼ਟ ਨਿਕਲਦਾ ਹੈ ਕਿ ਜਿਹੜਾ ਧਨ ਕਿਸੇ ਦੇ ਕੰਮ ਨਹੀਂ ਆਉਂਦਾ, ਉਹ ਕੁਝ ਸਮੇਂ ਮਗਰੋਂ ਧਨਾਢ ਪੁਰਸ਼ ਲਈ ਵੀ ਬੇ-ਰਸ ਤੇ ਫਿੱਕਾ ਹੋ ਜਾਂਦਾ ਹੈ। ਧਨ ਤੇ ਸਮਰੱਥਾ ਉਹ ਹੀ ਰਸਦਾਇਕ ਰਹਿ ਸਕਦੇ ਹਨ ਜੋ ਸੇਵਾ ਵਿਚ ਲਗਦੇ ਹਨ—ਨਹੀਂ ਤੇ "ਫਲ ਫਿਕੇ,

ਫੁਲ ਬਕਬਕੇ'' ਹੋ ਜਾਂਦੇ ਹਨ।

ਇਸ ਸਲੋਕ ਦਾ ਚੌਥਾ ਸਿਧਾਂਤ ਨਿਮਰਤਾ ਦੇ ਸਹੀ ਰੂਪ ਨੂੰ ਦੰਭ ਤੋਂ ਨਿਖੇੜਦਾ ਹੈ। ਇਹ ਸਿਧਾਂਤ ਮੂਲ ਰੂਪ ਵਿਚ ਇਸ ਸਤਰ ਵਿਚ ਹੈ : "ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ"—ਤੇ ਇਨ੍ਹਾਂ ਹੋਰ ਸਤਰਾਂ ਵਿਚ ਇਸੇ ਸਿਧਾਂਤ ਦਾ ਬਹੁਪੱਖਾ ਵਿਸਥਾਰ ਹੈ :—

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥

ਅਸਲ ਨਿਮਰਤਾ ਵਾਲੇ ਮਨੁੱਖ ਵਿਚ ਦੰਭ ਨਹੀਂ ਹੁੰਦਾ। ਅਸਲ ਨਿਮਰਤਾ ਵਾਲੇ ਮਨੁੱਖ ਸੰਸਾਰ ਵਿਚ ਬਹੁਤ ਥੋੜੇ ਹਨ। ਨਿਵ ਨਿਵ ਕੇ ਤੇ ਝੁਕ ਝੁਕ ਕੇ ਗੱਲਾਂ ਕਰਨੀਆਂ ਤੇ ਸਲਾਮਾਂ ਕਰਨੀਆਂ ਕੋਈ ਨਿਮਰਤਾ ਦਾ ਸਬੂਤ ਨਹੀਂ ਸਗੋਂ ਕਈ ਹਾਲਤਾਂ ਵਿਚ ਨਿਮਰਤਾ ਦਾ ਵਿਖਾਲਾ ਵੀ ਇਕ ਧੋਖਾ ਹੀ ਹੁੰਦਾ ਹੈ। ਗੁਰੂ ਨਾਨਕ ਸਾਹਿਬ ਮਨੁੱਖਤਾ ਦੀ ਇਸ ਕਮਜ਼ੋਰੀ ਤੋਂ ਵਾਕਫ਼ ਹਨ। ਉਹ ਕਹਿੰਦੇ ਹਨ ਕਿ ਬਹੁਤੇ ਲੋਕ ਆਪਣੀ ਗ਼ਰਜ਼ ਦੀ ਸਿੱਧੀ ਲਈ ਹੋਰਾਂ ਅਗੇ ਝੁਕਦੇ ਹਨ ਤੇ ਨਿਮਰਤਾ ਦਾ ਵਿਖਾਲਾ ਕਰਦੇ ਹਨ—ਉਹ ਨਿਮਰਤਾ ਉਨ੍ਹਾਂ ਦਾ ਸੁਭਾਅ ਨਹੀਂ ਹੁੰਦਾ। ਸਹੀ ਨਿਮਰਤਾ ਨੂੰ ਪਰਖਣ ਦਾ ਮਿਆਰ ਇਹ ਹੈ ਕਿ ਨਿਮਰਤਾ ਵਾਲਾ ਮਨੁੱਖ ਕਿਸੇ ਡਰ, ਗ਼ਰਜ਼ ਜਾਂ ਕਪਟ ਲਈ ਨਿਮਰਤਾ ਨੂੰ ਬੁਰਕਾ ਤਾਂ ਨਹੀਂ ਬਣਾ ਰਿਹਾ। ਕਸੂਰਵਾਰ ਮਨੁੱਖ ਬਹੁਤ ਤਰਲੇ ਕੱਢਦਾ ਹੈ ਜਦੋਂ ਉਸ ਨੂੰ ਕਿਸੇ ਪਾਸੋਂ ਦੰਡ ਦਾ ਡਰ ਹੁੰਦਾ ਹੈ, ਉਹਨਾਂ ਤਰਲਿਆਂ ਨੂੰ ਨਿਮਰਤਾ ਨਹੀਂ ਕਿਹਾ ਜਾ ਸਕਦਾ। ਇਸੇ ਤਰ੍ਹਾਂ ਗ਼ਰਜ਼ਵੰਦ ਮਨੁੱਖ ਵੀ ਬੜੀ ਨਿਮਰਤਾ ਨਾਲ ਗੱਲਾਂ ਕਰਦਾ ਹੈ ਪਰ ਇਸ ਨਿਮਰਤਾ ਨੂੰ ਵੀ ਨਿਮਰਤਾ ਨਹੀਂ ਕਿਹਾ ਜਾ ਸਕਦਾ ਤੇ ਧੋਖਾ ਦੇਣ ਵਾਲਾ ਵੀ ਬੜੀਆਂ ਮਿੱਠੀਆਂ ਤੇ ਨਿਮਰ ਗੱਲਾਂ ਕਰਦਾ ਹੈ – ਜਿਵੇਂ ਸ਼ਿਕਾਰੀ ਬੜਾ ਨੀਵਾਂ ਹੋ ਕੇ ਬਹਿ ਕੇ ਸ਼ਿਕਾਰ ਨੂੰ ਆਪਣੀ ਜ਼ੱਦ ਵਿਚ ਲੈਂਦਾ ਹੈ—ਸੋ ਜਿੰਨੇ ਤੀਕ ਮਨ ਵਿਚ ਮੈਲ ਹੈ ਨਿਮਰਤਾ ਦਾ ਕੋਈ ਸੁਆਲ ਨਹੀਂ ਹੈ – "ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥"

ਤਾਂ ਤੇ ਨਿਮਰਤਾ ਬੜੇ ਬੇਗਰਜ਼, ਨਿਰਮਲ ਤੇ ਨਿਡਰ ਹਿਰਦੇ ਦਾ ਗੁਣ ਹੈ, ਇਹ ਕਾਇਰਾਂ, ਕਪਟੀਆਂ ਤੇ ਪਾਪੀਆਂ ਦਾ ਖਾਸਾ ਨਹੀਂ ਹੈ। ਨਿਮਰਤਾ ਤਾਂ ਉਹ ਲੋਕ ਕਰਦੇ ਹਨ, ਜੋ ਆਪਣਾ ਆਪ ਵੰਡਾਂਦੇ ਹਨ, ਇਹ ਕੰਜੂਸਾਂ ਦੀ ਸਿਫ਼ਤ ਨਹੀਂ ਹੈ ਇਹ ਤਾਂ ਬੜੇ ਉਦਾਰ-ਚਿਤ ਲੋਕਾਂ ਦਾ ਲਕਸ਼ ਹੈ।

ਜੋ ਸ਼ਖ਼ਸੀਅਤ ਦੀ ਮਹਾਨਤਾ ਤੇ ਉਦਾਰ-ਚਿਤ, ਬੇਗਰਜ਼ੀ, ਨਿਰਮਲ ਮਨ ਤੇ ਨਿਡਰਤਾ ਉਤੇ ਨਿਰਭਰ ਹੈ ਤੇ ਇਹ ਮਨੁੱਖ ਦੇ ਅੰਦਰ ਦੇ ਦੈਵੀ ਗੁਣ ਹਨ ਜੋ ਮਿਠਾਸ ਤੇ ਨਿਮਰਤਾ ਦੇ ਬਾਹਰਲੇ ਵਤੀਰੇ ਵਿਚੋਂ ਪ੍ਰਗਟ ਹੁੰਦੇ ਰਹਿੰਦੇ ਹਨ ਤੇ ਜਿਸ ਨੂੰ ਗੁਰੂ ਨਾਨਕ ਸਾਹਿਬ 'ਕੁਸੁਧ ਹਿਰਦੇ' ਦੇ ਮੁਕਾਬਲੇ ਤੇ 'ਸ਼ੁੱਧ ਹਿਰਦਾ' ਮੰਨਦੇ ਹਨ। ਪਵਿੱਤਰ ਸ਼ੁੱਧ ਹਿਰਦਾ ਹੀ ਨਿਮਰਤਾ ਦੇ ਆਚਰਨ ਵਾਲਾ ਹੋ ਸਕਦਾ ਹੈ।

ਹੁਣ ਸੁਆਲ ਇਹ ਰਹਿ ਗਿਆ ਕਿ "ਸ਼ੁੱਧ ਹਿਰਦਾ" ਮਨੁੱਖ ਵਿਚ ਕਿਵੇਂ ਪੈਦਾ ਹੋਵੇ ? ਇਸ ਸੁਆਲ ਨੂੰ ਹੱਲ ਕਰਨ ਲਈ ਇਸੇ ਸਲੋਕ ਦੀ ਪਉੜੀ ਦਾ ਪਾਠ ਵੀ ਪੇਸ਼ ਕਰਦੇ ਹਾਂ। ਪਾਠ ਇਸ ਤਰ੍ਹਾਂ ਹੈ :—

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥
ਕਰਿ ਅਉਗਣ ਪਛੋਤਾਵਣਾ ॥

ਭਾਵ—ਸੁੰਦਰ ਸੋਹਣਾ ਸਰੀਰ ਮਨੁੱਖ ਨੇ ਅੰਤ ਸਮੇਂ ਸੰਸਾਰ ਵਿਚ ਹੀ ਛੱਡ ਜਾਣਾ ਹੈ। ਪਰ ਆਪਣੀ ਕੀਤੀ ਚੰਗਿਆਈ ਜਾਂ ਬੁਰਾਈ ਉਸ ਨੇ ਨਹੀਂ ਛੱਡ ਜਾਣੀ ਕਿਉਂਕਿ ਉਸ ਦਾ ਉਸ ਨੂੰ ਫਲ ਪ੍ਰਾਪਤ ਹੋਣਾ ਹੈ। ਜਿਸ ਮਨੁੱਖ ਨੇ ਸੰਸਾਰ ਵਿਚ ਆਪ-ਹੁਦਰੀਆਂ ਮਨ-ਮਾਨੀਆਂ ਕੀਤੀਆਂ ਹਨ ਉਸ ਨੂੰ ਦੁੱਖ ਦੀ ਪ੍ਰਾਪਤੀ ਅਵੱਸ਼ ਹੈ ਤੇ ਨਾਲ ਹੀ ਬੇਪਤੀ ਤੇ ਸਜ਼ਾ ਜਿਹੜੇ ਉਸ ਨੂੰ ਕਰੂਪ ਬਣਾ ਦੇਣਗੇ। ਇਸ ਦਸ਼ਾ ਨੇ ਮਨੁੱਖ ਵਿਚ ਆਪਣੇ ਔਗਣਾਂ ਤੋਂ ਪਛਤਾਵਾ ਉਤਪੰਨ ਕਰਨਾ ਹੈ।

ਤਾਂ ਤੇ, ਗੁਰੂ ਨਾਨਕ ਸਾਹਿਬ ਅਨੁਸਾਰ ਮਨੁੱਖ ਦਾ ਹਿਰਦਾ ਸ਼ੁੱਧ ਤਦ ਹੋ ਸਕਦਾ ਹੈ ਜੇ ਉਸ ਨੂੰ ਸਚਾਈ ਤੇ ਅਸਲੀਅਤ ਦਾ ਗਿਆਨ ਹੋਵੇ ਤੇ ਮਨੁੱਖ ਉਸ ਅਨੁਸਾਰ ਆਪਣਾ ਵਤੀਰਾ ਢਾਲੇ। ਜਿਸ ਅਟੱਲ ਸਚਾਈ ਦਾ ਗਿਆਨ ਉਹ ਇਸ ਪਉੜੀ ਵਿਚ ਦਿੰਦੇ ਹਨ ਉਸ ਵਿਚ ਇਹ ਗੁਣ ਹਨ :

੧. ਮਨੁੱਖ ਆਪਣਾ ਧਨ ਪਦਾਰਥ ਤੇ ਸੁਖੁ ਦੂਜੇ ਨਾਲ ਇਸ ਲਈ ਨਹੀਂ ਵੰਡਦਾ ਕਿਉਂਕਿ ਉਸ ਨੂੰ ਆਪਣੇ ਆਪ ਨਾਲ ਸਭ ਤੋਂ ਵੱਧ ਪਿਆਰ ਹੈ। ਉਸ ਨੂੰ ਆਪੇ ਦੇ ਸੁਖਾਂ ਦੀ ਤੀਬਰ ਇੱਛਾ ਹੈ, ਆਪਣੇ ਸਰੀਰ ਨੂੰ ਸੁਖਾਲਾ ਤੇ ਸੋਹਣਾ ਰੱਖਣ ਦੀ ਇੱਛਾ ਹੈ, ਇਹ ਇੱਛਾ ਕੁਦਰਤੀ ਹੈ ਤੇ ਸਭ ਵਿਚ ਹੈ। ਪਰ ਇਹ ਇੱਛਾ ਇਕ ਅਗਿਆਨਤਾ ਕਰਕੇ ਸਾਰੀਆਂ ਯੋਗ ਹੱਦਾਂ ਟੱਪ ਕੇ ਖ਼ੁਦਗਰਜ਼ੀ, ਨਿਪਟ ਖ਼ੁਦ-ਪਸੰਦੀ, ਹੀ ਬਣ ਜਾਂਦੀ ਹੈ। ਉਹ ਅਗਿਆਨਤਾ ਇਹ ਹੈ ਕਿ ਇਹ ਸਰੀਰ ਸਦੀਵੀ ਹੈ ਤੇ ਇਸ ਨੂੰ ਪਾਲਣ ਨਾਲ ਮੈਂ ਇਸ ਨੂੰ ਸਦਾ ਕਾਇਮ ਰੱਖ ਸਕਦਾ ਹਾਂ। ਇਹ ਅਗਿਆਨਤਾ ਹੀ ਧਨ ਪਦਾਰਥ ਦੀ ਮਲਕੀਅਤ ਦਾ ਪਿਆਰ ਮਨੁੱਖ ਵਿਚ ਵਧਾ ਦਿੰਦੀ ਹੈ ਤੇ ਇਸੇ ਵਿਚੋਂ ਖ਼ੁਦਗਰਜ਼ੀ ਪੈਦਾ ਹੁੰਦੀ ਹੈ ਜੋ ਆਦਰਸ਼ ਨਿਮਰ ਵਤੀਰਾ ਮਨੁੱਖ ਵਿਚ ਪਰਵੇਸ਼ ਨਹੀਂ ਹੋਣ ਦਿੰਦੀ ਕਿਉਂਕਿ ਨਿਮਰਤਾ ਤਾਂ ਆਪਣਾ ਆਪ ਵੰਡਣਾ ਹੈ। ਮਨੁੱਖ ਨੂੰ ਆਪਣੀ ਜਾਇਦਾਦ, ਪਦਵੀ ਤੇ ਐਸ਼ਵਰਜ ਦਾ ਕਬਜ਼ਾ ਸਦੀਵੀ ਜਾਪਣ ਲੱਗ ਪੈਂਦਾ ਹੈ ਤੇ ਇਸ ਨਸ਼ੇ ਵਿਚ ਆ ਕ ਵਤੀਰਾ ਇਹ ਬਣਦਾ ਹੈ :—

"ਬੋਲ ਨ ਜਾਣੈ ਮਾਇਆ ਮਦਿ ਮਾਤਾ
ਮਰਣਾ ਚੀਤਿ ਨ ਆਵੈ ॥"

ਪਰ "ਬੋਲ ਨਾ ਜਾਣਨਾ" ਹੀ "ਨਿਮਰਤਾ ਤੋਂ ਵਾਂਝਾ" ਹੋਣਾ ਹੈ। ਤਾਂ ਤੇ ਇਹ ਗਿਆਨ ਤੇ ਇਸ ਸਚਾਈ ਦਾ ਦ੍ਰਿੜ੍ਹ ਵਿਸ਼ਵਾਸ ਕਿ ਆਪਣੇ ਆਪ ਦੀ ਸੁਖ ਦੀ ਇੱਛਾ

ਨੂੰ ਕਿਸੇ ਯੋਗ ਸੀਮਾ ਤੋਂ ਅੱਗੇ ਨਹੀਂ ਲੰਘਣ ਦੇਣਾ ਚਾਹੀਦਾ ਹੀ ਮਨੁੱਖ ਵਿਚ ਨਿਮਰਤਾ ਲਿਆ ਸਕਦਾ ਹੈ।

੨. ਦੂਜੀ ਗੱਲ ਇਹ ਹੈ ਕਿ ਜਿਥੇ ਪਦਾਰਥ 'ਅਨਿਤ' ਹਨ ਉਥੇ ਮਨੁੱਖੀ ਮਨ ਤੇ ਇਸ ਦੀ ਪ੍ਰਾਪਤ ਕੀਤੀ ਆਚਰਨ ਦੀ ਪੱਧਰ ਤੇ ਆਤਮਾ "ਨਿਤ" ਹਨ ਤੇ ਜਿਥੇ ਧਨ ਪਦਾਰਥ ਤੇ ਸੋਹਣਾ ਸਰੀਰ ਉਮਰ ਸੀਮਾ ਤੋਂ ਅੱਗੇ ਨਹੀਂ ਲੈ ਜਾਏ ਜਾ ਸਕਦੇ, ਉਥੇ ਮਨ ਤੇ ਆਚਰਨ ਨੂੰ ਇਥੇ ਨਹੀਂ ਛੱਡਿਆ ਜਾ ਸਕਦਾ। ਮਨ ਕੀ ਹੈ ? ਚੰਗੇ ਤੇ ਮੰਦੇ ਵਿਚਾਰਾਂ ਦਾ ਸੰਗ੍ਰਹਿ ਤੇ ਇਹਨਾਂ ਚੰਗੇ ਮੰਦੇ ਵਿਚਾਰਾਂ ਅਧੀਨ ਹੀ ਮਨੁੱਖ ਚੰਗੇ ਤੇ ਮੰਦੇ ਕਰਮ ਕਰਦਾ ਹੈ ਤੇ ਉਨ੍ਹਾਂ ਦੇ ਪ੍ਰਤੀਕਰਮ ਵਜੋਂ ਹੀ ਚੰਗੀ ਤੇ ਮੰਦੀ ਅਵਸਥਾ ਜਾਂ ਸੁਖ ਦੁਖ ਨੂੰ ਪ੍ਰਾਪਤ ਹੁੰਦਾ ਹੈ। ਤਾਂ ਤੇ ਇਹ ਦੂਜੀ ਸਚਾਈ ਹੈ ਕਿ ਆਚਰਨ ਵਿਚ ਕੀਤੀ ਤਰੱਕੀ ਸਦਾ ਮਨੁੱਖ ਦੇ ਨਾਲ ਰਹੇਗੀ ਤੇ ਉਸਦਾ ਹਰ ਕਰਮ ਉਸ ਲਈ ਯੋਗ ਪ੍ਰਤੀਕਰਮ ਤੇ ਫਲ ਪੈਦਾ ਕਰੇਗਾ। ਇਸ ਲਈ ਆਪਣਾ ਹਰ ਕਰਮ ਪੂਰਨ ਵਿਚਾਰ ਨਾਲ ਹੀ ਘਾਲਣਾ ਚਾਹੀਦਾ ਹੈ। ਨਿਮਰਤਾ ਵਾਲਾ ਵਤੀਰਾ ਜੋ ਸ਼ੁੱਧ ਮਨ ਵਿਚੋਂ ਪੈਦਾ ਹੁੰਦਾ ਹੈ, ਮਨੁੱਖ ਲਈ ਚੰਗਾ ਫਲ ਪੈਦਾ ਕਰੇਗਾ ਤੇ 'ਰਿਦਾ ਕਸੁਧ' ਉਸ ਲਈ ਮਾੜੇ ਫਲ ਪੈਦਾ ਕਰੇਗਾ। ਪਦਾਰਥਕ ਉੱਨਤੀ ਕਾਇਮ ਰਹਿਣ ਵਾਲੀ ਨਹੀਂ ਹੈ ਪਰ ਮਨ ਦੀ ਨਿਰਮਲਤਾ ਕਾਇਮ ਰਹਿਣ ਵਾਲੀ ਹੈ। ਇਹ ਹੈ ਭਾਵ ਇਹਨਾਂ ਸਤਰਾਂ ਦਾ :

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥

ਅਰਥਾਤ : ਰਬੀ ਨਿਆਂ ਅਟੱਲ ਹੈ ਤੇ ਆਪਣੇ ਕੀਤੇ ਦਾ ਫਲ ਜ਼ਰੂਰ ਪ੍ਰਾਪਤ ਹੋਵੇਗਾ।

੩. ਤੀਜੀ ਗੱਲ ਇਹ ਹੈ ਕਿ "ਕਸੁਧ ਮਨ" ਜਿਥੇ ਮਨੁੱਖ ਲਈ ਦੁੱਖ ਪੈਦਾ ਕਰਦਾ ਹੈ, ਉਥੇ ਮਨੁੱਖ ਇਸ ਮਨ ਅਧੀਨ ਕੀਤੇ ਕੁਕਰਮਾਂ ਨੂੰ ਕਦੇ ਛੁਪਾ ਨਹੀਂ ਸਕਦਾ। ਤੇ ਇਸ ਤਰ੍ਹਾਂ ਇਹ ਬੇਪਤੀ ਵੀ ਪੈਦਾ ਕਰਦਾ ਹੈ ਤੇ ਉਸ ਨੂੰ ਸਜ਼ਾ ਮਿਲਦੀ ਹੈ।

"ਨੰਗਾ ਦੋਜਕਿ ਚਾਲਿਆ"

੪. ਚੌਥੀ ਗੱਲ ਇਹ ਹੈ ਕਿ ਨਿਰਮਲ ਮਨ ਮਨੁੱਖ ਦੀ ਬਾਹਰਲੀ ਸੁੰਦਰਤਾ ਵੀ ਬਣਾਉਂਦਾ ਹੈ ਤੇ ਕਪਟੀ ਮਨ ਹੀ ਮਨੁੱਖ ਦੀ ਕਰੂਪਤਾ ਘੜਦਾ ਹੈ। ਕਪਟੀ ਮਨ ਵਾਲਾ ਮਨੁੱਖ ਕਦੇ ਸੁੰਦਰਤਾ ਦਾ ਪ੍ਰਭਾਵ ਨਹੀਂ ਪਾ ਸਕਦਾ। ਤੇ ਅਸੀਂ ਸਾਰੇ ਸੋਹਣਾ ਦਿੱਸਣਾ ਚਾਹੁੰਦੇ ਹਾਂ। ਤਾਂ ਤੇ, ਜੇ ਮਨੁੱਖ ਦੀ ਇੱਛਾ ਹੈ ਕਿ ਉਹ ਸੋਹਣਾ ਦਿੱਸੇ ਤਾਂ ਉਸਨੂੰ ਨਿਰਮਲ ਮਨ ਘੜਨਾ ਹੀ ਪਏਗਾ ਕਿਉਂਕਿ ਸੁੰਦਰਤਾ ਦਾ ਆਧਾਰ ਸੁੰਦਰ ਨਿਰਮਲ ਮਨ ਹੈ। ਨਹੀਂ ਤਾਂ ਮਨੁੱਖ ਸਦਾ "ਦਿਸੈ ਖਰਾ ਡਰਾਵਣਾ" ਕਰੂਪ ਹੀ ਦਿੱਸੇਗਾ।

੫. ਪੰਜਵੇਂ, ਮਨੁੱਖ ਨੂੰ ਇਸ ਗੱਲ ਦੀ ਸੂਝ ਚਾਹੀਦੀ ਹੈ ਕਿ ਉਹ ਕਰਮ ਕੀਤਾ ਜਾਏ ਜੋ ਭਵਿੱਖ ਵਿਚ ਪਛਤਾਵਾ ਨਾ ਪੈਦਾ ਕਰੇ ਸਗੋਂ ਪ੍ਰਸੰਨਤਾ, ਆਪਣੇ ਆਪ ਨਾਲ ਸੰਤੁਸ਼ਟਤਾ ਤੇ ਤਸੱਲੀ ਉਤਪੰਨ ਕਰੇ। ਭਾਵ, ਹਰ ਮਨੁੱਖੀ ਅਮਲ ਦੂਰ-ਦ੍ਰਿਸ਼ਟਤਾ ਤੇ ਦੀਰਘ ਦ੍ਰਿਸ਼ਟਤਾ ਤੇ ਆਧਾਰਤ ਹੋਣਾ ਚਾਹੀਦਾ ਹੈ। ਇਹ ਪੱਕੀ ਗੱਲ ਹੈ ਕਿ ਮਨੁੱਖ ਨੂੰ

"ਕਰਿ ਅਉਗਣ ਪਛੋਤਾਵਣਾ" ਪੈਂਦਾ ਹੈ। ਤਾਂ ਤੇ ਕੋਈ ਕਰਮ ਉਸ ਦੇ ਪ੍ਰਤੀਕਰਮ ਦੀ ਵਿਚਾਰ ਤੋਂ ਬਿਨਾਂ ਨਹੀਂ ਕਰਨਾ ਚਾਹੀਦਾ।

ਸੋ ਜੇ ਮਨੁੱਖ ਵਿਚ ਰੱਬੀ-ਨਿਆਂ ਕਰਮ-ਪ੍ਰਤੀਕਰਮ, ਸੁੰਦਰਤਾ ਦੇ ਅਸਲ ਆਧਾਰ ਤੇ ਆਤਮਕ ਉੱਨਤੀ ਦੇ ਅਬਿਨਾਸ਼ੀ ਹੋਣ ਦੇ ਵਿਸ਼ਵਾਸ ਜਾਗ ਪੈਣ ਤਾਂ ਉਸ ਦਾ "ਮਨ" ਅਵੱਸ਼ "ਨਿਰਮਲ" ਹੋ ਜਾਂਦਾ ਹੈ ਤੇ ਉਸ ਵਿਚ ਸਹੀ "ਨਿਮਰਤਾ" ਆ ਜਾਂਦੀ ਹੈ ਜੋ ਉੱਚੀ ਮਨੁੱਖੀ ਸ਼ਖ਼ਸੀਅਤ ਦਾ ਸਹੀ ਪਰਮਾਣ ਹੈ।

# ੩. ਕਮਲੁ ਪਰਗਾਸੇ

ਦੇਵ ਗੰਧਾਰੀ ਮਹਲਾ ੫ ਘਰੁ ੨ ॥

ੴ ਸਤਿਗੁਰ ਪ੍ਰਸਾਦਿ ॥

ਮਾਈ ਗੁਰ ਚਰਣੀ ਚਿਤੁ ਲਾਈਐ ॥
ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ ਸਦਾ ਸਦਾ ਹਰਿ ਧਿਆਈਐ ॥
੧ ॥ ਰਹਾਉ ॥ ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ ॥
ਘਟਿ ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮ ਦਿਖਾਈਐ ॥੧॥
ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ ॥
ਸੁਖ ਦਾਤੇ ਦੁਖ ਭੰਜਨ ਸੁਆਮੀ ਜਨ ਨਾਨਕ ਸਦ ਬਲਿ ਜਾਈਐ ॥੨॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਮਲੁ (ਕੰਵਲ) ਦਾ ਸ਼ਬਦ ਕਈ ਪਰਸੰਗਾਂ ਵਿਚ ਅਤੇ ਕਈ ਅਰਥਾਂ ਵਿਚ ਵਰਤਿਆ ਗਿਆ ਹੈ। 'ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੁ ਮੋਹਿ ਆਹੀ ਪਿਆਸਾ' ਵਿਚ ਪ੍ਰਭੂ ਚਰਨਾਂ ਨੂੰ ਕਮਲੁ ਮੰਨਿਆ ਹੈ : 'ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥'' ਵਿਚ ਕਮਲੁ ਨੂੰ ਨਿਰਲੇਪਤਾ ਦਾ ਚਿੰਨ੍ਹ ਮੰਨਿਆ ਹੈ ਅਤੇ ਬ੍ਰਹਮ ਗਿਆਨੀ ਵਿਚ ਉਸ ਨਿਰਲੇਪਤਾ ਨੂੰ ਪ੍ਰਤੱਖ ਮੰਨਿਆ ਹੈ। 'ਨਾਭਿ ਕਮਲੁ ਤੇ ਬ੍ਰਹਮਾ ਉਪਜੇ' ਵਿਚ ਸਾਰੀ ਭਾਰਤੀ ਪਰੰਪਰਾ ਤੇ ਪੁਰਾਣਾਂ ਦੇ ਗਿਆਨ ਨੂੰ ਉਲੀਕਿਆ ਹੈ ਅਤੇ ਏਥੇ ਕਮਲੁ ਉਤਪਤੀ ਦਾ ਚਿੰਨ੍ਹ ਮੰਨਿਆ ਹੈ। 'ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪ੍ਰਗਾਸੇ' ਦੀ ਤੁਕ ਵਿਚ ਕਮਲ ਨੂੰ ਹਿਰਦੇ ਦਾ ਚਿੰਨ੍ਹ ਮੰਨਿਆ ਹੈ, ਵਿਕਾਸ ਦਾ ਚਿੰਨ੍ਹ ਮੰਨਿਆ ਹੈ। ਸਾਰੀ ਭਾਰਤੀ ਪਰੰਪਰਾ ਵਿਚ ਕਮਲੁ ਇਕ ਬੜਾ ਹੀ ਮਹਾਨ ਚਿੰਨ੍ਹ ਹੈ। ਭਾਰਤੀ ਸਭਿਅਤਾ ਤੇ ਸਭਿਆਚਾਰ ਕਮਲੁ ਵਿਚ ਰੂਪਮਾਨ ਕੀਤੇ ਹਨ। ਕਮਲੁ ਆਮ ਕਰਕੇ ਸੁੰਦਰਤਾ, ਵਿਗਾਸ, ਸੁਗੰਧ, ਪਵਿੱਤਰਤਾ, ਗਿਆਨ, ਖੇੜਾ ਤੇ ਨਿਰਲੇਪਤਾ ਦਾ ਚਿੰਨ੍ਹ ਲਿਆ ਜਾ ਸਕਦਾ ਹੈ। ਕਮਲੁ ਬਾਰੇ ਇਹ ਵੀ ਪ੍ਰਸਿੱਧ ਹੈ ਕਿ ਸੂਰਜ ਦੇ ਉਦੈ ਹੋਣ ਨਾਲ ਇਹ ਵੀ ਖਿੜਦਾ ਹੈ ਅਤੇ ਉਸ ਦੇ ਅਸਤ ਹੋਣ ਨਾਲ ਇਹ ਬੰਦ ਹੋਣਾ ਸ਼ੁਰੂ ਹੋ ਜਾਂਦਾ ਹੈ ਇਸ ਕਰਕੇ ਕਈ ਵਾਰੀ ਭੰਵਰਾ ਬੰਦ ਹੋਏ ਕਮਲੁ ਵਿਚ ਘੁਟ ਕੇ ਮਰ ਜਾਂਦਾ ਹੈ।

ਇਹ ਚਿੰਨ੍ਹਵਾਦ ਮਨੁੱਖੀ ਜੀਵਨ ਨੂੰ ਸਿਖਿਆ ਦੇਣ ਦਾ ਇਕ ਵਸੀਲਾ ਹੈ। ਜੋ ਮਨੁੱਖ ਬ੍ਰਹਮ ਗਿਆਨੀ ਹੈ, ਉਸ ਦੇ ਜੀਵਨ ਵਿਚ ਕਮਲੁ ਵਰਗੀ ਨਿਰਲੇਪਤਾ ਅਵੱਸ਼ ਹੋਵੇਗੀ। ਭਾਵ, ਉਹ ਮਾਇਆ ਵਿਚ ਰਹਿੰਦਾ ਹੋਇਆ ਵੀ ਉਦਾਸ ਰਹੇਗਾ। ਉਹ ਰਾਜ-ਜੋਗੀ ਤੇ ਸੰਤ-ਸਿਪਾਹੀ ਦਾ ਜੀਵਨ ਜੀਵੇਗਾ। ਇਹ ਕਮਲੁ ਵਰਗਾ ਜੀਵਨ ਹੈ ਜੋ ਚਿੱਕੜ ਵਿਚ ਵੀ ਰਹਿੰਦਾ ਹੈ, ਪਾਣੀ ਵਿਚ ਵੀ ਰਹਿੰਦਾ ਹੈ ਪਰ ਫਿਰ ਵੀ ਚਿੱਕੜ

ਤੇ ਪਾਣੀ ਤੋਂ ਉਚੇਰਾ ਰਹਿੰਦਾ ਹੈ। ਗੁਰਸਿੱਖ ਨੇ ਸੰਸਾਰ ਵਿਚ ਕਮਲੁ ਦੀ ਤਰ੍ਹਾਂ ਰਹਿਣਾ ਹੈ। ਉਸ ਨੇ ਉਸੇ ਤਰ੍ਹਾਂ ਖਿਲਣਾ ਹੈ ਜਿਵੇਂ ਕਮਲੁ ਖਿਲਦਾ ਹੈ। ਉਸ ਨੇ ਉਸੇ ਤਰ੍ਹਾਂ ਹੀ ਸੁੰਦਰਤਾ ਦਾ ਧਾਰਨੀ ਹੋਣਾ ਹੈ ਜਿਵੇਂ ਕਮਲੁ ਵਿਚ ਸੁੰਦਰਤਾ ਰੂਪਮਾਨ ਹੈ। ਵਿਗਾਸ, ਖੇੜਾ ਤੇ ਸੁੰਦਰਤਾ ਅਸਲ ਵਿਚ ਮਨੁੱਖੀ ਆਤਮਾ ਦੀਆਂ ਅਵਸਥਾਵਾਂ ਹਨ ਜੋ ਉਸ ਦੇ ਬਾਹਰਲੇ ਸਰੂਪਾਂ ਵਿਚੋਂ ਪ੍ਰਕਾਸ਼ਮਾਨ ਹੁੰਦੀਆਂ ਰਹਿੰਦੀਆਂ ਹਨ। ਵਿਗਾਸ ਆਤਮਾ ਤੇ ਮਨ ਕਰਦੇ ਹਨ। ਸੁੰਦਰਤਾ ਮਨੁੱਖ ਦੇ ਵਿਚਾਰਾਂ ਵਿਚ ਅਤੇ ਉਸ ਦੇ ਸੁਭਾਅ ਵਿਚ ਹੁੰਦੀ ਹੈ। ਖਿੜਾਓ ਸੁੰਦਰ ਵਿਚਾਰਾਂ ਵਾਲੀ ਸ਼ਖ਼ਸੀਅਤ ਵਿਚ ਹੀ ਹੋ ਸਕਦਾ ਹੈ। ਇਸ ਵਾਸਤੇ ਕਮਲੁ ਦੀ ਅਵਸਥਾ ਬ੍ਰਹਮ ਗਿਆਨੀ ਦੀ ਅਵਸਥਾ ਮੰਨੀ ਜਾਂਦੀ ਹੈ। ਗੁਰੂ ਦੇ ਚਰਨ ਕਮਲੁ ਵਰਗੇ ਹਨ। 'ਹਰ ਚਰਨ' ਵੀ ਕਮਲੁ ਵਰਗੇ ਹਨ। ਭਾਵ ਕਮਲੁ ਦਾ ਵਿਗਾਸ, ਖੇੜਾ, ਸੁੰਦਰਤਾ, ਸੁਗੰਧ ਤੇ ਨਿਰਲੇਪਤਾ ਹੀ ਗੁਰੂ ਤੇ ਪਰਮਾਤਮਾ ਦੇ ਚਿੰਨ੍ਹ ਹਨ। ਸੋ ਭਾਰਤੀ ਸੰਸਕ੍ਰਿਤੀ ਦੇ ਮਹਾਨ ਚਿੰਨ੍ਹ ਕਮਲੁ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਤੌਰ ਤੇ ਵਿਆਖਿਆ ਅਤੇ ਸਤਿਕਾਰਿਆ ਗਿਆ ਹੈ।

'ਪ੍ਰਭੁ ਹੋਏ ਕ੍ਰਿਪਾਲੁ ਕਮਲੁ ਪਰਗਾਸੇ' ਦੀ ਸਤਰ ਵਿਚ ਮਨੁੱਖੀ ਹਿਰਦੇ ਨੂੰ ਕਮਲੁ ਦੀ ਤੁੱਲਤਾ ਦਿੱਤੀ ਗਈ ਹੈ ਜਾਂ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਨੂੰ ਵਿਗਾਸ ਨਾਲ ਉਪਮਾ ਦਿੱਤੀ ਗਈ ਹੈ। ਮਨ ਦਾ ਕਮਲੁ ਫੁੱਲ ਖਿੜਦਾ ਹੈ, ਦਾ ਭਾਵ ਮਨੁੱਖੀ ਸੁਭਾਅ, ਮਨ, ਆਤਮਾ, ਸ਼ਖ਼ਸੀਅਤ, ਬੁੱਧੀ, ਬਲ ਸਭ ਦਾ ਵਿਕਾਸ ਹੈ। ਇਹ ਵਿਕਾਸ ਅਤਿਅੰਤ ਉੱਚੀ ਪੱਧਰ ਤੱਕ ਜਾ ਸਕਦਾ ਹੈ ਅਤੇ ਫਿਰ ਵੀ ਇਸ ਦੀ ਅੰਤਲੀ ਸੀਮਾ ਕਿਧਰੇ ਨਜ਼ਰ ਨਹੀਂ ਆਉਂਦੀ। ਹੌਲੀ ਹੌਲੀ ਜਿਸ ਦਾ ਹਿਰਦਾ 'ਕਮਲੁ ਪਰਗਾਸੇ' ਕਰ ਜਾਏ ਉਹ ਬ੍ਰਹਮ ਗਿਆਨੀ ਹੋ ਕੇ ਬ੍ਰਹਮ ਹੀ ਬਣ ਜਾਂਦਾ ਹੈ। ਜਿਉਂ ਜਿਉਂ ਗਿਆਨ ਪ੍ਰਾਪਤ ਹੁੰਦਾ ਹੈ, ਹਿਰਦਾ ਕਮਲੁ ਵਿਗਸਦਾ ਹੈ, ਜਿਵੇਂ ਜਿਉਂ ਜਿਉਂ ਸੂਰਜ ਉਦੇ ਹੁੰਦਾ ਹੈ, ਕਮਲੁ ਫੁੱਲ ਖਿੜਦਾ ਹੈ।

ਤਾਂ ਤੇ ਇਸ ਸ਼ਬਦ ਵਿਚ ਮੁੱਖ ਵਿਚਾਰ ਇਹ ਹੈ ਕਿ 'ਕਮਲੁ ਪਰਗਾਸੇ' ਕਦੋਂ ਹੁੰਦਾ ਹੈ, ਭਾਵ ਮਨੁੱਖੀ ਮਨ ਦਾ ਕਮਲ ਕਿਵੇਂ ਖਿੜ ਸਕਦਾ ਹੈ ਅਤੇ ਮਨੁੱਖ ਵਿਕਾਸ ਕਰਦਾ ਕਰਦਾ ਕਿਵੇਂ ਬ੍ਰਹਮ ਰੂਪ ਹੁੰਦਾ ਹੈ। 'ਕਮਲੁ ਪਰਗਾਸੇ' ਲਈ ਇਸ ਸ਼ਬਦ ਵਿਚ ਸੱਤ ਸੁਝਾਅ ਦਿੱਤੇ ਗਏ ਹਨ ਜਿਨ੍ਹਾਂ ਦਾ ਸੰਖੇਪ ਵਿਚਾਰ ਇਸ ਪ੍ਰਕਾਰ ਹੈ :—

੧. ਪ੍ਰਭੂ ਕਿਰਪਾ—'ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ' ਦੀ ਤੁਕ ਵਿਚ ਪਰਮਾਤਮਾ ਦੀ ਪ੍ਰਸਾਦਿ, ਨਦਰ ਜਾਂ ਕਿਰਪਾ ਦੇ ਵਿਸ਼ਵਾਸ ਨੂੰ ਜ਼ਰੂਰੀ ਮੰਨਿਆ ਹੈ। ਵੱਡੇ ਤੋਂ ਵੱਡੇ ਮਨੁੱਖ ਨੂੰ ਵੀ ਸਹਾਰੇ ਦੀ ਲੋੜ ਹੈ। ਭਾਵੇਂ ਇਹ ਸਹਾਰਾ ਅਸਲ ਰੂਪ ਵਿਚ ਆਪਣੇ ਅੰਦਰ ਬੈਠੇ ਪਰਮਾਤਮਾ ਦਾ ਹੀ ਹੁੰਦਾ ਹੈ ਜਿਸ ਨੂੰ ਕਦੇ ਕਦੇ ਲੋਕ ਸ੍ਵੈ-ਵਿਸ਼ਵਾਸ ਵੀ ਕਹਿ ਦੇਂਦੇ ਹਨ। 'ਕਮਲੁ ਪਰਗਾਸੇ' ਲਈ ਪਹਿਲੀ ਸ਼ਰਤ ਇਹ ਵਿਸ਼ਵਾਸ ਹੈ ਕਿ ਮੈਂ ਖੇੜੇ, ਕੋਮਲਤਾ, ਪਵਿੱਤਰਤਾ ਤੇ ਗਿਆਨਵਾਨ ਜੀਵਨ ਲਈ ਬਣਾਇਆ ਗਿਆ ਹਾਂ। ਪਰਮਾਤਮਾ ਦਾ ਮੇਰੇ ਨਾਲ ਜ਼ਰੂਰੀ ਸਬੰਧ ਹੀ ਇਹ ਹੈ ਕਿ ਉਹ ਮੇਰੇ ਵਿਚ ਇਨ੍ਹਾਂ ਗੁਣਾਂ ਦੇ ਧਾਰਨੀ ਹੋਣ ਲਈ ਵਿਸ਼ਵਾਸ ਪੈਦਾ ਕਰੇ। ਇਹ ਹੀ ਆਸ਼ਾਵਾਦੀ ਦ੍ਰਿਸ਼ਟੀਕੋਣ ਹੈ—'ਕਮਲੁ ਪਰਗਾਸੇ' ਲਈ ਪਹਿਲੀ ਜ਼ਰੂਰੀ ਸ਼ਰਤ।

੨. ਗੁਰ ਚਰਣੀ ਚਿਤ ਲਾਉਣਾ—ਮਨੁੱਖ ਦੇ 'ਕਮਲ ਪਰਗਾਸੇ' ਲਈ ਪਰਮਾਤਮਾ

ਕ੍ਰਿਪਾ ਕਰਦਾ ਹੈ। ਪਰ ਉਸ ਕਿਰਪਾ ਦਾ ਇਕ ਵਿਸ਼ੇਸ਼ ਵਸੀਲਾ ਹੈ। ਉਹ ਵਸੀਲਾ ਹੈ—'ਮਾਈ ਗੁਰ ਚਰਣੀ ਚਿਤੁ ਲਾਈਐ ॥' ਇਹ ਵਿਸ਼ੇਸ਼ ਵਸੀਲਾ ਗੁਰਬਾਣੀ ਦੀ ਉੱਤਮ ਪ੍ਰੇਰਨਾ ਹੈ। ਜਦੋਂ ਕੋਈ ਸਿੱਖ ਸੁਖਮਨੀ ਸਾਹਿਬ ਦਾ ਪਾਠ ਕਰਦਾ ਹੈ, ਉਸ ਦਾ ਵਿਚਾਰ ਕਰਦਾ ਹੈ, ਉਹ ਗੁਰੂ ਚਰਨਾਂ ਨਾਲ ਉਸ ਤਰ੍ਹਾਂ ਲਪੇਟਿਆ ਹੁੰਦਾ ਹੈ ਜਿਵੇਂ ਭੰਵਰਾ ਕਮਲੁ ਨਾਲ। ਗੁਰਬਾਣੀ ਮਨੁੱਖ ਵਿਚ ਕੋਮਲ ਤੇ ਪਵਿੱਤਰ ਜੀਵਨ ਲਈ, ਮਿੱਠੇ ਤੇ ਸੁਗੰਧਿਤ ਜੀਵਨ ਲਈ, ਖੇੜੇ ਵਾਲੇ ਤੇ ਨਿਰਲੇਪਤਾ ਵਾਲੇ ਜੀਵਨ ਲਈ ਉਤਸ਼ਾਹ ਪੈਦਾ ਕਰਦੀ ਹੈ। ਜਿਸ ਮਨੁੱਖ ਨੂੰ ਨਿੱਤ ਸੁਭ ਪ੍ਰੇਰਨਾ ਮਿਲਦੀ ਰਹੇ, ਨਿੱਤ ਉਸਾਰੂ ਉਤਸ਼ਾਹ ਪ੍ਰਾਪਤ ਹੁੰਦਾ ਰਹੇ ਉਸ ਦੀ ਸ਼ਖ਼ਸੀਅਤ ਬਣਦੀ ਜਾਂਦੀ ਹੈ। ਤਾਂ ਤੇ 'ਕਮਲੁ ਪਰਗਾਸੇ' ਲਈ ਪਰਮਾਤਮਾ ਦਾ ਵਸੀਲਾ ਸ਼ੁੱਭ ਪ੍ਰੇਰਨਾ ਦੇਣ ਵਾਲੀ ਬਾਣੀ ਹੈ। ਵੇਦ, ਉਪਨਿਸ਼ਦ, ਬਾਈਬਲ, ਕੁਰਾਨ ਤੇ ਗੁਰੂ ਗ੍ਰੰਥ ਸਾਹਿਬ ਮਨੁੱਖ ਨੂੰ ਇਹ ਪ੍ਰੇਰਨਾ ਦੇ ਕੇ 'ਕਮਲੁ ਪਰਗਾਸੇ' ਅਵਸਥਾ ਤੱਕ ਲੈ ਜਾਣ ਦੇ ਸਮਰੱਥ ਹਨ। ਗੁਰੂ ਦੁਆਰਾ ਮਨੁੱਖਤਾ ਨੂੰ ਸ਼ੁੱਭ ਉਤਸ਼ਾਹ ਦੇਣ ਵਾਲੀ ਬਾਣੀ ਦਾ ਪ੍ਰਾਪਤ ਹੋ ਜਾਣਾ ਹੀ ਪ੍ਰਮਾਤਮਾ ਦੀ ਬੜੀ ਵੱਡੀ ਕਿਰਪਾ ਹੈ। ਇਸ ਉਤਸ਼ਾਹ ਨਾਲ ਹਿਰਦਾ ਤਾਕਤ ਪਕੜਦਾ ਹੈ ਅਤੇ ਵਿਕਾਸ ਕਰਦਾ ਹੈ। ਇਹ ਹੀ 'ਕਮਲੁ ਪਰਗਾਸੇ' ਹੈ।

੩. 'ਸਦਾ ਸਦਾ ਹਰਿ ਧਿਆਈਐ'—ਇਹ 'ਕਮਲੁ ਪਰਗਾਸੇ' ਲਈ ਇਸ ਸ਼ਬਦ ਵਿਚ ਸੁਝਾਇਆ ਤੀਜਾ ਸਾਧਨ ਹੈ। ਇਸ ਨੂੰ ਸਿਮਰਨ ਕਹਿੰਦੇ ਹਨ। ਸਿਮਰਨ ਮਨੁੱਖ ਦੀ ਬਿਰਤੀ ਉਨ੍ਹਾਂ ਆਦਰਸ਼ਕ ਕੀਮਤਾਂ ਵਿਚ ਜੋੜੀ ਰਖਦਾ ਹੈ ਜਿਨ੍ਹਾਂ ਨੂੰ ਸਾਰੀਆਂ ਧਾਰਮਕ ਪੁਸਤਕਾਂ ਵਿਚ ਪਰਮਾਤਮਾ ਕਿਹਾ ਗਿਆ ਹੈ। 'ਕਮਲੁ ਪਰਗਾਸੇ' ਅਵਸਥਾ ਤਦ ਪ੍ਰਾਪਤ ਹੁੰਦੀ ਹੈ ਜੇ ਮਨੁੱਖ ਦੇ ਪਾਸ ਕੋਈ ਸ਼ੁੱਭ ਆਦਰਸ਼ ਹੋਵੇ ਤੇ ਉਸ ਦੀ ਬਿਰਤੀ ਸਦਾ ਉਸ ਆਦਰਸ਼ ਵਿਚ ਟਿਕੀ ਰਹੇ। ਜਿਸ ਮਨੁੱਖ ਪਾਸ ਸਚਾਈ, ਦਿਆਨਤਦਾਰੀ, ਇਮਾਨਦਾਰੀ ਤੇ ਨਿਆਂ ਦਾ ਆਦਰਸ਼ ਨਹੀਂ ਉਸ ਨੂੰ 'ਕਮਲੁ ਪਰਗਾਸੇ' ਅਵਸਥਾ ਪ੍ਰਾਪਤ ਨਹੀਂ ਹੋ ਸਕਦੀ। ਉੱਚ-ਆਦਰਸ਼ ਹੀ ਮਨੁੱਖ ਨੂੰ ਪਵਿੱਤਰ, ਕੋਮਲ ਤੇ ਨਿਰਲੇਪ ਕਰਦਾ ਹੈ। ਆਦਰਸ਼ਕ ਬ੍ਰਿਤੀ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਵਿਚ ਸਹਾਇਕ ਹੁੰਦੀ ਹੈ।

੪. ਏਕਤਾ—'ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ'। ਕੋਈ ਮਨੁੱਖ ਆਦਰਸ਼ਕ ਕੀਮਤਾਂ ਦਾ ਧਾਰਨੀ ਤਦ ਹੀ ਬਣ ਸਕਦਾ ਹੈ ਜੇ ਉਹ ਏਕਤਾ ਦਾ ਵਿਸ਼ਵਾਸੀ ਹੋਵੇ। ਏਕਤਾ ਦਾ ਭਾਵ ਸਾਰੀ ਮਨੁੱਖਤਾ, ਸਾਰੇ ਪਵਿੱਤਰ ਧਰਮਾਂ, ਸਾਰੇ ਸਭਿਆਚਾਰਾਂ ਦਾ ਸਤਿਕਾਰ ਹੈ। ਏਕਤਾ ਦਾ ਭਾਵ ਰੰਗ, ਜ਼ਾਤ, ਦੇਸ਼, ਮਜ਼੍ਹਬ ਦੀਆਂ ਵੰਡਾਂ ਤੋਂ ਉਚੇਰਾ ਉਠ ਕੇ ਸਰਬੱਤ ਦੇ ਭਲੇ ਦਾ ਪੁਜਾਰੀ ਹੋਣਾ ਹੈ। ਏਕਤਾ ਵਾਲਾ ਮਨੁੱਖ ਸਾਰੇ ਜੀਵਾਂ ਤੇ ਸਾਰੇ ਬ੍ਰਹਮੰਡ ਵਿਚ 'ਏਕ ਜੋਤਿ' ਨੂੰ ਪਸਰਿਆ ਵੇਖਦਾ ਹੈ। ਕਿਸੇ ਵਿਤਕਰੇ-ਬਾਜ਼ ਤੇ ਨਿੰਦਕ ਨੂੰ 'ਕਮਲੁ ਪਰਗਾਸੇ' ਜਾਂ ਬ੍ਰਹਮ ਗਿਆਨ ਦੀ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ। ਬ੍ਰਹਮ ਗਿਆਨੀ ਤਾਂ 'ਦ੍ਰਿਸ਼ਟ ਸਮਾਨ' ਹੈ। ਬ੍ਰਹਮ ਗਿਆਨੀ ਲਈ ਨਾ ਤਾਂ ਕੋਈ ਵੈਰੀ ਹੈ ਨਾ ਕੋਈ ਬਿਗਾਨਾ ਹੈ। ਬ੍ਰਹਮ ਗਿਆਨੀ ਦੀ 'ਸਗਲ ਸੰਗਿ' ਬਣ ਆਉਂਦੀ ਹੈ। ਭਾਵ ਜਿਥੇ ਮਨੁੱਖਤਾ ਦਾ ਸਤਿਕਾਰ ਤੇ ਪਿਆਰ ਨਹੀਂ ਉਥੇ ਸ਼ਖ਼ਸੀਅਤ ਦਾ ਵਿਕਾਸ ਵੀ ਨਹੀਂ ਹੋ ਸਕਦਾ। 'ਕਮਲੁ ਪਰਗਾਸੇ' ਸ਼ਖ਼ਸੀਅਤ ਦਾ ਹੀ ਵਿਕਾਸ ਹੈ। ਸਾਰੀ ਮਨੁੱਖਤਾ ਨੂੰ ਪਰਮਾਤਮਾ ਦਾ ਸਰੂਪ ਮੰਨਣ ਨਾਲ ਹੀ ਅਤੇ ਵਿਤਕਰੇ-ਬਾਜ਼ੀ ਤੋਂ ਉੱਚਾ

ਉਠਣ ਨਾਲ ਹੀ 'ਕਮਲੁ ਪਰਗਾਸੇ' ਅਵਸਥਾ ਪ੍ਰਾਪਤ ਹੁੰਦੀ ਹੈ।

੫. ਪੂਰਨ ਬ੍ਰਹਮ—'ਘਟਿ ਅਵਘਟਿ ਰਵਿਆ ਸਭੁ ਠਾਈ ਹਰਿ ਪੂਰਨ ਬ੍ਰਹਮੁ ਦਿਖਾਈਐ'। ਪਰਮਾਤਮਾ ਪੂਰਨਤਾ ਦਾ ਨਾਮ ਹੈ। ਮਨੁੱਖ ਇਸ ਪੂਰਨਤਾ ਦਾ ਵਾਰਸ ਹੈ। ਘਟੋ ਘੱਟ ਉਹ ਸਦਾ ਉਸ ਪੂਰਨਤਾ ਨੂੰ ਆਦਰਸ਼ ਮੰਨ ਕੇ ਤੁਰੇ। ਭਾਵੇਂ ਮਨੁੱਖ ਬੜੇ ਸਮੇਂ ਮਗਰੋਂ ਹੀ ਪੂਰਨਤਾ ਤਕ ਪਹੁੰਚਦਾ ਹੈ ਪਰ ਜਿੰਨੇ ਤੱਕ 'ਪੂਰਨਤਾ' ਮਨੁੱਖ ਦਾ ਆਦਰਸ਼ ਨਹੀਂ ਬਣ ਜਾਂਦਾ ਉਹ ਉਸ ਦੇ ਨੇੜੇ ਵੀ ਨਹੀਂ ਪਹੁੰਚ ਸਕਦਾ। ਉੱਚੀ ਤੋਂ ਉੱਚੀ ਸੁੰਦਰਤਾ, ਪਵਿੱਤਰਤਾ ਸਚਾਈ ਦੀ ਲਗਨ ਹੀ ਪੂਰਨਤਾ ਦੀ ਲਗਨ ਹੈ ਅਤੇ ਸਚਾਈ ਹੀ ਬ੍ਰਹਮ ਹੈ, ਸੁੰਦਰਤਾ ਹੀ ਬ੍ਰਹਮ ਹੈ। ਮਨ ਵਿਚ ਸੁੰਦਰਤਾ ਤੇ ਸਚਾਈ ਨੂੰ ਧਾਰਨ ਕਰਨਾ ਹੀ ਪੂਰਨਤਾ ਦੀ ਲਗਨ ਹੈ। ਇਹ ਲਗਨ ਮਨੁੱਖ ਨੂੰ 'ਕਮਲੁ ਪਰਗਾਸੇ' ਤੱਕ ਲੈ ਜਾਂਦੀ ਹੈ।

੬. 'ਤੇਰਾ ਅੰਤੁ ਨ ਕਤਹੂ ਪਾਈਐ'—ਪਰਮਾਤਮਾ ਦੀ ਸੁੰਦਰਤਾ ਤੇ ਪਵਿੱਤਰਤਾ; ਕੋਮਲਤਾ ਅਤੇ ਵਿਕਾਸ ਦਾ ਕੋਈ ਪਾਰਾਵਾਰ ਨਹੀਂ। ਇਸੇ ਲਈ ਮਨੁੱਖ ਭਾਵੇਂ ਕਿਤਨੀ ਹੀ ਉੱਨਤੀ ਕਰ ਜਾਏ ਉਸ ਵਿਚ ਹੋਰ ਉੱਨਤੀ ਕਰਨ ਦੀ ਗੁੰਜਾਇਸ਼ ਰਹਿੰਦੀ ਹੈ। ਜੋ ਮਨੁੱਖ ਆਪਣੀ ਉੱਨਤੀ ਨਾਲ ਸੰਤੁਸ਼ਟ ਹੋ ਜਾਂਦਾ ਹੈ ਅਤੇ ਹੋਰ ਉੱਨਤੀ ਨਹੀਂ ਕਰਦਾ ਉਸ ਦੀ ਉੱਨਤੀ ਰੁਕ ਜਾਂਦੀ ਹੈ ਅਤੇ ਉਹ 'ਕਮਲੁ ਪਰਗਾਸੇ' ਅਵਸਥਾ ਤੱਕ ਨਹੀਂ ਪਹੁੰਚਦਾ। ਇਹ ਅਵਸਥਾ ਤਾਂ ਉਸ ਨੂੰ ਪ੍ਰਾਪਤ ਹੁੰਦੀ ਹੈ ਜਿਸ ਨੂੰ ਮਨੁੱਖੀ ਉੱਨਤੀ ਦੇ ਸੀਮਾ ਰਹਿਤ ਹੋਣ ਵਿਚ ਵਿਸ਼ਵਾਸ ਹੈ। ਨਿੱਤ ਨਵੀਂ ਉੱਨਤੀ ਕਰਦੇ ਜਾਣਾ, ਨਿੱਤ ਪੂਰਨਤਾ ਲਈ ਨਵਾਂ ਯਤਨ ਕਰਦੇ ਜਾਣਾ, ਨਿੱਤ ਪਹਿਲੇ ਨਾਲੋਂ ਵਧੇਰੇ ਕੋਮਲ, ਪਵਿੱਤਰ ਤੇ ਨਿਰਲੇਪ ਹੁੰਦੇ ਜਾਣਾ ਹੀ 'ਕਮਲ ਪਰਗਾਸੇ' ਅਵਸਥਾ ਤੱਕ ਪੁੱਜਣ ਦਾ ਢੰਗ ਹੈ। ਬ੍ਰਹਮ ਦਾ ਇਸੇ ਲਈ ਅੰਤ ਨਹੀਂ ਪਾਇਆ ਜਾ ਸਕਦਾ ਕਿ ਉਹ ਨਿੱਤ ਨਵਾਂ, ਸੋਹਣਾ ਤੇ ਉੱਚਾ ਹੁੰਦਾ ਹੈ।

੭. ਸੁਆਮੀ—'ਸੁਖ ਦਾਤੇ ਦੁਖ ਭੰਜਨ ਸੁਆਮੀ ਜਨ ਨਾਨਕ ਸਦ ਬਲਿ ਜਾਈਐ।' 'ਕਮਲੁ ਪਰਗਾਸੇ' ਲਈ ਇਹ ਉਪਰਲੇ ਸਾਰੇ ਯਤਨ ਉਹ ਹੀ ਕਰ ਸਕਦਾ ਹੈ ਜਿਸ ਨੂੰ ਪਰਮਾਤਮਾ ਦੇ ਸੁਆਮੀ ਹੋਣ ਵਿਚ ਵਿਸ਼ਵਾਸ ਹੈ। ਸੁਆਮੀ ਦੀ ਇਸ ਸ਼ਬਦ ਵਿਚ ਵਿਆਖਿਆ ਹੀ ਇਹ ਕੀਤੀ ਹੈ ਕਿ ਉਹ ਮਨੁੱਖਤਾ ਦੇ ਦੁੱਖ ਨੂੰ ਨਾਸ਼ ਕਰਨ ਵਾਲਾ ਹੈ ਅਤੇ ਉਸ ਲਈ ਸੁਖ ਪੈਦਾ ਕਰਨ ਵਾਲਾ ਹੈ। ਜੋ ਬ੍ਰਹਮ ਦਾ ਪੁਜਾਰੀ ਹੈ ਉਸ ਦਾ ਵੀ ਸਦਾ ਯਤਨ ਇਹੋ ਹੀ ਹੋਵੇਗਾ ਕਿ ਉਹ ਐਸੇ ਕਰਮ ਕਰੇ ਜਿਸ ਨਾਲ ਸੰਸਾਰ ਵਿਚੋਂ ਦੁੱਖ ਘਟੇ, ਸੁਖ ਵਧੇ। ਮਨੁੱਖਤਾ ਦਾ ਪੁਜਾਰੀ ਮਨ. ਬਚਨ ਤੇ ਕਰਮ ਨਾਲ ਮਨੁੱਖਤਾ ਲਈ ਸੁਖਾਵਾਂ ਬਣਨ ਦਾ ਯਤਨ ਕਰਦਾ ਹੈ। ਉਹ ਆਪਣੀ ਮਿਠਾਸ ਪਵਿੱਤਰਤਾ. ਨਿਰਲੇਪਤਾ ਨਾਲ, ਆਪਣੇ ਗਿਆਨਵਾਨ ਵਤੀਰੇ ਨਾਲ ਅਤੇ ਸੁਭਾਅ ਨਾਲ, ਆਪਣੇ ਸੁਗੰਧ-ਮਈ ਬੋਲਾਂ ਨਾਲ ਆਪਣੀ ਨਿਮਰਤਾ ਤੇ ਸ਼ੁਭ ਇੱਛਾ ਨਾਲ ਆਪਣੇ ਸਾਥੀਆਂ ਅਤੇ ਆਂਢੀਆਂ-ਗੁਆਂਢੀਆਂ ਲਈ ਸੁਖ ਦਾਤਾ ਬਣਦਾ ਹੈ। ਇਹੋ ਹੀ ਪਰਮਾਤਮਾ ਦੀ ਪੂਜਾ ਹੈ ਅਤੇ ਇਹ ਮੰਨਣਾ ਹੈ ਕਿ ਪਰਮਾਤਮਾ ਸਭ ਦਾ ਸੁਆਮੀ ਹੈ, ਸਭ ਦਾ ਮਾਤਾ ਅਤੇ ਪਿਤਾ ਹੈ। ਜਦੋਂ ਕੋਈ ਮਨੁੱਖ ਕਿਸੇ ਦੇ ਹਿਰਦੇ ਨੂੰ ਠੇਸ ਲਾਉਂਦਾ ਹੈ ਤਾਂ ਕੁਦਰਤੀ ਹੈ ਕਿ

ਪਰਮਾਤਮਾ ਨੂੰ ਠੇਸ ਲਗਦੀ ਹੈ, ਕਿਉਂਕਿ ਉਸ ਹਿਰਦੇ ਵਿਚ ਵੀ ਪਰਮਾਤਮਾ ਹੈ। ਇਹ ਸਮਝਣ ਵਾਲਾ ਆਦਮੀ ਜੋ ਸਭ ਲਈ ਸੁਖਦਾਇਕ ਬਣਦਾ ਹੈ 'ਕਮਲੁ ਪਰਗਾਸੇ' ਦੀ ਅਵਸਥਾ ਤਕ ਪਹੁੰਚ ਸਕਦਾ ਹੈ।

ਇਹ ਸੁਝਾਅ ਰੋਜ਼ਾਨਾ ਜੀਵਨ ਵਿਚ ਵਰਤੇ ਜਾ ਸਕਦੇ ਹਨ ਅਤੇ ਮਨੁੱਖ 'ਕਮਲੁ ਪਰਗਾਸੇ' ਅਵਸਥਾ ਤੱਕ ਪਹੁੰਚ ਸਕਦਾ ਹੈ।

---

# ੪. ਅੰਧ ਬਿਲਾ ਤੇ ਕਾਢਹੁ

ਦੇਵ ਗੰਧਾਰੀ ਮਹਲਾ ੫ ॥

ਸੋ ਪ੍ਰਭੁ ਨੇਰੈ ਹੂ ਤੇ ਨੇਰੈ ॥
ਸਿਮਰਿ ਧਿਆਇ ਗਾਇ ਗੁਨ ਗੋਬਿੰਦ ਦਿਨੁ ਰੈਨਿ ਸਾਝ ਸਵੇਰੈ ॥੧॥ਰਹਾਉ॥
ਉਧਰੁ ਦੇਹ ਦੁਲਭ ਸਾਧੂ ਸੰਗਿ ਹਰਿ ਹਰਿ ਨਾਮੁ ਜਪੇਰੈ ॥
ਘਰੀ ਨ ਮੁਹਤੁ ਨ ਚਸਾ ਬਿਲੰਬਹੁ ਕਾਲੁ ਨਿਤਹਿ ਨਿਤ ਹੇਰੈ ॥ ੧ ॥
ਅੰਧ ਬਿਲਾ ਤੇ ਕਾਢਹੁ ਕਰਤੇ ਕਿਆ ਨਾਹੀ ਘਰਿ ਤੇਰੈ ॥
ਨਾਮੁ ਅਧਾਰੁ ਦੀਜੈ ਨਾਨਕ ਕਉ ਆਨਦ ਸੂਖ ਘਨੇਰੈ ॥੨॥੧੨॥ ਛਕੇ ੨॥

ਇਸ ਸ਼ਬਦ ਵਿਚੋਂ ਅਸੀਂ ਕੇਵਲ ਇਹ ਸਮਝਣ ਦਾ ਯਤਨ ਕਰਾਂਗੇ ਕਿ ਸੰਸਾਰ ਨੂੰ 'ਅੰਧ ਬਿਲਾ' ਜਾਂ ਹਨੇਰੀ ਤੰਗ ਖੁੱਡ (ਬਿਲਾ=ਖੁੱਡ) ਕਿਉਂ ਕਿਹਾ ਹੈ ਅਤੇ ਇਸ ਅੰਨ੍ਹੀ ਖੁੱਡ ਵਿਚੋਂ ਨਿਕਲਣ ਦਾ ਕੀ ਸਾਧਨ ਹੈ ?

ਸੰਸਾਰ ਨੂੰ 'ਅੰਧ-ਬਿਲਾ' ਜਾਂ 'ਅੰਨ੍ਹੀ ਖੁੱਡ' ਜਾਂ 'ਹਨੇਰੀ-ਗੁਫ਼ਾ' ਕਹਿਣ ਦਾ ਭਾਵ ਮਨੁੱਖ ਦੀ ਤੰਗ-ਨਜ਼ਰੀ ਹੈ ਜਿਸ ਦਾ ਆਧਾਰ ਅਗਿਆਨਤਾ ਹੀ ਹੋ ਸਕਦਾ ਹੈ। ਮਨੁੱਖ ਤੰਗ-ਨਜ਼ਰੀ ਕਰਕੇ ਮਾਇਆ, ਪਰਵਾਰ ਦੇ ਚੱਕਰ ਵਿਚ ਫਸ ਜਾਂਦਾ ਹੈ। ਉਹ ਆਪਣੇ ਸਰੀਰ ਦੇ ਮੋਹ ਵਿਚ ਫਸ ਜਾਂਦਾ ਹੈ। ਉਹ ਆਪਣੀ ਖ਼ੁਦਗਰਜ਼ੀ ਵਿਚ ਫਸ ਜਾਂਦਾ ਹੈ ਅਤੇ ਕੋਈ ਵਿਸ਼ਾਲ ਜੀਵਨ-ਉਦੇਸ਼ ਅਪਨਾਉਣ ਦੀ ਥਾਂ ਨਿੱਕੇ ਨਿੱਕੇ ਉਦੇਸ਼ਾਂ ਮਾਇਆ ਪ੍ਰਾਪਤੀ, ਪਦਵੀ ਦੀ ਪ੍ਰਾਪਤੀ, ਸੰਸਾਰਕ ਸੋਭਾ ਆਦਿ ਵਿਚ ਹੀ ਖੱਚਤ ਹੋ ਜਾਂਦਾ ਹੈ। ਉੱਚੇ ਉਦੇਸ਼ ਦਾ ਨਾ ਸੁਝਣਾ ਹੀ 'ਅੰਧ ਬਿਲਾ' ਹੈ।

ਸੱਚ ਬਾਰੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਸੱਚ ਮਨੁੱਖ ਨੂੰ ਸੁਤੰਤਰ ਕਰਦਾ ਹੈ ਅਤੇ ਉਸ ਅੰਦਰ ਬ੍ਰਹਮ ਗਿਆਨੀ ਵਾਲੀ ਅਸ਼ਟਪਦੀ ਦੀ ਵਿਸ਼ਾਲਤਾ ਪੈਦਾ ਕਰਦਾ ਹੈ। ਸੱਚ ਦੇ ਜਾਣਨ ਵਾਲਾ ਸੱਚ ਰੂਪ ਹੀ ਹੋ ਜਾਂਦਾ ਹੈ ਅਤੇ ਉਸ ਵਿਚ ਬ੍ਰਹਿਮੰਡ ਵਰਗਾ ਵਿਸ਼ਾਲ ਅਨੁਭਵ ਜਾਗਦਾ ਹੈ ਜਿਸ ਕਰਕੇ 'ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲੁ ਅਲੇਪ ॥ ਬ੍ਰਹਮ ਗਿਆਨੀ ਸਦਾ ਨਿਰਦੋਖ ॥ ਜੈਸੇ ਸੂਰੁ ਸਰਬ ਕਉ ਸੋਖ ॥ ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥ ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥ ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥ [ਸੁਖਮਨੀ] ਵਿਚ ਦੱਸੇ ਅਨੁਸਾਰ ਆਚਰਨ ਪੈਦਾ ਹੁੰਦਾ ਹੈ। ਬ੍ਰਹਮ ਗਿਆਨੀ ਰਾਸ਼ਟਰੀ, ਅੰਤਰ-ਰਾਸ਼ਟਰੀ, ਧਾਰਮਕ ਤੇ ਸਭਿਆਚਾਰਕ ਮਸਲਿਆਂ ਵਿਚ ਵੀ ਵਿਸ਼ਾਲ ਦ੍ਰਿਸ਼ਟੀ ਵਾਲਾ

ਹੁੰਦਾ ਹੈ। ਉਹ ਜ਼ਾਤ, ਧਰਮ, ਦੇਸ਼ ਤੇ ਆਚਾਰ ਦੇ ਅਧਾਰ ਤੇ ਵਿਤਕਰੇ ਨਹੀਂ ਕਰਦਾ। ਉਸ ਵਿਚ ਤੰਗ-ਨਜ਼ਰੀ ਨਹੀਂ ਹੁੰਦੀ।

ਜੇ ਕੇਵਲ ਇਕ ਪਰਵਾਰ ਜਾਂ ਆਪਣੀ ਇਕ ਜ਼ਾਤ ਲਈ ਉਹ ਸਭ ਕੁਝ ਕਰਦਾ ਰਹਿੰਦਾ ਹੈ ਤਾਂ ਤੇ 'ਅੰਧ-ਬਿਲਾ' ਖ਼ੁਦਗਰਜ਼ੀ ਦਾ ਜੀਵਨ ਹੈ। ਅਜਿਹੇ ਜੀਵਨ ਵਿਚ ਵਿਸ਼ਾਲ ਬ੍ਰਹਿਮੰਡ ਅਤੇ ਵਿਸ਼ਾਲ ਮਨੁੱਖਤਾ ਲਈ ਹਿਰਦਾ ਨਹੀਂ ਹੈ। ਮਨੁੱਖ ਨਿੱਕੇ ਨਿੱਕੇ ਜ਼ਾਤੀ ਕਬਜ਼ਿਆਂ ਵਿਚ ਉਲਝਿਆ ਰਹਿੰਦਾ ਹੈ। ਆਪਣੇ ਸਰੀਰ ਅਤੇ ਪਰਵਾਰ ਦੇ ਸੁਖ ਤੋਂ ਪਰ੍ਹੇ ਕੁਝ ਵੀ ਨਹੀਂ ਵੇਖ ਸਕਦਾ। ਪਰ ਵਿਸ਼ਾਲਤਾ ਦਾ ਜੀਵਨ ਵਿਸਮਾਦ ਦਾ ਜੀਵਨ ਹੈ ਜਿਥੇ 'ਸੁੰਦਰੁ' ਦੀ ਕਲਪਨਾ ਹੈ, ਜਿਥੇ ਸੱਚਖੰਡ ਦਾ ਵਿਸਮਾਦ ਹੈ ਅਤੇ ਜਿਸ ਦੀ ਦ੍ਰਿਸ਼ਟੀ ਵਿਚ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਧੜਕਦੇ ਹਨ। ਇਹ ਸਾਰੀ ਮਨੁੱਖਤਾ ਤੇ ਸਾਰੇ ਬ੍ਰਹਿਮੰਡ ਨਾਲ ਇਕ ਸੁਰ ਹੋਣ ਦੀ ਲਗਨ ਹੈ। ਇਸ ਵਿਚ ਸਾਰੇ ਧਰਮਾਂ, ਸਭਿਆਚਾਰਾਂ, ਰੰਗਾਂ ਤੇ ਜ਼ਾਤਾਂ ਨਾਲ ਨਿਆਂ ਕਰਨ ਦੀ ਤੀਬਰ ਇੱਛਾ ਹੈ। ਇਸ ਵਿਚ ਸਾਰੀ ਅਨੇਕਤਾ ਵਿਚ ਏਕਤਾ ਦਾ ਡੂੰਘਾ ਵਿਸਮਾਦੀ ਅਨੁਭਵ ਹੈ। ਇਹ ਬ੍ਰਹਮ ਨਾਲ ਇਕਰੂਪਤਾ ਦਾ ਰਸਮਈ ਜੀਵਨ ਹੈ। ਜਿਥੇ ਚੌੜੀ ਹਮਦਰਦੀ ਹੈ, ਸਾਰੀ ਮਨੁੱਖਤਾ ਨਾਲ ਪਿਆਰ ਹੈ, ਸਾਰੇ ਬ੍ਰਹਿਮੰਡ ਜੀਵਨ ਨਾਲ ਸਾਂਝ ਹੈ। ਮਨੁੱਖ 'ਅੰਧ-ਬਿਲਾ' ਵਿਚੋਂ ਨਿਕਲ ਕੇ ਸਚਿਆਰੁ ਤੇ ਬ੍ਰਹਮ ਗਿਆਨੀ ਦੀ ਟੀਸੀ ਤੇ ਹੌਲੇ ਹੌਲੇ ਯਤਨਾਂ ਨਾਲ ਪਹੁੰਚਦਾ ਹੈ। ਉਹ ਯਤਨ ਕੀ ਹਨ ? ਇਨ੍ਹਾਂ ਦੀ ਵਿਆਖਿਆ ਇਸ ਸ਼ਬਦ ਵਿਚ ਕੀਤੀ ਗਈ ਹੈ।

੧. ਸੋ ਪ੍ਰਭੁ ਨੇਰੈ ਹੂ ਤੇ ਨੇਰੈ—ਮਨੁੱਖ 'ਅੰਧ ਬਿਲਾ' ਦੇ ਖ਼ੁਦਗਰਜ਼ ਜੀਵਨ 'ਚੋਂ ਤਦ ਨਿਕਲਦਾ ਹੈ ਜੇ ਉਹ ਸਦਾ ਆਪਣੇ ਆਪ ਨੂੰ ਪਰਮਾਤਮਾ ਦੀ ਹਜ਼ੂਰੀ ਵਿਚ ਅਨੁਭਵ ਕਰੇ ਅਤੇ ਉਸ ਨੂੰ ਸਦਾ ਆਪਣੇ ਨੇੜੇ ਹਰ ਰੂਪ ਵਿਚ ਵੇਖ ਸਕੇ। ਉਸ ਨੂੰ ਆਪਣੇ ਅੰਦਰ ਨੇੜੇ ਤੋਂ ਨੇੜੇ ਅਨੁਭਵ ਕਰ ਸਕੇ। ਵੱਡੀ ਗੱਲ ਹਜ਼ੂਰੀ ਵਿਚ ਜੀਊਣਾ ਹੈ। ਜਦੋਂ ਮਨੁੱਖ ਪਰਮਾਤਮਾ ਨੂੰ 'ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ'' ਸਮਝ ਸਕਦਾ ਹੈ ਉਦੋਂ ਉਸ ਪਾਸੋਂ ਕਿਸੇ ਨਾਲ ਵੀ ਅਨਿਆਂ ਧੱਕਾ ਨਹੀਂ ਹੋ ਸਕਦਾ ਅਤੇ ਉਹ ਆਪ ਨਿਆਂ ਅਤੇ ਸੱਚ ਲਈ ਕੰਮ ਕਰਦਿਆਂ ਡੋਲਦਾ ਨਹੀਂ ਕਿਉਂਕਿ ਪਰਮਾਤਮਾ ਉਸ ਦੇ ਅੰਦਰ ਨੇੜੇ ਤੋਂ ਨੇੜੇ ਹੈ। ਉਸ ਨੂੰ ਸਲਾਹ ਦੇਣ ਵਾਲਾ ਹੈ ਅਤੇ ਪ੍ਰੇਰਨਾ ਦੇਣ ਵਾਲਾ ਹੈ ਅਤੇ ਉਸ ਨੂੰ ਸ਼ਕਤੀ ਪਰਦਾਨ ਕਰਨ ਵਾਲਾ ਹੈ। 'ਨੇਰੈ ਹੂ ਤੇ ਨੇਰੈ' ਸਮਝਣ ਵਾਲਾ ਮਨੁੱਖ ਕੋਈ ਕੁਕਰਮ ਨਹੀਂ ਕਰ ਸਕਦਾ, ਕਿਸੇ ਨੂੰ ਧੋਖਾ ਨਹੀਂ ਦੇ ਸਕਦਾ। ਇਹ ਮਨੁੱਖ ਹੀ ਪਰਮਾਤਮਾ ਦੇ ਸੇਵਕ ਦਾ ਜੀਵਣ ਜੀਂਦਾ ਹੈ ਅਤੇ ਉਹ ਹਰ ਜੀਵ ਦਾ ਸਤਿਕਾਰ ਕਰਦਾ ਹੈ ਕਿਉਂਕਿ ਉਹ ਆਪਣੇ ਨੇੜੇ ਆਏ ਹਰ ਮਨੁੱਖ ਨੂੰ ਹੀ ਪਰਮਾਤਮਾ ਦੀ ਅੰਸ਼ ਸਮਝਦਾ ਹੈ।

੨. ਸਿਮਰਿ ਧਿਆਇ ਗਾਇ ਗੁਨ ਗੋਬਿੰਦ—'ਅੰਧ ਬਿਲਾ' 'ਚੋਂ ਨਿਕਲਣ ਲਈ ਵਿਸ਼ਾਲ ਪ੍ਰਭੂ ਦੀ ਵਿਸ਼ਾਲਤਾ ਤੇ ਮਹਾਨਤਾ ਜਾਣਨ ਦੀ ਲੋੜ ਹੈ। ਉਸ ਦੇ ਸਤਿਨਾਮੁ, ਨਿਰਭਉ, ਨਿਰਵੈਰੁ ਅਤੇ ਗੁਰਪ੍ਰਸਾਦਿ ਸਰੂਪਾਂ ਨੂੰ ਮਾਣਨ ਦੀ ਲੋੜ ਹੈ। ਪਰਮਾਤਮਾ ਦੇ ਸਭ ਗੁਣ ਹਰ ਪ੍ਰਕਾਰ ਦੀ ਚੱਕਰ-ਚਿਹਨ, ਜ਼ਾਤ ਪਾਤ, ਵਰਨ, ਰੂਪ ਰੰਗ, ਰੇਖ ਭੇਖ ਦੀ,

ਕੈਦ ਤੋਂ ਸੁਤੰਤਰ ਹਨ। ਉਸ ਵਿਚ ਸੱਚ, ਮਿਠਾਸ ਅਤੇ ਪਵਿੱਤਰਤਾ ਦੇ ਸਾਰੇ ਗੁਣ ਹਨ। ਜਿਉਂ ਜਿਉਂ ਕੋਈ ਜੀਵ ਇਨ੍ਹਾਂ ਆਦਰਸ਼ਕ ਕੀਮਤਾਂ ਜਿਨ੍ਹਾਂ ਨੂੰ 'ਗੁਨ ਗੋਬਿੰਦ' ਕਿਹਾ ਜਾਂਦਾ ਹੈ ਆਪਣੇ ਚਿੰਤਨ ਵਿਚ ਦਾਖ਼ਲ ਕਰਦਾ ਹੈ ਤਿਉਂ ਤਿਉਂ ਉਸ ਦੀ ਨਜ਼ਰ ਵਿਚ ਵਿਸ਼ਾਲਤਾ ਆਉਂਦੀ ਹੈ ਅਤੇ ਉਹ 'ਸਹਸ ਤਵ ਨੈਨ' ਤੇ 'ਜਾਤਿ ਮਹਿ ਜੋਤਿ' ਦੇ ਦਰਸ਼ਨ ਕਰਦਾ ਹੈ। ਉਸ ਅੰਦਰ ਆਦਰਸ਼ ਪੈਦਾ ਹੁੰਦਾ ਹੈ ਅਤੇ ਉਹ ਤੰਗ-ਨਜ਼ਰੀ ਵਿਚੋਂ ਨਿਕਲਦਾ ਹੈ। ਵਿਸ਼ਾਲ ਸੰਸਾਰ ਲਈ ਜੀਊਣਾ ਸ਼ੁਰੂ ਕਰਦਾ ਹੈ।

੩. ਸਾਧੂ ਸੰਗਿ—'ਉਧਰੁ ਦੇਹ ਦੁਲਭ ਸਾਧੂ ਸੰਗਿ' ਜੋ ਮਨੁੱਖ ਗੁਰੂ ਅਰਜਨ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਵਿਚ ਬੈਠਦਾ ਹੈ, ਉਹਨਾਂ ਦੇ ਆਦਰਸ਼ਾਂ ਨੂੰ ਸੁਣਦਾ ਤੇ ਵਿਚਾਰਦਾ ਹੈ ਉਸ ਦੀ ਜ਼ਿੰਦਗੀ ਬਦਲਦੀ ਹੈ। ਸੁਖਮਨੀ, ਜਪੁਜੀ ਤੇ ਜਾਪੁ ਸਾਹਿਬ ਦਾ ਪਾਠ ਹੀ ਗੁਰੂ ਅਰਜਨ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਹੈ। ਬਾਣੀ ਦੀ ਸੰਗਤ ਨਾਲ ਹੀ ਵਿਸ਼ਾਲ ਬ੍ਰਹਿਮੰਡ ਨਾਲ ਹਮਦਰਦੀ ਜਾਗਦੀ ਹੈ। ਮਹਾਂਪੁਰਸ਼ਾਂ ਦਾ ਜੀਵਨ ਹੀ ਨਵੇਂ ਨਰੋਏ ਉਦੇਸ਼ ਮਨੁੱਖ ਨੂੰ ਦਿੰਦਾ ਹੈ। ਜਿਉਂ ਜਿਉਂ ਗੁਰ ਇਤਿਹਾਸ ਵਿਚੋਂ ਕੋਈ ਮਨੁੱਖ ਉਹਨਾਂ ਉਦੇਸ਼ਾਂ ਨੂੰ ਵਿਚਾਰਦਾ ਹੈ ਜਿਨ੍ਹਾਂ ਦੀ ਖ਼ਾਤਰ ਗੁਰੂ ਨਾਨਕ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਹੋਰ ਅਨੇਕ ਸ਼ਹੀਦ ਜੂਝੇ, ਤਿਉਂ ਤਿਉਂ ਉਸ ਵਿਚ ਵੀ ਉਨ੍ਹਾਂ ਆਦਰਸ਼ਾਂ ਲਈ ਪਿਆਰ ਜਾਗਦਾ ਹੈ। ਗੁਰੂ ਸਾਹਿਬਾਨ, ਈਸਾ ਜੀ ਤੇ ਸੁਕਰਾਤ ਜੀ ਮਹਾਨ ਮਨੁੱਖਤਾ ਲਈ ਕੁਰਬਾਨ ਹੋਏ। 'ਸਾਧੂ ਸੰਗਿ' ਮਨੁੱਖਤਾ ਲਈ ਕੁਰਬਾਨੀ ਦਾ ਜਜ਼ਬਾ, ਜੀਵਨ ਵਿਚ ਪੈਦਾ ਕਰਦਾ ਹੈ।

੪. ਹਰਿ ਹਰਿ ਨਾਮੁ ਜਪੇਰੈ— ਨਾਮ ਹੀ ਮਨੁੱਖ ਨੂੰ 'ਅੰਧ-ਬਿਲਾ' ਵਿਚੋਂ ਕੱਢ ਕੇ ਸਾਰੀ ਮਨੁੱਖਤਾ ਨਾਲ ਇਕਮਿਕ ਕਰਦਾ ਹੈ। ਸਿਮਰਨ ਨਾਲ ਹੀ ਮਨੁੱਖ ਨੂੰ 'ਪ੍ਰਭ ਨੇਰੈ ਹੂ ਤੇ ਨੇਰੈ' ਦਿੱਸ ਸਕਦਾ ਹੈ। ਸਿਮਰਨ ਨਾਲ ਹੀ 'ਗੁਣ ਗੋਬਿੰਦ' ਦਾ ਅਨੁਭਵ ਹੁੰਦਾ ਹੈ। ਜਿਥੇ ਸਿਮਰਨ ਹੈ ਉਥੇ ਹੀ 'ਸਾਧੂ ਸੰਗਿ' ਵੀ ਹੈ। ਸਿਮਰਨ ਵਿਚ ਹੀ ਉਹ ਜੀਵਨ-ਕਲਾ ਹੈ ਜੋ ਮਨੁੱਖ ਨੂੰ ਆਤਮਕ ਤੌਰ ਤੇ ਉੱਚਾ ਚੁੱਕਦੀ ਹੈ। ਸਿਮਰਨ ਵਾਲੇ ਮਨੁੱਖਾਂ 'ਚੋਂ ਕਬੀਰ, ਨਾਮਦੇਵ ਤੇ ਰਵਿਦਾਸ ਵਰਗੇ ਵਿਸ਼ਾਲ ਅਨੁਭਵੀ ਭਗਤ ਪੈਦਾ ਹੋਏ। ਸਿਮਰਨ ਵਿਚੋਂ ਹੀ ਸਾਰੇ ਵੇਦ ਤੇ ਕਤੇਬ ਉਪਜੇ, ਜਿਨ੍ਹਾਂ ਦੇ ਗਿਆਨ ਵਿਚ ਸਾਰਾ ਬ੍ਰਹਿਮੰਡ ਸਮਾਇਆ ਹੋਇਆ ਹੈ। ਜੇ ਸਿਮਰਨ ਕੁਝ ਲੋਕਾਂ ਨੂੰ ਇਤਨ੍ਹਾ ਵਿਸ਼ਾਲ ਤੇ ਮਹਾਨ ਬਣਾ ਸਕਦਾ ਹੈ ਤਾਂ ਬਾਕੀਆਂ ਨੂੰ ਵੀ ਬਣਾ ਸਕਦਾ ਹੈ।

੫. ਕਾਲ ਨਿਤਹਿ ਨਿਤ ਹੇਰੈ—'ਘਰੀ ਨ ਮੁਹਤੁ ਨਾ ਚਸਾ ਬਿਲੰਬਹੁ ਕਾਲ ਨਿਤਹਿ ਨਿਤ ਹੇਰੈ' ਵਕਤ ਦੀ ਸੀਮਾ ਨੂੰ ਸਮਝਣਾ ਅਤੇ ਦੁਲਭ-ਦੇਹ ਦੇ ਕਾਰਜ ਨੂੰ ਸਮਝਣਾ। ਮਨੁੱਖ ਨੂੰ ਸਿਖਰ ਦਿੱਸਣੀ ਚਾਹੀਦੀ ਹੈ। ਇਹ ਸਮਝ ਕਿ ਉਸ ਨੇ ਕਿਥੇ ਪਹੁੰਚਣਾ ਹੈ। ਜਿਸ ਮਨੁੱਖ ਦੇ ਸਾਹਮਣੇ ਆਪਣਾ ਆਦਰਸ਼ ਸਪਸ਼ਟ ਹੋਵੇ ਉਸ ਅੰਦਰ ਹੋਰ ਝਮੇਲਿਆਂ ਵਿਚ ਜਿਸ ਨੂੰ 'ਅੰਧ ਬਿਲਾ' ਕਿਹਾ ਹੈ, ਫਸਣ ਦੀ ਗੁੰਜਾਇਸ਼ ਨਹੀਂ ਹੁੰਦੀ। ਉਹ ਇਕ ਲਗਨ ਨਾਲ ਲਗਾਤਾਰ ਤਿੱਖੇ ਪੈਰੀਂ ਉਸ ਪਾਸੇ ਵਧਦਾ ਹੈ। ਉਸ ਨੂੰ ਪਤਾ ਹੈ ਕਿ ਮੇਰੇ ਪਾਸ ਸਮਾਂ ਥੋੜ੍ਹਾ ਹੈ ਤੇ ਮੰਜ਼ਲ ਉੱਚੀ ਹੈ, ਮੈਂ ਇਸ ਤੰਗ ਕੋਠੇ ਵਿਚ ਨਹੀਂ ਰਹਿ ਸਕਦਾ ਅਤੇ ਛੇਤੀ ਨਾਲ ਸਾਰਾ ਤਾਣ ਲਾ ਕੇ ਸਿਖਰ ਤੇ ਪਹੁੰਚਣਾ ਹੈ। ਮੌਤ ਵਕਤ ਦੀ ਇਕ ਸੀਮਾ

ਹੈ ਤੇ ਹਰ ਕਰਤੱਵ ਦੇ ਪੂਰਾ ਕਰਨ ਲਈ ਵਕਤ ਦੀ ਸੀਮਾ ਹੁੰਦੀ ਹੈ। ਇਸ ਗੱਲ ਨੂੰ ਸਮਝਣ ਵਾਲਾ 'ਅੰਧ-ਬਿਲਾ' ਵਿਚੋਂ ਨਿਕਲਣ ਦਾ ਉਪਰਾਲਾ ਕਰਦਾ ਹੈ।

੬. 'ਕਿਆ ਨਾਹੀ ਘਰਿ ਤੇਰੈ'—ਮਨੁਖ ਆਦਰਸ਼ ਵੀ ਬਣਾ ਲੈਂਦਾ ਹੈ, ਯਤਨ ਵੀ ਕਰਦਾ ਹੈ। ਪਰ ਉਸ ਨੂੰ ਸਦਾ ਕਿਸੇ ਬਲਵਾਨ ਸਹਾਰੇ ਦੀ ਲੋੜ ਰਹਿੰਦੀ ਹੈ। ਜਿਸ ਮਨੁੱਖ ਨੂੰ ਵਿਸ਼ਵਾਸ ਬੱਝ ਜਾਏ ਕਿ ਵਾਹਿਗੁਰੂ ਮੇਰੇ ਨਾਲ ਹੈ ਅਤੇ ਉਸ ਦੇ ਘਰ ਸਭ ਕੁਝ ਹੈ, ਉਹ ਮੇਰਾ ਸਹਾਈ ਹੈ, ਉਹ ਮਨੁੱਖ ਉੱਨਤੀ ਕਰਨ ਲੱਗ ਪੈਂਦਾ ਹੈ। ਉਸ ਅੰਦਰ ਸ਼ੁੱਧ ਵਿਸ਼ਵਾਸ ਪੈਦਾ ਹੁੰਦਾ ਹੈ। ਜਿਸ ਅੰਦਰ ਇਹ ਵਿਸ਼ਵਾਸ ਪੈਦਾ ਹੋ ਜਾਏ ਕਿ ਵਾਹਿਗੁਰੂ ਇਤਨਾ ਸਮਰੱਥ ਹੈ ਕਿ ਮੈਨੂੰ 'ਅੰਧ-ਬਿਲਾ' ਵਿਚੋਂ ਕੱਢ ਸਕੇਗਾ ਉਹ ਜ਼ਰੂਰ ਇਸ ਹਨੇਰੀ ਕੋਠੜੀ ਵਿਚੋਂ ਨਿਕਲ ਹੀ ਜਾਏਗਾ।

ਹਨੇਰੀ ਕੋਠੜੀ ਜਾਂ 'ਅੰਧ-ਬਿਲਾ' ਮਨ ਦੀ ਹੀ ਹਨੇਰੀ ਕੋਠੜੀ ਹੈ, ਜੋ ਅਗਿਆਨਤਾ, ਤੰਗ-ਨਜ਼ਰੀ, ਨਿੱਕੀਆਂ ਨਿੱਕੀਆਂ ਖ਼ੁਦਗਰਜ਼ੀਆਂ ਦੇ ਰੂਪ ਵਿਚ ਹੈ ਜਿਥੇ ਵਿਸ਼ਾਲ ਮਨੁੱਖਤਾ ਨਾਲ ਸਨੇਹ ਤੇ ਹਮਦਰਦੀ ਨਹੀਂ। ਇਸ ਅੰਧੇਰ ਕੋਠੜੀ ਵਿਚੋਂ ਜਦੋਂ ਮਨੁੱਖ ਨਿਕਲਦਾ ਹੈ ਤਦ ਉਸ ਦਾ ਮਨ ਪ੍ਰਕਾਸ਼ਮਾਨ ਹੁੰਦਾ ਹੈ ਅਤੇ ਉਸ ਦੀ ਸਾਰੀ ਮਨੁੱਖਤਾ ਨਾਲ ਹਮਦਰਦੀ ਜਾਗਦੀ ਹੈ। 'ਅੰਧ-ਬਿਲਾ' ਆਪਣੇ ਆਪ ਵਿਚ ਜੀਊਣਾ ਹੈ ਅਤੇ ਬ੍ਰਹਮ ਗਿਆਨੀ ਦਾ ਪਰਉਪਕਾਰ ਉਮਾਹ ਦਾ ਜੀਵਨ ਹੈ। ਇਹ ਦੋਵੇਂ ਮਨ ਦੀਆਂ ਅਵਸਥਾਵਾਂ ਹਨ। ਇਸ ਸ਼ਬਦ ਵਿਚ ਅਰਦਾਸ ਮਨ ਦੀ ਹਨੇਰੀ ਕੋਠੜੀ ਵਿਚੋਂ ਨਿਕਲ ਕੇ ਪ੍ਰਕਾਸ਼ਮਾਨ ਕੋਠੜੀ ਵਿਚ ਪਹੁੰਚਣ ਲਈ ਕੀਤੀ ਹੈ, ਜਿਥੇ ਪਹੁੰਚ ਕੇ 'ਅਨੰਦੁ ਸੂਖ ਘਨੇਰੇ' ਪ੍ਰਾਪਤ ਹੁੰਦੇ ਹਨ। ਸੁਖ ਦਾ ਮਾਰਗ ਹੈ ਵਿਸ਼ਾਲ ਹਮਦਰਦੀ ਦਾ ਮਾਰਗ ਤੇ ਦੁੱਖ ਦਾ ਮਾਰਗ ਹੈ ਤੰਗ ਖ਼ੁਦਗਰਜ਼ੀ ਦਾ ਮਾਰਗ।

———

# ੫. ਰੰਕ ਤੇ ਰਾਉ

ਬਿਲਾਵਲ ਮਹਲਾ ੫ ॥

ਸੁਨੀਅਤ ਪ੍ਰਭ ਤਉ ਸਗਲ ਉਧਾਰਨ ॥
ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ ਬਿਸਾਰਨ ॥੧॥ਰਹਾਉ॥
ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥੧॥
ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰ ਪਰੇ ਤਮੑ ਸਾਰਨ ॥
ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧ ਸੰਗਿ ਰੰਕ ਤਾਰਨ ॥੨॥

ਗੁਰਬਾਣੀ ਜੀਵਨ ਜੀਊਣ ਦੀ ਜਾਚ ਹੈ । ਉਹ ਜਾਚ ਜੋ ਜੀਵਨ ਦਾ ਆਧਾਰ ਹੈ । ਮਾਨਵੀ ਮਨ ਵਿਚ ਇਸ ਦੀਆਂ ਬੜੀਆਂ ਕੀਮਤਾਂ ਹਨ । ਅਮੀਰੀ ਅਤੇ ਗਰੀਬੀ ਦਾ ਜੀਵਨ ਨਾਲ ਸਦਾ ਹੀ ਵਾਹ—ਦੁਖਾਂਤ ਜਾਂ ਸੁਖਾਂਤ ਰੂਪ ਵਿਚ—ਪਿਆ ਰਹਿੰਦਾ ਹੈ । ਉਕਤ ਸ਼ਬਦ ਦੇ ਆਧਾਰ ਤੇ ਸਪਸ਼ਟ ਨਿਰਨਾ ਹੋ ਸਕਦਾ ਹੈ ਕਿ ਅਸਲ ਅਮੀਰੀ ਕੀ ਹੈ ਤੇ ਕੰਗਾਲਤਾ ਕੀ ਹੈ ? ਕੰਗਾਲ ਤੋਂ ਅਮੀਰ ਕਿਵੇਂ ਬਣਨਾ ਹੈ ?

ਰੰਕ ਜਾਂ ਕੰਗਾਲਤਾ ਮਨ ਦੀ ਅਵਸਥਾ ਹੈ, ਬੇਸ਼ਕ ਇਸ ਦਾ ਸੰਬੰਧ ਬਾਹਰਲੇ ਪਦਾਰਥਕ ਜੀਵਨ ਨਾਲ ਵੀ ਹੈ ।

ਪਰ ਕੰਗਾਲਤਾ ਦਾ ਬਹੁਤਾ ਸੰਬੰਧ ਮਨੁੱਖੀ ਮਨ ਤੇ ਆਤਮਾ ਦੀ ਦਸ਼ਾ ਨਾਲ ਹੈ । ਇਸ ਸ਼ਬਦ ਵਿਚ ਕੰਗਾਲ ਮਨ ਦੀ ਪਹਿਚਾਨ ਦੱਸੀ ਹੈ । ਜਦੋਂ, ਗੁਰੂ ਕਿਰਪਾ ਦੁਆਰਾ, ਗੁਰ ਸ਼ਬਦ ਦੇ ਆਸਰੇ ਮਨੁੱਖੀ ਮਨ ਦੀ (ਕੰਗਾਲ) ਦਸ਼ਾ ਬਦਲ ਜਾਂਦੀ ਹੈ ਉਦੋਂ ਮਨੁੱਖ ਦੀ ਆਤਮਾ ਆਪਣੇ ਆਪ ਹੀ ਅਮੀਰ ਹੋ ਜਾਂਦੀ ਹੈ । ਸੋ ਅਮੀਰੀ ਵੀ ਮਨ ਅਥਵਾ ਆਤਮਾ ਦੀ ਹੀ ਇਕ ਦਸ਼ਾ ਹੈ ।

ਕੰਗਾਲਤਾ ਦੇ ਲੱਛਣ ਇਹ ਹਨ :—

(੧) ਪਹਿਲੀ ਗੱਲ 'ਸੁਣੀਅਤ ਪ੍ਰਭ ਤਉ ਸਗਲ ਉਧਾਰਨ' ਵਿਚ ਕਹੀ ਹੈ । ਇਸ ਵਿਚ ਦੱਸਿਆ ਇਹ ਹੈ ਕਿ ਜਿਸ ਹਿਰਦੇ ਵਿਚ ਆਸ ਤੇ ਵਿਸ਼ਵਾਸ ਨਹੀਂ ਹੈ ਕਿ ਪਰਮਾਤਮਾ ਉਸ ਨੂੰ ਉੱਚਾ ਕਰਨ ਵਾਲਾ ਹੈ ਅਤੇ ਉਸ ਨੂੰ ਮਨੁੱਖਤਾ ਦੀ ਅੱਤ ਉੱਚੀ ਪੱਧਰ ਤਕ ਲੈ ਜਾ ਸਕਣ ਵਾਲਾ ਹੈ, ਉਹ ਹਿਰਦਾ ਕੰਗਾਲ ਹਿਰਦਾ ਹੈ ।

ਪਰਮਾਤਮਾ ਬਾਰੇ ਵਿਸ਼ੇਸ਼ ਗੱਲ ਇਹ ਮੰਨੀ ਗਈ ਹੈ ਕਿ ਉਹ 'ਸਗਲ ਉਧਾਰਨ' ਹੈ । ਉਸ ਦਾ ਕਰਤੱਵ ਹੀ ਮਨੁੱਖਤਾ ਨੂੰ ਸਰੀਰਕ, ਮਾਨਸਿਕ, ਬੌਧਕ ਤੇ ਆਤਮਕ ਤੌਰ ਤੇ ਪ੍ਰਫੁਲਤ ਕਰਨਾ ਹੈ, ਮਨੁੱਖਤਾ ਦੇ ਅੰਦਰ ਆਦਰਸ਼ਕ ਗੁਣਾਂ ਦਾ ਸੰਚਾਰ ਕਰਨਾ ਹੈ । ਇਸ ਆਦਰਸ਼ਕ ਦਸ਼ਾ ਨੂੰ ਤੇ ਪ੍ਰਫੁਲਤ ਹੋਈ ਹੋਈ ਦਸ਼ਾ ਨੂੰ ਹੀ 'ਉਧਾਰਨ' ਕਿਹਾ ਹੈ ।

ਮਨੁੱਖੀ ਹਿਰਦੇ ਵਿਚ ਇਸ ਵਿਸ਼ਵਾਸ ਦਾ ਹੋਣਾ—ਕਿ ਪਰਮਾਤਮਾ ਨੇ ਮੈਨੂੰ ਇਸ ਲਈ ਪੈਦਾ ਕੀਤਾ ਹੈ ਕਿ ਮੈਂ ਸਰੀਰਕ, ਮਾਨਸਿਕ, ਬੌਧਕ ਤੇ ਆਤਮਕ ਤੌਰ ਤੇ ਅੱਤ ਉੱਚੀ ਸਿਖਰ ਨੂੰ ਛੋਹ ਸਕਾਂ—ਹੀ ਅਮੀਰੀ ਜਾਂ ਅਮੀਰ ਹਿਰਦੇ ਦੀ ਨਿਸ਼ਾਨੀ ਹੈ। ਸੋ ਆਸ਼ਾ-ਵਾਦੀ ਦ੍ਰਿਸ਼ਟੀਕੋਣ ਅਮੀਰੀ ਹੈ। ਨਿਰਾਸ਼ਾਵਾਦੀ ਦ੍ਰਿਸ਼ਟੀਕੋਣ ਕੰਗਾਲਤਾ ਹੈ। ਆਸ਼ਾ ਵੀ ਦਿਨ-ਬ-ਦਿਨ ਚੰਗੇਰਾ ਤੇ ਉਚੇਰਾ ਹੋਣ ਦੀ ਆਸ਼ਾ ਹੈ। ਕੁਦਰਤ ਵਿਚ ਸਹਾਇਕ ਸ਼ਕਤੀ ਵਿਆਪਕ ਹੈ। ਆਸ਼ਾ ਹੈ ਆਪਣੇ ਤੇ ਹੋਰਨਾਂ ਦੇ ਉਜਲੇ ਭਵਿੱਖ ਦੀ, ਆਸ਼ਾ ਹੈ ਸੁਹਣੇ ਸੁਚੱਜੇ ਜੀਵਨ ਦੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਹੀ 'ਸਗਲ ਉਧਾਰਨ' ਕਿਹਾ ਹੈ। ਗੁਰੂ ਤੇ ਬਾਣੀ ਇਸ ਆਸ਼ਾ ਦਾ ਸੁਨੇਹਾ ਹੀ ਸੰਸਾਰ ਤਕ ਪਹੁੰਚਾਉਣ ਆਏ ਹਨ। ਪਰ ਫਿਰ ਵੀ ਜਿਸ ਦੇ ਹਿਰਦੇ ਵਿਚ ਆਸ਼ਾ ਨਹੀਂ ਬੱਝਦੀ ਉਹ ਅਤਿ ਕੰਗਾਲ ਹਿਰਦਾ ਹੈ ਅਤੇ ਜਿਸ ਹਿਰਦੇ ਵਿਚ ਆਪਣੇ ਤੇ ਹੋਰਨਾਂ ਦੇ ਉਜਲੇ ਭਵਿੱਖ ਦਾ ਵਿਸ਼ਵਾਸ ਹੈ ਉਹ ਹੀ 'ਰਾਉ' ਦਾ ਹਿਰਦਾ ਹੈ।

(੨) ਕੰਗਾਲ ਮਨ ਦੀ ਦੂਸਰੀ ਦਸ਼ਾ ਜਿਹੜੀ ਕਿ ਉਸ ਦਾ ਭਵਿੱਖ ਉਜਲਾ ਨਹੀਂ ਹੋਣ ਦਿੰਦੀ ਉਹ 'ਮੋਹ ਮਗਨ' ਦੀ ਹੈ। ਇਸ ਦਾ ਭਾਵ ਇਹ ਹੈ ਕਿ ਕੋਈ ਜੀਵ ਭਾਵੇਂ ਕਿਤਨਾ ਧਨਾਢ ਹੈ ਤੇ ਕਿੰਨੀ ਵੱਡੀ ਕੋਠੀ ਦਾ ਮਾਲਕ ਹੈ, ਜੇ ਉਹ ਆਪਣੇ ਨਿੱਕੇ ਜਿਹੇ ਪਰਵਾਰ ਦੇ ਸੁਖ ਵਿਚ ਹੀ ਮਗਨ ਹੈ ਅਤੇ ਸੰਗਤ, ਪੰਥ ਤੇ ਸੰਸਾਰ ਦੇ ਜੀਵਾਂ ਨੂੰ ਆਪਣਾ ਪਰਵਾਰ ਨਹੀਂ ਸਮਝ ਸਕਦਾ ਤਾਂ ਉਹ ਕੰਗਾਲ ਹਿਰਦੇ ਵਾਲਾ ਜੀਵ ਹੈ। ਕੰਗਾਲ ਉਹ ਹੀ ਹੈ ਜਿਸ ਪਾਸੋਂ ਕਿਸੇ ਨੂੰ ਕੋਈ ਸੁਖ ਪ੍ਰਾਪਤ ਨਹੀਂ। ਕੰਗਾਲ ਹਿਰਦਾ ਨਾ ਤਨ ਦੁਆਰਾ, ਨਾ ਮਨ ਦੁਆਰਾ ਤੇ ਨਾ ਧਨ ਦੁਆਰਾ ਕਿਸੇ ਦੇ ਕੰਮ ਆ ਸਕਦਾ ਹੈ।

ਅਮੀਰ ਉਹ ਹੈ ਜੋ ਸਾਰੇ ਸੰਸਾਰ ਨੂੰ ਆਪਣਾ ਪਰਵਾਰ ਸਮਝਦਾ ਹੈ ਅਤੇ ਇਸ ਤਰ੍ਹਾਂ ਪ੍ਰਭੂ ਨੂੰ ਪ੍ਰੇਮ ਕਰਦਾ ਹੈ। ਸੋ ਅਮੀਰੀ ਵਿਸ਼ਾਲ ਹਮਦਰਦੀ ਵਿਚ ਹੈ ਤੇ ਕੰਗਾਲਤਾ ਤੰਗ-ਦ੍ਰਿਸ਼ਟੀ ਵਿਚ ਹੈ। ਪਹਿਲੀ ਦਸ਼ਾ ਪ੍ਰੇਮ ਹੈ ਤੇ ਦੂਜੀ ਦਸ਼ਾ ਮੋਹ ਹੈ।

(੩) ਕੰਗਾਲ ਹਿਰਦੇ ਦੀ ਤੀਜੀ ਦਸ਼ਾ 'ਪਤਿਤ ਸੰਗਿ' ਹੈ। ਅਮੀਰ ਹਿਰਦੇ ਦੀ ਦਸ਼ਾ 'ਸਾਧ ਸੰਗਿ' ਹੈ। 'ਸਾਧ ਸੰਗਿ' ਦਾ ਭਾਵ ਹੈ ਕਿ ਜੋ ਮਨੁੱਖ ਨਿਤਨੇਮ ਕਰਦਾ ਹੈ ਉਹ ਗੁਰੂ ਨਾਨਕ, ਗੁਰੂ ਅਮਰ ਦਾਸ, ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਵਿਚ ਬੈਠਦਾ ਹੈ। ਜਦੋਂ ਕੋਈ ਮਨੁੱਖ ਜਪੁਜੀ ਪੜ੍ਹਦਾ ਸੁਣਦਾ ਤੇ ਵਿਚਾਰਦਾ ਹੈ, ਆਸਾ ਦੀ ਵਾਰ ਦਾ ਕੀਰਤਨ ਸੁਣਦਾ ਜਾਂ ਕਰਦਾ ਹੈ, ਸੁਖਮਨੀ ਸਾਹਿਬ ਦਾ ਪਾਠ ਤੇ ਇਸ ਉਤੇ ਵਿਚਾਰ ਕਰਦਾ ਹੈ, ਜਾਪੁ ਤੇ ਸਵੱਯੇ ਪੜ੍ਹਦਾ ਤੇ ਵਿਚਾਰਦਾ ਹੈ ਉਹ ਇਨ੍ਹਾਂ ਬਾਣੀਆਂ ਦੇ ਮਹਾਨ ਗੁਰੂ ਲੇਖਕਾਂ ਦੀ ਸੰਗਤ ਵਿਚ ਹੁੰਦਾ ਹੈ। ਮਾਨੋਂ ਉਨ੍ਹਾਂ ਨਾਲ ਗੱਲਾਂ ਬਾਤਾਂ ਕਰ ਰਿਹਾ ਹੁੰਦਾ ਹੈ। ਪਰ ਇਕ ਸੰਗਤ ਨਾਚ ਘਰਾਂ ਵਿਚ, ਕਲੱਬਾਂ ਵਿਚ, ਸਿਨਮਿਆਂ ਵਿਚ ਵੀ ਹੈ। ਇਕ ਸੰਗਤ ਚੋਰੀ, ਯਾਰੀ, ਜੂਏ ਦੀ ਵੀ ਹੈ। ਇਕ ਸੰਗਤ ਮਾੜੀਆਂ ਘਟੀਆ ਪੁਸਤਕਾਂ ਪੜ੍ਹਨ ਦੀ ਵੀ ਹੈ। ਅਮੀਰ ਹਿਰਦਾ ਉਹ ਹੈ ਜੋ ਅਮੀਰ ਖ਼ਿਆਲਾਂ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਸੁਖਮਨੀ ਅਮੀਰ ਵਿਚਾਰ ਦਾ ਮਹਾਨ ਖ਼ਜ਼ਾਨਾ ਹੈ। ਇਸੇ ਵਿਚ ਹੀ 'ਸਗਲ ਉਧਾਰਨ' ਵਾਲੇ ਖ਼ਿਆਲ ਹਨ। ਇਹ ਅਮੀਰ ਖ਼ਿਆਲ ਉੱਚੀ ਪ੍ਰੇਰਨਾ

ਨਾਲ ਹਿਰਦੇ ਦੀ ਅਮੀਰੀ ਪੈਦਾ ਕਰ ਦੇਂਦੇ ਹਨ। ਪਾਮਰ ਤੇ ਗੰਦੇ ਖ਼ਿਆਲ ਹਿਰਦੇ ਨੂੰ ਗੰਦੀ ਪ੍ਰੇਰਨਾ ਦਿੰਦੇ ਹਨ ਤੇ ਉਸ ਨੂੰ ਕੰਗਾਲ ਕਰ ਦੇਂਦੇ ਹਨ। ਸੋ ਸ਼ੁੱਭ ਵਿਚਾਰ ਜੋ ਮਹਾਨ ਪੁਰਸ਼ਾਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦੇ ਹਨ, ਹਿਰਦੇ ਦੀ ਅਮੀਰੀ ਹਨ।

ਆਤਮਾ ਦੀ ਸ਼ੁੱਧੀ, ਬੁੱਧੀ ਦੀ ਅਮੀਰੀ ਹੈ ਪਰ ਗੰਦੇ ਖ਼ਿਆਲ ਹਿਰਦੇ ਮਨ ਬੁੱਧੀ ਦੀ ਕੰਗਾਲਤਾ ਹਨ।

(੪) 'ਐਸੇ ਮਨਹਿ ਬਿਸਾਰਨ' ਕੰਗਾਲ ਹਿਰਦਾ ਉਹ ਹੈ ਜੋ 'ਸਗਲ ਉਧਾਰਨ',— ਪਰਮਾਤਮਾ ਦੇ ਉੱਚੇ ਆਦਰਸ਼ਾਂ—ਨੂੰ ਭੁੱਲ ਗਿਆ ਹੈ ਤੇ ਜਿਸ ਦੇ ਹਿਰਦੇ ਵਿਚ ਆਪਣਾ ਕੋਈ ਜੀਵਨ ਆਦਰਸ਼ ਨਹੀਂ। ਜਿਸ ਦਾ ਕੋਈ ਆਦਰਸ਼ ਨਹੀਂ ਉਹ ਸਦਾ ਕੰਗਾਲ ਹੈ, ਭਾਵੇਂ ਉਸ ਪਾਸ ਧਨ ਕਿਤਨਾ ਵੀ ਹੋਵੇ। ਪਰ ਜਿਸ ਮਨੁੱਖ ਦੇ ਹਿਰਦੇ ਵਿਚ ਕੋਈ ਲਗਨ ਹੈ, ਕੋਈ ਉੱਚਾ ਆਦਰਸ਼ ਹੈ, ਉਹ ਸਦਾ ਹੀ ਅਮੀਰ ਹੈ। 'ਪਰਮਾਤਮਾ' ਆਦਰਸ਼ਕ ਕੀਮਤਾਂ ਹਨ। ਇਸ ਤਰ੍ਹਾਂ ਪਰਮਾਤਮਾ ਹੀ ਮਨੁੱਖ ਦਾ ਆਦਰਸ਼ ਹੈ। ਇਸ ਨੂੰ ਵਿਸਾਰ ਕੇ ਮਨੁੱਖ ਕੰਗਾਲ ਹੋ ਜਾਂਦਾ ਹੈ।

(੫) 'ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ' ਜਿਸ ਹਿਰਦੇ ਵਿਚ ਨਿਰਨਾ ਕਰਨ ਦੀ ਸ਼ਕਤੀ ਨਹੀਂ ਕਿ ਕੀ ਚੀਜ਼ ਅੰਮ੍ਰਿਤ ਹੈ ਤੇ ਕੀ ਚੀਜ਼ ਜ਼ਹਿਰ ਹੈ ਉਹ ਕੰਗਾਲ ਹਿਰਦਾ ਹੈ। ਜੋ ਮਨੁੱਖ ਇਹ ਨਿਰਨਾ ਨਹੀਂ ਕਰ ਸਕਦਾ ਕਿ ਜੀਵਨ ਵਿਚ ਅੰਮ੍ਰਿਤ ਦਾ ਸੰਚਾਰ ਠੰਢਾ, ਮਿੱਠਾ ਤੇ ਪਵਿੱਤਰ ਸੁਭਾਅ ਹੀ ਕਰ ਸਕਦਾ ਹੈ, ਧਨ ਨਹੀਂ ਕਰ ਸਕਦਾ, ਉਹ ਕੰਗਾਲ ਹਿਰਦਾ ਹੈ। ਪਰ ਜਿਸ ਮਨੁੱਖ ਨੂੰ ਸੁਭਾਅ ਦੀ ਮਿਠਾਸ ਤੇ ਪਵਿੱਤਰਤਾ ਦੀ ਕੀਮਤ ਪਤਾ ਲੱਗ ਗਈ ਹੈ, ਉਹ ਅਮੀਰ ਹਿਰਦਾ ਹੈ। ਧਨ ਇਕੱਠਾ ਕਰਨ ਲਈ ਕਈ ਵਾਰੀ ਅੰਮ੍ਰਿਤ ਗੁਣਾਂ ਦਾ ਤਿਆਗ ਕਰਨਾ ਪੈਂਦਾ ਹੈ, ਤੇ ਇਹ ਕੰਗਾਲਤਾ ਹੈ।

(੬) ਜੋ ਮਨੁੱਖ 'ਕਾਮ ਕ੍ਰੋਧ ਲੋਭ' ਦੇ ਅਧੀਨ ਹੈ ਭਾਵ ਇਨ੍ਹਾਂ ਔਗੁਣਾਂ ਵੱਸ ਹੋ ਕੇ ਜੀਵਨ ਸਹਿਜ ਜਾਂ ਤੋਲ ਨੂੰ ਗਵਾ ਦਿੰਦਾ ਹੈ ਉਹ ਕੰਗਾਲ ਹੈ। ਅਮੀਰ ਹਿਰਦਾ 'ਕਾਮ, ਕ੍ਰੋਧ ਲੋਭ' ਦੀ ਵਰਤੋਂ ਕਰਦਾ ਹੈ, ਪਰ ਪੂਰੇ ਸੰਜਮ ਤੇ ਸਹਿਜ ਦੁਆਰਾ, ਸੋਚ ਵਿਚਾਰ ਕੇ ਤੇ ਲੋੜ ਅਨੁਸਾਰ। ਪਰ ਜਿਸ ਹਿਰਦੇ ਨੂੰ ਆਪਣੇ ਕ੍ਰੋਧ ਤੇ ਕਾਬੂ ਨਹੀਂ, ਉਹ ਕੰਗਾਲ ਹਿਰਦਾ ਹੈ। ਕੰਗਾਲ ਹਿਰਦਾ ਇਨ੍ਹਾਂ ਔਗੁਣਾਂ ਦੇ ਅਧੀਨ ਹੈ, ਅਮੀਰ ਹਿਰਦਾ ਇਨ੍ਹਾਂ ਦਾ ਮਾਲਕ ਹੈ।

(੭) ਜੋ ਮਨੁੱਖ ਕਿਸੇ ਦੀ ਨਿੰਦਾ ਕਰ ਸਕਦਾ ਹੈ ਉਹ ਅਸਲੋਂ ਕੰਗਾਲ ਹੈ। ਨਿੰਦਾ ਪੈਦਾ ਹੁੰਦੀ ਹੈ ਈਰਖਾ ਤੇ ਸਾੜੇ ਵਿਚੋਂ ਅਤੇ ਈਰਖਾ ਤੇ ਸਾੜਾ ਈਰਖਾ ਕਰਨ ਵਾਲੇ ਦੀ ਹੀਣਤਾ (Inferiority) ਦਾ ਸਬੂਤ ਹੈ। ਅਮੀਰ ਹਿਰਦਾ ਜਿਸ ਪਾਸ ਆਪਣਾ ਆਦਰਸ਼ ਹੈ, ਜਿਸ ਦਾ ਪਰਵਾਰ ਸਾਰੀ ਮਨੁੱਖਤਾ ਹੈ, ਜਿਸ ਵਿਚ ਅੰਮ੍ਰਿਤ ਸੁਭਾਅ ਹੈ ਤੇ ਜਿਸ ਦਾ ਕਾਮ, ਕ੍ਰੋਧ ਤੇ ਕਾਬੂ ਹੈ, ਕਦੇ ਕਿਸੇ ਦੀ ਨਿੰਦਾ ਨਹੀਂ ਕਰ ਸਕਦਾ। ਸੋ ਨਿੰਦਾ ਕੰਗਾਲਤਾ ਦਾ ਸਬੂਤ ਹੈ ਅਤੇ ਪ੍ਰਸੰਸਾ ਕੀਰਤੀ ਤੇ ਜਸ ਅਮੀਰ ਹਿਰਦੇ ਦਾ ਸਬੂਤ ਹੈ।

(੮) 'ਸਤ' ਤੇ 'ਸੰਤੋਖ' ਅਮੀਰ ਹਿਰਦੇ ਦੇ ਚਿੰਨ੍ਹ ਹਨ ਪਰ ਝੂਠ ਤੇ ਲਾਲਚ ਕੰਗਾਲ ਹਿਰਦੇ ਦੇ ਲੱਛਣ ਹਨ। ਜੋ ਹਿਰਦਾ ਨਿਰਾਸ਼ਾਵਾਦੀ ਹੈ, 'ਮੋਹ ਮਗਨ' ਹੈ, 'ਪਤਿਤ

ਸੰਗੀ' ਹੈ, ਕਾਮ ਕ੍ਰੋਧ ਦੇ ਵੱਸ ਹੈ, ਨਿੰਦਕ ਹੈ, ਉਹ ਸਚਾਈ ਅਤੇ ਸਬਰ ਤੇ ਟਿਕ ਨਹੀਂ ਸਕਦਾ। ਸਚਾਈ ਹੀ ਆਦਰਸ਼ ਹੈ। ਇਸ ਆਦਰਸ਼ ਲਈ ਹੀ ਮਨੁੱਖ ਆਸ਼ਾਵਾਦੀ ਹੁੰਦਾ ਹੈ ਤੇ ਇਹੋ ਹੀ ਅਮੀਰੀ ਹੈ।

ਇਹ ਹੈ ਇਸ ਸ਼ਬਦ ਵਿਚ ਕੰਗਾਲ ਤੇ ਅਮੀਰ ਹਿਰਦੇ ਦਾ ਕੀਤਾ ਹੋਇਆ ਨਿਰਨਾ। ਗੁਰੂ ਜੀ ਨੇ ਮਨੁੱਖ ਨੂੰ ਅਮੀਰ ਬਨਾਉਣਾ ਹੈ, ਮਨੁੱਖੀ ਹਿਰਦੇ ਨੂੰ ਪ੍ਰਫੁਲਤ ਕਰਨਾ ਹੈ—ਹਾਂ, ਨਾਮ ਨੇ ਮਨੁੱਖੀ ਹਿਰਦੇ ਨੂੰ ਅਮੀਰ ਬਨਾਉਣਾ ਹੈ ਤੇ ਪ੍ਰਫੁਲਤ ਕਰਨਾ ਹੈ ਤੇ ਜਿਹੜੇ ਲੋਕ ਬਾਣੀ ਪੜ੍ਹਦੇ ਤੇ ਸਿਮਰਨ ਕਰਦੇ ਹਨ ਉਨ੍ਹਾਂ ਨੂੰ ਕਦੇ ਕਦੇ ਪੜਤਾਲ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਪਾਸ ਕਿਤਨੀ ਅਮੀਰੀ ਆ ਗਈ ਹੈ। ਅਮੀਰੀ ਦੇ ਅੱਠ ਨੁਕਤੇ ਦਿੱਤੇ ਹੋਏ ਹਨ ਤੇ ਇਹ ਅੱਠ ਨੁਕਤੇ ਕੰਗਾਲਤਾ ਦਾ ਨਿਰਨਾ ਵੀ ਕਰਦੇ ਹਨ।

# ੬. ਜਮ ਜਾਲ

ਬਿਲਾਵਲੁ ਮਹਲਾ ੫ ॥

ਗੁਰੁ ਪੂਰਾ ਆਰਾਧਿਆ ਹੋਏ ਕਿਰਪਾਲ ॥
ਮਾਰਗੁ ਸੰਤਿ ਬਤਾਇਆ ਤੂਟੇ ਜਮ ਜਾਲ ॥ ੧ ॥
ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭ ਨਾਮ ॥
ਸਹਜ ਸੂਖ ਆਨੰਦ ਰਸ ਪੂਰਨ ਸਭਿ ਕਾਮ ॥ ੧ ॥ ਰਹਾਉ ॥
ਜਲਨਿ ਬੁਝੀ ਸੀਤਲ ਭਏ ਰਾਖੇ ਪ੍ਰਭਿ ਆਪ ॥
ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪ ॥੨॥੧੧॥੭੫॥

ਇਥੇ ਅਸੀਂ ਕੇਵਲ ਇਸ ਸ਼ਬਦ ਦੇ ਆਧਾਰ ਤੇ ਏਨਾ ਹੀ ਵਿਚਾਰਨ ਲੱਗੇ ਹਾਂ ਕਿ 'ਜਮ ਜਾਲ' ਕੀ ਹੈ ? ਇਸ ਨੂੰ ਕਿਵੇਂ ਤੋੜਿਆ ਜਾ ਸਕਦਾ ਹੈ ?

'ਜਮ ਜਾਲ' ਦਾ ਭਾਵ ਸਿੱਧੇ ਤੌਰ ਤੇ ਤਾਂ ਮੌਤ ਹੈ। ਮੌਤ ਹਰ ਇਕ ਲਈ ਇਕ ਅਵੱਸ਼ ਘਟਨਾ ਹੈ। ਪਰ ਮਰਨ ਮਰਨ ਵਿਚ ਬਹੁਤ ਫ਼ਰਕ ਹੈ। ਬਹੁਤੇ ਲੋਕ 'ਜਮ ਜਾਲ' ਵਿਚ ਫਸ ਕੇ ਮਰਦੇ ਹਨ। ਕਈ ਲੋਕ ਮੌਤ ਨੂੰ ਵੰਗਾਰ ਕੇ ਕਿਸੇ ਆਦਰਸ਼ ਲਈ ਮਰਦੇ ਹਨ। 'ਜਮ-ਜਾਲ' ਨੂੰ, ਜਿਸ ਵਿਚ ਬਹੁਤੇ ਲੋਕ ਫਸ ਕੇ ਮਰਦੇ ਹਨ, ਆਮ ਕਰਕੇ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦਾ ਜਾਲ ਕਿਹਾ ਹੈ। ਜਮ ਦਾ ਫੰਧਾ ਕਾਮ ਦੇ ਰੂਪ ਵਿਚ ਪਸਰਦਾ ਹੈ, ਕਰੋਧ ਅਤੇ ਲੋਭ ਦੇ ਰੂਪ ਵਿਚ ਪਸਰਦਾ ਹੈ। ਬਹੁਤੇ ਲੋਕ ਲੋਭ ਦੇ ਫੰਧੇ ਵਿਚ ਫਸ ਕੇ ਜਮ ਦੇ ਜਾਲ ਦਾ ਸ਼ਿਕਾਰ ਹੁੰਦੇ ਹਨ। ਬਹੁਤੇ ਲੋਕ ਕਾਮ ਤੇ ਕਰੋਧ ਦੇ ਜਾਲ ਵਿਚ ਫਸ ਕੇ 'ਜਮ ਜਾਲ' ਦਾ ਸ਼ਿਕਾਰ ਬਣਦੇ ਹਨ। ਸੋ ਜਮ ਦਾ ਜਾਲ ਕਾਮ ਆਦਿਕ ਦੇ ਜਾਲ ਵਿਚ ਫਸ ਜਾਣਾ ਹੈ। ਪਰ ਸੂਰਮਗਤੀ ਦੀ ਮੌਤ ਕਾਮ, ਲੋਭ ਤੇ ਹੰਕਾਰ ਨੂੰ ਵੰਗਾਰ ਕੇ ਮਰਨਾ ਹੈ। ਕਿਸੇ ਉੱਚੇ ਆਦਰਸ਼ ਲਈ ਇਨ੍ਹਾਂ ਨੂੰ ਪਛਾੜ ਕੇ ਮਰਨਾ ਹੈ।

ਉਪਰਲੇ ਸ਼ਬਦ ਵਿਚ ਇਹ ਵੀ ਦੱਸਿਆ ਹੈ ਕਿ ਤਿੰਨ ਕਾਰਨਾਂ ਕਰਕੇ ਮਨੁੱਖ 'ਜਮ ਜਾਲ' ਵਿਚ ਫਸਦੇ ਹਨ। ਉਹ ਕਾਰਨ ਇਥੇ ਦੁੱਖ, ਭੁਖ ਤੇ ਸੰਸਾ ਕਹੇ ਹਨ। ਇਹ ਤਿੰਨੇ ਹੀ ਮਨੁੱਖ ਨੂੰ ਆਦਰਸ਼ ਤੋਂ ਥੱਲੇ ਸੁੱਟਦੇ ਹਨ, ਸਚਾਈ ਤੋਂ ਡੇਗਦੇ ਹਨ ਅਤੇ ਨਿਆਂ ਤੋਂ ਬੇਮੁੱਖ ਕਰਦੇ ਹਨ ਤੇ ਇਸ ਤਰ੍ਹਾਂ ਮਨੁੱਖ ਨੂੰ ਜ਼ਲੀਲ ਕਰਕੇ ਮਾਰਦੇ ਹਨ। ਆਦਰਸ਼ ਤੋਂ ਡਿੱਗ ਕੇ ਜ਼ਲਾਲਤ ਦੀ ਮੌਤ ਹੀ 'ਜਮ ਜਾਲ' ਹੈ। ਪਰ ਜੋ ਲੋਕ ਆਦਰਸ਼ ਤੋਂ ਨਹੀਂ ਡਿੱਗਦੇ ਅਤੇ ਦੁਖ, ਭੁਖ ਦੇ ਸੰਸੇ ਤੋਂ ਉਤੇ ਉਠ ਕੇ ਬਿਬੇਕਤਾ ਨਾਲ ਕੁਰਬਾਨੀ ਕਰਦੇ ਹਨ ਉਹ ਸੂਰਮਗਤੀ ਨੂੰ ਪ੍ਰਾਪਤ ਹੁੰਦੇ ਹਨ।

ਹੁਣ ਅਸੀਂ ਇਹ ਵਿਚਾਰਦੇ ਹਾਂ ਕਿ ਦੁੱਖ ਭੁੱਖ ਤੇ ਸੰਸਾ ਕਿਸ ਤਰ੍ਹਾਂ ਮਨੁੱਖ ਨੂੰ

ਆਦਰਸ਼ ਤੋਂ ਗਿਰਾ ਕੇ 'ਜਮ ਜਾਲ' ਦੀ ਜ਼ਲੀਲ ਮੌਤੇ ਮਾਰਦੇ ਹਨ।

੧. ਦੁੱਖ :—ਬਹੁਤ ਵਾਰੀ ਮਨੁੱਖ ਆਦਰਸ਼ ਤੋਂ ਸਰੀਰਕ ਦੁੱਖ ਦੇ ਸਹਿਮ ਕਰਕੇ ਡਿੱਗਦਾ ਹੈ। ਜਿੰਨੇ ਵੀ ਸ਼ਹੀਦ ਹੋਏ ਹਨ ਉਹਨਾਂ ਦੀ ਸ਼ਹਾਦਤ ਦੀ ਮਹਾਨਤਾ ਹੋਰ ਕਾਰਨਾਂ ਨਾਲ ਇਸ ਗੱਲ ਵਿਚ ਵੀ ਹੈ ਕਿ ਸਰੀਰਕ ਦੁੱਖ ਦੇ ਸਹਿਮ ਵਿਚ ਉਹ ਨਹੀਂ ਆਏ। ਬੜੇ ਅਤਿਆਚਾਰਾਂ ਨਾਲ ਸ਼ਹੀਦਾਂ ਨੂੰ ਸ਼ਹੀਦ ਕੀਤਾ ਗਿਆ। ਜੇ ਸਰੀਰਕ ਦੁੱਖ ਦੇ ਡਰ ਤੋਂ ਉਹ ਘਬਰਾ ਜਾਂਦੇ ਤਾਂ ਸੰਸਾਰ ਵਿਚ ਸ਼ਹੀਦਾਂ ਦੇ ਇਤਿਹਾਸ ਅੰਦਰ ਉਹਨਾਂ ਦੀ ਕੋਈ ਥਾਂ ਨਾ ਹੁੰਦੀ। ਸਗੋਂ ਉਹਨਾਂ ਨੂੰ ਕਾਇਰ ਤੇ ਗੀਦੀ ਗਿਣਿਆ ਜਾਂਦਾ। ਪਰ ਸ਼ਹੀਦ, ਸ਼ਹੀਦ ਹੀ ਇਸ ਲਈ ਹਨ ਕਿ ਤੱਤੀ ਰੇਤ, ਉਬਲਦਾ ਪਾਣੀ, ਅੱਗ ਵਾਂਗ ਭਖਦੀ ਤਵੀ, ਬਿਜਲੀ ਵਾਂਗ ਲਿਸ਼ਕਦੀ ਚਾਨਣੀ ਚੌਕ 'ਚ ਤਲਵਾਰ ਤੇ ਸਾਹਮਣੇ ਦਿਸਦੀ ਚਮਕੌਰ ਦੀ ਗੜ੍ਹੀ ਵਿਚ ਮੌਤ, ਸਰਹੰਦ ਵਿਚ ਮਾਸੂਮ ਬੱਚਿਆਂ ਦੇ ਦੀਵਾਰਾਂ ਵਿਚ ਚਿਣੇ ਜਾ ਰਹੇ ਕੋਮਲ ਸਰੀਰ, ਰੰਬੀਆਂ, ਚਰਖੜੀਆਂ ਅਤੇ ਬੱਚਿਆਂ ਦੇ ਹਾਰ, ਪੁੱਠੀਆਂ ਖੱਲਾਂ—ਇਹ ਸਭ ਸਰੀਰਕ ਦੁੱਖ ਉਹਨਾਂ ਨੂੰ ਨਿਆਂ, ਸਚਾਈ ਅਤੇ ਆਦਰਸ਼ ਦੇ ਮਾਰਗ ਤੋਂ ਗਿਰਾ ਨਹੀਂ ਸਕਿਆ। ਜੇ ਸਰੀਰ ਦਾ ਦੁੱਖ ਇਨ੍ਹਾਂ ਨੂੰ ਗਿਰਾ ਦਿੰਦਾ ਤਾਂ ਇਨ੍ਹਾਂ ਨੇ 'ਜਮ ਜਾਲ' ਵਿਚ ਫਸ ਕੇ ਮਰਨਾ ਸੀ, ਪਰ ਹੁਣ ਇਹ ਮੌਤ ਨੂੰ ਵੰਗਾਰ ਕੇ ਆਦਰਸ਼ਕ ਮੌਤ ਮਰੇ ਹਨ ਇਸ ਲਈ ਇਹ ਸ਼ਹੀਦ ਹਨ।

ਇਸੇ ਤਰ੍ਹਾਂ ਹੈ ਮਾਨਸਿਕ ਦੁੱਖ। ਸ਼ਹੀਦ ਮਾਨਸਿਕ ਦੁੱਖ ਤੋਂ ਘਬਰਾ ਕੇ 'ਜਮ ਜਾਲ' ਵਿਚ ਨਹੀਂ ਫਸਦੇ। ਮਾਵਾਂ ਦੇ ਸਾਹਮਣੇ ਉਨ੍ਹਾਂ ਦੇ ਬੱਚਿਆਂ ਨੂੰ ਟੁਕੜੇ ਟੁਕੜੇ ਕੀਤਾ ਗਿਆ ਤੇ ਉਨ੍ਹਾਂ ਦੇ ਹਾਰ ਬਣਾ ਕੇ ਮਾਵਾਂ ਦੇ ਗਲਾਂ ਵਿਚ ਪਾ ਦਿਤੇ ਗਏ। ਇਹ ਦ੍ਰਿਸ਼ ਵੇਖ ਸਕਣਾ ਕਿਸੇ ਵੀ ਮਾਂ ਲਈ ਬੜਾ ਭਾਰੀ ਮਾਨਸਿਕ ਦੁੱਖ ਹੈ। ਪਰ ਜੇ ਇਸ ਦੁੱਖ ਤੋਂ ਘਬਰਾ ਕੇ ਅਸੂਲ, ਆਦਰਸ਼ ਤੇ ਸਚਾਈ ਤੋਂ ਕੋਈ ਡਿੱਗ ਜਾਏ ਤਾਂ ਜੋ ਮੌਤ ਹੋਵੇਗੀ ਉਹ 'ਜਮ ਜਾਲ' ਵਿਚ ਫਸ ਕੇ ਮਰਨ ਵਾਲੀ ਮੌਤ ਹੈ। ਜੇ ਇਸ ਦੁੱਖ ਨੂੰ ਕੋਈ ਮਾਂ ਝਾਗ ਜਾਏ ਤਾਂ ਉਹ ਸ਼ਹੀਦ ਹੈ ਸੱਜ-ਵਿਆਹੀਆਂ ਨੂੰ ਛੱਡ ਕੇ ਸ਼ਹੀਦਾਂ ਦਾ ਘਰੋਂ ਟੁਰ ਜਾਣਾ ਬੜਾ ਮਾਨਸਿਕ ਦੁੱਖ ਹੈ। ਪਰ ਇਸ ਦੁੱਖ ਨੂੰ ਝਾਗ ਜਾਣਾ ਹੀ ਸ਼ਹਾਦਤ ਹੈ। ਦੁੱਖ ਦਾ ਸਹਿਮ ਮਨੁੱਖ ਨੂੰ ਆਦਰਸ਼ ਤੋਂ ਗਿਰਾ ਕੇ 'ਜਮ ਜਾਲ' ਵਿਚ ਫਸਾ ਸਕਦਾ ਹੈ। ਜੋ ਲੋਕ ਕਾਇਰ ਦੀ ਮੌਤ ਮਰਦੇ ਹਨ ਉਨ੍ਹਾਂ ਵਿਚ ਬਹੁਤੇ ਸਰੀਰਕ ਜਾਂ ਮਾਨਸਿਕ ਦੁੱਖ ਤੋਂ ਘਬਰਾ ਕੇ ਨਿਆਂ, ਧਰਮ ਤੇ ਸਚਾਈ ਤੋਂ ਡਿੱਗ ਕੇ ਮਰਦੇ ਹਨ। ਪਰ ਸ਼ਹੀਦ ਉਹੋ ਹੀ ਹੋਏ ਹਨ ਜੋ ਇਸ ਦੁੱਖ ਦੇ ਸਹਿਮ ਨੂੰ ਝਾਗ ਸਕੇ ਹਨ।

ਦੁੱਖ ਦਾ ਸਹਿਮ ਮਨੁੱਖ ਨੂੰ 'ਜਮ ਜਾਲ' ਵਿਚ ਫਸਾਉਣ ਵਾਲਾ ਹੈ। ਰੋਜ਼ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਵੀ ਇਹੋ ਹੀ ਵਾਪਰਦਾ ਹੈ। ਛੋਟਾ ਬੱਚਾ ਕੋਈ ਗ਼ਲਤੀ ਕਰਕੇ ਉਸਤਾਦ ਜਾਂ ਪਿਤਾ ਦੀ ਚਪੇੜ ਤੋਂ ਡਰ ਕੇ ਝੂਠ ਬੋਲ ਦਿੰਦਾ ਹੈ, ਕੋਈ ਕਰਮਚਾਰੀ ਕਿਸੇ ਗ਼ਲਤੀ ਦੀ ਸਜ਼ਾ ਤੋਂ ਡਰ ਕੇ ਝੂਠ ਬੋਲ ਦਿੰਦਾ ਹੈ, ਕੋਈ ਵਪਾਰੀ ਕਿਸੇ ਟੈਕਸ ਆਦਿ ਦੇ ਡਰ ਤੋਂ ਘਬਰਾ ਕੇ ਕਈ ਪ੍ਰਕਾਰ ਦੀਆਂ ਗ਼ਲਤੀਆਂ ਕਰ ਲੈਂਦਾ ਹੈ। ਇਹੋ ਨਿੱਕੀਆਂ ਵੱਡੀਆਂ ਗ਼ਲਤੀਆਂ ਹੀ ਮੌਤ ਦਾ ਜਾਂ ਜਮ ਦਾ ਫੰਧਾ ਹਨ। ਚਪੇੜ ਦੇ ਦੁੱਖ ਦਾ ਡਰ, ਨੌਕਰੀ ਦੇ ਛੁੱਟ ਜਾਣ ਦਾ ਡਰ, ਧਨ ਦੇ ਗਵਾਚਣ ਦਾ ਡਰ ਦੁੱਖ ਦਾ ਰੂਪ ਹੈ। ਪਰ ਜੋ ਲੋਕ ਇਨ੍ਹਾਂ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਵੀ ਇਸ ਦੁੱਖ ਨੂੰ ਝਾਗਣ ਲਈ ਤਿਆਰ

ਹੋ ਜਾਂਦੇ ਹਨ ਅਤੇ ਸਚਾਈ ਤੇ ਅਸੂਲ ਨੂੰ ਕੁਰਬਾਨ ਨਹੀਂ ਕਰਦੇ ਉਹ ਸੂਰਮੇ ਹਨ ਅਤੇ ਮੌਤ ਦੇ ਫੰਧੇ ਵਿਚ ਨਹੀਂ ਫਸਦੇ।

੨. ਭੁੱਖ : - ਬਹੁਤ ਵਾਰੀ ਮਨੁੱਖ ਸਰੀਰਕ ਜਾਂ ਮਾਨਸਿਕ ਭੁੱਖ ਕਰਕੇ 'ਜਮ ਜਾਲ' ਵਿਚ ਫਸ ਜਾਂਦਾ ਹੈ। ਭੁੱਖ ਨਵਿਰਤੀ ਲਈ ਚੋਰੀ ਤੇ ਹੋਰ ਕਈ ਕਰਮ ਕੀਤੇ ਜਾਂਦੇ ਹਨ। ਭੁੱਖ ਤ੍ਰਿਪਤੀ ਖ਼ਾਤਰ ਹੀ ਬਲੈਕ ਮਾਰਕਿਟ ਹੁੰਦੀ ਹੈ। ਹੌਲੀ ਹੌਲੀ ਮਨੁੱਖੀ ਭੁੱਖ ਲਾਲਸਾ ਦਾ ਰੂਪ ਧਾਰਨ ਕਰ ਲੈਂਦੀ ਹੈ। ਹਜ਼ਾਰਾਂ ਲੱਖਾਂ ਹੁੰਦਿਆਂ ਵੀ ਹੋਰ ਹੋਰ ਦੀ ਲਾਲਸਾ ਲੱਗੀ ਰਹਿੰਦੀ ਹੈ। ਪਾਪਾਂ ਬਾਝ ਹੋਰ ਹੋਰ ਦੀ ਪ੍ਰਾਪਤੀ ਸੰਭਵ ਨਹੀਂ। ਪਰ ਇਸ ਹੋਰ ਹੋਰ ਦੀ ਲਗਨ ਵਿਚ ਫਸ ਜਾਣਾ ਤੇ ਇਸ ਦੇ ਅਧੀਨ ਲੋਕਾਂ ਦਾ ਲਹੂ ਪੀਣ ਨੂੰ ਤਿਆਰ ਹੋ ਜਾਣਾ ਹੀ 'ਜਮ ਜਾਲ' ਵਿਚ ਫਸ ਜਾਣਾ ਹੈ। ਜਮ ਲੋਭ ਦੇ ਰੂਪ ਵਿਚ ਇਹ ਜਾਲ ਫੈਲਾ ਰਿਹਾ ਹੈ। ਬਹੁਤੇ ਲੋਕ ਇਸ ਜਾਲ ਨੂੰ ਪਹਿਚਾਨ ਨਹੀਂ ਸਕਦੇ। ਇਸੇ ਤਰ੍ਹਾਂ ਕਾਮ ਇਕ ਭੁੱਖ ਹੈ। ਦੂਜਿਆਂ ਉਪਰ ਆਪਣੀ ਹਕੂਮਤ ਤੇ ਦਾਬਾ ਰੱਖਣਾ ਵੀ ਇਕ ਭੁੱਖ ਹੈ। ਰਾਜ-ਰਾਜਗੀਰੀ ਦੀ ਇਕ ਭੁੱਖ ਹੈ ਤੇ ਕਿਸੇ ਰੂਪ ਵਿਚ ਜਾ ਕੇ ਸਤਗੀਰੀ ਵੀ ਵਿਕਰਾਲ ਭੁੱਖ ਦਾ ਰੂਪ ਧਾਰਨ ਕਰ ਲੈਂਦੀ ਹੈ। ਜਿਵੇਂ ਸਿੱਧਾਂ ਉਤੇ ਇਸ ਨੇ ਆਪਣਾ ਪ੍ਰਭਾਵ ਪਾ ਲਿਆ ਸੀ! ਹੁਣ ਵੀ ਅਨੇਕ ਅਖਾਉਤੀ ਸੰਤ ਆਪਣੀ ਗੱਦੀ ਕਾਇਮ ਰੱਖਣ ਲਈ ਅਨੇਕ ਤਰ੍ਹਾਂ ਦੇ ਕਪਟ ਜਾਲ ਫੈਲਾ ਕੇ ਆਪਣੇ ਆਪ ਨੂੰ 'ਜਮ ਜਾਲ' ਵਿਚ ਫਸਾ ਲੈਂਦੇ ਹਨ। ਸੋ ਕਈ ਪ੍ਰਕਾਰ ਦੀ ਭੁੱਖ ਜਦੋਂ ਉਹ ਕਿਸੇ ਮਿਥੀ ਹੱਦ ਤੋਂ ਅੱਗੇ ਲੰਘਦੀ ਹੈ, ਜਮ ਦਾ ਜਾਲ ਬਣਦੀ ਹੈ।

ਆਦਰਸ਼ ਵਾਲੇ ਲੋਕ ਕੁਰਬਾਨੀ ਨੂੰ ਅਸੂਲ ਮੰਨਦੇ ਹਨ। ਇਹ ਲੋਕ ਧਨ ਦੀ, ਪਰਵਾਰ ਦੀ, ਆਪਣੇ ਸਰੀਰ ਦੀ, ਆਪਣੀ ਪਦਵੀ ਦੀ ਤੇ ਅਖਾਉਤੀ ਸੱਭਾ ਦੀ ਪਰਵਾਹ ਨਹੀਂ ਕਰਦੇ। ਕਿਸੇ ਸਚਾਈ ਲਈ ਇਹ ਆਪਣਾ ਸਭ ਕੁਝ ਕੁਰਬਾਨ ਕਰ ਸਕਦੇ ਹਨ। ਕੁਰਬਾਨੀ ਸ਼ਹਾਦਤ ਦਾ ਰਸਤਾ ਹੈ ਪਰ ਭੁੱਖ ਤੇ ਭੁੱਖ ਲਈ ਕੀਤਾ ਪਾਪ ਜਮ ਦਾ ਜਾਲ ਹੈ।

੩. ਸੰਸਾ :—ਤੀਜੀ ਚੀਜ਼ ਜਿਹੜੀ ਮਨੁੱਖ ਨੂੰ 'ਜਮ ਜਾਲ' ਵਿਚ ਫਸਾਉਂਦੀ ਹੈ ਉਹ ਸੰਸਾ ਹੈ। ਸੰਸੇ ਦੇ ਕਈ ਰੂਪ ਹੋ ਸਕਦੇ ਹਨ। ਇਕ ਰੂਪ ਇਹ ਵੀ ਹੋ ਸਕਦਾ ਹੈ ਕਿ ਮਨੁੱਖ ਨੂੰ ਕਿਸੇ ਅਸੂਲ ਦਾ ਵਿਸ਼ਵਾਸ ਨਾ ਹੋਣਾ ਤੇ ਇਧਰ ਉਧਰ ਡੋਲਦੇ ਰਹਿਣਾ, ਸਚਾਈ ਦਾ ਨਿਰਣਾ ਨਾ ਕਰ ਸਕਣਾ। ਅਸੂਲ ਵਾਲੇ ਮਨੁੱਖ ਇਕ ਮਾਰਗ ਤੇ ਦ੍ਰਿੜ੍ਹ ਹੋ ਜਾਂਦੇ ਹਨ। ਬਸ ਅਸੂਲ ਉਤੇ ਦ੍ਰਿੜ੍ਹ ਹੋ ਜਾਣਾ ਤੇ ਉਸ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਹੋ ਜਾਣਾ ਹੀ ਸ਼ਹਾਦਤ ਹੈ। ਪਰ ਨਿੱਕੇ ਮੋਟੇ ਲਾਲਚ ਵਿਚ ਫਸ ਜਾਣਾ ਜਾਂ ਦੁੱਖ ਭੁੱਖ ਦੇ ਸਹਿਮ ਤੋਂ ਘਬਰਾ ਜਾਣਾ ਤੇ ਅਸੂਲ ਨੂੰ ਪਿੱਠ ਦੇ ਜਾਣਾ ਹੀ 'ਜਮ ਜਾਲ' ਵਿਚ ਫਸ ਜਾਣਾ ਹੈ। ਸਾਰੇ ਸ਼ਹੀਦ ਕਿਸੇ ਅਸੂਲ ਦੀ ਰੱਖਿਆ ਲਈ ਸਾਰੇ ਡਰਾਂ ਨੂੰ ਤਿਆਗ ਕੇ ਸ਼ਹੀਦ ਹੋਏ ਹਨ। ਮਰਦੇ ਇਹ ਵੀ ਹਨ ਪਰ ਇਹ ਸ਼ਹੀਦ ਤੇ ਸੂਰਮੇ ਦੀ ਮੌਤ ਮਰਦੇ ਹਨ, 'ਜਮ ਜਾਲ' ਤੇ ਕਾਇਰਤਾ ਦੀ ਮੌਤ ਨਹੀਂ ਮਰਦੇ।

ਅਸੂਲ ਪ੍ਰਸਤੀ ਬਿਬੇਕ ਤੇ ਆਧਾਰਤ ਹੈ। ਗੁਰਬਾਣੀ ਮਨੁੱਖ ਨੂੰ ਬਿਬੇਕ ਦਿੰਦੀ ਹੈ। ਨਾਮ ਮਨੁੱਖ ਦਾ ਭੈ ਨਾਸ ਕਰਦਾ ਹੈ ਅਤੇ ਇਸ ਦੀ ਦੁਰਮਤ ਹਰਦਾ ਹੈ। 'ਭੈ ਨਾਸਨ

ਦੁਰਮਤਿ ਹਰਣ ਕਲਿ ਮੈ ਹਰਿ ਕੋ ਨਾਮ' ਨਾਮ ਸਿਮਰਨ ਮਨੁੱਖ ਨੂੰ ਦੁੱਖ, ਭੁੱਖ ਅਤੇ ਸੰਸੇ ਤੋਂ ਸੁਤੰਤਰ ਕਰਦਾ ਹੈ। ਮਨੁੱਖ ਨੂੰ ਸਚਾਈ, ਅਸੂਲ ਅਤੇ ਕੁਰਬਾਨੀ ਵਿਚ ਦ੍ਰਿੜ੍ਹ ਕਰਦਾ ਹੈ। ਇਹ ਅਸੂਲ ਤੇ ਕੁਰਬਾਨੀ ਦਾ ਮਾਰਗ ਮਨੁੱਖ ਲਈ 'ਸਹਜ ਸੂਖ ਆਨੰਦ ਰਸ ਪੂਰਨ ਸਭਿ ਕਾਮ' ਦਾ ਜੀਵਨ ਦਿੰਦਾ ਹੈ। ਇਹ ਮਾਰਗ ਹੀ ਮਨੁੱਖ ਦੀ ਸਾਰੀ 'ਜਲਨਿ' ਨੂੰ ਸ਼ਾਂਤ ਕਰਦਾ ਹੈ ਅਤੇ ਉਸ ਨੂੰ ਸੀਤਲ ਜੀਵਨ ਬਖ਼ਸ਼ਦਾ ਹੈ। ਗੁਰਬਾਣੀ ਤੇ ਨਾਮ ਦੁਆਰਾ ਪਰਮਾਤਮਾ ਵੱਡਾ ਕੌਤਕ ਹੀ ਇਹ ਕਰਦਾ ਹੈ ਕਿ ਮਨੁੱਖ ਨੂੰ ਦੁੱਖ, ਭੁੱਖ ਤੇ ਸੰਸੇ ਦੇ 'ਜਮ ਜਾਲ' ਵਿਚੋਂ ਕੱਢਦਾ ਹੈ ਅਤੇ ਉਸ ਨੂੰ ਅਸੂਲ ਕੁਰਬਾਨੀ ਦੇ ਮਾਰਗ ਤੇ ਤੋਰਦਾ ਹੈ। ਪਰਮਾਤਮਾ ਦੀ ਸ਼ਰਣ ਮਨੁੱਖ ਨੂੰ 'ਜਮ ਜਾਲ' ਤੋਂ ਬਚਾਉਂਦੀ ਹੈ। 'ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪ ॥'

# ੭. ਕਾਰਜੁ ਰਾਸਿ

ਬਿਲਾਵਲੁ ਮਹਲਾ ੫ ॥

ਪੂਰੇ ਗੁਰ ਕੀ ਪੂਰੀ ਸੇਵ ॥
ਆਪੇ ਆਪਿ ਵਰਤੈ ਸੁਆਮੀ ਕਾਰਜੁ ਰਾਸਿ ਕੀਆ ਗੁਰਦੇਵ ॥ ੧ ॥ ਰਹਾਉ ॥
ਆਦਿ ਮਧਿ ਪ੍ਰਭੁ ਅੰਤਿ ਸੁਆਮੀ ਅਪਨਾ ਥਾਟੁ ਬਨਾਇਓ ਆਪ ॥
ਅਪਨੇ ਸੇਵਕ ਕੀ ਆਪੇ ਰਾਖੈ ਪ੍ਰਭ ਮੇਰੇ ਕੋ ਵਡ ਪਰਤਾਪੁ ॥ ੧ ॥
ਪਾਰਬ੍ਰਹਮ ਪਰਮੇਸੁਰ ਸਤਿਗੁਰ ਵਸਿ ਕੀਨੇ ਜਿਨਿ ਸਗਲੇ ਜੰਤ ॥
ਚਰਨ ਕਮਲ ਨਾਨਕ ਸਰਣਾਈ
ਰਾਮ ਨਾਮ ਜਪਿ ਨਿਰਮਲ ਮੰਤ ॥ ੨ ॥ ੧੯ ॥ ੧੦੫ ॥

ਇਸ ਮਹਾਂਵਾਕ ਦੇ ਅਨੇਕ ਪੱਖ ਹਨ, ਪਰ ਅਸੀਂ ਕੇਵਲ ਇਸ ਵਿਚੋਂ ਇਕ ਨੁਕਤੇ ਨੂੰ ਲੈਣਾ ਹੈ ਤੇ ਉਸ ਉਤੇ ਵਿਚਾਰ ਕਰਨੀ ਹੈ। ਉਹ ਨੁਕਤਾ ਇਹ ਹੈ ਕਿ ਇਸ ਸ਼ਬਦ ਵਿਚ ਕਾਰਜੁ ਜਾਂ ਜੀਵਨ ਉਦੇਸ਼ ਕੀ ਮੰਨਿਆ ਹੈ ਅਤੇ ਇਹ 'ਕਾਰਜੁ ਰਾਸਿ' ਕਿਵੇਂ ਹੋ ਸਕਦਾ ਹੈ ? ਇਸ ਸਬਦ ਵਿਚੋਂ ਇਹ ਤਾਂ ਸਪੱਸ਼ਟ ਹੀ ਹੈ ਕਿ ਜੀਵਨ ਦਾ ਕੋਈ ਕਾਰਜੁ ਜਾਂ ਉਦੇਸ਼ ਹੈ ਜਿਸ ਦੀ ਪੂਰਤੀ ਨਾਲ ਸੇਵਕ ਦੀ ਰਹਿ ਆਉਂਦੀ ਹੈ—'ਅਪੁਨੇ ਸੇਵਕ ਕੀ ਆਪੇ ਰਾਖੈ ਪ੍ਰਭ ਮੇਰੇ ਕੋ ਵਡ ਪਰਤਾਪੁ'। ਭਾਵ ਜੀਵਨ ਦਾ ਕੋਈ ਮੰਤਵ ਹੈ ਜਿਸ ਦੀ ਜੋ ਮਨੁੱਖ ਵੀ ਪੂਰਤੀ ਕਰ ਲੈਂਦਾ ਹੈ ਉਸ ਦੀ ਪਰਮਾਤਮਾ ਦੀ ਦਰਗਾਹ ਵਿਚ ਤੇ ਮਨੁੱਖ ਦੀ ਦਰਗਾਹ ਵਿਚ ਪੈਜ ਰਹਿ ਜਾਂਦੀ ਹੈ। ਉਸ ਦਾ ਸਤਿਕਾਰ ਹੁੰਦਾ ਹੈ ਅਤੇ ਉਹ ਮਨੁੱਖਤਾ ਵਿਚ ਬਲਵਾਨ ਤੇ ਯੋਧਾ ਮੰਨਿਆ ਜਾਂਦਾ ਹੈ। ਇਹੋ ਜਿਹੇ ਜੀਵਨ ਉਦੇਸ਼ ਤੱਕ ਪੁੱਜੇ ਲੋਕਾਂ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਨ, ਸੇਵਕ, ਸੰਤ, ਸਾਧ, ਬ੍ਰਹਮ ਗਿਆਨੀ ਤੇ ਸਿੱਖ ਕਿਹਾ ਗਿਆ ਹੈ।

ਇਸ ਸ਼ਬਦ ਵਿਚ 'ਕਾਰਜੁ' ਕੀ ਹੋਇਆ ? ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਈਂ ਇਹ ਗੱਲ ਮੰਨੀ ਗਈ ਹੈ ਕਿ ਜਨ, ਸੇਵਕ ਸਾਧ, ਸੰਤ ਤੇ ਬ੍ਰਹਮ ਗਿਆਨੀ ਜਦੋਂ ਆਪਣੀ ਸਿਖਰ ਤੇ ਪਹੁੰਚਦੇ ਹਨ ਤਦ ਉਹ ਪਰਮਾਤਮਾ ਦੇ ਅਤਿ ਨੇੜੇ ਹੁੰਦੇ ਹਨ, ਉਹ ਪਰਮਾਤਮਾ ਦਾ ਹੀ ਰੂਪ ਹੋ ਜਾਂਦੇ ਹਨ। ਜਿਵੇਂ 'ਬ੍ਰਹਮ ਗਿਆਨੀ ਆਪਿ ਪਰਮੇਸੁਰ' ਵਿਚ ਮੰਨਿਆ ਹੈ। ਸਪੱਸ਼ਟ ਹੈ ਕਿ ਜੀਵਨ ਉਦੇਸ਼ ਜਾਂ ਜੀਵਨ ਕਾਰਜ ਪਰਮਾਤਮਾ ਵਰਗਾ ਬਣ ਜਾਣਾ ਹੀ ਹੈ। ਜੇ ਪਰਮਾਤਮਾ ਸੱਚ ਹੈ ਤਾਂ ਜਪੁਜੀ ਸਾਹਿਬ ਵਿਚ ਸਪੱਸ਼ਟ ਕਿਹਾ ਹੈ ਕਿ 'ਸਚਿਆਰੁ' ਬਣ ਜਾਣਾ ਹੀ ਉਦੇਸ਼ ਹੈ।

ਤਾਂ ਤੇ ਇਸ ਸ਼ਬਦ ਵਿਚੋਂ ਨਿਰਨਾ ਕਰਨਾ ਪਵੇਗਾ ਕਿ ਪਰਮਾਤਮਾ ਕੀ ਹੈ ਜਿਸ ਵਰਗਾ ਮਨੁੱਖ ਨੇ ਬਣਨਾ ਹੈ ? ਪਰਮਾਤਮਾ ਦੇ ਅਨੇਕ ਹੀ ਪੱਖ ਹਨ, ਅਨੇਕਾਂ ਹੀ ਸਰੂਪ

ਹਨ। ਗੁਰੂ ਗ੍ਰੰਥ ਸਾਹਿਬ ਦੇ ਹਰ ਸ਼ਬਦ ਵਿਚ ਕੋਈ ਇਕ ਦੋ ਵਿਸ਼ੇਸ਼ ਪੱਖ ਲੈ ਕੇ ਮਨੁੱਖੀ ਜੀਵਨ ਦੇ ਉਦੇਸ਼ ਨੂੰ ਸਪੱਸ਼ਟ ਕੀਤਾ ਹੁੰਦਾ ਹੈ ਕਿ ਮਨੁੱਖ ਨੇ ਇਹ ਬਣਨਾ ਹੈ। ਇਸ ਸ਼ਬਦ ਵਿਚ ਪਰਮਾਤਮਾ ਵਾਸਤੇ (੧) ਪਾਰਬ੍ਰਹਮ (੨) ਪਰਮੇਸੁਰ (੩) ਸਤਿਗੁਰ (੪) ਸੁਆਮੀ (੫) ਚਰਨ ਕਮਲੁ (੬) ਰਾਮ ਆਦਿ ਸੰਕੇਤ ਕੀਤੇ ਹਨ।

ਇਹ ਸਾਰੇ ਨਾਮ ਵਿਸ਼ੇਸ਼ ਉਦੇਸ਼ਾਂ ਤੇ ਗੁਣਾਂ ਦੇ ਸੂਚਕ ਹਨ। ਮਨੁੱਖ ਨੇ ਆਪਣੇ ਜੀਵਨ ਉਦੇਸ਼ ਦੀ ਪੂਰਤੀ ਲਈ ਪਰਮਾਤਮਾ ਦੇ ਇਹਨਾਂ ਹੀ ਰੂਪਾਂ, ਉਦੇਸ਼ਾਂ ਤੇ ਗੁਣਾਂ ਤੱਕ ਪਹੁੰਚਣਾ ਹੈ। ਸੰਖੇਪ ਜਿਹੀ ਵਿਚਾਰ ਕਰਦੇ ਹਾਂ ਕਿ ਪਰਮਾਤਮਾ ਦੇ ਇਹਨਾਂ ਨਾਵਾਂ ਵਿਚ ਜੀਵਨ ਉਦੇਸ਼ ਲਈ ਕੀ ਪ੍ਰੇਰਨਾ ਹੈ।

(੧) ਪਾਰਬ੍ਰਹਮ :—ਜਦੋਂ ਬ੍ਰਹਮ ਜਾਂ ਸਚੁ ਨੂੰ ਪਾਰਬ੍ਰਹਮ ਕਿਹਾ ਹੈ ਤਾਂ ਇਸ ਵਿਚੋਂ ਸੰਕੇਤ ਇਹ ਹੈ ਕਿ ਪਰਮਾਤਮਾ ਇਸ ਸਾਰੇ ਪਸਾਰੇ ਤੋਂ ਵੱਖਰਾ, ਨਿਰਲੇਪ ਤੇ ਉਚੇਰਾ ਵੀ ਹੈ। ਉਹ ਇਸ ਪਸਾਰੇ ਵਿਚ ਵੀ ਹੈ ਪਰ ਇਸ ਤੋਂ ਉਚੇਰਾ ਵੀ ਹੈ। ਮਨੁੱਖ ਪਰਮਾਤਮਾ ਦੇ ਨੇੜੇ ਤਦ ਹੀ ਪਹੁੰਚ ਸਕੇਗਾ ਜੇ ਉਹ ਆਪਣੇ ਸਰੀਰ, ਪਰਵਾਰ ਤੇ ਸਸਾਰ ਵਿਚ ਵਿਚਰਦਾ ਹੋਇਆ ਇਸ ਤੋਂ ਉਚੇਰਾ ਤੇ ਨਿਰਲੇਪ ਰਹਿ ਸਕੇ। ਉਸ ਨੇ ਪਾਰਬ੍ਰਹਮ ਦੇ ਨੇੜੇ ਪਹੁੰਚਣ ਲਈ ਆਪਣੀਆਂ ਸੀਮਾਵਾਂ ਤੋਂ ਉਚੇਰਾ ਉਠਣਾ ਹੈ। ਆਪਣੀਆਂ ਸਰੀਰ ਦੀਆਂ ਸੀਮਾਵਾਂ ਤੋਂ ਉੱਠਣ ਦਾ ਭਾਵ ਇਹ ਹੈ, ਜਿਸ ਨੂੰ ਗੁਰੂ ਸਾਹਿਬਾਨ ਨੇ 'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥' 'ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥' 'ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ ॥' ਕਿਹਾ ਹੈ। ਸਰੀਰ ਵਿਚ ਕਾਮ ਹੈ; ਪਰ ਜੋ ਮਨੁੱਖ ਕਾਮ ਤੇ ਕਾਬੂ ਰੱਖ ਕੇ ਉਚੇਰਾ ਉਠ ਜਾਂਦਾ ਹੈ, ਉਹ ਸਰੀਰ ਦੀਆਂ ਕਮਜ਼ੋਰੀਆਂ ਨੂੰ ਪਾਰ ਕਰ ਗਿਆ ਹੈ ਅਤੇ ਉਸ ਵਿਚ ਥੋੜ੍ਹਾ ਬਹੁਤ ਪਾਰਬ੍ਰਹਮ ਵਾਲਾ ਗੁਣ ਪੈਦਾ ਹੋ ਗਿਆ ਹੈ। ਜੋ ਮਨੁੱਖ ਕਰੋਧ ਨੂੰ ਪਾਰ ਕਰ ਜਾਂਦਾ ਹੈ, ਲੱਭੁ ਮੋਹ ਤੇ ਹੰਕਾਰ ਉਤੇ ਵਿਜੈ ਪ੍ਰਾਪਤ ਕਰ ਲੈਂਦਾ ਹੈ, ਉਸ ਵਿਚ ਵੀ ਪਾਰਬ੍ਰਹਮ ਵਾਲੀ ਕੋਈ ਤਾਕਤ ਪੈਦਾ ਹੋ ਗਈ ਹੈ। ਜਿਉਂ ਜਿਉਂ ਇਹ ਤਾਕਤ ਮਨੁੱਖ ਅੰਦਰ ਵਧਦੀ ਜਾਂਦੀ ਹੈ, ਉਹ ਪਾਰਬ੍ਰਹਮ ਦੇ ਨੇੜੇ ਹੁੰਦਾ ਜਾਂਦਾ ਹੈ, ਉਸ ਵਰਗਾ ਹੁੰਦਾ ਜਾਂਦਾ ਹੈ ਅਤੇ ਉਹ ਜੀਵਨ ਉਦੇਸ਼ ਦੀ ਪੂਰਤੀ ਦੇ ਵੀ ਨੇੜੇ ਹੋ ਰਿਹਾ ਹੈ।

(੨) ਪਰਮੇਸੁਰ :—ਪ੍ਰਮਾਤਮਾ ਪਰਮ ਈਸ਼ਵਰ ਜਾਂ ਵੱਡੇ ਤੋਂ ਵੱਡਾ ਮਾਲਕ ਹੈ। ਜਿਸ ਮਨੁੱਖ ਅੰਦਰ ਈਸ਼ਵਰ ਜਾਂ ਮਾਲਕ ਬਣਨ ਦੀ ਤਾਕਤ ਪੈਦਾ ਹੋ ਗਈ ਹੈ, ਜਿਸ ਨੂੰ ਮਨ ਦਾ ਜਿੱਤਣਾ ਕਹਿੰਦੇ ਹਨ, ਉਹ 'ਪਰਮੇਸੁਰ' ਦੇ ਨੇੜੇ ਪਹੁੰਚ ਗਿਆ ਹੈ। ਉਸ ਵਿਚ 'ਪਰਮੇਸੁਰ' ਵਾਲਾ ਗੁਣ ਪੈਦਾ ਹੋ ਰਿਹਾ ਹੈ। ਮਨ ਨੂੰ ਜਿੱਤਣ ਦਾ ਭਾਵ ਲਗ ਪਗ ਉਹੀ ਹੈ ਜੋ ਮਨ ਦੀਆਂ ਕਮਜ਼ੋਰੀਆਂ ਨੂੰ ਪਾਰ ਕਰਨ ਦਾ ਭਾਵ ਹੈ। ਜਿਸ ਦੀ ਵਿਆਖਿਆ 'ਪਾਰਬ੍ਰਹਮ' ਸ਼ਬਦ ਦੇ ਅਧੀਨ ਕੀਤੀ ਗਈ ਹੈ; ਕਾਮ, ਕਰੋਧ, ਲੋਭੁ ਆਦਿ ਦਾ ਕਾਬੂ ਹੀ ਮਨ ਦਾ ਜਿੱਤਣਾ ਹੈ। ਜਿਤਨਾ ਕਿਸੇ ਦਾ ਮਨ ਤੇ ਕਾਬੂ ਵਧਦਾ ਜਾ ਰਿਹਾ ਹੈ, ਉਸ ਵਿਚ ਉਤਨੀ ਹੀ 'ਪਰਮੇਸੁਰ' ਵਰਗੀ ਮਾਲਕ ਬਣਨ ਦੀ ਤਾਕਤ ਵਧਦੀ ਜਾ ਰਹੀ ਹੈ ਉਹ 'ਪਰਮੇਸ਼ਰ' ਦੇ ਨੇੜੇ ਹੋ ਰਿਹਾ ਹੈ ਅਤੇ ਜੀਵਨ ਉਦੇਸ਼ ਦੀ ਪੂਰਤੀ ਦੇ ਵੀ ਨੇੜੇ ਹੈ।

(੩) ਸਤਿਗੁਰ :—ਪਰਮਾਤਮਾ ਦਾ ਹੀ ਇਕ ਵਿਸ਼ੇਸ਼ ਗੁਣ 'ਸਤਿਗੁਰ' ਹੋਣਾ ਹੈ। ਭਾਵ ਉਹ ਗਿਆਨਵਾਨ ਹੈ ਅਤੇ ਉਸ ਦਾ ਗਿਆਨ ਪੂਰਨ ਸਤਿ ਹੈ। ਇਸ ਲਈ ਜਿਉਂ

ਜਿਉਂ ਕਿਸੇ ਮਨੁੱਖ ਵਿਚ ਗਿਆਨ, ਚੇਤਨਤਾ ਤੇ ਬਿਬੇਕ ਵਧ ਰਹੇ ਹਨ ਉਹ ਪਰਮਾਤਮਾ ਵਰਗਾ ਬਣ ਰਿਹਾ ਹੈ ਅਤੇ ਜੀਵਨ ਉਦੇਸ਼ ਦੀ ਪੱਧਰ ਨੂੰ ਪ੍ਰਾਪਤ ਹੋ ਰਿਹਾ ਹੈ।

(੪) ਸੁਆਮੀ :—'ਆਦਿ ਮਧਿ ਪ੍ਰਭੁ ਅੰਤਿ ਸੁਆਮੀ ਅਪਨਾ ਥਾਟ ਬਨਾਇਓ ਆਪਿ' ਇਸ ਪੱਧਰ ਵਿਚ ਪ੍ਰਮਾਤਮਾ ਦਾ ਵਿਸ਼ੇਸ਼ ਲੱਛਣ ਸੁਤੰਤਰਤਾ ਤੇ ਪੂਰਨਤਾ ਮੰਨਿਆ ਹੈ। ਉਹ ਐਸਾ ਸੁਆਮੀ ਹੈ ਜੋ ਆਦਿ ਜੁਗਾਦਿ ਤੋਂ ਸਦਾ ਲਈ ਸਤਿ ਰਹਿੰਦਾ ਹੈ ਅਤੇ ਆਪਣਾ ਪਸਾਰਾ ਤੇ ਸ਼ੋਭਾ ਆਪ ਹੀ ਬਣਾਉਂਦਾ ਹੈ, ਉਹ ਹਰ ਕਾਰਜ ਕਾਰਨ ਤੋਂ ਸੁਤੰਤਰ ਹੈ। ਇਸ ਨੂੰ ਹੀ ਅਜੂਨੀ ਅਤੇ ਸੈਭੰ ਕਿਹਾ ਹੈ। ਜਿਉਂ ਜਿਉਂ ਕਿਸੇ ਮਨੁੱਖ ਵਿਚ ਸੁਤੰਤਰਤਾ ਦੀ ਲਗਨ ਵਧਦੀ ਜਾ ਰਹੀ ਹੈ, ਉਹ ਪ੍ਰਮਾਤਮਾ ਵਰਗਾ ਬਣਦਾ ਜਾ ਰਿਹਾ ਹੈ। ਇਹ ਲੱਛਣ ਵੀ ਉਹ ਹੀ ਹੈ ਜੋ ਪਾਰਬ੍ਰਹਮ ਤੇ ਪਰਮੇਸੁਰ ਵਰਗਾ ਹੈ ਤੇ ਪਾਰਬ੍ਰਹਮ ਤੇ ਪਰਮੇਸੁਰ ਸ਼ਬਦਾਂ ਥੱਲੇ ਉਪਰ ਬਿਆਨ ਕੀਤਾ ਗਿਆ ਹੈ। ਭਾਵ ਮਨੁੱਖ ਨੇ ਸੁਤੰਤਰ ਹੋਣਾ ਹੈ ਨਾ ਕਿ ਕਾਮ, ਕਰੋਧ, ਲੋਭ, ਮੋਹ, ਧਨ, ਪਦਾਰਥ, ਸਰੀਰਕ ਸੁਖ ਦੇ ਅਧੀਨ ਰਹਿਣਾ ਹੈ। ਜੋ ਮਨੁੱਖ ਮਾਇਆ ਦੀ ਗ਼ੁਲਾਮੀ ਤੋਂ ਮੁਕਤ ਹੋ ਰਹਿਆ ਹੈ, ਉਸ ਵਿਚ ਪਰਮਾਤਮਾ ਦਾ ਸੁਤੰਤਰਤਾ ਵਾਲਾ ਲੱਛਣ ਵਧ ਰਿਹਾ ਹੈ। ਇਹ ਸ਼ਕਤੀ ਹੀ ਜੀਵਨ ਉਦੇਸ਼ ਦੀ ਪੂਰਤੀ ਵਿਚ ਸਹਾਇਕ ਹੈ।

(੫) ਚਰਨ ਕਮਲੁ :—'ਚਰਨ ਕਮਲ ਨਾਨਕ ਸਰਣਾਈ'—'ਰਾਮ ਨਾਮ ਜਪਿ ਨਿਰਮਲ ਮੰਤ'। ਪਰਮਾਤਮਾ ਕਮਲ ਵਰਗਾ ਹੈ। ਭਾਵ ਉਸ ਵਿਚ ਨਿਰਲੇਪਤਾ, ਸੁੰਦਰਤਾ, ਸੁਗੰਧ ਤੇ ਮਿਠਾਸ ਦੇ ਗੁਣ ਹਨ। ਜਿਸ ਮਨੁੱਖ ਵਿਚ ਸੰਸਾਰ ਅੰਦਰ ਕਮਲ ਵਾਂਗ ਰਹਿਣ ਦੀ ਤਾਕਤ ਪੈਦਾ ਹੋ ਰਹੀ ਹੈ, ਉਹ ਪਰਮਾਤਮਾ ਦੇ ਨੇੜੇ ਜਾ ਰਿਹਾ ਹੈ। ਇਹ ਤਾਕਤ ਹੀ ਮਨ ਉਤੇ ਜਿੱਤ ਪ੍ਰਾਪਤ ਕਰਨ ਦੀ ਤਾਕਤ ਹੈ।

(੬) ਰਾਮ ਨਾਮ :—ਪ੍ਰਮਾਤਮਾ ਸਾਰਿਆਂ ਵਿਚ ਹੈ। ਇਸੇ ਲਈ ਉਸ ਦਾ ਨਾਮ 'ਰਾਮ' ਭਾਵ ਰਮਿਆ ਹੋਇਆ ਹੈ। ਜਿਸ ਮਨੁੱਖ ਦੀ ਹਮਦਰਦੀ ਤੇ ਪ੍ਰੇਮ ਸਾਰੀ ਮਨੁੱਖਤਾ ਨਾਲ ਹੋ ਜਾਂਦਾ ਹੈ ਉਹ ਰਾਮ ਵਰਗਾ ਬਣਦਾ ਜਾਂਦਾ ਹੈ। ਐਸਾ ਬਣ ਉਹ ਤਦ ਹੀ ਸਕਦਾ ਹੈ ਜੇ ਉਹ ਸਰੀਰ ਤੇ ਪਰਵਾਰ ਦੇ ਮੋਹ ਵਿਚੋਂ ਨਿਕਲ ਸਕੇ। ਇਹੋ ਜੀਵਨ ਕਾਰਜ ਹੈ।

ਭਾਵ ਇਨ੍ਹਾਂ ਸਾਰੇ ਪਰਮਾਤਮਾ ਸੂਚਕ ਸ਼ਬਦਾਂ ਵਿਚ ਮੋਟੀ ਪ੍ਰੇਰਨਾ ਇਹ ਹੈ ਕਿ ਮਨੁੱਖ ਆਪਣੀਆਂ ਕਮਜ਼ੋਰੀਆਂ ਕਾਮ ਆਦਿਕ ਨੂੰ ਪਾਰ ਕਰਕੇ ਪਰਮਾਤਮਾ ਦੇ ਨੇੜੇ ਪਹੁੰਚਦਾ ਹੈ। ਇਸ ਤਰ੍ਹਾਂ ਪਰਮਾਤਮਾ ਦੇ ਨੇੜੇ ਹੋਣਾ ਹੀ ਜੀਵਨ ਦਾ ਉਦੇਸ਼ ਹੈ, ਇਸ ਉਦੇਸ਼ ਨੂੰ ਹੀ ਜਾਂ ਇਸ ਜੀਵਨ ਜਾਚ ਨੂੰ ਹੀ ਕਾਰਜ ਕਿਹਾ ਹੈ।

ਹੁਣ ਅਸੀਂ ਸ਼ਬਦ ਦੇ ਦੂਜੇ ਭਾਗ ਵੱਲ ਆਉਂਦੇ ਹਾਂ। ਭਾਵ : ਇਹ ਵਿਚਾਰਦੇ ਹਾਂ ਕਿ ਇਹ ਕਾਰਜ ਰਾਸ ਕਿਵੇਂ ਹੋ ਸਕਦਾ ਹੈ? ਇਸ ਕਾਰਜ ਦੇ ਰਾਸ ਕਰਨ ਲਈ ਕੋਈ ਗੁਰ ਜਾਂ 'ਨਿਰਮਲ ਮੰਤ' ਕੀ ਹੈ ਅਤੇ ਉਹ ਮੰਤ ਜਾਂ ਗੁਰ ਕਿਥੋਂ ਪ੍ਰਾਪਤ ਹੁੰਦਾ ਹੈ? ਸੰਖੇਪ ਤੌਰ ਤੇ ਇਸ ਪ੍ਰਸ਼ਨ ਦਾ ਉੱਤਰ ਇਹ ਦਿੱਤਾ ਹੈ ਕਿ 'ਨਿਰਮਲ ਮੰਤ' ਰਾਮ ਨਾਮ ਦਾ ਸਿਮਰਨ ਹੈ ਅਤੇ ਇਸ ਦੀ ਪ੍ਰਾਪਤੀ ਗੁਰੂ ਸੇਵਾ ਵਿਚੋਂ ਹੁੰਦੀ ਹੈ। ਗੁਰੂ ਸੇਵਾ ਦਾ ਭਾਵ ਗੁਰ-ਸ਼ਬਦ ਵਿਚਾਰ ਹੈ। ਬਾਣੀ ਹੀ ਮਨੁੱਖ ਅੰਦਰ ਪਾਰਬ੍ਰਹਮ, ਪਰਮੇਸੁਰ, ਸੁਆਮੀ, ਕਮਲੁ ਤੇ ਰਾਮ ਵਰਗੇ ਲੱਛਣ ਪੈਦਾ ਕਰਨ ਦੀ ਪ੍ਰੇਰਨਾ ਦਿੰਦੀ ਹੈ।

ਬਾਣੀ ਦੀ ਮੁੱਖ ਪ੍ਰੇਰਨਾ ਇਹ ਹੈ ਕਿ ਜੀਵ ਨਾਮ-ਸਿਮਰਨ ਵਿਚ ਲੱਗੇ। ਨਾਮ ਹਨ—ਪਾਰਬ੍ਰਹਮ, ਪਰਮੇਸੁਰ ਆਦਿ। ਜਿਉਂ ਜਿਉਂ ਜੀਵ ਇਨ੍ਹਾਂ ਨਾਮਾਂ ਦੀ ਵਿਚਾਰ ਵਿਚ ਖੁਭਦਾ ਹੈ—ਜਿਵੇਂ ਕਿ ਉਪਰ ਤੁੱਛ ਜਿਹਾ ਯਤਨ ਕੀਤਾ ਹੈ, ਤਿਉਂ ਤਿਉਂ ਉਸ ਅੰਦਰ ਤਾਕਤ ਪੈਦਾ ਹੁੰਦੀ ਹੈ ਅਤੇ ਜੀਵਨ ਕਾਰਜ ਦੀ ਸਿੱਧੀ ਹੀ ਇਹ ਹੈ ਕਿ ਪਾਰਬ੍ਰਹਮ ਦੇ ਸਿਮਰਨ ਨਾਲ ਮਨੁੱਖ ਨੇ ਪਾਰਬ੍ਰਹਮ ਵਰਗਾ ਹੋਣਾ ਹੈ। ਰਾਮ ਨਾਮ ਦੇ ਸਿਮਰਨ ਨਾਲ ਮਨੁੱਖ ਨੇ ਰਾਮ ਵਰਗਾ ਹੋਣਾ ਹੈ। ਪਾਰਬ੍ਰਹਮ ਵਰਗਾ ਜਾਂ ਰਾਮ ਵਰਗਾ ਹੋਣ ਦਾ ਭਾਵ ਉਪਰ ਸੁਝਾ ਦਿੱਤਾ ਹੈ; ਇਸੇ ਤਰ੍ਹਾਂ ਬਾਕੀ ਨਾਮਾਂ ਦੀ ਵਿਆਖਿਆ ਵੀ ਹੈ।

ਇਹ ਹੈ ਜੀਵਨ ਉਦੇਸ਼ ਜਾਂ ਕਾਰਜੁ ਤੇ ਇਵੇਂ ਹੁੰਦਾ ਹੈ ਇਹ ਰਾਸਿ ॥

———

# ੮. ਪਛਾਨੁ

ਬਿਲਾਵਲ ਮਹਲਾ ੫ ॥

ਜਿਸ ਤੇ ਉਪਜਿਆ ਤਿਸਹਿ ਪਛਾਨੁ ॥
ਪਾਰਬ੍ਰਹਮੁ ਪਰਮੇਸਰੁ ਧਿਆਇਆ ਕੁਸਲ ਖੇਮ ਹੋਏ ਕਲਿਆਨ ॥੧॥ ਰਹਾਉ॥
ਗੁਰੁ ਪੂਰਾ ਭੇਟਿਉ ਬਡਭਾਗੀ ਅੰਤਰਜਾਮੀ ਸੁਘੜੁ ਸੁਜਾਨੁ ॥
ਹਾਥ ਦੇਇ ਰਾਖੇ ਕਰਿ ਅਪਨੇ ਬਡ ਸਮਰਥੁ ਨਿਮਾਣਿਆ ਕੋ ਮਾਨੁ ॥ ੧ ॥
ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ ਅੰਧਕਾਰ ਪ੍ਰਗਟੇ ਚਾਨਾਣੁ ॥
ਸਾਸਿ ਸਾਸਿ ਆਰਾਧੈ ਨਾਨਕੁ ਸਦਾ ਸਦਾ ਜਾਈਐ ਕੁਰਬਾਣੁ ॥੨॥੨੧॥੧੦੭॥

ਇਸ ਸ਼ਬਦ ਵਿਚ ਮੁੱਖ ਸਿਧਾਂਤ ਇਹ ਹੈ ਕਿ ਜਿਤਨੀ ਉੱਚੀ ਖ਼ਿਆਲ ਦੀ ਦੁਨੀਆ – Imaginative world—(ਖ਼ਿਆਲੀ ਦੁਨੀਆ – Imaginary world ਨਹੀਂ) ਆਦਰਸ਼ਾਂ ਦੀ ਦੁਨੀਆ ਅਤੇ ਉੱਚੀਆਂ ਕੀਮਤਾਂ ਦੀ ਦੁਨੀਆ ਕੋਈ ਮਨੁੱਖ ਉਸਾਰ ਸਕਦਾ ਹੈ. ਉਤਨਾ ਉੱਚਾ ਹੀ ਉਹ ਹੋ ਜਾਂਦਾ ਹੈ। ਉਤਨੀ ਉੱਚੀ ਉਸ ਦੀ ਸ਼ਖ਼ਸੀਅਤ ਹੋ ਜਾਂਦੀ ਹੈ।

ਪਰ ਪਵਿੱਤਰ ਖ਼ਿਆਲ ਦੀ ਦੁਨੀਆ ਉਸਾਰ ਉਹ ਹੀ ਸਕਦਾ ਹੈ ਜੋ ਅੰਧਕਾਰ ਵਿਚੋਂ ਨਿਕਲ ਕੇ ਚਾਨਣ ਵਿਚ ਆ ਜਾਏ—'ਅੰਧਕਾਰ ਪ੍ਰਗਟੇ ਚਾਨਾਣੁ', ਗੁਰੂ 'ਪਛਾਨੁ' ਤੇ ਆਤਮ 'ਪਛਾਨੁ' ਕਰ ਲਏ। ਜਿਉਂ ਜਿਉਂ ਕਿਸੇ ਮਨੁੱਖ ਦੀ 'ਪਛਾਨੁ' ਸ਼ਕਤੀ ਵਧਦੀ ਹੈ ਤਿਵੇਂ ਤਿਵੇਂ ਉਸ ਦੀ ਖ਼ਿਆਲ ਦੀ ਦੁਨੀਆ ਵੀ ਉਚੇਰੀ ਹੁੰਦੀ ਜਾਂਦੀ ਹੈ। ਪਰ ਇਹ ਸਭ ਕੁਝ ਹੈ ਸਿਮਰਨ ਦੇ ਅਧੀਨ। ਸਿਮਰਨ ਸਦਕਾ ਹੀ ਕਿਸੇ ਮਨੁੱਖ ਦੀ 'ਪਛਾਨੁ' ਸ਼ਕਤੀ ਉੱਨਤ ਹੁੰਦੀ ਹੈ। ਜਿਤਨਾ ਕੋਈ 'ਪਛਾਨੁ' ਵਾਲਾ ਹੁੰਦਾ ਜਾਂਦਾ ਹੈ ਇਤਨਾ ਹੀ ਉਹ ਮਹਾਨ ਹੁੰਦਾ ਜਾਂਦਾ ਹੈ। ਜਿਸ ਮਨੁੱਖ ਨੂੰ ਇਹ 'ਪਛਾਨੁ' ਆ ਜਾਏ ਕਿ ਕੀ ਉਹ 'ਸਿੰਘ' ਹੈ, ਉਸ ਅੰਦਰ 'ਸਿੰਘ' ਵਾਲਾ ਆਚਰਨ ਜੀਵਨ-ਮੁਕਤ ਵਾਲਾ ਆਚਰਨ ਤੇ ਪਰਮਾਰਥ ਵਾਲਾ ਆਚਰਨ ਪ੍ਰਵੇਸ਼ ਕਰਨ ਲਗਦਾ ਹੈ। ਜਿਸ 'ਸਿੰਘ' ਨੂੰ ਇਹ 'ਪਛਾਨੁ' ਆ ਜਾਏ ਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਪੁੱਤ੍ਰ ਹੈ ਅਤੇ ਉਸ ਅੰਦਰ ਸੰਤ-ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਪੁੱਤ੍ਰ ਹੋਣ ਦਾ ਮਾਣ ਜਾਗ ਪਏ ਤਦ ਉਸ ਦੇ ਖ਼ਿਆਲ ਦੀ ਦੁਨੀਆ ਨਵੀਨ ਤੇ ਨਰੋਈ ਹੋ ਜਾਂਦੀ ਹੈ। ਉਸ ਵਿਚ ਉਤਸ਼ਾਹ, ਸ਼ਰਮ ਤੇ ਧਰਮ ਜਾਗ ਪੈਂਦੇ ਹਨ। ਜਿਸ ਮਨੁੱਖ ਵਿਚ 'ਪਛਾਨੁ' ਆ ਜਾਏ ਕਿ ਉਹ ਸ਼ਹੀਦਾਂ, ਮੁਰੀਦਾਂ, ਬੰਦ ਬੰਦ ਕਟਾਣ ਵਾਲਿਆਂ ਦਾ ਮੌਜੂਦਾ ਸਰੂਪ ਹੈ ਅਤੇ ਵਾਰਸ ਹੈ ਉਸ ਤੇ ਆਦਰਸ਼ ਝਲਕਣ ਲੱਗ ਪੈਂਦੇ ਹਨ ਅਤੇ ਉਹ ਨਵੇਂ ਵਿਚਾਰਾਂ ਤੇ ਖ਼ਿਆਲਾਂ ਦੀ ਦੁਨੀਆ ਵਿਚ ਚਲਾ ਜਾਂਦਾ ਹੈ। ਜਿਸ 'ਸਿੰਘ' ਅੰਦਰ 'ਪਛਾਨੁ' ਆ ਜਾਏ ਕਿ ਉਹ ਦੇਗ ਤੇਗ ਵਾਲੇ ਪੰਥ ਦਾ ਅੰਗ ਹੈ, ਉਸ ਦੀਆਂ ਕੀਮਤਾਂ ਬਦਲ ਜਾਂਦੀਆਂ ਹਨ। ਫਿਰ

ਜਿਸ ਵਿਚ ਇਹ 'ਪਛਾਨੁ' ਆ ਜਾਏ ਕਿ ਉਹ ਜੋਤਿ ਸਰੂਪ ਹੈ—'ਮਨ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਨੁ'—ਕਿ ਉਹ ਪਰਮਾਤਮਾ ਦਾ ਸਰੂਪ ਹੈ ਤਾਂ ਉਸ ਦੀ ਦੁਨੀਆ ਕਿਤਨੀ ਸੁਹਾਵਣੀ, ਸੁੰਦਰ ਤੇ ਆਦਰਸ਼ਕ ਹੋ ਜਾਵੇਗੀ ! ਤਾਂ ਤੇ ਇਸ ਸ਼ਬਦ ਦੇ ਅਧਾਰ ਤੇ ਅਸੀਂ ਇਹ 'ਪਛਾਨੁ' ਕਰਨੀ ਹੈ ਕਿ ਕਿਸ ਪ੍ਰਕਾਰ ਦੇ ਸੁਭਾਅ ਨੂੰ ਅਤੇ ਕਿਹੜੀਆਂ ਕੀਮਤਾਂ ਦੇ ਧਾਰਨੀ ਨੂੰ ਅਸੀਂ ਪਰਮਾਤਮਾ ਮੰਨਦੇ ਹਾਂ ਅਤੇ ਉਸ ਦਾ ਸਿਮਰਨ ਕਰਦੇ ਹਾਂ।

ਸਿਮਰਨ ਦਾ ਬੁਨਿਆਦੀ ਸਿਧਾਂਤ ਇਹ ਹੈ ਕਿ 'ਜੈਸਾ ਸੇਵੈ ਤੈਸਾ ਹੋਇ'। ਪਰਮਾਤਮਾ ਇਕ ਨਵੇਂ ਖਿਆਲਾਂ ਦੀ ਦੁਨੀਆ ਹੈ, ਨਵੇਂ ਆਦਰਸ਼ਾਂ ਤੇ ਕੀਮਤਾਂ ਦੀ ਦੁਨੀਆ ਹੈ। ਸਿਮਰਨ ਨਾਲ ਸਿੱਖ ਨੇ ਉਸ ਦੁਨੀਆ ਦਾ ਮਾਲਕ ਬਣਨਾ ਹੈ। ਸਿੱਖ ਅੰਦਰ ਉਹ ਸੁਭਾਅ ਜਾਗਣਾ ਹੈ ਅਤੇ ਉਸ ਅੰਦਰ ਉਹ ਸ਼ਕਤੀ ਪੈਦਾ ਹੋਣੀ ਹੈ ਜੋ ਪਰਮਾਤਮਾ ਦੀ ਹੈ। ਇਸ ਨੂੰ ਹੀ 'ਪਛਾਨੁ' ਕਿਹਾ ਹੈ ਅਤੇ ਇਹੋ 'ਪਛਾਨੁ' ਦਾ ਫਲ ਹੈ। ਇਸ ਸ਼ਬਦ ਦੇ ਅਧਾਰ ਤੇ ਪਰਮਾਤਮਾ ਦਾ ਉਹ ਸੁਭਾਅ ਤੇ ਬਲ ਲਭਦੇ ਹਨ। ਇਹ ਗੱਲ ਤਾਂ ਪਹਿਲੀ ਤੁਕ ਵਿਚ ਹੀ 'ਜਿਸ ਤੇ ਉਪਜਿਆ ਤਿਸਹਿ ਪਛਾਨੁ' ਮੰਨ ਲਈ ਹੈ ਕਿ ਮਨੁੱਖ ਜੋਤਿ ਸਰੂਪ ਹੈ। ਇਹ ਪਰਮਾਤਮਾ ਦੀ ਅੰਸ਼ ਹੈ। ਇਸ ਵਿਚ ਉਹ ਸੁਭਾਅ, ਕੀਮਤਾਂ ਤੇ ਆਦਰਸ਼ ਲੁੱਕੇ ਹੋਏ ਹਨ ਜਿਨ੍ਹਾਂ ਨੂੰ ਪਰਮਾਤਮਾ ਕਹਿੰਦੇ ਹਨ। ਗੁਰੂ ਤੇ ਸਿਮਰਨ ਦੀ ਸਹਾਇਤਾ ਨਾਲ ਉਹ ਲੁੱਕੀ ਹੋਈ ਸ਼ਕਤੀ ਤੇ ਆਦਰਸ਼ ਦ੍ਰਿਸ਼ਟਮਾਨ ਹੋ ਜਾਂਦੇ ਹਨ ਅਤੇ ਮਨੁੱਖ, ਸਿੱਖ, ਸਿੰਘ, ਪੰਥ, ਗੁਰੂ ਤੇ ਬ੍ਰਹਮ ਬਣਦਾ ਚਲਾ ਜਾਂਦਾ ਹੈ। ਪਰਮਾਤਮਾ ਦਾ ਸੁਭਾਅ ਇਸ ਸ਼ਬਦ ਵਿਚ ਇਸ ਪ੍ਰਕਾਰ ਹੈ :—

(੧) ਪਾਰਬ੍ਰਹਮ—ਮਨੁੱਖ ਜੋ ਪ੍ਰਮਾਤਮਾ ਦੀ ਅੰਸ਼ ਹੈ ਉਸ ਲਈ ਮੁਖ ਨਿਸ਼ਾਨਾ 'ਪਾਰਬ੍ਰਹਮ ਜਿਹਾ ਹੋਣਾ' ਹੈ। 'ਪਾਰਬ੍ਰਹਮ' ਦਾ ਭਾਵ ਹੈ ਦਿਸਦੇ ਅਣਦਿਸਦੇ ਜਗਤ, ਸਾਰੀ ਪਰਕ੍ਰਿਤੀ ਤੋਂ ਵੀ ਨਿਰਲੇਪ ਉਚੇਰਾ ਤੇ ਪਰੇ ਹੋ ਸਕਣਾ ਹੈ। ਇਹ ਹੈ ਪਰਮਾਤਮਾ ਦੀ ਸ਼ਕਤੀ ਕਿ ਉਹ ਆਪਣੀਆਂ ਦਿਸਦੀਆਂ ਹੱਦਾਂ ਤੋਂ ਉਚੇਰਾ ਤੇ ਪਰੇ ਜਾ ਸਕਦਾ ਹੈ।

ਜਿਸ ਮਨੁੱਖ ਨੂੰ 'ਪਾਰਬ੍ਰਹਮ' ਦੀ ਆਪਣੇ ਅੰਦਰ ਵਸਦੀ ਸ਼ਕਤੀ ਦੀ 'ਪਛਾਨੁ' ਹੋ ਜਾਏ ਉਸ ਅੰਦਰ ਬ੍ਰਹਮ ਗਿਆਨੀ ਵਾਲੀ ਨਿਰਲੇਪਤਾ ਪੈਦਾ ਹੁੰਦੀ ਹੈ। ਉਹ ਕਮਲੁ ਵਾਂਗ ਸੰਸਾਰ ਵਿਚ ਰਹਿੰਦਾ ਹੈ। ਭਾਵ ਉਹ ਆਪਣੇ ਦੁਆਲੇ ਸੰਸਾਰ, ਪਰਵਾਰ ਦੇ ਮੋਹ, ਆਪਣੇ ਸਰੀਰ ਦੀਆਂ ਕਾਮ ਆਦਿਕ ਕਮਜ਼ੋਰੀਆਂ ਤੋਂ ਪਾਕ ਹੋਣ ਦਾ ਯਤਨ ਕਰਦਾ ਹੈ ਅਤੇ ਇਸ ਦੇ ਸਮਰੱਥ ਹੁੰਦਾ ਹੈ। ਜੋ ਮਨੁੱਖ ਪਾਰਬ੍ਰਹਮ ਦਾ ਉਪਾਸ਼ਕ ਹੈ ਉਸ ਵਿਚ ਸਰੀਰਕ ਤੇ ਸੰਸਾਰੀ ਹੱਦ-ਬੰਦੀਆਂ ਤੇ ਕਮਜ਼ੋਰੀਆਂ ਨੂੰ ਪਾਰ ਕਰਨ ਦੀ ਸਮਰੱਥਾ ਆ ਜਾਣੀ ਚਾਹੀਦੀ ਹੈ। ਐਸੇ ਮਨੁੱਖ ਪਰਥਾਇ ਹੀ ਕਹਿਆ ਹੈ :

'ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ ॥'
'ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥'
ਅਤੇ 'ਬ੍ਰਹਮ ਗਿਆਨੀ ਸਦਾ ਨਿਰਲੇਪ ॥'

ਜਿਸ ਨੂੰ ਇਹ 'ਪਛਾਨੁ' ਹੋ ਜਾਏ ਕਿ ਮੈਂ ਜੋਤਿ ਸਰੂਪ ਹਾਂ ਅਤੇ ਆਪਣੇ ਸਰੀਰ ਦਾ ਵੀ ਬੰਦੀ (ਕੈਦੀ) ਨਹੀਂ ਤਾਂ ਉਹ 'ਪਾਰਬ੍ਰਹਮ' ਦੇ ਨੇੜੇ ਪਹੁੰਚਦਾ

ਹੈ। 'ਪਾਰਬ੍ਰਹਮ' ਦੇ ਸਿਮਰਨ ਨੇ ਮਨੁੱਖ ਨੂੰ ਆਪਣੇ ਆਪ ਦੀ 'ਪਛਾਨੁ' ਦੇ ਕੇ 'ਪਾਰਬ੍ਰਹਮ' ਦੇ ਨੇੜੇ ਲੈ ਜਾਣਾ ਹੈ ਅਤੇ ਉਸ ਵਿਚ 'ਪਾਰਬ੍ਰਹਮ' ਵਾਲੀ ਸ਼ਕਤੀ ਪੈਦਾ ਕਰ ਦੇਣੀ ਹੈ।

(੨) ਪਰਮੇਸਰੁ :—'ਪਾਰਬ੍ਰਹਮ' ਨੂੰ ਜਦੋਂ 'ਪਰਮੇਸਰੁ' ਕਰ ਕੇ ਅਰਾਧੀਏ ਤਦ ਭਾਵ ਇਹ ਬਣਿਆ ਕਿ ਉਹ ਤਾਂ ਪਰਮ-ਈਸ਼ਵਰ ਹੈ, ਵੱਡੇ ਤੋਂ ਵੱਡਾ ਮਾਲਕ ਤੇ ਦਾਤਾ ਹੈ। ਜੋ ਮਨੁੱਖ ਇਹ 'ਪਛਾਨੁ' ਜਾਂਦਾ ਹੈ ਕਿ ਮੈਂ ਜੋਤਿ-ਸਰੂਪ ਹਾਂ ਅਤੇ ਇਸ ਜੋਤਿ ਦੀ ਮੈਂ ਅੰਸ਼ ਹਾਂ ਉਹ 'ਪਰਮੇਸਰੁ' ਹੈ। ਉਹ ਮਨੁੱਖ ਸੰਸਾਰ ਵਿਚ ਬੰਧਨ ਤੇ ਗ਼ੁਲਾਮੀ ਵਿਚ ਰਹਿ ਕੇ ਨਹੀਂ ਵਿਚਰਦਾ। ਉਹ ਠਾਕਰ ਤੇ ਮਾਲਕ ਬਣ ਕੇ ਵਿਚਰਦਾ ਹੈ। ਗ਼ੁਲਾਮੀ ਹੈ ਮਾਇਆ ਦੀ, ਸਰੀਰ ਦੇ ਰਸਾਂ ਦੀ, ਇੰਦਰਿਆਂ ਦੀ, ਪਰਵਾਰ ਦੇ ਮੋਹ ਦੀ, ਆਪਣੇ ਸਰੀਰ ਦੇ ਸੁਖ ਦੀ, ਕਾਮ, ਕਰੋਧ, ਹੰਕਾਰ ਦੀ। ਪਰ ਜਿਸ ਮਨੁੱਖ ਨੇ 'ਪਛਾਨੁ' ਲਿਆ ਹੈ ਕਿ ਮੈਂ 'ਪਰਮੇਸਰੁ' ਦੀ ਅੰਸ ਹਾਂ, ਉਹ ਕਿਸ ਤਰ੍ਹਾਂ ਬੰਦੀ ਰਹਿ ਸਕਦਾ ਹੈ? ਇਸ 'ਪਛਾਨੁ' ਨਾਲ ਉਸ ਦੇ ਖ਼ਿਆਲ ਅਤੇ ਆਦਰਸ਼ਾਂ ਦੀ ਦੁਨੀਆ ਸੋਹਣੀ ਤੇ ਬਲਵਾਨ ਹੋ ਜਾਂਦੀ ਹੈ।

(੩) 'ਗੁਰ ਪੂਰਾ ਭੇਟਿਓ ਵਡਭਾਗੀ ਅੰਤਰਜਾਮੀ ਸੁਘੜੁ ਸੁਜਾਨੁ॥' ਜਿਸ ਮਨੁੱਖ ਨੇ ਗੁਰੂ ਤੇ ਪਰਮਾਤਮਾ ਨੂੰ 'ਪਛਾਨੁ' ਲਿਆ ਹੈ ਅਤੇ ਦੋਹਾਂ ਨੂੰ 'ਅੰਤਰਜਾਮੀ ਸੁਘੜੁ ਸੁਜਾਨੁ' ਕਰ ਕੇ 'ਪਛਾਨੁ' ਲਿਆ ਹੈ ਉਸ ਨੂੰ ਵਿਸ਼ਵਾਸ ਬੱਝਦਾ ਹੈ ਕਿ ਗੁਰਬਾਣੀ ਮੇਰੀਆਂ ਅੰਤਰੀਵ ਭਾਵਨਾਵਾਂ, ਲੋੜਾਂ ਤੇ ਸ਼ਕਤੀਆਂ ਨੂੰ 'ਪਛਾਨੁ' ਕੇ ਹੀ ਮੇਰੇ ਲਈ ਉੱਚਤਮ ਆਦਰਸ਼ ਉਲੀਕਦੀ ਹੈ। ਗੁਰੂ ਰੂਪ ਪਰਮਾਤਮਾ ਅੰਤਰਜਾਮੀ ਸੁਘੜੁ ਤੇ ਸੁਜਾਨ ਹੈ, ਮੈਂ ਉਸ ਗੁਰੂ ਦੀ ਅਤੇ ਪਰਮਾਤਮਾ ਦੀ ਅੰਸ ਹਾਂ। ਸਿਮਰਨ ਵਾਲੇ ਵਿਚ, ਜਿਸ ਨੂੰ ਉਹ ਸਿਮਰਦਾ ਹੈ ਉਸ ਦੇ ਗੁਣਾਂ ਦਾ ਕੁਝ ਅੰਸ਼ ਜ਼ਰੂਰ ਉੱਨਤ ਹੋ ਜਾਂਦਾ ਹੈ। ਸਿਮਰਨ ਵਾਲਾ ਮਨੁੱਖ 'ਪਛਾਨੁ' ਵਾਲਾ ਮਨੁੱਖ ਹੈ। ਜੋਤਿ-ਸਰੂਪ ਹੀ 'ਪਛਾਨੁ' ਵਾਲਾ ਹੈ ਪਰ ਉਹ ਜੋਤਿ ਤੇ 'ਅੰਤਰਜਾਮੀ ਸੁਘੜੁ ਸੁਜਾਨੁ' ਹੈ। ਇਸ ਲਈ ਸਿਮਰਨ ਵਾਲੇ ਮਨੁੱਖ ਵਿਚ ਅੰਤਰਜਾਮੀ, ਸੁਘੜ ਤੇ ਸੁਜਾਨ ਵਾਲੇ ਗੁਣ ਪੈਦਾ ਹੁੰਦੇ ਹਨ। ਸਿਮਰਨ ਵਾਲੇ ਮਨੁੱਖ ਦੇ ਅੰਦਰ, ਅੰਦਰਲੀ ਪ੍ਰੇਰਨਾ ਸ਼ਕਤੀ (ਅੰਤਰਜਾਮੀ) ਕੰਮ ਕਰਦੀ ਹੈ ਅਤੇ ਇਹ ਕੰਮ ਪੂਰੀ ਸੁਘੜਤਾ ਅਤੇ ਸਿਆਣਪ ਨਾਲ ਹੁੰਦਾ ਹੈ। ਸਿਮਰਨ ਵਾਲਾ ਆਦਮੀ ਅੰਦਰੋਂ ਸ਼ੁੱਭ-ਪ੍ਰੇਰਨਾ ਵਾਲਾ ਆਦਮੀ ਹੈ ਅਤੇ ਉਸ ਦਾ ਵਰਤਾਰਾ ਸੁਘੜ ਤੇ ਸੁਜਾਨ ਹੈ।

(੪) 'ਹਾਥ ਦੇਇ ਰਾਖੇ ਕਰਿ ਅਪਨੇ ਬਡ ਸਮਰਥੁ ਨਿਮਾਣਿਆ ਕੋ ਮਾਨ' :—ਜੋ ਮਨੁੱਖ ਸਿਮਰਨ ਨਾਲ ਪਾਰਬ੍ਰਹਮ ਦੇ ਇਸ ਸਲੂਕ ਨੂੰ 'ਪਛਾਨੁ' ਜਾਂਦਾ ਹੈ ਕਿ ਪਾਰਬ੍ਰਹਮ ਰੱਖਿਆ ਕਰਨ ਦੇ ਸਮਰਥ ਹੈ ਅਤੇ ਨਿਮਾਣਿਆਂ, ਨਿਚੀਜ਼ਿਆਂ ਨੂੰ ਉੱਚਾ ਕਰਕੇ ਮਾਨ ਵਾਲਾ ਬਣਾ ਦੇਂਦਾ ਹੈ, ਉਹ ਮਨੁੱਖ ਨਵੀਂ ਦੁਨੀਆ ਦਾ ਵਾਸੀ ਹੋ ਜਾਂਦਾ ਹੈ। ਉਸ ਮਨੁੱਖ ਦਾ ਭਰਮ ਨਾਸ਼ ਹੁੰਦਾ ਹੈ। ਉਸ ਅੰਦਰ 'ਪਛਾਨੁ' ਜਾਗਦੀ ਹੈ ਅਤੇ ਉਸ ਨੂੰ ਕੋਈ ਭੈ ਨਹੀਂ ਰਹਿ ਜਾਂਦਾ ਕਿ ਮੇਰਾ ਕੀ ਬਣੇਗਾ, ਮੈਂ ਕਿਥੋਂ ਖਾਵਾਂਗਾ, ਮੈਂ ਕੀ ਕਰਾਂਗਾ? ਪਾਰਬ੍ਰਹਮ ਦਾ ਸਿਮਰਨ ਉਸ ਨੂੰ ਗਿਆਨੀ ਤੇ ਨਿਰਭੈ ਬਣਾਂਦਾ ਹੈ। ਨਾਮ ਹੈ ਹੀ 'ਭੈ ਨਾਸਨੁ' ਅਤੇ 'ਦੁਰਮਤ ਹਰਨੁ'।

ਅਸਲ ਵਿਚ ਜਿੰਨੇ ਤੀਕ ਭਰਮ ਤੇ ਭੈ ਦੋਵੇਂ ਨਾਸ਼ ਨਾ ਹੋਣ ਮਨੁੱਖ ਮਹਾਨ ਨਹੀਂ

ਹੁੰਦਾ। ਕਈ ਵਾਰੀ ਪੂਰਾ ਗਿਆਨ ਹੁੰਦਾ ਹੈ ਕਿ ਸਚਾਈ ਤੇ ਨਿਆਂ ਇਹ ਹੈ। ਪਰ ਜੁਰਅਤ ਤੇ ਦਲੇਰੀ ਨਹੀਂ ਹੁੰਦੀ ਕਿ ਉਹ ਸਚਾਈ, ਨਿਆਂ ਉਤੇ ਉਸ ਤਰ੍ਹਾਂ ਡਟ ਜਾਏ ਜਿਵੇਂ 'ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ'। ਇਹ ਜੁਰਅਤ ਤੇ ਦਲੇਰੀ ਇਸ ਲਈ ਨਹੀਂ ਹੁੰਦੀ ਕਿ ਜੇ ਮੈਂ ਨਿਆਂ ਤੇ ਸੱਚ ਦੀ ਗੱਲ ਕਰ ਦਿੱਤੀ ਤਦ ਮੇਰਾ ਨੁਕਸਾਨ ਹੋ ਸਕਦਾ ਹੈ। ਮੈਂ ਆਪਣੇ ਆਪ ਨੂੰ ਕਿਸੇ ਔਕੜ ਵਿਚ ਪਾ ਸਕਦਾ ਹਾਂ। ਪਰ ਸਿਮਰਨ ਕਰਦਿਆਂ ਜਿਸ ਮਨੁੱਖ ਨੇ 'ਪਛਾਨੁ' ਲਿਆ ਹੈ ਕਿ 'ਹਾਥ ਦੇਇ ਰਾਖੇ ਕਰਿ ਅਪਨੇ ਬਡ ਸਮਰਥੁ ਨਿਮਾਣਿਆ ਕੋ ਮਾਨ' ਉਸ ਨੂੰ ਭੈ ਨਹੀਂ ਲਗਦਾ। ਇਸ 'ਪਛਾਨੁ' ਵਿਚੋਂ ਨਿਰਭੈਤਾ ਪੈਦਾ ਹੁੰਦੀ ਹੈ : ਸਰੀਰਕ ਦੁੱਖ ਤੋਂ ਨਿਰਭੈਤਾ, ਮਾਲੀ ਔਕੜਾਂ ਤੋਂ ਨਿਰਭੈਤਾ, ਜੱਸ ਅਪਜੱਸ ਤੋਂ ਨਿਰਭੈਤਾ। ਇਥੋਂ ਤੱਕ ਕਿ ਮਨੁੱਖ ਸ਼ਹਾਦਤ ਤੱਕ ਵਧ ਸਕਦਾ ਹੈ, ਨਿਰਭੈ ਹੋਣ ਕਰਕੇ।

ਤਾਂ ਤੇ ਭਰਮ ਤੇ ਭੈ ਦੋਵੇਂ ਨਾਸ਼ ਹੋਣ, ਤਦ ਹੀ ਮਨੁੱਖ 'ਪਛਾਨੁ' ਵਾਲਾ ਕਿਹਾ ਜਾਂਦਾ ਹੈ।

ਸੋ ਜਿਨ੍ਹਾਂ ਨੂੰ 'ਪਛਾਨੁ' ਹੋਈ ਹੈ, ਉਨ੍ਹਾਂ ਵਿਚ ਪਾਰਬ੍ਰਹਮ, ਪਰਮੇਸਰੁ, ਅੰਤਰਜਾਮੀ, ਸੁਘੜ ਸੁਜਾਨ ਵਾਲੀ ਸ਼ਕਤੀ ਪੈਦਾ ਹੋਈ ਹੈ ਅਤੇ ਉਹ ਭਰਮ ਤੇ ਭੈ ਤੋਂ ਮੁਕਤ ਹੋਏ ਹਨ। 'ਪਛਾਨੁ' ਹੀ ਮਨੁੱਖ ਨੂੰ ਕੁਸ਼ਲ ਖੇਮ ਤੇ ਕਲਿਆਣੁ ਦੇ ਸਕਦੀ ਹੈ। ਐਸੇ ਪਾਰਬ੍ਰਹਮ ਅਤ ਐਸੇ ਸਿਮਰਨ ਤੋਂ ਕੁਰਬਾਨ ਹਾਂ ! ਕਮਾਲ ਹੈ !!

# ੯. ਮਜਨੁ

ਬਿਲਾਵਲੁ ਮਹਲਾ ੫ ॥

ਦੋਵੈ ਥਾਵ ਰਖੇ ਗੁਰ ਸੂਰੇ ॥
ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥ ੧ ॥ ਰਹਾਉ ॥
ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ ॥
ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ ॥ ੧ ॥
ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ ॥
ਨਾਨਕ ਸਰਣਿ ਪਰਿਓ ਦੁਖ ਭੰਜਨ
ਅੰਤਰਿ ਬਾਹਰਿ ਪੇਖਿ ਹਜੂਰੇ ॥ ੨ ॥ ੨੨ ॥ ੧੦੮ ॥

ਇਸ ਸ਼ਬਦ ਵਿਚੋਂ ਅਸੀਂ ਕੇਵਲ ਇਕੋ ਭਾਵ ਨੂੰ ਵੇਖਾਂਗੇ ਕਿ 'ਮਜਨੁ ਹੋਵਤ ਸਾਧੂ ਧੂਰੇ' ਕੀ ਹੈ ? 'ਮਜਨੁ' ਦਾ ਭਾਵ 'ਇਸ਼ਨਾਨ' ਹੈ। 'ਸਾਧੂ' ਦਾ ਭਾਵ ਇਥੇ 'ਗੁਰੂ' ਹੈ। ਤਾਂ ਤੇ ਵਿਚਾਰ ਇਹ ਹੈ ਕਿ ਸਾਧੂ ਧੂਰ ਵਿਚ ਇਸ਼ਨਾਨ ਦਾ ਕੀ ਭਾਵ ਹੈ ?

ਇਸ ਇਸ਼ਨਾਨ ਨਾਲ ਜੋ ਕੁਝ ਪ੍ਰਾਪਤ ਹੁੰਦਾ ਹੈ ਉਹ ਤੇ ਇਹਨਾਂ ਸਤਰਾਂ ਵਿਚ ਸਪੱਸ਼ਟ ਕੀਤਾ ਹੋਇਆ ਹੈ :

(ੳ) 'ਦੋਵੈ ਥਾਵ ਰਖੇ ਗੁਰ ਸੂਰੇ ॥'
(ਅ) 'ਹਲਤ ਪਲਤ ਪਾਰਬ੍ਰਹਮਿ ਸਵਾਰੇ
ਕਾਰਜ ਹੋਏ ਸਗਲੇ ਪੂਰੇ ॥'
(ੲ) 'ਆਵਣ ਜਾਣ ਰਹੇ ਥਿਤਿ ਪਾਈ
ਜਨਮ ਮਰਣ ਕੇ ਮਿਟੇ ਬਿਸੂਰੇ ॥'

ਸਾਧੂ ਧੂਰ ਵਿਚ ਇਸ਼ਨਾਨ ਕਰਨ ਨਾਲ ਦੋਵੇਂ ਥਾਵ ਸੰਵਰਦ ਹਨ। ਮਨੁੱਖ ਦੀ ਇਸ ਸੰਸਾਰ ਵਿਚ ਪੂਰੀ ਪੈਂਦੀ ਹੈ ਅਤੇ ਪਰਮਾਤਮਾ ਦੀ ਦਰਗਾਹ ਵਿਚ ਵੀ। ਸਾਧੂ ਧੂਰ ਵਿਚ ਇਸ਼ਨਾਨ ਕਰਨ ਨਾਲ ਜੀਵਨ ਦਾ ਕਾਰਜ ਪ੍ਰਾਪਤ ਹੁੰਦਾ ਹੈ। 'ਕਾਰਜ ਹੋਏ ਸਗਲੇ ਪੂਰੇ।' ਸਾਧੂ ਧੂਰ ਵਿਚ ਇਸ਼ਨਾਨ ਨਾਲ ਹੀ ਮਨੁੱਖ ਦਾ ਆਵਾਗਵਣ ਦਾ ਗੇੜ ਸਮਾਪਤ ਹੁੰਦਾ ਹੈ—'ਆਵਣ ਜਾਣ ਰਹੇ' ॥ ਸਾਧੂ ਧੂਰ ਵਿਚ 'ਮਜਨੁ' ਨਾਲ ਹੀ ਮਨੁੱਖ ਨੂੰ ਪਰਮ ਪਦਵੀ ਤੇ ਅਡੋਲ ਜੀਵਨ ਪ੍ਰਾਪਤ ਹੁੰਦਾ ਹੈ—'ਥਿਤਿ ਪਾਈ'। ਸਾਧੂ ਧੂਰ ਵਿਚ ਇਸ਼ਨਾਨ ਕਰਨ ਨਾਲ ਹੀ ਜਨਮ ਮਰਨ ਦੇ ਝੋਰੇ ਖ਼ਤਮ ਹੁੰਦੇ ਹਨ –'ਜਨਮ ਮਰਨ ਕੇ ਮਿਟੇ ਬਿਸੂਰੇ' ॥ ਸਾਧੂ ਧੂਰ ਵਿਚ ਇਸ਼ਨਾਨ ਕਰਨ ਨਾਲ ਹੀ ਇਹ ਸੰਸਾਰ ਤੇ ਭਵਿੱਖ ਦਾ ਸੰਸਾਰ 'ਹਲਤ ਪਲਤ' ਸਫ਼ਲ ਹੁੰਦੇ ਹਨ। ਤਾਂ ਤੇ ਇਹ ਵਿਚਾਰ ਬੜਾ

ਲੋੜੀਂਦਾ ਹੈ ਕਿ ਸਾਧੂ ਧੂਰ ਵਿਚ ਇਸ਼ਨਾਨ ਕੀ ਹੁੰਦਾ ਹੈ ?

ਇਸ ਸ਼ਬਦ ਵਿਚ ਹੀ ਇਹ ਵੀ ਸਪੱਸ਼ਟ ਕੀਤਾ ਹੈ ਕਿ ਸਾਧੂ ਧੂਰ ਹੀ ਹੈ, ਜਿਸ ਵਿਚ ਇਸ਼ਨਾਨ ਕਰਨ ਨਾਲ ਮਨੁੱਖ ਨੂੰ ਇਹ ਸਾਰੇ ਫਲ ਪ੍ਰਾਪਤ ਹੁੰਦੇ ਹਨ—'ਦੋਵੈ ਥਾਵ ਰਖੇ ਗੁਰ ਸੂਰੇ'। ਗੁਰੂ ਸੂਰਮਾ ਹੈ ਜਿਹੜਾ ਮਨੁੱਖ ਦਾ ਵਰਤਮਾਨ ਜੀਵਨ ਅਤੇ ਭਵਿੱਖ ਦਾ ਜੀਵਨ ਸਫਲ ਕਰਦਾ ਹੈ। ਜੇ ਵਰਤਮਾਨ ਜੀਵਨ ਸਫਲ ਹੋ ਜਾਏ ਤਾਂ ਇਸ ਦਾ ਭਵਿੱਖ ਆਪਣੇ ਆਪ ਹੀ ਸਫਲ ਹੋ ਜਾਂਦਾ ਹੈ। ਗੁਰੂ ਦੀ ਚਰਨ ਧੂਰ ਵਿਚ ਇਸ਼ਨਾਨ ਕਰਨ ਨਾਲ ਵਰਤਮਾਨ ਜੀਵਨ ਸਫਲ ਹੁੰਦਾ ਹੈ, ਇਸ ਤਰ੍ਹਾਂ ਮਨੁੱਖ ਜੀਂਦਿਆਂ ਹੀ ਮੁਕਤ ਹੁੰਦਾ ਹੈ ਜਾਂ ਜੀਵਨ-ਮੁਕਤ। ਜੇ ਮਨੁੱਖ ਇਸ ਜੀਵਨ ਵਿਚ ਹੀ ਮੁਕਤੀ ਪ੍ਰਾਪਤ ਕਰ ਲਏ ਤਾਂ ਭਵਿੱਖ ਵਿਚ ਤਾਂ ਅਵੱਸ਼ ਮੁਕਤੀ ਪ੍ਰਾਪਤ ਹੋਵੇਗੀ। ਇਸ ਤਰ੍ਹਾਂ ਗੁਰੂ ਆਪਣੇ ਸਿੱਖ ਦੇ 'ਦੋਵੈ ਥਾਵ' ਰੱਖ ਲੈਂਦਾ ਹੈ।

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥ ੧ ॥

(ਸੁਖਮਨੀ)

ਗੁਰੂ ਸੂਰਮਾ ਹੀ ਸਾਧੂ ਹੈ ਅਤੇ ਉਸ ਦੀ ਚਰਨ ਧੂਰ ਵਿਚ ਸਿੱਖ ਨੇ ਇਸ਼ਨਾਨ ਕਰਨਾ ਹੈ। ਇਸ ਇਸ਼ਨਾਨ ਵਿਚੋਂ ਹੀ ਸਿੱਖ ਨੂੰ ਜੀਵਨ-ਮੁਕਤ ਦੀ ਪਦਵੀ ਪ੍ਰਾਪਤ ਹੁੰਦੀ ਹੈ। ਸਪੱਸ਼ਟ ਹੈ ਕਿ ਇਹ ਇਸ਼ਨਾਨ ਗੁਰੂ ਦੀ ਬਾਣੀ ਦਾ ਹੀ ਹੈ। ਸਿੱਖ ਨੇ ਗੁਰੂ ਦੀ ਬਾਣੀ ਵਿਚ ਹੀ ਡੁਬਕੀ ਲਾਉਣੀ ਹੈ ਅਤੇ ਉਸ ਵਿਚੋਂ ਹੀ 'ਰਤਨ ਜਵਾਹਰ ਮਾਣਿਕ' ਕੱਢਣੇ ਹਨ। ਸਿੱਖ ਦੇ ਮਨ, ਬੁੱਧੀ ਨੇ ਗੁਰੂ ਦੀ ਬਾਣੀ ਵਿਚ ਹੀ ਇਸ਼ਨਾਨ ਕਰ ਕੇ ਪਵਿੱਤਰ ਹੋਣਾ ਹੈ। ਇਸ਼ਨਾਨ ਦਾ ਕਰਤੱਵ ਸਰੀਰ ਨੂੰ ਪਵਿੱਤਰ ਕਰਨਾ ਹੈ। ਬਾਣੀ ਦਾ ਇਸ਼ਨਾਨ ਮਨੁੱਖ ਦੇ ਮਨ, ਬਚਨ ਤੇ ਕਰਮ ਨੂੰ ਪਵਿੱਤਰ ਕਰਦਾ ਹੈ। ਇਸ ਪਵਿੱਤਰਤਾ ਨਾਲ ਹੀ ਮਨੁੱਖੀ ਮਨ ਤੇ ਬੁੱਧੀ ਦੀ ਸਿਹਤ ਬਣਦੀ ਹੈ। ਉਸ ਵਿਚ ਬਲ, ਜੁਰਅਤ ਤੇ ਸੱਚ ਲਈ ਦ੍ਰਿੜ੍ਹਤਾ ਪੈਦਾ ਹੁੰਦੀ ਹੈ ਅਤੇ ਇਹ ਅਵਸਥਾ ਹੀ ਮੁਕਤੀ ਹੈ। ਗੁਰੂ ਦੀ ਬਾਣੀ ਵਿਚ ਇਸ਼ਨਾਨ ਨਾਲ ਮਨ ਪਵਿੱਤਰ ਤੇ ਬਲਵਾਨ ਹੁੰਦਾ ਹੈ।

ਜੋ ਮਨੁੱਖ ਗੁਰੂ ਅਰਜਨ ਸਾਹਿਬ ਜੀ ਦੀ 'ਸੁਖਮਨੀ' ਵਿਚ ਇਸ਼ਨਾਨ ਕਰਦਾ ਹੈ—ਜੇ ਉਹ ਠੀਕ ਇਸ਼ਨਾਨ ਕਰ ਰਿਹਾ ਹੈ—ਉਸ ਵਿਚ ਗੁਰੂ ਅਰਜਨ ਵਾਲੀ ਸ਼ਕਤੀ ਪੈਦਾ ਹੁੰਦੀ ਹੈ ਜਿਹੜੀ ਸੱਚ ਤੇ ਸੁਤੰਤਰਤਾ ਦੀ ਰੱਖਿਆ ਲਈ ਤੱਤੀ ਤਵੀ ਤੇ ਬੈਠ ਜਾਂਦੀ ਹੈ ਅਤੇ ਉਹ ਉਬਲਦੀ ਦੇਗ ਵਿਚ ਉਬਲ ਜਾਂਦੀ ਹੈ। ਜੋ ਮਨੁੱਖ ਸੁਖਮਨੀ ਸਾਹਿਬ ਵਿਚ

ਇਸ਼ਨਾਨ ਕਰਦਾ ਹੈ, ਉਸ ਅੰਦਰ ਪਵਿੱਤਰਤਾ ਕਰਕੇ ਉਹ ਠੰਢਕ ਪੈਦਾ ਹੁੰਦੀ ਹੈ ਜਿਹੜੀ ਤੱਤੀ ਤਵੀ ਤੇ ਵੀ ਭੰਗ ਨਹੀਂ ਕੀਤੀ ਜਾ ਸਕਦੀ। ਸੁਖਮਨੀ ਵਿਚ ਉਹ ਸ਼ਾਂਤੀ ਹੈ ਜੋ ਗੁਰੂ ਅਰਜਨ ਦੇ ਹਿਰਦੇ ਵਿਚ ਸੀ ਅਤੇ ਗੁਰੂ ਅਰਜਨ ਦੇ ਹਿਰਦੇ ਵਿਚ ਸ਼ਾਂਤੀ ਸੁਖਮਨੀ ਕਰਕੇ ਸੀ। ਜੋ ਮਨੁੱਖ ਸੁਖਮਨੀ ਵਿਚ ਇਸ਼ਨਾਨ ਕਰ ਰਿਹਾ ਹੈ, ਉਸ ਦੇ ਹਿਰਦੇ ਵਿਚ ਸ਼ਾਂਤੀ ਜ਼ਰੂਰ ਹੋਵੇਗੀ। ਇਸੇ ਤਰ੍ਹਾਂ ਜੋ ਮਨੁੱਖ ਦਸਮ ਗ੍ਰੰਥ ਵਿਚ ਇਸ਼ਨਾਨ ਕਰਦਾ, ਜਾਪੁ ਸਾਹਿਬ ਵਿਚ ਇਸ਼ਨਾਨ ਕਰਦਾ ਹੈ ਉਸ ਵਿਚ 'ਸ਼ੁਭ ਕਰਮਨ ਤੇ ਕਬਹੂ ਨਾ ਟਰੋਂ' ਵਾਲੀ ਦ੍ਰਿੜ੍ਹਤਾ ਪੈਦਾ ਹੁੰਦੀ ਹੈ। ਉਸ ਵਿਚ ਸ਼ੁੱਭ ਕਰਮ ਲਈ 'ਜੂਝ ਮਰਨ' ਦੀ ਸ਼ਕਤੀ ਪੈਦਾ ਹੁੰਦੀ ਹੈ। ਜੋ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ 'ਜਾਪੁ ਸਾਹਿਬ' ਵਿਚ ਇਸ਼ਨਾਨ ਕਰਦਾ ਹੈ ਉਸ ਵਿਚ ਰੱਬ ਦੇ ਉਹ ਗੁਣ ਪੈਦਾ ਹੁੰਦੇ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਨੇ 'ਕਿ ਸਾਹਿਬ ਦਿਮਾਗ ਹੈਂ॥ ਕਿ ਹੁਸਨਲ ਚਰਾਗ ਹੈਂ॥ ਕਿ ਕਾਮਲ ਕਰੀਮ ਹੈਂ॥ ਕਿ ਰਾਜ਼ਕ ਰਹੀਮ ਹੈਂ॥ ਕਿ ਰੋਜ਼ੀ ਦਹਿੰਦ ਹੈਂ॥ ਕਿ ਰਾਜ਼ਕ ਰਹਿੰਦ ਹੈਂ॥ ਕਰੀਮੁਲ ਕਮਾਲ ਹੈਂ॥ ਕਿ ਹੁਸਨਲ ਜਮਾਲ ਹੈਂ॥ ਗਨੀਮੁਲ ਖ਼ਿਰਾਜ਼ ਹੈਂ॥ ਗਰੀਬੁਲ ਨਿਵਾਜ਼ ਹੈਂ॥ ਹਰੀਫੁਲ ਸ਼ਿਕਨ ਹੈਂ॥ ਹਿਰਾਸੁਲ ਫਿਕਨ ਹੈਂ॥' ਜਾਪੁ ਸਾਹਿਬ ਵਿਚ ਦੱਸ ਹਨ। ਅਤੇ ਉਹ ਸ਼ੁਭ ਕਰਮ ਕਰਨ ਲਈ ਕਿਸੇ ਦੁਸ਼ਟ ਕੋਲੋਂ ਭੈ ਨਹੀਂ ਖਾਂਦਾ। ਜੋ ਮਨੁੱਖ ਗੁਰੂ ਤੇਗ ਬਹਾਦਰ ਸਾਹਿਬ ਦੇ ਸਲੋਕ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ' ਵਿਚ ਇਸ਼ਨਾਨ ਕਰਦਾ ਹੈ ਉਹ 'ਬਡੋ ਸਾਕਾ' ਕਰਨ ਦੇ ਸਮਰੱਥ ਹੋ ਜਾਂਦਾ ਹੈ।

ਇਸੇ ਤਰ੍ਹਾਂ ਜੋ ਮਨੁੱਖ ਜਪੁਜੀ ਅਤੇ ਆਸਾ ਦੀ ਵਾਰ ਦੇ ਪਾਠ ਜਾਂ ਕੀਰਤਨ ਦੁਆਰਾ ਇਸ਼ਨਾਨ ਕਰਦਾ ਹੈ ਉਸ ਦੇ ਸਾਹਮਣੇ ਅਨੰਤ ਪਾਰਬ੍ਰਹਮ ਦਾ ਦਰਸ਼ਨ ਖੁਲ੍ਹਦਾ ਹੈ ਅਤੇ ਉਸ ਵਿਚ ਉਹ ਵਿਸਮਾਦ ਜਾਗਦਾ ਹੈ ਜੋ ਵਾਰ ਆਸਾ ਵਿਚ ਗੁਰੂ ਜੀ ਨੇ ਅਨੁਭਵ ਕੀਤਾ ਹੈ। ਭਾਵ ਗੁਰੂ ਸੂਰਮੇ ਦੀ ਬਾਣੀ ਵਿਚ ਇਸ਼ਨਾਨ ਦੁਆਰਾ ਮਨੁੱਖ ਵਿਚ ਉਹ ਸੂਰਮਤਾਈ ਪ੍ਰਵੇਸ਼ ਕਰਦੀ ਹੈ ਜੋ ਗੁਰੂ ਸੂਰਮੇ ਵਿਚ ਸੀ ਤੇ ਹੈ।

ਸਾਰੀ ਬਾਣੀ ਵਿਚ ਅਤੇ ਇਸ ਸ਼ਬਦ ਵਿਚ ਵੀ ਇਸ਼ਨਾਨ ਕਰਨ ਦਾ ਤਰੀਕਾ 'ਸਿਮਰਨ' ਹੀ ਦੱਸਿਆ ਹੋਇਆ ਹੈ। ਸਿਮਰਨ ਵਿਚੋਂ ਬਾਣੀ ਪੈਦਾ ਹੋਈ ਤੇ ਬਾਣੀ ਵਿਚ ਇਸ਼ਨਾਨ ਨਾਲ ਹੀ ਸਿਮਰਨ ਪੈਦਾ ਹੁੰਦਾ ਹੈ। ਬਾਣੀ ਮਨੁੱਖ ਅੰਦਰ ਸਿਮਰਨ ਦੀ ਲਗਨ ਪੈਦਾ ਕਰਦੀ ਹੈ। 'ਹਰਿ ਹਰਿ ਨਾਮੁ ਜਪਤ' ਦੀ ਇੱਛਾ ਪੈਦਾ ਕਰਦੀ ਹੈ ਅਤੇ ਉਸ ਸਿਮਰਨ ਨਾਲ ਹੀ ਮਨੁੱਖ ਵਿਚ ਗੁਰੂ ਨਾਨਕ, ਗੁਰੂ ਅਰਜਨ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਵਾਲਾ ਬਲ ਪੈਦਾ ਹੁੰਦਾ ਹੈ। ਗੁਰਬਾਣੀ ਵਿਚ ਇਸ਼ਨਾਨ ਮਨੁੱਖ ਨੂੰ ਨਾਮ ਵਿਚ ਰੰਗ ਦੇਂਦਾ ਹੈ ਅਤੇ ਇਸ ਦਾ ਪ੍ਰਮਾਣ ਮਨੁੱਖੀ ਆਚਰਨ ਵਿਚੋਂ ਪ੍ਰਗਟ ਹੁੰਦਾ ਹੈ; ਜੋ ਅਸੂਲਾਂ ਦੀ ਦ੍ਰਿੜ੍ਹਤਾ ਹੈ ਅਤੇ ਸਚਾਈ ਲਈ ਕੁਰਬਾਨੀ ਦੀ ਜੁਰਅਤ ਹੈ।

ਇਸੇ ਸ਼ਬਦ ਵਿਚ ਪ੍ਰਗਟ ਕੀਤਾ ਹੈ ਕਿ ਜਿਸ ਨੇ 'ਸਾਧੂ ਧੂਰ' ਵਿਚ 'ਮਜਨੁ' ਕੀਤਾ ਹੈ ਉਸ ਦਾ ਰੂਪ ਕੀ ਹੁੰਦਾ ਹੈ?

'ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ॥'

ਜਿਸ ਨੇ ਬਾਣੀ ਵਿਚ ਇਸ਼ਨਾਨ ਕੀਤਾ ਹੈ ਉਸ ਵਿਚ ਤਿੰਨ ਗੱਲਾਂ ਪੈਦਾ ਹੁੰਦੀਆਂ ਹਨ:

(੧) ਉਸ ਦਾ ਵਿਸ਼ਵਾਸ ਇਹ ਬਣਦਾ ਹੈ ਕਿ 'ਘਟਿ ਘਟਿ ਏਕੁ ਰਹਿਆ

ਭਰਪੂਰੇ ॥' ਭਾਵ ਹਰ ਹਿਰਦੇ ਅੰਦਰ ਪਰਮਾਤਮਾ ਦਾ ਨਿਵਾਸ ਹੈ। ਇਸ ਲਈ ਸਾਰੀ ਮਨੁੱਖਤਾ ਇਕ ਹੈ, ਭਾਵੇਂ ਰੰਗਾਂ, ਦੇਸ਼ਾਂ, ਜਾਤਾਂ, ਧਰਮਾਂ, ਤੇ ਸਭਿਆਚਾਰਾਂ ਦੇ ਵਖਰੇਵੇਂ ਹਨ। ਹਰ ਜੀਵ ਅੰਦਰ ਉਹੋ ਇਕੋ ਜੋਤਿ ਪਸਰ ਰਹੀ ਹੈ; ਉਹਦੇ ਬਾਹਰ ਵੀ ਉਹੋ ਜੋਤਿ ਹੀ ਪਸਰ ਰਹੀ ਹੈ ਅਤੇ ਉਸ ਦੇ ਸਾਹਮਣੇ ਵੀ ਉਹੋ ਜੋਤਿ ਮੌਜੂਦ ਹੈ—'ਅੰਤਰਿ ਬਾਹਰਿ ਪੇਖਿ ਹਜੂਰੇ ॥' ਇਹ ਵਿਸ਼ਵਾਸ ਮਨੁੱਖੀ ਜੀਵਨ ਵਿਚ ਸਾਰੀ ਉੱਨਤੀ ਪੈਦਾ ਕਰਦਾ ਹੈ। ਇਸ ਨਾਲ ਮਨੁੱਖ ਵਿਚ ਸੇਵਾ ਸਿਦਕ ਪੈਦਾ ਹੁੰਦੇ ਹਨ। ਉਹ ਸਾਰੇ ਜੀਵਾਂ ਦਾ ਸਤਿਕਾਰ ਕਰਦਾ ਹੈ ਅਤੇ ਇਹੋ ਹੀ ਸਾਧੂ ਧੂਰ ਵਿਚ 'ਮਜਨੁ' ਕਰਨ ਦੀ ਪਹਿਲੀ ਸਫਲ ਨਿਸ਼ਾਨੀ ਹੈ। ਕੇਵਲ ਪਵਿੱਤਰ ਮਨ ਹੀ ਇਸ ਏਕਤਾ ਨੂੰ ਅਨੁਭਵ ਕਰ ਸਕਦਾ ਹੈ ਪਵਿੱਤਰ ਮਨ ਹੀ ਸਾਰੀ ਮਨੁੱਖਤਾ ਵਿਚ ਪਰਮਾਤਮਾ ਦੀ ਜੋਤ ਨੂੰ ਅਨੁਭਵ ਕਰ ਸਕਦਾ ਹੈ।

(੨) ਜੋ ਮਨੁੱਖ ਸਾਧੂ ਧੂਰ ਜਾਂ ਬਾਣੀ ਵਿਚ ਇਸ਼ਨਾਨ ਕਰਦਾ ਹੈ ਉਸ ਦੇ ਭਰਮ ਤੇ ਭੈ ਨਾਸ਼ ਹੁੰਦੇ ਹਨ। ਭਰਮ ਦ੍ਵੈਤ ਜਾਂ ਵਿਖੇਵਾ ਹੈ। ਜਿਸ ਮਨੁੱਖ ਨੂੰ ਸਾਰੀ ਮਨੁੱਖਤਾ ਵਿਚ ਇਕ ਜੋਤਿ ਦਾ ਵਿਸ਼ਵਾਸ ਬੱਝਦਾ ਹੈ, ਕੇਵਲ ਉਸ ਦਾ ਹੀ ਭਰਮ ਨਾਸ਼ ਹੋਇਆ ਹੈ। ਜਿਸ ਨੂੰ ਸਚਾਈ ਅਤੇ ਨਿਆਂ ਤੇ ਵਿਸ਼ਵਾਸ ਹੈ ਕੇਵਲ ਉਸ ਦਾ ਹੀ ਭਰਮ ਨਾਸ਼ ਹੋਇਆ ਹੈ। ਭਰਮ ਨਾਸ਼ ਕਰਨ ਮਗਰੋਂ ਸਾਧੂ ਧੂਰ ਵਿਚ 'ਮਜਨੁ' ਮਨੁੱਖ ਦਾ ਭੈ ਨਾਸ਼ ਕਰਦਾ ਹੈ। ਇਸ ਤਰ੍ਹਾਂ ਮਨੁੱਖ ਨਿਰਭਉ ਤੇ ਨਿਰਵੈਰੁ ਹੋ ਜਾਂਦਾ ਹੈ। ਜਦੋਂ ਮਨੁੱਖ ਦਾ ਭਰਮ ਨਾਸ਼ ਹੋਇਆ ਤੇ ਉਸ ਨੂੰ ਸਚਾਈ ਦੀ ਸੂਝ ਆਈ, ਜਦੋਂ ਉਸ ਦਾ ਭੈ ਨਾਸ਼ ਹੋਇਆ ਉਸ ਨੂੰ ਉਸ ਸਚਾਈ ਤੇ ਦ੍ਰਿੜ੍ਹ ਹੋ ਕੇ ਚੱਲ ਸਕਣ ਦੀ ਜੁਰਅਤ ਆਈ। ਇਸ ਵਾਸਤੇ ਸਾਧੂ ਧੂਰ ਦਾ 'ਮਜਨੁ' ਮਨੁੱਖੀ ਭਰਮ ਤੇ ਭੈ ਨਾਸ਼ ਕਰਦਾ ਹੈ।

(੩) ਜਿਸ ਮਨੁੱਖ ਨੂੰ 'ਘਟਿ ਘਟਿ ਏਕੁ ਰਹਿਆ ਭਰਪੂਰੇ' ਦਿੱਸ ਪਿਆ ਅਤੇ ਜਿਸ ਦਾ ਭਰਮ ਤੇ ਭੈ ਨਾਸ਼ ਹੋ ਗਿਆ ਤਾਂ ਆਪਣੇ ਆਪ ਹੀ ਇਸ ਦੇ 'ਛੂਟੇ ਭੈ ਜਮ ਕੇ'। ਜਮ ਦੀ ਜ਼ੱਦ ਵਿਚ ਤਾਂ ਪਾਪੀ ਤੇ ਕੁਕਰਮੀ ਲੋਕ ਆਉਂਦੇ ਹਨ। ਮਰਦੇ ਭਾਵੇਂ ਮਹਾਂ ਪੁਰਸ਼ ਵੀ ਹਨ ਪਰ ਉਹ ਬਾਣੀ ਵਿਚ ਇਸ਼ਨਾਨ ਕਰ ਲੈਂਦੇ ਹਨ, ਇਸ ਲਈ ਉਹ ਗ਼ੈਰਤ ਤੇ ਅਸੂਲ ਦੀ ਮੌਤ ਮਰਦੇ ਹਨ। ਇਹੋ ਸੂਰਮੇ ਦੀ ਵੀਰਗਤੀ ਹੈ ਤੇ ਇਥੇ ਗੁਰੂ ਨੂੰ ਸੂਰਮਾ ਹੀ ਤੇ ਕਿਹਾ ਹੈ! ਜਮ ਦੀ ਫਾਂਸੀ ਵਿਚ ਫਸ ਕੇ ਨਾ ਮਰਨਾ ਹੀ ਮੁਕਤੀ ਹੈ—ਇਹੋ 'ਦੁਖ ਭੰਜਨ' ਹੈ।

ਇਸ ਤਰ੍ਹਾਂ ਬਾਣੀ ਵਿਚ ਕੀਤਾ ਇਸ਼ਨਾਨ ਮਨੁੱਖ ਵਿਚ ਸਿਮਰਨ ਪੈਦਾ ਕਰਦਾ ਹੈ ਅਤੇ ਮਨੁੱਖ ਨੂੰ ਪਾਰਬ੍ਰਹਮ ਦੀ ਸ਼ਰਨ ਵਿਚ ਲੈ ਜਾਂਦਾ ਹੈ—'ਸਰਣਿ ਪਰਿਓ ਦੁਖ ਭੰਜਨ' ਅਤੇ ਉਸ ਵਿਚ ਸੂਰਮੇ ਦੀ ਸ਼ਕਤੀ ਪੈਦਾ ਕਰਦਾ ਹੈ। ਜਿਸ ਦਾ ਆਧਾਰ 'ਘਟਿ ਘਟਿ ਏਕੁ ਰਹਿਆ ਭਰਪੂਰੇ' ਦਾ ਵਿਸ਼ਵਾਸ ਹੈ। ਇਹ ਇਸ਼ਨਾਨ ਉਸ ਮਨੁੱਖ ਨੂੰ ਭਰਮ ਤੇ ਭੈ ਤੋਂ ਮੁਕਤ ਕਰਦਾ ਹੈ।

ਇਹ ਆਚਰਨ ਹੀ ਖਾਲਸੇ ਦਾ ਆਚਰਨ ਹੈ ਅਤੇ ਇਹ ਸਾਧੂ ਧੂਰ ਵਿਚ ਇਸ਼ਨਾਨ ਨਾਲ ਪ੍ਰਾਪਤ ਹੁੰਦਾ ਹੈ। ਖਾਲਸੇ ਦੀ ਸਾਰੀ ਸ਼ਕਤੀ, ਸਿਮਰਨ ਅਤੇ ਗੁਰੂ-ਭਗਤੀ ਕਰਕੇ ਹੈ।

———

# ੧੦. ਨਹੀਂ ਡਰਣ

ਬਿਲਾਵਲ ਮਹਲਾ ੫ ॥

ਰਾਖਿ ਲੀਏ ਸਤਿਗੁਰ ਕੀ ਸਰਣ ॥
ਜੈ ਜੈ ਕਾਰੁ ਹੋਆ ਜਗ ਅੰਤਰਿ
ਪਾਰਬ੍ਰਹਮੁ ਮੇਰੋ ਤਾਰਣ ਤਰਣ ॥ ੧ ॥ ਰਹਾਉ ॥
ਬਿਸ੍ੰਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ ਪੋਖਣ ਭਰਣ ॥
ਥਾਨ ਥਨੰਤਰਿ ਸਰਬ ਨਿਰੰਤਰਿ
ਬਲਿ ਬਲਿ ਜਾਂਈ ਹਰਿ ਕੇ ਚਰਣ ॥
ਜੀਅ ਜੁਗਤਿ ਵਸਿ ਮੇਰੇ ਸੁਆਮੀ
ਸਰਬ ਸਿਧਿ ਤੁਮ ਕਾਰਣ ਕਰਣ ॥
ਆਦਿ ਜੁਗਾਦਿ ਪ੍ਰਭੁ ਰਖਦਾ ਆਇਆ
ਹਰਿ ਸਿਮਰਤ ਨਾਨਕ ਨਹੀ ਡਰਣ ॥ ੨ ॥ ੩੦ ॥ ੧੧੬ ॥

ਇਸ ਸ਼ਬਦ ਵਿਚੋਂ ਅਸੀਂ ਕੇਵਲ ਇਹ ਪੱਖ ਵੇਖਾਂਗੇ ਕਿ ਬਾਣੀ ਦੁਆਰਾ ਜਾਂ ਗੁਰੂ ਦੁਆਰਾ ਪ੍ਰਾਪਤ ਹੋਇਆ ਗਿਆਨ ਕਿਵੇਂ ਮਨੁੱਖ ਨੂੰ 'ਨਹੀ ਡਰਣ' ਜਾਂ ਨਿਡਰ ਦੀ ਅਵਸਥਾ ਤਕ ਪਹੁੰਚਾ ਦਿੰਦਾ ਹੈ ? ਇਸ ਸ਼ਬਦ ਵਿਚ ਇਸ ਗੱਲ ਨੂੰ ਇਤਿਹਾਸਕ ਸਚਾਈ ਮੰਨਿਆ ਹੈ ਕਿ ਬਾਣੀ ਦੇ ਗਿਆਨ ਨੇ 'ਆਦਿ ਜੁਗਾਦਿ' ਤੋਂ ਲੋਕਾਂ ਨੂੰ ਨਿਡਰਤਾ ਪ੍ਰਦਾਨ ਕੀਤੀ ਹੈ—'ਆਦਿ ਜੁਗਾਦਿ ਪ੍ਰਭੁ ਰਖਦਾ ਆਇਆ।' ਬਾਣੀ ਨੇ ਮਨੁੱਖਤਾ ਨੂੰ ਸਿਮਰਨ ਵਿਚ ਲਗਾਇਆ ਹੈ। ਸਿਮਰਨ ਨੇ ਆਤਮਕ ਤੇ ਸਦਾਚਾਰਕ ਬਲ ਮਨੁੱਖਤਾ ਨੂੰ ਪਰਦਾਨ ਕੀਤਾ ਹੈ ਅਤੇ ਜੀਵਨ ਵਿਚ ਉਹ ਨਿਰਭੈ ਤੇ ਨਿਡਰ ਹੋ ਕੇ ਵਿਚਰੇ ਹਨ। ਆਦਿ ਜੁਗਾਦਿ ਤੋਂ ਲੈ ਕੇ ਹੁਣ ਤੀਕ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ 'ਹਰਿ ਸਿਮਰਤ ਨਾਨਕ ਨਹੀਂ ਡਰਣ'। ਆਰੀਆਂ ਦੇ ਇਤਿਹਾਸ ਵਿਚ, ਬੋਧੀਆਂ ਤੇ ਜੈਨੀਆਂ ਦੇ ਇਤਿਹਾਸ ਵਿਚ, ਯਹੂਦੀਆਂ ਤੇ ਯੂਨਾਨੀਆਂ ਦੇ ਇਤਿਹਾਸ ਵਿਚ ਨਿਰਭੈ ਭਗਤਾਂ ਦੀਆਂ ਅਨੇਕਾਂ ਹੀ ਉਦਾਹਰਣਾਂ ਹਨ। ਈਸਾਈਆਂ ਦੀਆਂ ਕੁਰਬਾਨੀਆਂ ਜੋ ਉਨ੍ਹਾਂ ਨੇ ਧਰਮ ਲਈ ਕੀਤੀਆਂ ਜਗਤ ਪ੍ਰਸਿੱਧ ਹਨ। ਸੁਕਰਾਤ ਦੀ ਨਿਰਭੈਤਾ ਜੀਵਨ ਨੂੰ ਸਦਾ ਹੀ ਬਲ ਬਖ਼ਸ਼ਦੀ ਰਹੇਗੀ। ਈਸਾ ਜੀ ਦੀ ਨਿਰਭੈਤਾ ਈਸਾਈਅਤ ਤੇ ਹੋਰ ਸੰਸਾਰ ਨੂੰ ਸਦਾ ਇਖ਼ਲਾਕੀ ਸ਼ਕਤੀ ਦੇਂਦੀ ਰਹੇਗੀ। ਕਬੀਰ ਤੇ ਨਾਮਦੇਵ ਦੀ ਨਿਰਭੈਤਾ ਸਮਕਾਲੀ ਬਾਦਸ਼ਾਹਾਂ ਅਤੇ ਹੋਰ ਲੋਕਾਂ ਨੇ ਵੀ ਵੇਖੀ। ਗੁਰੂ ਅਰਜਨ ਸਾਹਿਬ ਦੀ ਦਲੇਰੀ ਤੱਤੀ ਤਵੀ ਤੇ ਪ੍ਰਕਾਸ਼ਮਾਨ ਹੁੰਦਿਆਂ ਸੰਸਾਰ ਨੇ ਵੇਖੀ। ਗੁਰੂ ਤੇਗ਼ ਬਹਾਦਰ ਜੀ ਦੀ ਦਲੇਰੀ ਤੇ ਨਿਰਭੈਤਾ ਹਿੰਦੁਸਤਾਨ ਦੀ ਰਾਜਧਾਨੀ ਵਿਚੋਂ ਸਾਰੇ ਸੰਸਾਰ ਨੇ ਵੇਖੀ। ਗੁਰੂ ਗੋਬਿੰਦ ਸਿੰਘ ਜੀ ਦੇ ਸਪੁਤਰਾਂ ਦੀ ਨਿਡਰਤਾ ਸੰਸਾਰ ਭਰ ਦੇ ਬੱਚਿਆਂ ਨੂੰ ਨਿਡਰ

ਬਣਾਉਂਦੀ ਹੈ । ਇਸੇ ਤਰ੍ਹਾਂ ਸਮੂਹੀ ਤੌਰ ਤੇ ਈਸਾਈਆਂ, ਮੁਸਲਮਾਨਾਂ ਦੀਆਂ ਕੁਰਬਾਨੀਆਂ ਉਹਨਾਂ ਦਿਆਂ ਮੁਤਬਰਕ ਕਤੇਬਾਂ ਵਿਚ ਸੰਸਾਰ ਨੇ ਵੇਖੀਆਂ । ਬੋਧੀਆਂ ਤੇ ਹੋਏ ਅੱਤਿਆਚਾਰ ਜਿਸ ਨਿਡਰਤਾ ਨਾਲ ਉਨ੍ਹਾਂ ਨੇ ਸਹਾਰੇ, ਇਹ ਵੀ ਸੰਸਾਰ ਨੇ ਵੇਖੇ । ਸਿੱਖਾਂ ਦੇ ਮੋਰਚੇ ਤੇ ਅਨੇਕ ਸ਼ਹੀਦਾਂ ਦੇ ਕਰਤੱਵ ਸਾਰਾ ਸੰਸਾਰ ਜਾਣਦਾ ਹੈ । ਇਹ ਅਤਿਅੰਤ ਨਿਡਰ ਲੋਕਾਂ ਦਾ ਇਤਿਹਾਸ ਹੈ ਅਤੇ ਬਹੁਤਿਆਂ ਵਿਚ ਇਹ ਨਿਡਰਤਾ, ਵਿਸ਼ਵਾਸ ਭਗਤੀ, ਗੁਰੂ ਭਗਤੀ, ਦੇਸ਼ ਭਗਤੀ ਅਤੇ ਨਾਮ ਭਗਤੀ ਨੇ ਪਰਦਾਨ ਕੀਤੀ । ਜੋ ਗੁਰੂ ਦੀ ਸ਼ਰਣ ਵਿਚ ਆ ਜਾਂਦੇ ਹਨ ਅਤੇ ਉਸ ਸ਼ਰਣ ਦੇ ਪ੍ਰਭਾਵ ਦੇ ਤੌਰ ਤੇ ਨਾਮ ਭਗਤੀ ਅਤੇ ਗੁਰ ਭਗਤੀ ਵਿਚ ਲੱਗ ਜਾਂਦੇ ਹਨ ਉਹ ਸਮੇਂ ਨਾਲ ਨਿਡਰ ਹੋ ਜਾਂਦੇ ਹਨ— 'ਰਾਖਿ ਲੀਏ ਸਤਿਗੁਰ ਕੀ ਸਰਣ ।'

ਹੁਣ ਜਾਣਨਾ ਤਾਂ ਇਹ ਹੈ ਕਿ ਇਹ ਨਿਡਰਤਾ ਪੈਦਾ ਕਿਵੇਂ ਹੁੰਦੀ ਹੈ ? ਗੁਰੂ ਮਨੁੱਖ ਨੂੰ ਕੀ ਵਿਸ਼ਵਾਸ ਦਿੰਦਾ ਹੈ ਜਾਂ ਕੀ ਸਹਾਰਾ ਦਿੰਦਾ ਹੈ ਜਿਸ ਕਰਕੇ ਮਨੁੱਖ ਨਿਡਰ ਹੋ ਜਾਂਦਾ ਹੈ ? ਇਸ ਸ਼ਬਦ ਹੇਠ ਦਿੱਤੇ ਸੰਕੇਤ ਮੌਜੂਦ ਹਨ ਜੋ ਮਨੁੱਖ ਨੂੰ ਨਿਡਰ ਕਰਦੇ ਹਨ । ਇਸ ਸ਼ਬਦ ਵਿਚ ਨਾਮ ਦੇ ਜਾਂ ਪਰਮਾਤਮਾ ਦੇ ਕੁਝ ਵਿਸ਼ੇਸ਼ ਕਰਮ ਜਾਂ ਗੁਣ ਦੱਸੇ ਹਨ ਜੋ ਮਨੁੱਖ ਨੂੰ ਨਿਰਭੈ ਹੋ ਕੇ ਵਿਚਰਨ ਲਈ ਬਲ ਦਿੰਦੇ ਹਨ । ਜਿਸ ਪ੍ਰਕਾਰ ਦੇ ਨਾਮ ਜਾਂ ਪਰਮਾਤਮਾ ਨੂੰ ਅਸੀਂ ਸੋਂਵਦੇ ਹਾਂ ਸਾਡੇ ਵਿਚ ਉਸੇ ਤਰ੍ਹਾਂ ਦਾ ਬਲ ਪੈਦਾ ਹੁੰਦਾ ਹੈ । ਇਸ ਸ਼ਬਦ ਵਿਚ ਜਿਸ ਪਰਮਾਤਮਾ ਨੂੰ ਆਰਾਧਿਆ ਹੈ, ਉਸ ਦੇ ਵਿਸ਼ੇਸ਼ ਕਰਤੱਵ ਇਹ ਹਨ ਜੋ ਮਨੁੱਖਤਾ ਨੂੰ ਨਿਡਰਤਾ ਪ੍ਰਦਾਨ ਕਰਦੇ ਹਨ :

੧. ਬਿਸੰ੍ਭਰ :—ਮਨੁੱਖ ਨੂੰ ਇਕ ਡਰ ਰੋਜ਼ੀ ਦੀ ਚਿੰਤਾ ਦਾ ਰਹਿੰਦਾ ਹੈ ਜੋ ਬੜਾ ਵੱਡਾ ਡਰ ਹੈ । ਹਰ ਮਨੁੱਖ ਦਾ ਇਹ ਤੌਖ਼ਲਾ ਬਣਿਆ ਰਹਿੰਦਾ ਹੈ ਕਿ ਉਸ ਦਾ ਨਿਰਬਾਹ ਕਿਸ ਤਰ੍ਹਾਂ ਹੋਵੇਗਾ ? ਇਹ ਤੌਖ਼ਲਾ ਮਨੁੱਖ ਨੂੰ ਨਿਡਰ ਨਹੀਂ ਹੋਣ ਦਿੰਦਾ, ਨਾ ਨੌਕਰੀ ਵਿਚ, ਨਾ ਵਪਾਰ ਵਿਚ ਤੇ ਨਾ ਹੋਰ ਵਿਹਾਰ ਵਿਚ । ਕਈ ਪ੍ਰਕਾਰ ਦੀਆਂ ਗ਼ਲਤ ਗੱਲਾਂ ਮਨੁੱਖ ਕੇਵਲ ਆਪਣੀ ਨੌਕਰੀ ਨੂੰ ਕਾਇਮ ਰੱਖਣ ਲਈ ਸਹਾਰਦਾ, ਕਰਦਾ ਤੇ ਮੰਨਦਾ ਰਹਿੰਦਾ ਹੈ । ਕਈ ਪ੍ਰਕਾਰ ਦੀਆਂ ਚੋਰੀਆਂ ਆਪਣੇ ਵਪਾਰ ਵਿਹਾਰ ਲਈ ਮਨੁੱਖ ਕਰਦਾ ਰਹਿੰਦਾ ਹੈ । ਬਹੁਤ ਵਾਰੀ ਅੰਤਸ਼ਕਰਣ ਦੀ ਵਿਰੋਧਤਾ ਦੇ ਉਲਟ ਵੀ ਰੋਜ਼ੀ ਦੇ ਭੈ ਕਰਕੇ ਮਨੁੱਖ ਕਈ ਠੀਕ ਅਸੂਲਾਂ ਨੂੰ ਜਾਂ ਸਚਾਈ ਨੂੰ ਕੁਰਬਾਨ ਕਰ ਦੇਂਦਾ ਹੈ। ਰੋਜ਼ੀ ਦੇ ਭੈ ਕਰਕੇ ਬੇਅੰਤ ਲੋਕ ਝੂਠੀ ਖ਼ੁਸ਼ਾਮਦ ਵਿਚ ਲੱਗੇ ਰਹਿੰਦੇ ਹਨ । ਸੋ ਰੋਜ਼ੀ ਦੇ ਖੁੱਸ ਜਾਣ ਦਾ ਭੈ ਬੜਾ ਹੀ ਵੱਡਾ ਭੈ ਹੈ ।

ਪਰ ਗੁਰੂ ਵਿਸ਼ਵਾਸ ਦਿਵਾਉਂਦਾ ਹੈ ਕਿ ਪਰਮਾਤਮਾ ਸਭ ਦਾ ਪ੍ਰਿਤਪਾਲਕ ਹੈ ਉਹ 'ਬਿਸੰ੍ਭਰ' ਹੈ । ਸਾਰੇ ਸੰਸਾਰ ਨੂੰ ਰੋਜ਼ੀ ਪਹੁੰਚਾਉਣ ਵਾਲਾ ਹੈ। ਇਸ ਲਈ ਕਿਸੇ ਮਨੁੱਖ ਨੂੰ ਡੋਲਣ ਦੀ ਲੋੜ ਨਹੀਂ । ਪਰਮਾਤਮਾ ਤਾਂ ਐਸਾ ਹੈ ਕਿ 'ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰਿ ਧਰਿਆ ।' ਇਸ ਲਈ ਕੇਵਲ ਰੋਜ਼ੀ ਦੇ ਡਰ ਕਰਕੇ ਨਿਆਂ, ਸਚਾਈ ਤੇ ਅਸੂਲ ਨੂੰ ਕੁਰਬਾਨ ਨਹੀਂ ਕਰਨਾ ਚਾਹੀਦਾ । ਜਿਸ ਮਨੁੱਖ ਵਿਚ ਗੁਰੂ ਦਾ ਇਹ ਗਿਆਨ ਦ੍ਰਿੜ੍ਹ ਹੋ ਜਾਂਦਾ ਹੈ ਕਿ ਪਰਮਾਤਮਾ 'ਬਿਸੰ੍ਭਰ' ਹੈ ਉਹ ਅਸੂਲ ਕੁਰਬਾਨ ਕਰਕੇ ਰੋਜ਼ੀ ਨਹੀਂ ਕਮਾਂਦਾ । ਹਰ ਕਿਸੇ ਨਾਲ ਝਗੜਾ ਨਹੀਂ ਕਰਦਾ, ਪਰ ਸਚਾਈ ਤੇ ਅਸੂਲ ਨੂੰ ਕੁਰਬਾਨ ਨਹੀਂ ਕਰਦਾ। ਸੋ 'ਨਹੀਂ ਡਰਣ' ਦੇ ਜੀਵਨ ਲਈ

ਗੁਰੂ ਪਹਿਲਾ ਵਿਸ਼ਵਾਸ ਇਹ ਦਿੰਦਾ ਹੈ ਕਿ ਪਰਮਾਤਮਾ 'ਬਿਸੰਭਰ' ਹੈ ਉਸ ਦੇ ਇਸ ਸਰੂਪ ਦਾ ਸਿਮਰਨ ਕਰਨ ਨਾਲ ਮਨੁੱਖ ਵਿਚ ਨਿਡਰਤਾ ਪੈਦਾ ਹੁੰਦੀ ਹੈ 'ਸਗਲ ਸਮਗ੍ਰੀ ਪੋਖਣ ਭਰਣ'।

੨. ਪੂਰਨ ਸੁਖਦਾਤਾ :—ਮਨੁੱਖ ਨੂੰ ਦੂਜਾ ਡਰ ਦੁੱਖ ਦੇ ਆ ਵਿਆਪਣ ਦਾ ਹੈ। ਕਈ ਪ੍ਰਕਾਰ ਦੇ ਦੁੱਖ ਮਨੁੱਖ ਨੂੰ ਆ ਪਕੜਦੇ ਹਨ। ਆਧੀਆਂ, ਬਿਆਧੀਆਂ, ਉਪਾਧੀਆਂ, ਦੇ ਦੁੱਖ ਹੁੰਦੇ ਹਨ—ਭੁੱਖ ਦਾ ਦੁੱਖ ਆ ਵਿਆਪਦਾ ਹੈ। ਹਰ ਮਨੁੱਖ ਦੁੱਖ ਕੋਲੋਂ ਡਰਦਾ ਹੈ। ਕਈ ਵਾਰੀ ਕਿਸੇ ਅਸੂਲ ਲਈ ਕੁਰਬਾਨੀ ਕਰਨੀ ਪੈਂਦੀ ਹੈ ਅਤੇ ਉਸ ਵਿਚ ਦੁੱਖ ਹੁੰਦਾ ਹੈ।

ਪਰ ਜੇ ਮਨੁੱਖ ਪਰਮਾਤਮਾ ਨੂੰ 'ਪੂਰਨ ਸੁਖਦਾਤਾ' ਮੰਨਦਾ ਹੈ, ਉਹ ਸਰੀਰਕ ਦੁੱਖ ਹੁੰਦਿਆਂ ਵੀ ਨਿਡਰ ਰਹਿੰਦਾ ਹੈ। ਜਦੋਂ ਉਹ ਕਿਸੇ ਅਸੂਲ ਲਈ ਕੁਰਬਾਨੀ ਦਾ ਦੁੱਖ ਸਹਾਰ ਰਿਹਾ ਹੈ ਉਸ ਨੂੰ ਸਗੋਂ ਉਤਸ਼ਾਹ ਰਹਿੰਦਾ ਹੈ। ਜਿਸ ਦਾ ਵਿਸ਼ਵਾਸ ਹੈ ਕਿ ਪਰਮਾਤਮਾ 'ਪੂਰਨ ਸੁਖਦਾਤਾ' ਹੈ ਉਸ ਲਈ ਦੁੱਖ ਦਾ ਭਾਵ ਕੋਈ ਨਹੀਂ। ਉਹ ਤਾਂ ਉਸ ਅਵਸਥਾ ਦਾ ਮਨੁੱਖ ਹੁੰਦਾ ਹੈ :—

"ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥
ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥੨॥੩॥੨੨॥

[ਕਾਨੜਾ ਮਹਲਾ ੫]

ਜਦ ਪਰਮਾਤਮਾ ਸੁਖ ਸਰੂਪ ਹੈ ਤਦ ਜਦੋਂ ਸਾਨੂੰ ਦੁੱਖ ਪ੍ਰਤੀਤ ਹੋ ਰਿਹਾ ਹੈ ਤਾਂ ਉਸ ਵਿਚ ਵੀ ਕੋਈ ਭੇਦ ਹੈ ਅਤੇ ਉਹ ਦੁੱਖ ਦਾਰੂ ਹੈ। ਜਿਸ ਮਨੁੱਖ ਨੂੰ ਇਹ ਵਿਸ਼ਵਾਸ ਬੱਝ ਜਾਏ ਉਹ ਦੁੱਖ ਤੋਂ ਨਿਰਭੈ ਹੋ ਜਾਂਦਾ ਹੈ। ਇਹ ਵਿਸ਼ਵਾਸ ਗੁਰੂ ਸ਼ਰਣ ਵਿਚ, ਭਾਵ ਬਾਣੀ ਦੇ ਵਿਚਾਰ ਨਾਲ, ਹੀ ਬੱਝਦਾ ਹੈ। ਇਹ ਵਿਚਾਰ ਸਿਮਰਨ ਨਾਲ ਹੀ ਪਰਪੱਕ ਹੁੰਦਾ ਹੈ।

੩. 'ਥਾਨ ਥਨੰਤਰਿ ਸਰਬ ਨਿਰੰਤਰਿ' :—ਗੁਰੂ ਸਾਹਿਬ ਨੇ ਸੱਜਣ ਦੀ ਉਪਮਾ ਇਹ ਕੀਤੀ ਹੈ ਕਿ :

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ।

ਪਰਮਾਤਮਾ ਐਸਾ ਸੱਜਣ ਹੈ ਜੋ 'ਥਾਨ ਥਨੰਤਰਿ ਸਰਬ ਨਿਰੰਤਰਿ' ਹੈ। ਹਰ ਥਾਂ, ਹਰ ਔਕੜ, ਹਰ ਦੁੱਖ ਸੁਖ ਵਿਚ ਉਹ ਮਨੁੱਖ ਦੇ ਨਾਲ ਰਹਿੰਦਾ ਹੈ। ਹਰ ਸਮੇਂ ਉਹ 'ਬਿਸੰਭਰ' ਹੋਣ ਦਾ ਅਤੇ 'ਸੁਖ ਦਾਤਾ' ਹੋਣ ਦਾ ਕਰਤੱਵ ਨਿਭਾਉਂਦਾ ਹੈ। ਹਰ ਸਮੇਂ ਉਹ ਮਨੁੱਖ ਨੂੰ ਕਮਜ਼ੋਰੀ ਤੋਂ ਬਚਾਉਣ ਦੀ ਸਮਰੱਥਾ ਰੱਖਦਾ ਹੈ। ਮਨੁੱਖ ਦੇ ਨਿਰੰਤਰ ਬੈਠ ਕੇ ਉਸ ਅੰਦਰ ਸ਼ੁੱਭ ਪ੍ਰੇਰਨਾ, ਸ਼ੁੱਭ ਵਿਚਾਰ ਅਤੇ ਇਖ਼ਲਾਕੀ ਬਲ ਪੈਦਾ ਕਰਨ ਦੇ ਸਮਰੱਥ ਹੈ। ਪ੍ਰਮਾਤਮਾ ਦਾ ਇਹ ਸਰੂਪ ਕੇਵਲ ਗੁਰੂ ਹੀ ਮਨੁੱਖ ਨੂੰ ਦ੍ਰਿੜ੍ਹ ਕਰਾ ਸਕਦਾ ਹੈ ਅਤੇ ਕੇਵਲ ਸਿਮਰਨ ਹੀ ਮਨੁੱਖ ਨੂੰ ਪਰਮਾਤਮਾ ਦੇ ਇਸ ਸਰੂਪ ਨਾਲ ਇਕ-

ਮਿਕ ਕਰ ਸਕਦਾ ਹੈ। ਇਹ ਵਿਸ਼ਵਾਸ ਬਣਨ ਨਾਲ ਕਿ ਮੇਰਾ ਸੱਜਣ, ਮੇਰਾ 'ਬਿਸੰਭਰ' ਮੇਰਾ 'ਸੁਖਦਾਤਾ' ਥਾਨ ਥਨੰਤਰਿ ਸਰਬ ਨਿਰੰਤਰਿ' ਹੈ, ਮਨੁੱਖ ਦਾ ਭੈ ਨਾਸ਼ ਹੁੰਦਾ ਹੈ ਅਤੇ ਉਹ ਗੁਰੂ ਸ਼ਰਣ, ਪ੍ਰਭੂ ਸ਼ਰਣ ਵਿਚ ਆ ਕੇ 'ਨਹੀਂ ਡਰਣ' ਦੀ ਅਵਸਥਾ ਨੂੰ ਪਹੁੰਚਦਾ ਹੈ।

੪. 'ਜੀ ਜੁਗਤਿ ਵਸਿ ਮੇਰੇ ਸੁਆਮੀ ॥' :—ਜਿਉਂ ਜਿਉਂ ਮਨੁੱਖ ਨੂੰ ਜੀਵਨ ਜੀਊਣ ਦੀ ਚੰਗੇਰੀ ਜਾਚ ਆਉਂਦੀ ਜਾਂਦੀ ਹੈ, ਜਿਉਂ ਜਿਉਂ ਕਿਸੇ ਮਨੁੱਖ ਨੂੰ 'ਮਨਿ ਜੀਤੈ ਜਗਿ ਜੀਤਿ' ਦੀ ਅਵਸਥਾ ਪ੍ਰਾਪਤ ਹੁੰਦੀ ਜਾਂਦੀ ਹੈ, ਜਿਉਂ ਜਿਉਂ ਕਿਸੇ ਮਨੁੱਖ ਅੰਦਰ 'ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪਤਾਉ ॥' ਦੇ ਗੁਣ ਸਥਿਰ ਹੁੰਦੇ ਜਾਂਦੇ ਹਨ ਤਿਉਂ ਤਿਉਂ ਮਨੁੱਖ ਦੇ ਅੰਦਰ ਬਲ ਵਧਦਾ ਜਾਂਦਾ ਹੈ ਅਤੇ ਮਨੁੱਖ ਨਿਡਰ ਹੁੰਦਾ ਜਾਂਦਾ ਹੈ। ਪਰ ਇਹ ਜੀਵਨ ਜੁਗਤੀ ਮਨੁੱਖ ਨੂੰ ਇਸ ਵਿਸ਼ਵਾਸ ਵਿਚੋਂ ਪ੍ਰਾਪਤ ਹੁੰਦੀ ਹੈ ਕਿ ਪਰਮਾਤਮਾ ਦੀ ਆਪਣੀ ਹੀ ਹੈ ਇਹ ਜੀਵਨ ਜੁਗਤ। ਜਿਸ ਨੂੰ ਇਹ ਵਿਸ਼ਵਾਸ ਬੱਝ ਜਾਏ ਕਿ ਮੇਰਾ ਪਰਮਾਤਮਾ ਜੀਵਨ ਜੁਗਤੀ ਵਾਲਾ ਹੈ ਅਤੇ ਮੈਨੂੰ ਉਹ ਜੁਗਤੀ ਦੇ ਸਕਦਾ ਹੈ ਅਤੇ ਜੇ ਮੈਨੂੰ ਜੀਵਨ ਜੁਗਤੀ ਆ ਜਾਏ ਤਾਂ 'ਜੈ ਜੈ ਕਾਰੁ ਹੋਆ ਜਗ ਅੰਤਰਿ ਪਾਰਬ੍ਰਹਮੁ ਮੇਰੋ ਤਾਰਣ ਤਰਣ' ਦੀ ਅਵਸਥਾ ਮਿਲ ਜਾਂਦੀ ਹੈ, ਇਹ ਮਨੁੱਖ ਨਿਡਰ ਹੋ ਜਾਏਗਾ। ਜੀਵਨ ਜੁਗਤੀ ਨੇ ਮਨੁੱਖ ਨੂੰ ਨਿਡਰ ਕਰਨਾ ਹੈ, ਪਰ ਜੀਵਨ ਜੁਗਤੀ, ਜੀਵਨ ਜੁਗਤੀ ਦੇ ਸੁਆਮੀ ਦੀ ਅਰਾਧਣਾ ਵਿਚੋਂ ਪ੍ਰਾਪਤ ਹੋਣੀ ਹੈ, ਸਿਮਰਨ ਵਿਚੋਂ ਪ੍ਰਾਪਤ ਹੋਣੀ ਹੈ। ਗੁਰੂ ਮਨੁੱਖ ਨੂੰ ਸਿਮਰਨ ਦੇਂਦਾ ਹੈ ਅਤੇ ਇਸ ਤਰ੍ਹਾਂ 'ਨਹੀ ਡਰਣ' ਦੀ ਅਵਸਥਾ ਤਕ ਪਹੁੰਚਾਉਂਦਾ ਹੈ।

੫. ਸਰਬ ਸਿਧਿ ਤੁਮ ਕਾਰਣ ਕਰਣ :—ਹਰ ਮਨੁੱਖ ਸਿੱਧੀ ਜਾਂ ਸਫ਼ਲਤਾ ਚਾਹੁੰਦਾ ਹੈ—ਸਰੀਰਕ, ਵਿਹਾਰਕ, ਸਦਾਚਾਰਕ ਤੇ ਆਤਮਕ। ਪਰ ਜਿਸ ਮਨੁੱਖ ਨੂੰ 'ਸਤਿਗੁਰੂ ਕੀ ਸਰਣਿ' ਪ੍ਰਾਪਤ ਹੋ ਜਾਏ ਉਸ ਨੂੰ ਇਹ ਵੀ ਵਿਸ਼ਵਾਸ ਬੱਝ ਜਾਂਦਾ ਹੈ ਕਿ ਪਰਮਾਤਮਾ 'ਸਰਬ ਸਿਧਿ' ਦਾ 'ਕਾਰਣ ਕਰਣ' ਹੈ। ਉਹ ਹਰ ਸਫ਼ਲਤਾ ਲਈ ਕਾਰਨ ਪੈਦਾ ਕਰ ਸਕਦਾ ਹੈ। ਇਸ ਲਈ ਸਿਮਰਨ ਵਾਲਾ ਆਦਮੀ ਨਿਡਰ ਹੋ ਜਾਂਦਾ ਹੈ, ਤੇ ਉਹ ਕਦੀ ਅਸਫ਼ਲ ਨਹੀਂ ਹੋ ਸਕਦਾ। ਅਸਫ਼ਲਤਾ ਦਾ ਡਰ ਭੈ ਹੀ ਬੜਾ ਦੁਖਦਾਈ ਹੈ। ਪਰ ਪਰਮਾਤਮਾ ਵਾਲਾ ਮਨੁੱਖ ਹਰ ਤਰ੍ਹਾਂ ਦੀ ਸਫ਼ਲਤਾ ਨੂੰ ਪ੍ਰਾਪਤ ਹੁੰਦਾ ਹੈ ਉਸ ਨੂੰ ਸਾਰੀਆਂ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ।

ਪਰਮਾਤਮਾ ਦੇ ਸੁਭਾਅ ਦੀਆਂ ਉਤੇ ਦੱਸੀਆਂ ਗੱਲਾਂ ਪ੍ਰਗਟ ਤੇ ਸਪਸ਼ਟ ਹਨ। ਆਦਿ ਜੁਗਾਦਿ ਤੋਂ ਇਤਿਹਾਸ ਵਿਚ ਸਿਮਰਨ ਵਾਲੇ ਲੋਕਾਂ ਲਈ ਪਰਮਾਤਮਾ ਆਪਣਾ ਬਿਰਦ ਪਾਲਦਾ ਰਿਹਾ ਹੈ। ਭਗਤ ਰੋਜ਼ੀ ਦੇ ਦੁੱਖ ਤੋਂ ਨਿਰਭੈ ਵਿਚਰਦੇ ਰਹੇ ਹਨ ਉਹਨਾਂ ਦਾ 'ਜੈ ਜੈਕਾਰ' ਹੁੰਦਾ ਰਿਹਾ ਹੈ। ਜੀਵਨ ਜੁਗਤ ਅਤੇ ਸਿੱਧੀ ਉਹਨਾਂ ਨੂੰ ਪ੍ਰਾਪਤ ਹੁੰਦੀਆਂ ਰਹੀਆਂ ਹਨ। ਕਿਸੇ 'ਥਾਨ ਥਨੰਤਰਿ' ਤੇ ਉਹ ਆਪਣੇ ਅਸੂਲਾਂ ਤੋਂ ਨਹੀਂ ਡੋਲੇ, ਕਿਉਂਕਿ ਉਹਨਾਂ ਦੇ ਨਿਰੰਤਰ ਬੈਠੇ ਪਰਮਾਤਮਾ ਦਾ ਵਿਸ਼ਵਾਸ ਉਹਨਾਂ ਨੂੰ ਸਦਾ ਰਿਹਾ ਹੈ। ਸਿਮਰਨ ਵਾਲੇ ਮਨੁੱਖ ਹਰ ਔਕੜ ਤੇ ਲੋੜ ਸਮੇਂ ਝੱਟ ਆਪਣੇ ਅੰਦਰੋਂ ਬਲਵਾਨ ਪਰਮਾਤਮਾ ਪ੍ਰਗਟ ਕਰ ਲੈਂਦੇ ਹਨ ਅਤੇ ਡਰਦੇ ਨਹੀਂ।

ਇਹੋ 'ਨਹੀਂ ਡਰਣ' ਦੀ ਅਵਸਥਾ ਹੈ। □

# ੧੧. ਜੀਵਨ ਪਦ

ਬਿਲਾਵਲੁ ਮਹਲਾ ੫॥

ਤੁਮ੍ ਸਮਰਥਾ ਕਾਰਨ ਕਰਨ ॥
ਢਾਕਨ ਢਾਕਿ ਗੋਬਿਦ ਗੁਰ ਮੇਰੇ
ਮੋਹਿ ਅਪਰਾਧੀ ਸਰਨ ਚਰਨ ॥ ੧ ॥ ਰਹਾਉ ॥
ਜੋ ਜੋ ਕੀਨੋ ਸੋ ਤੁਮ੍ ਜਾਨਿਓ
ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ ॥
ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ
ਕੋਟਿ ਅਘਾ ਤੇਰੋ ਨਾਮ ਹਰਨ ॥੧॥
ਹਮਰੋ ਸਹਾਉ ਸਦਾ ਸਦ ਭੂਲਨ
ਤੁਮ੍ਰੋ ਬਿਰਦੁ ਪਤਿਤ ਉਧਰਨ ॥
ਕਰੁਣਾ ਮੈ ਕਿਰਪਾਲ ਕ੍ਰਿਪਾ ਨਿਧਿ
ਜੀਵਨ ਪਦ ਨਾਨਕ ਹਰਿ ਦਰਸਨ ॥੨॥੨॥੧੧੮॥

ਇਸ ਸ਼ਬਦ ਵਿਚੋਂ ਇਹ ਸਮਝਣ ਦਾ ਯਤਨ ਕਰਾਂਗੇ ਕਿ 'ਜੀਵਨ ਪਦ' ਜਾਂ 'ਜੀਵਨ ਪਦਵੀ' ਕੀ ਹੈ ਤੇ ਇਸ ਪਦਵੀ ਤਕ ਕਿਵੇਂ ਪਹੁੰਚਿਆ ਜਾ ਸਕਦਾ ਹੈ ? ਗੁਰੂ ਅਰਜਨ ਸਾਹਿਬ ਨੇ ਦਾਅਵਾ ਕੀਤਾ ਹੋਇਆ ਹੈ ਕਿ 'ਅਬ ਮੋਹਿ ਜੀਵਨ ਪਦਵੀ ਪਾਈ' ਅਤੇ ਰਾਗ ਮਾਰੂ ਵਿਚ ਆਪ ਨੇ ਉਸ 'ਜੀਵਨ ਪਦਵੀ' ਦੀ ਵਿਆਖਿਆ ਕੀਤੀ ਹੋਈ ਹੈ :—

ਅਬ ਮੋਹਿ ਜੀਵਨ ਪਦਵੀ ਪਾਈ ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥ ੧ ॥ ਰਹਾਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥ ੨ ॥

ਇਹ ਜੀਵਨ ਪਦਵੀ ਮਨ ਦੀ ਇਕ ਅਵਸਥਾ ਹੈ ਜਿਸ ਨੂੰ ਮਨੁੱਖੀ ਸ਼ਖ਼ਸੀਅਤ ਦੀ ਇਕ ਉੱਚਤਮ ਅਵਸਥਾ ਕਿਹਾ ਜਾ ਸਕੇ। ਜੀਵ ਦਾ ਮਾਨਵ ਪਦਵੀ ਤੀਕ ਪਹੁੰਚ ਜਾਣਾ ਹੀ 'ਜੀਵਨ-ਪਦਵੀ' ਦੀ ਪ੍ਰਾਪਤੀ ਹੈ, ਇਹੋ ਜੀਵਨ-ਉਦੇਸ਼ ਦੀ ਪ੍ਰਾਪਤੀ ਹੈ। ਇਸੇ ਨੂੰ ਹੀ ਜੀਵਨ-ਮੁਕਤੀ ਜਾਂ ਮੁਕਤੀ ਕਿਹਾ ਜਾ ਸਕਦਾ ਹੈ। ਇਸੇ ਨੂੰ ਹੀ ਜਪੁਜੀ ਸਾਹਿਬ 'ਸਚਿਆਰੁ' ਕਹਿੰਦਾ ਹੈ। ਇਹੋ ਬ੍ਰਹਮ ਗਿਆਨੀ ਦੀ ਹਾਲਤ ਹੈ। ਮਨੁੱਖ ਦਾ ਸਾਰੀਆਂ ਕਮਜ਼ੋਰੀਆਂ ਵਿਚੋਂ ਨਿਕਲ ਜਾਣਾ ਹੀ 'ਗੋਬਿੰਦ ਮਿਲਨ' ਹੈ; ਇਹੋ 'ਹਰਿ ਹਰਿ ਜਨ ਦੋਇ ਏਕੁ ਹੈ' ਦੀ ਅਵਸਥਾ ਹੈ। ਇਹੋ 'ਦੋਇ ਤੇ ਏਕੁ ਰੂਪ ਹੋਇ ਗਇਓ' ਦਾ ਦਾਅਵਾ ਹੈ;

ਇਹੋ ਹੀ 'ਅਹੰ ਬ੍ਰਹਮੰ ' ਤੇ I and my father are one ਦੇ ਦਾਅਵੇ ਹਨ।

ਇਸ ਸ਼ਬਦ ਵਿਚ ਸਪਸ਼ਟ ਹੈ ਕਿ 'ਜੀਵਨ-ਪਦਵੀ' ਪ੍ਰਭੂ ਨਾਲ ਅਭੇਦਤਾ ਦੀ ਅਵਸਥਾ ਹੈ, ਜਿਸ ਅਵਸਥਾ ਤੇ ਪਹੁੰਚ ਕੇ ਉਸ ਵਿਚ ਇਹ ਸ਼ਕਤੀ ਆ ਜਾਂਦੀ ਹੈ ਜਿਸ ਨੂੰ ਪ੍ਰਭੂ ਦੀ ਸਮਰੱਥਾ ਮੰਨਿਆ ਹੈ। 'ਤੁਮ੍ ਸਮਰਥਾ ਕਾਰਨ ਕਰਨ' ਇਸ ਅਵਸਥਾ ਵਿਚ ਮਨੁੱਖ ਗੋਬਿੰਦ ਦੇ ਇਤਨਾ ਨੇੜੇ ਹੋ ਜਾਂਦਾ ਹੈ ਕਿ ਉਸ ਪਾਸੋਂ ਕੋਈ ਅਪਰਾਧ ਸੰਭਵ ਹੀ ਨਹੀਂ। 'ਢਾਕਨ ਢਾਕਿ ਗੋਬਿਦ ਗੁਰ ਮੇਰੇ ਮੋਹਿ ਅਪਰਾਧੀ ਸਰਨ ਚਰਨ ।' ਇਸ ਅਵਸਥਾ ਵਿਚ ਮਨੁੱਖ ਨੂੰ ਪਰਮਾਤਮਾ ਤੇ ਵਿਸ਼ਵਾਸ 'ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ' ਬਣ ਜਾਂਦਾ ਹੈ ਅਤੇ ਉਹ ਕੋਈ ਕਮਜ਼ੋਰੀ ਨਹੀਂ ਕਰ ਸਕਦਾ—'ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ।' ਇਸ ਅਵਸਥਾ ਵਿਚ ਪਹੁੰਚ ਕੇ ਨਾਮ ਦੇ ਬਲ ਨਾਲ ਸਾਰੇ ਪਾਪ ਸਾੜੇ ਜਾ ਸਕਦੇ ਹਨ— 'ਕੋਟਿ ਅਘਾ ਤੇਰੋ ਨਾਮ ਹਰਨ' ਇਹ ਅਵਸਥਾ ਉਧਾਰ ਦੀ ਅਵਸਥਾ ਹੈ।

ਇਸ ਸ਼ਬਦ ਵਿਚ ਹੇਠਲੇ ਮਨੋ-ਵਿਗਿਆਨਕ ਸੁਝਾਅ ਦਿੱਤੇ ਹਨ ਜਿਹੜੇ ਮਨੁੱਖ ਨੂੰ 'ਪਤਿਤ' ਤੋਂ 'ਉਧਾਰ' ਦੀ ਅਵਸਥਾ ਤੱਕ ਲੈ ਜਾਂਦੇ ਹਨ ਅਤੇ ਉਸ ਨੂੰ 'ਜੀਵਨ ਪਦਵੀ' ਪਰਦਾਨ ਕਰਦੇ ਹਨ। ਇਹ ਸੁਝਾਅ ਸਮੁੱਚੇ ਤੌਰ ਤੇ ਸ਼ਬਦ ਦੀ ਭਾਵਨਾ ਨੂੰ ਵਿਚਾਰਨ ਨਾਲ ਸਪਸ਼ਟ ਹੁੰਦੇ ਹਨ।

੧. 'ਜੀਵਨ ਪਦਵੀ' ਵਲ ਪਹਿਲਾ ਕਦਮ ਤਦ ਹੀ ਚੁੱਕਿਆ ਜਾ ਸਕਦਾ ਹੈ, ਜੇ ਮਨੁੱਖ ਨੂੰ ਵਿਸ਼ਵਾਸ ਹੋਵੇ ਕਿ ਐਸੀ ਕੋਈ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ। ਭਾਵ ਮਨੁੱਖ ਕਮਜ਼ੋਰੀਆਂ ਤੋਂ ਬਹੁਤ ਉੱਚਾ ਚੜ੍ਹ ਸਕਦਾ ਹੈ ਭਾਵੇਂ ਉਹ ਇਸ ਵੇਲੇ ਜਾਂ ਕਿਸੇ ਵੇਲੇ ਕਮਜ਼ੋਰੀਆਂ ਦਾ ਸ਼ਿਕਾਰ ਹੈ। ਇਸ ਵਿਸ਼ਵਾਸ ਨੇ 'ਪਤਿਤ ਉਧਰਨ' ਦੇ ਵਿਚ ਸਹਾਇਤਾ ਕਰਨੀ ਹੈ—

'ਕਰੁਣਾ ਮੈ ਕਿਰਪਾਲ ਕ੍ਰਿਪਾ ਨਿਧਿ
ਜੀਵਨ ਪਦ ਨਾਨਕ ਹਰਿ ਦਰਸਨ ॥'

ਦੀ ਸਤਰ ਵਿਸ਼ਵਾਸ ਦਿਵਾ ਰਹੀ ਹੈ ਕਿ 'ਜੀਵਨ ਪਦ' ਕੋਈ ਅਵਸਥਾ ਹੈ ਅਤੇ ਉਹ ਅਵਸਥਾ ਐਸੀ ਹੈ ਜਿਥੇ ਮਨੁੱਖ ਨੂੰ ਆਪਣੇ ਅੰਦਰੋਂ 'ਹਰਿ ਦਰਸਨ' ਪ੍ਰਾਪਤ ਹੁੰਦੇ ਹਨ। ਮਨੁੱਖ ਦੀ ਸ਼ਖ਼ਸੀਅਤ ਵਿਚੋਂ ਵੇਖਣ ਵਾਲੇ ਨੂੰ 'ਹਰਿ ਦਰਸਨ' ਦਿਸਦੇ ਹਨ। ਮਨੁੱਖ ਦੀ ਸ਼ਖ਼ਸੀਅਤ ਵਿਚ ਹੀ 'ਹਰਿ ਦਰਸਨ' ਜਾਂ 'ਜੀਵਨ ਪਦ' ਵਾਲੀ ਕੋਈ ਅਵਸਥਾ ਹੈ ਅਤੇ ਮਨੁੱਖ ਇਸ ਆਦਰਸ਼ਕ ਅਵਸਥਾ ਤਕ ਪਹੁੰਚ ਸਕਦਾ ਹੈ।

੨. 'ਜੀਵਨ ਪਦ' ਜਾਂ 'ਹਰਿ ਦਰਸਨ' ਪਦ ਵਲ ਤੁਰਨ ਲਈ ਦੂਜਾ ਜ਼ਰੂਰੀ ਵਿਸ਼ਵਾਸ ਇਹ ਹੈ ਕਿ ਮੇਰੀ ਸਹਾਇਤਾ ਲਈ ਸ਼ਕਤੀ ਮੌਜੂਦ ਹੈ ਜੋ ਸਮਰੱਥ ਅਤੇ 'ਕਾਰਨ ਕਰਨ' ਹੈ। ਤੁਮ੍ ਸਮਰਥਾ ਕਾਰਨ ਕਰਨ' ਅਤੇ ਜਿਸ ਦਾ ਮੇਰੇ ਨਾਲ ਸੰਬੰਧ ਹੈ।

'ਕਰੁਣਾ ਮੈ ਕਿਰਪਾਲ ਕ੍ਰਿਪਾ ਨਿਧਿ
ਜੀਵਨ ਪਦ ਨਾਨਕ ਹਰਿ ਦਰਸਨ ॥'

ਇਹ ਸ਼ਕਤੀ ਸਦਾ ਮਨੁੱਖ ਦੀ ਸਹਾਇਤਾ ਲਈ ਤੱਤਪਰ ਹੈ, ਜੇ ਉਹ 'ਜੀਵਨ ਪਦ' ਵਲ ਵਧਣ ਦਾ ਯਤਨ ਕਰੇ। ਸਗੋਂ ਇਹ ਸ਼ਕਤੀ ਹੀ 'ਕਾਰਨ ਕਰਨ' ਹੋਣ ਕਰ ਕੇ ਮਨੁੱਖੀ

ਹਿਰਦੇ ਵਿਚ 'ਹਰਿ ਦਰਸਨ' ਦੇ 'ਜੀਵਨ ਪਦ' ਵਲ ਵਧਣ ਦੀ ਇੱਛਾ ਪੈਦਾ ਕਰਦੀ ਹੈ। ਇਸ ਸਹਾਇਕ ਸ਼ਕਤੀ ਦਾ ਵਿਸ਼ਵਾਸ 'ਜੀਵਨ ਪਦ' ਦੇ ਮਾਰਗ ਤੇ ਉੱਨਤੀ ਲਈ ਬੜਾ ਲੋੜੀਂਦਾ ਤੇ ਲਾਭਕਾਰੀ ਹੈ।

੩. 'ਜੀਵਨ ਪਦ' ਵਲ ਤਾਂ ਉਹ ਵਧ ਸਕਦਾ ਹੈ ਜਿਸ ਨੂੰ ਇਹ ਖ਼ਿਆਲ ਹੋ ਜਾਏ ਕਿ ਉਹ 'ਊਰਾ' ਹੈ, 'ਪੂਰਾ' ਨਹੀਂ। ਜਿਸ ਨੂੰ ਵਿਸ਼ਵਾਸ ਹੋ ਜਾਏ ਕਿ ਉਸ ਵਿਚ ਕਮਜ਼ੋਰੀਆਂ ਹੈਨ—ਕਦੀ ਉਸ ਨੂੰ ਕਾਮ ਦਬੋਚ ਲੈਂਦਾ ਹੈ, ਕਦੀ ਉਹ ਕ੍ਰੋਧ ਦੇ ਪਰਵੱਸ ਹੋ ਜਾਂਦਾ ਹੈ, ਕਦੇ ਉਹ ਲੋਭ ਦੇ ਅਧੀਨ ਹੁੰਦਾ ਹੈ। ਜਿਸ ਮਨੁੱਖ ਨੂੰ ਪਹਿਲਾਂ ਹੀ ਪੂਰਾ ਹੋਣ ਦਾ ਵਿਸ਼ਵਾਸ ਹੈ ਉਹ ਹੋਰ ਉੱਨਤੀ ਨਹੀਂ ਕਰ ਸਕਦਾ। ਬਹੁਤ ਵਾਰੀ ਜਿਨ੍ਹਾਂ ਨੂੰ 'ਪੂਰਾ' ਹੋਣ ਦਾ ਵਿਸ਼ਵਾਸ ਹੁੰਦਾ ਹੈ ਉਹਨਾਂ ਦੀ ਅਸਲ ਅਵਸਥਾ—

'ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੁਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥'

ਜੀਵਨ ਪਦਵੀ ਦੇ ਆਸ਼ਕ ਅੰਦਰ ਅੱਗ ਦਾ ਇਕ ਭਾਂਬੜ ਹੁੰਦਾ ਹੈ, ਸੁਆਹ ਨਹੀਂ ਹੁੰਦੀ, ਉਸ ਅੰਦਰ ਕਿਸੇ ਆਦਰਸ਼ ਤੇ ਪਹੁੰਚਣ ਲਈ ਲਟ ਲਟ ਅੱਗ ਬਲ ਰਹੀ ਹੁੰਦੀ ਹੈ। ਪਰ ਇਹ ਸਭ ਕੁਝ ਉਸੇ ਦੇ ਅੰਦਰ ਹੀ ਹੋ ਸਕਦਾ ਹੈ ਜਿਸ ਨੂੰ ਵਿਸ਼ਵਾਸ ਹੋਵੇ ਕਿ ਮੈਂ ਕੋਈ ਪੈਂਡਾ ਮੁਕਾਉਣਾ ਹੈ ਅਤੇ ਮੈਂ ਕਿਧਰੇ ਪਹੁੰਚਣਾ ਹੈ। ਜਿਸ ਨੂੰ ਪਹਿਲਾਂ ਵਿਸ਼ਵਾਸ ਹੈ ਕਿ ਮੈਂ ਕਿਧਰੇ ਪਹੁੰਚਿਆ ਹੋਇਆ ਹਾਂ, ਉਸ ਨੇ ਹੋਰ ਉੱਨਤੀ ਕੀ ਕਰਨੀ ਹੈ! ਇਸ ਦਸ਼ਾ ਦੀ ਨਿਮਰਤਾ ਵਿਚੋਂ ਇਸ ਸ਼ਬਦ ਦੀਆਂ ਇਹ ਤੁਕਾਂ ਨਿਕਲਦੀਆਂ ਹਨ।

'ਢਾਕਨ ਢਾਕਿ ਗੋਬਿਦ ਗੁਰ ਮੇਰੇ
ਮੋਹਿ ਅਪਰਾਧੀ ਸਰਨ ਚਰਨ ॥
ਜੋ ਜੋ ਕੀਨੋ ਸੋ ਤੁਮੁ ਜਾਨਿਓ
ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ ॥......
ਹਮਰੋ ਸਹਾਉ ਸਦਾ ਸਦ ਭੂਲਨ
ਤੁਮ੍ਰੋ ਬਿਰਦੁ ਪਤਿਤ ਉਧਰਨ ॥'

੪. 'ਹਰਿ ਦਰਸਨ' ਅਵਸਥਾ ਤਕ ਉਹ ਪਹੁੰਚਦਾ ਹੈ ਜਿਸ ਨੂੰ ਵਿਸ਼ਵਾਸ ਹੋਵੇ ਕਿ ਭਾਵੇਂ ਪਿਛੇ ਮੈਂ ਕੀ ਕਰ ਰਿਹਾ ਹਾਂ, ਮੈਂ ਅਗਲਾ ਜੀਵਨ ਪ੍ਰਭੂ ਕ੍ਰਿਪਾ ਨਾਲ ਸੁਆਰ ਸਕਦਾ ਹਾਂ ਅਤੇ ਜਿਸ ਨੂੰ ਵਿਸ਼ਵਾਸ ਹੋਵੇ ਕਿ ਪ੍ਰਭੂ ਪਿਛਲੇ ਔਗੁਣ ਬਖ਼ਸ਼ਣ ਵਾਲਾ ਅਤੇ ਅੱਗੋਂ ਮਾਰਗ ਪਾਉਣ ਵਾਲਾ ਹੈ। ਪ੍ਰਭੂ ਬਦਲੇ ਨਹੀਂ ਲੈਂਦਾ ਸਗੋਂ ਜਦੋਂ ਵੀ ਕੋਈ ਮਨੁੱਖ ਸੱਚੇ ਦਿਲੋਂ ਆਪਣੀ ਕਮਜ਼ੋਰੀ ਨੂੰ ਅਨੁਭਵ ਕਰ ਜਾਂਦਾ ਹੈ ਅਤੇ ਆਪਣਾ 'ਉਧਾਰ' ਚਾਹੁੰਦਾ ਹੈ, ਪ੍ਰਭੂ ਉਦੋਂ ਹੀ ਉਸ ਦੀ ਮਦਦ ਲਈ ਆ ਜਾਂਦਾ ਹੈ। ਪ੍ਰਭੂ ਕਿਧਰੇ ਦੂਰ ਤਾਂ ਨਹੀਂ ਬੈਠਾ ਹੁੰਦਾ। ਮਨੁੱਖ ਦੇ ਅੰਦਰੋਂ ਹੀ 'ਹਰਿ ਦਰਸਨ' ਫੁਟ ਨਿਕਲਦੇ ਹਨ, ਉਸ ਦੇ ਅੰਦਰੋਂ ਹੀ ਉਤਮ ਪ੍ਰੇਰਨਾ ਜਾਗ ਪੈਂਦੀ ਹੈ। ਕੋਈ ਮਨੁੱਖ ਇਹ ਮੰਨਣ ਦੀ ਦਲੇਰੀ ਕਰ ਲਵੇ ਕਿ ਉਹ ਭੁੱਲ ਸਕਦਾ ਹੈ ਅਤੇ ਕਈ ਭੁੱਲਾਂ ਕਰਦਾ ਰਿਹਾ ਹੈ, ਉਸ ਅੰਦਰ ਉੱਨਤੀ ਕਰਨ ਦੀ ਸਮਰੱਥਾ ਜਾਗ ਪੈਂਦੀ ਹੈ ਅਤੇ ਉਹ 'ਹਰਿ ਦਰਸਨ' ਦੀ 'ਜੀਵਨ

ਪਦਵੀ' ਵਲ ਵਧਣਾ ਸ਼ੁਰੂ ਕਰ ਦੇਂਦਾ ਹੈ। ਹਰ ਸੰਤ ਦਾ ਪਿਛਲਾ ਜੀਵਨ ਹੈ, ਜਿਸ ਵਿਚ ਇਹ ਪਤਾ ਨਹੀਂ ਉਹ ਕੀ ਸੀ ਅਤੇ ਹਰ ਅਸੰਤ ਦੇ ਸਾਹਮਣੇ ਉਸ ਦਾ ਭਵਿੱਖ ਹੈ ਜਿਸ ਵਿਚ ਪਤਾ ਨਹੀਂ ਉਹ ਕੀ ਬਣ ਜਾਏ। ਇਸ ਲਈ ਹਰ ਮਨੁੱਖ ਦੇ ਅੰਦਰ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਉਹ ਆਪਣੀ ਕਿਸੇ ਵੀ ਕਮਜ਼ੋਰ ਜਾਂ ਜ਼ਲੀਲ ਦਸ਼ਾ ਨੂੰ ਬਦਲ ਸਕਦਾ ਹੈ ਅਤੇ ਇਹੋ ਜਿਹੇ ਯਤਨਾਂ ਵਿਚ ਪਰਮਾਤਮਾ ਸਦਾ ਮਨੁੱਖ ਦੇ ਨਾਲ ਹੈ।

ਕਿਸੇ ਮਨੁੱਖ ਵਿਚ ਆਪਣੇ ਕੀਤੇ ਹੋਏ ਪਾਪਾਂ ਨੂੰ ਤੇ ਅਪਰਾਧਾਂ ਨੂੰ ਮੰਨਣ ਦੀ ਦਲੇਰੀ ਜਾਗ ਪਏ ਤਾਂ ਸਮਝੋ ਕਿ ਉਸ ਵਿਚ ਜੀਵਨ ਪਦਵੀ ਵਲ ਵਧਣ ਦਾ ਬਲ ਪੈਦਾ ਹੋ ਗਿਆ ਹੈ। ਜੋ ਮਨੁੱਖ ਆਪਣੇ ਆਪ ਨੂੰ ਅਭੁੱਲ ਮੰਨਦਾ ਹੈ, ਉਹ ਹੋਰ ਉੱਨਤੀ ਕੀ ਕਰ ਸਕਦਾ ਹੈ ਅਤੇ ਜੋ ਆਪਣੇ ਆਪ ਨੂੰ ਭੁੱਲਣਹਾਰ ਮੰਨਦਾ ਹੈ, ਉਹ ਕਿਹੜੀ ਉੱਨਤੀ ਨਹੀਂ ਕਰ ਸਕਦਾ। ਉਸ ਨੂੰ ਹਰ ਪਦਵੀ ਪ੍ਰਾਪਤ ਹੋ ਸਕਦੀ ਹੈ।

੫. ਜਿਸ ਮਨੁੱਖ ਵਿਚ ਇਹ ਅਰਦਾਸ ਕਰਨ ਦੀ ਪ੍ਰੇਰਨਾ ਜਾਗ ਪਏ—

'ਢਾਕਨ ਢਾਕਿ ਗੋਬਿਦ ਗੁਰ ਮੇਰੇ
ਮੋਹਿ ਅਪਰਾਧੀ ਸਰਨ ਚਰਨ ॥'

ਸਮਝੋ ਕਿ ਉਹ ਜ਼ਰੂਰ ਇਕ ਦਿਨ 'ਹਰਿ ਦਰਸਨ' ਦੇ 'ਜੀਵਨ ਪਦ' ਤਕ ਪਹੁੰਚ ਜਾਏਗਾ।

ਸੋ ਇਸ ਸ਼ਬਦ ਵਿਚ 'ਜੀਵਨ-ਪਦ' ਦੀ ਵਿਆਖਿਆ ਇਹ ਕੀਤੀ ਹੈ ਕਿ ਮਨੁੱਖ ਨੂੰ ਆਪਣੇ ਅੰਦਰੋਂ ਹੀ 'ਹਰਿ ਦਰਸਨ' ਹੋਵੇ ਅਤੇ ਇਸ ਪਦ ਤੀਕ ਪਹੁੰਚਣ ਲਈ ਬੜੇ ਸਾਰਥਕ ਮਨੋ-ਵਿਗਿਆਨਕ ਸੁਝਾਅ ਦਿੱਤੇ ਹਨ। ਇਹ ਸੁਝਾਅ ਕਿਸੇ ਮਨੁੱਖ ਅੰਦਰ ਆਪਣੀ ਹੋਣੀ ਬਦਲਣ ਦਾ ਉਤਸ਼ਾਹ ਤੇ ਬਲ ਪੈਦਾ ਕਰ ਸਕਦੇ ਹਨ।

## ੧੨. ਦਾਤੇ

ਬਿਲਾਵਲੁ ਮਹਲਾ ੫ ॥

ਐਸੀ ਕਿਰਪਾ ਮੋਹਿ ਕਰਹੁ ॥
ਸੰਤਹ ਚਰਣ ਹਮਾਰੋ ਮਾਥਾ
ਨੈਨ ਦਰਸੁ ਤਨਿ ਧੂਰਿ ਪਰਹੁ ॥ ੧ ॥ ਰਹਾਉ ॥
ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ
ਹਰਿਨਾਮਾ ਮਨ ਸੰਗਿ ਧਰਹੁ ॥
ਤਸਕਰ ਪੰਚ ਨਿਵਾਰਹੁ ਠਾਕੁਰ
ਸਗਲੋ ਭਰਮਾ ਹੋਮਿ ਜਰਹੁ ॥੧॥
ਜੋ ਤੁਮ੍ ਕਰਹੁ ਸੋਈ ਭਲ ਮਾਨੈ
ਭਾਵਨੁ ਦੁਬਿਧਾ ਦੂਰਿ ਟਰਹੁ ॥
ਨਾਨਕ ਕੇ ਪ੍ਰਭ ਤੁਮਹੀ ਦਾਤੇ
ਸੰਤ ਸੰਗਿ ਲੇ ਮੋਹਿ ਉਧਰਹੁ ॥ ੨ ॥ ੩ ॥ ੧੧੯ ॥

ਸਾਰੀ ਬਾਣੀ ਵਿਚ ਪਰਮਾਤਮਾ ਬਾਰੇ ਇਕ ਵੱਡੀ ਗੱਲ ਇਹ ਮੰਨੀ ਹੈ ਕਿ ਉਹ 'ਦਾਤਾ' ਹੈ. ਸਭ ਕੁਝ ਮਨੁੱਖ ਨੂੰ ਦੇਣ ਵਾਲਾ ਹੈ। ਦਾਤ ਹੀ ਉਸ ਦਾ 'ਨੀਸਾਣੁ' ਹੈ— 'ਗਾਵੈ ਕੋ ਦਾਤਿ ਜਾਣੈ 'ਨੀਸਾਣੁ'; ਉਹ ਸਭ ਕੁਝ ਦੇਣ ਵਾਲਾ ਹੈ – 'ਦੇਦਾ ਦੇ ਲੈਦੇ ਥਕਿ ਪਾਹਿ,' ਸਭ ਨੇ ਉਸ ਪਾਸੋਂ ਮੰਗਣਾ ਹੈ ਅਤੇ ਉਸ ਨੇ ਹੀ ਸਭ ਕੁਝ ਦੇਣਾ ਹੈ— 'ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ' ॥ ਸੋ ਪਰਮਾਤਮਾ 'ਦਾਤਾ' ਹੈ।

ਇਸ ਸ਼ਬਦ ਵਿਚ ਗੁਰੂ ਜੀ ਆਪਣੀ ਯਾਚਨਾ ਦੁਆਰਾ ਸਾਨੂੰ ਇਹ ਸਿਖਾਉਂਦੇ ਹਨ ਕਿ ਪਰਮਾਤਮਾ ਪਾਸੋਂ ਮੰਗਣਾ ਕੀ ਚਾਹੀਦਾ ਹੈ ? ਸਾਡੀ ਕੀ ਮੰਗ ਵਧੇਰੇ ਸੁਖਦਾਈ ਤੇ ਸ਼ੋਭਨੀਕ ਹੈ ? ਪਰਮਾਤਮਾ ਤਾਂ ਸਭ ਕੁਝ ਦੇਣ ਵਾਲਾ ਹੈ। ਪਰ ਬਹੁਤੀ ਵਾਰੀ ਯਾਚਨਾ ਅਸੀਂ ਉਸ ਚੀਜ਼ ਦੀ ਕਰਦੇ ਰਹਿੰਦੇ ਹਾਂ ਜਿਹੜੀ ਬਹੁਤ ਕੀਮਤੀ ਨਹੀਂ ਹੁੰਦੀ ਅਤੇ ਜਿਹੜੀ ਜੀਵਨ ਲਈ ਕਲਿਆਣਕਾਰੀ ਨਹੀਂ ਹੁੰਦੀ, ਸਗੋਂ ਮਨੁੱਖ ਦੇ ਉਧਾਰ ਵਿਚ— 'ਸੰਤ ਸੰਗਿ ਲੇ ਮੋਹਿ ਉਧਰਹੁ'—ਬੰਧਨ ਹੋ ਜਾਂਦੀ ਹੈ। ਅਸੀਂ ਦੌਲਤ ਮੰਗਦੇ ਹਾਂ; ਉੱਚੀਆਂ ਸੰਸਾਰਕ ਪਦਵੀਆਂ ਮੰਗਦੇ ਹਾਂ; ਸ਼ੋਭਾ ਅਤੇ ਵਡਿਆਈ ਮੰਗਦੇ ਹਾਂ; ਸੰਸਾਰਕ ਸਫਲਤਾ ਮੰਗਦੇ ਹਾਂ, ਪਰ ਉਹ ਚੀਜ਼ ਨਹੀਂ ਮੰਗਦੇ ਜਿਸ ਦੇ ਅਧੀਨ ਹਨ, ਇਹ ਸਾਰੀਆਂ ਸਿੱਧੀਆਂ।

ਜੇ ਸਾਡੇ ਮਨ ਵਿਚ ਉਸ 'ਦਾਤੇ' ਦਾ ਆਪਣਾ ਵਾਸ ਹੋ ਜਾਏ ਤਾਂ ਕੀ ਧਨ, ਦੌਲਤ, ਸ਼ੋਭਾ, ਵਡਿਆਈ, ਹੁਕਮ ਤੇ ਪਦਵੀ ਆਪਣੇ ਆਪ ਪ੍ਰਾਪਤ ਨਹੀਂ ਹੋ ਜਾਂਦੇ ?

ਜੇ 'ਦਾਤੇ' ਦਾ ਸਾਡੇ ਮਨ ਵਿਚ ਨਿਵਾਸ ਹੋ ਜਾਏ ਤਾਂ ਮਨੁੱਖ ਦੇ ਅੰਦਰ ਇਤਨੀ ਅਮੀਰੀ ਪੈਦਾ ਹੋ ਜਾਂਦੀ ਹੈ ਕਿ ਉਸ ਨੂੰ ਕੁਝ ਵੀ ਮੰਗਣ ਦੀ ਲੋੜ ਨਹੀਂ ਭਾਸਦੀ; ਉਸ ਦੇ ਅੰਦਰ ਇਤਨੀ ਉਚਾਈ ਆ ਜਾਂਦੀ ਹੈ ਕਿ ਸੰਸਾਰ ਦੀਆਂ ਨੀਵੀਆਂ ਤੇ ਉੱਚੀਆਂ ਪਦਵੀਆਂ ਉਸ ਨੂੰ ਹੇਚ ਜਾਪਦੀਆਂ ਹਨ; ਉਸ ਦੇ ਅੰਦਰ ਇਤਨੀ ਸੁਗੰਧ ਹੁੰਦੀ ਹੈ ਕਿ ਉਹ ਸ਼ੋਭਾ ਤੇ ਵਡਿਆਈ ਦਾ ਮੁਥਾਜ ਨਹੀਂ ਰਹਿ ਜਾਂਦਾ। ਉਹ ਆਦਮੀ ਆਪ ਪਰਮੇਸਰੁ ਹੁੰਦਾ ਹੈ ਜਿਸ ਦੇ ਹਿਰਦੇ ਵਿਚ 'ਦਾਤੇ' ਦਾ ਨਿਵਾਸ ਹੈ। ਤਾਂ ਤੇ 'ਦਾਤੇ' ਦੇ ਨਿਵਾਸ ਨਾਲ ਮਨੁੱਖ ਇਤਨੀ ਮਸਤੀ ਤੇ ਵਿਸਮਾਦ ਵਿਚ ਆ ਜਾਂਦਾ ਹੈ ਕਿ ਉਸ ਨੂੰ ਕੁਝ ਮੰਗਣ ਲਈ ਅਹੁੜਦਾ ਹੀ ਨਹੀਂ ਅਤੇ ਨਾ ਹੀ ਲੋੜ ਅਨੁਭਵ ਹੁੰਦੀ ਹੈ। ਉਹ ਤਾਂ ਸਿੰਘਾਸਨ ਤੇ ਜਾ ਚੜ੍ਹਦਾ ਹੈ ਅਤੇ ਉਸ ਵਾਯੂ ਮੰਡਲ ਦਾ ਵਾਸੀ ਹੋ ਜਾਂਦਾ ਹੈ ਜਿਸ ਦੇ ਵਾਸੀ ਹੋਣ ਦਾ ਭਗਤ ਰਵਿਦਾਸ ਜੀ ਨੇ ਦਾਅਵਾ ਕੀਤਾ ਹੋਇਆ ਹੈ :

ਬੇਗਮ ਪੁਰਾ ਸਹਰ ਕੋ ਨਾਉ ॥  
ਦੂਖੁ ਅੰਦੋਹੁ ਨਹੀ ਤਿਹ ਠਾਉ ॥  
ਨਾਂ ਤਸਵੀਸ ਖਿਰਾਜੁ ਨ ਮਾਲੁ ॥  
ਖਉਫੁ ਨ ਖਤਾ ਨ ਤਰਸੁ ਜਵਾਲੁ ॥  
ਅਬ ਮੋਹਿ ਖੂਬ ਵਤਨ ਗਹ ਪਾਈ ॥  
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥  
ਕਾਇਮੁ ਦਾਇਮੁ ਸਦਾ ਪਾਤਿਸਾਹੀ ॥  
ਦੋਮ ਨ ਸੇਮ ਏਕ ਸੋ ਆਹੀ ॥  
ਆਬਾਦਾਨੁ ਸਦਾ ਮਸਹੂਰ ॥  
ਊਹਾਂ ਗਨੀ ਬਸਹਿ ਮਾਮੂਰ ॥ ੨ ॥  
ਤਿਉ ਤਿਉ ਸੈਲ ਕਰਹਿ ਜਿਉ ਭਾਵਹਿ ॥  
ਮਹਰਮ ਮਹਲ ਨ ਕੋ ਅਟਕਾਵੈ ॥  
ਕਹਿ ਰਵਿਦਾਸ ਖਲਾਸ ਚਮਾਰਾ ॥  
ਜੋ ਹਮ ਸਹਰੀ ਸੁ ਮੀਤੁ ਹਮਾਰਾ ॥ ੩ ॥ ੨ ॥

ਹਿਰਦੇ ਵਿਚ 'ਦਾਤੇ' ਦੇ ਨਿਵਾਸ ਨਾਲ ਮਨੁੱਖ ਅੰਦਰ ਅਥਾਹ ਬਲ ਅਤੇ ਅਮੀਰੀ ਪੈਦਾ ਹੋ ਜਾਂਦੀ ਹੈ ਅਤੇ ਉਹ ਹਰ ਤਰ੍ਹਾਂ ਸਰਦਾ ਪੁਜਦਾ ਤੇ ਮਹਾਨ ਹੋ ਜਾਂਦਾ ਹੈ। ਤਾਂ ਤੇ ਮੰਗਣ ਵਾਲੀ ਸਭ ਤੋਂ ਵੱਡੀ ਚੀਜ਼ ਇਹ ਹੈ ਕਿ ਹੇ ਪਰਮਾਤਮਾ ! ਜੇ ਤੂੰ ਮੇਰੇ ਤੇ ਕਿਰਪਾ ਕਰਨ ਲੱਗਾ ਹੈਂ ਤਾਂ ਆਪ ਮੇਰੇ ਹਿਰਦੇ ਵਿਚ ਬੈਠ।

ਪਰ 'ਦਾਤੇ' ਨੂੰ ਹਿਰਦੇ ਵਿਚ ਲਿਆਉਣ ਲਈ ਜਿਸ ਯਾਚਨਾ ਦੀ ਲੋੜ ਹੈ ਉਸ ਦਾ ਵਿਸਥਾਰ ਗੁਰੂ ਜੀ ਨੇ ਇਸ ਸ਼ਬਦ ਵਿਚ ਇਸ ਤਰ੍ਹਾਂ ਕੀਤਾ ਹੈ :—

੧. ਸੰਤਹ ਚਰਣ ਹਮਾਰੋ ਮਾਥਾ :—ਹੇ ਮੇਰੇ ਪਰਮਾਤਮਾ ! ਜੇ ਮੇਰੇ ਤੇ ਕਿਰਪਾ ਕਰਨ ਲੱਗਾ ਹੈਂ ਤਾਂ ਕਿਰਪਾ ਇਹ ਕਰ ਕਿ ਮੈਨੂੰ ਸੰਤਾਂ ਦੇ ਚਰਨਾਂ 'ਚ ਮੱਥਾ ਰੱਖਣਾ ਨਸੀਬ ਹੋਵੇ, ਮੈਨੂੰ ਗੁਰੂ ਦੇ ਚਰਨਾਂ ਵਿਚ ਮੱਥਾ ਰੱਖਣਾ ਨਸੀਬ ਹੋਵੇ।

ਸੰਤਾਂ ਦੇ ਚਰਨਾਂ ਦੀ ਛੁਹ ਮਨੁੱਖ ਨੂੰ ਨਿਮਰਤਾ ਦੇਂਦੀ ਹੈ, ਪਵਿੱਤਰਤਾ ਦੇਂਦੀ ਹੈ

ਤੇ ਉਸ ਨੂੰ ਮਹਾਨ ਕਰਦੀ ਹੈ। ਸੰਤਾਂ ਦੀ ਕਿਰਪਾ ਦ੍ਰਿਸ਼ਟੀ ਮਨੁੱਖ ਦਾ ਉਧਾਰ ਕਰਦੀ ਹੈ। ਮਹਾਂ ਪੁਰਸ਼ ਵੀ ਸੰਤ ਹਨ, ਪਰ ਗੁਰੂ ਸੰਤਾਂ ਦਾ ਵੀ ਸੰਤ। ਸੰਗਤ ਸੰਤ ਰੂਪ ਹੈ। ਗੁਰੂ ਦੇ ਚਰਨਾਂ ਤੇ ਮੱਥਾ ਰੱਖਣ ਦੀ ਯਾਚਨਾ ਕੀਤੀ ਹੈ। ਗੁਰੂ ਦੇ ਚਰਨਾਂ ਤੇ ਮੱਥਾ ਰੱਖਿਆ ਜਾਇਗਾ ਜੇ ਉਸ ਦੀ ਬਾਣੀ ਦਾ ਵਿਚਾਰ ਕੀਤਾ ਜਾਏ। ਜਪੁਜੀ ਸਾਹਿਬ ਦਾ ਪਾਠ ਤੇ ਵਿਚਾਰ ਗੁਰੂ ਨਾਨਕ ਸਾਹਿਬ ਦੇ ਚਰਨਾਂ ਤੇ ਮੱਥਾ ਰੱਖਣ ਦੇ ਤੁੱਲ ਹੈ; ਸੁਖਮਨੀ ਸਾਹਿਬ ਦਾ ਪਾਠ ਤੇ ਵਿਚਾਰ ਗੁਰੂ ਅਰਜਨ ਸਾਹਿਬ ਦੇ ਚਰਨਾਂ ਤੇ ਮੱਥਾ ਰੱਖਣ ਦੇ ਤੁੱਲ ਹੈ। ਜਪੁਜੀ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਸਾਖਿਆਤ ਦਰਸ਼ਨ ਹਨ, ਸੁਖਮਨੀ ਸਾਹਿਬ ਗੁਰੂ ਅਰਜਨ ਸਾਹਿਬ ਦੇ ਸਾਖਿਆਤ ਦਰਸ਼ਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੱਥਾ ਰੱਖਣਾ ਗੁਰੂ ਦੇ ਚਰਨਾਂ ਤੇ ਮੱਥਾ ਰੱਖਣਾ ਹੈ। ਪਰ ਕੇਵਲ ਨਿਊਣਾ ਹੀ ਤਾਂ ਕਾਫੀ ਨਹੀਂ। ਮੱਥਾ ਰੱਖਣ ਦਾ ਭਾਵ ਗੁਰੂ ਸਾਹਿਬ ਦੀ ਸਿੱਖਿਆ ਨੂੰ ਪਰਵਾਨ ਕਰਨਾ ਹੈ ਅਤੇ ਦ੍ਰਿੜ੍ਹ ਹੋ ਕੇ ਉਸ ਸਿੱਖਿਆ ਦਾ ਪਾਬੰਦ ਹੋਣਾ ਹੈ।

੨. ਨੈਨ ਦਰਸੁ :—ਦੂਜੀ ਮੰਗ 'ਦਾਤੇ' ਤੋਂ ਇਹ ਮੰਗਣੀ ਹੈ ਕਿ ਜੇ ਮੇਰੇ ਤੇ ਕਿਰਪਾ ਕਰਨ ਲੱਗਾ ਹੈਂ ਤਾਂ ਮੇਰੇ ਨੈਣਾਂ ਵਿਚ ਆਪਣਾ ਦਰਸ਼ਨ ਲਟਕਾ ਦੇ, ਮੇਰੇ ਨੈਣਾਂ ਵਿਚ ਤੱਤੀ ਤਵੀ ਤੇ ਬੈਠੇ ਗੁਰੂ ਅਰਜਨ ਸਾਹਿਬ ਦਾ ਦਰਸ਼ਨ ਪੈਦਾ ਕਰ ਦੇ; ਮੇਰੇ ਨੈਣਾਂ ਵਿਚ ਚਾਂਦਨੀ ਚੌਕ ਵਿਚ ਸ਼ਹੀਦ ਹੋਏ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਦਰਸ਼ਨ ਲਟਕਾ ਦੇ; ਮੇਰੇ ਨੈਣਾਂ ਵਿਚ ਚਮਕੌਰ ਦੀ ਗੜ੍ਹੀ ਅਤੇ ਸਰਹੰਦ ਦੀ ਨੀਂਹ ਵਿਚ ਸ਼ਹੀਦ ਹੁੰਦੇ ਸਾਹਿਬਜ਼ਾਦਿਆਂ ਦੇ ਦਰਸ਼ਨ ਲਟਕਾ ਦੇ, ਮੇਰੇ ਨੈਣਾਂ ਵਿਚ ਭਾਈ ਮਨੀ ਸਿੰਘ, ਭਾਈ ਮਤੀ ਦਾਸ, ਅਤੇ ਭਾਈ ਤਾਰੂ ਸਿੰਘ ਦਾ ਦਰਸ਼ਨ ਲਟਕਾ ਦੇ। ਨੈਣਾਂ ਵਿਚ ਦਰਸ਼ਨ ਦਾ ਭਾਵ ਉਹਨਾਂ ਆਦਰਸ਼ਾਂ ਦੀ ਮਹਾਨਤਾ ਨੂੰ ਪ੍ਰਵਾਨ ਕਰਨਾ ਹੈ ਜਿਨ੍ਹਾਂ ਲਈ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਤੇ ਹੋਰ ਅਨੇਕ ਸ਼ਹੀਦ ਸ਼ਹਾਦਤ ਨੂੰ ਪ੍ਰਾਪਤ ਹੋਏ। ਜਿਨ੍ਹਾਂ ਲਈ ਹੱਠੀਆਂ, ਜਪੀਆਂ ਅਤੇ ਤਪੀਆਂ ਨੇ ਘਾਲਣਾ ਘਾਲੀ ਹੈ, ਜਿਨ੍ਹਾਂ ਆਦਰਸ਼ਾਂ ਦੀ ਵਿਆਖਿਆ ਜਪੁ, ਜਾਪੁ ਤੇ ਸੁਖਮਨੀ ਕਰਦੇ ਹਨ, ਜਿਨ੍ਹਾਂ ਆਦਰਸ਼ਾਂ ਦੀ ਵਿਆਖਿਆ ਸਾਰਾ ਗੁਰੂ ਗ੍ਰੰਥ ਸਾਹਿਬ ਕਰਦਾ ਹੈ, ਜਿਨ੍ਹਾਂ ਦੀ ਵਿਆਖਿਆ ਸਾਰਾ ਸਿੱਖ ਇਤਿਹਾਸ ਕਰਦਾ ਹੈ। ਇਹ ਦਰਸ਼ਨ ਸਾਖਿਆਤ ਪਰਮਾਤਮਾ ਦੇ ਦਰਸ਼ਨ ਹਨ। ਇਨ੍ਹਾਂ ਆਦਰਸ਼ਾਂ ਲਈ ਨੈਣਾਂ ਵਿਚ ਖਿੱਚ ਪੈਦਾ ਹੋ ਜਾਣੀ—ਹੀ ਪ੍ਰਮਾਤਮਾ ਅਤੇ ਗੁਰੂ ਦੇ ਸਾਖਿਆਤ ਦਰਸ਼ਨ ਹਨ। ਹੇ ਮੇਰੇ ਪਰਮਾਤਮਾ! ਮੇਰੀਆਂ ਅੱਖਾਂ ਵਿਚ ਇਹ ਦਰਸ਼ਨ ਪੈਦਾ ਕਰ।

੩. ਤਨਿ ਧੂਰਿ ਪਰਹੁ :—ਇਹ ਤੀਜੀ ਮੰਗ ਹੈ। ਹੇ ਮੇਰੇ ਪਰਮਾਤਮਾ! ਜੇ ਮੇਰੇ ਤੇ ਕਿਰਪਾ ਕਰਨ ਲੱਗਾ ਹੈਂ ਤਾਂ ਮੈਨੂੰ ਨਿਮਰਤਾ ਬਖ਼ਸ਼ ਦੇ, ਮੈਂ ਸੰਤਾਂ ਤੇ ਗੁਰੂ ਨੂੰ ਡੰਡੌਤ ਕਰਾਂ ਅਤੇ ਮੇਰੇ ਸਰੀਰ ਤੇ ਉਨ੍ਹਾਂ ਮਹਾਂ ਪੁਰਸ਼ਾਂ ਦੀ ਧੂੜ ਲੱਗੇ।

੪. ਗੁਰ ਕੈ ਸਬਦੁ ਮੇਰੋ ਹੀਅਰੈ ਬਾਸੈ :—ਹੇ ਮੇਰੇ ਪਰਮਾਤਮਾ! ਜੇ ਮੇਰੇ ਤੇ ਕਿਰਪਾ ਕਰਨ ਲੱਗਾ ਹੈਂ ਤਾਂ ਮੇਰੇ ਹਿਰਦੇ ਵਿਚ ਬਾਣੀ ਦਾ ਨਿਵਾਸ ਬਖ਼ਸ਼! ਮੈਨੂੰ ਉਹ ਅਸੂਲ ਪਿਆਰੇ ਲੱਗਣ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਕਾਰੇ ਗਏ ਹਨ ਅਤੇ ਪਰਚਾਰੇ ਗਏ ਹਨ। ਨਿਤਨੇਮ ਦੀਆਂ ਬਾਣੀਆਂ ਸਾਰ ਰੂਪ ਵਿਚ ਉਹ ਸਾਰੇ ਅਸੂਲ ਦ੍ਰਿੜ੍ਹ ਕਰਾਉਂਦੀਆਂ ਹਨ। ਮੇਰੇ ਹਿਰਦੇ ਵਿਚ ਨਿਤਨੇਮ ਦੀ ਇੱਛਾ ਜਗਾ ਦੇ ਅਤੇ ਰੋਜ਼ ਇਸ ਰਾਮ ਸਰੋਵਰ

ਵਿਚ ਇਸ਼ਨਾਨ ਕਰਾਂ; ਤਾਂ ਜੋ ਮੇਰੇ ਮਨ ਵਿਚ ਰਤਨ ਜਵਾਹਰ ਤੇ ਮਾਣਿਕ ਉਗਮ ਪੈਣ। ਹੇ 'ਦਾਤੇ' ! ਮੈਨੂੰ ਇਹ ਬਖਸ਼ਿਸ਼ ਕਰ।

੫. ਹਰਿਨਾਮਾ ਮਨ ਸੰਗਿ ਧਰਹੁ :—ਹੇ 'ਦਾਤੇ' ! ਮੈਨੂੰ ਨਾਮ ਦੀ ਦਾਤ ਦੇ। ਤੇਰਾ ਨਾਮ ਉਹ ਹੈ ਜੋ ਸਦਾ ਮਨ ਦੇ ਸੰਗ ਰਹਿੰਦਾ ਹੈ ਅਤੇ ਮਨੁੱਖ ਨੂੰ ਡਿੱਗਣ ਡੋਲਣ ਤੋਂ ਬਚਾ ਲੈਂਦਾ ਹੈ, ਉਸ ਅੰਦਰ ਸੱਚ ਲਈ ਦ੍ਰਿੜ੍ਹਤਾ, ਜੁਰਅਤ ਤੇ ਬਲ ਪੈਦਾ ਕਰਦਾ ਹੈ। ਨਾਮ ਤੇਰਾ ਆਪਣਾ ਹੀ ਸਰੂਪ ਹੈ। ਇਸ ਲਈ ਹੇ 'ਦਾਤੇ' ! ਤੂੰ ਆਪ ਮੇਰੇ ਅੰਗ ਸੰਗ ਰਹਿ।

੬. ਤਸਕਰ ਪੰਚ ਨਿਵਾਰਹੁ ਠਾਕਰੁ :—ਹੇ 'ਦਾਤੇ' ! ਤੂੰ ਮੈਨੂੰ ਦੌਲਤ ਬਖ਼ਸ਼ੀ ਹੋਈ ਹੈ, ਇਖ਼ਲਾਕ ਤੇ ਸਦਾਚਾਰ ਦੀ। ਪਰ ਕਿਰਪਾ ਕਰ, ਮੇਰੀ ਇਸ ਦੌਲਤ ਦੀ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਆਦਿ ਚੋਰਾਂ ਤੋਂ ਰੱਖਿਆ ਕਰ, ਰੱਖਿਆ ਦੀ ਦਾਤ ਮੈਨੂੰ ਬਖ਼ਸ਼। ਮੇਰੇ ਹਿਰਦੇ ਵਿਚ ਨਿਵਾਸ ਕਰ ਤੇ ਮੇਰੇ ਹਿਰਦੇ ਨੂੰ ਇਤਨਾ ਬਲ ਦੇ ਕਿ ਮੈਂ ਕਾਮ ਆਦਿ ਦੇ ਹਮਲਿਆਂ ਨੂੰ ਪਛਾੜ ਸਕਾਂ ਅਤੇ ਤੇਰੇ ਬਖ਼ਸ਼ੇ ਹੋਏ ਸਦਾਚਾਰ ਤੇ ਹੁਸਨ ਦੀ ਰਾਖੀ ਕਰ ਸਕਾਂ। ਹੇ 'ਦਾਤੇ' ! ਜੇ ਤੇਰਾ ਮੇਰੇ ਹਿਰਦੇ ਵਿਚ ਨਿਵਾਸ ਹੋਵੇ ਤਦ ਹੀ ਮੇਰੇ ਵਿਚ ਇਹ ਬੀਰਤਾ ਆ ਸਕਦੀ ਹੈ।

੭. ਸਗਲੋ ਭਰਮਾ ਹੋਮਿ ਜਰਹੁ :—ਹੇ 'ਦਾਤੇ' ! ਜੇ ਮੇਰੇ ਤੇ ਕਿਰਪਾ ਕਰਨ ਲਗਾ ਹੈਂ ਤਾਂ ਇਹ ਕਿਰਪਾ ਕਰ ਕਿ ਮੇਰੇ ਵਿਚਾਰ ਤੇ ਫ਼ੈਸਲੇ ਸਪੱਸ਼ਟ ਤੇ ਬਿਬੇਕੀ ਹੋਣ। ਮੇਰੇ ਮਨ ਵਿਚ ਦ੍ਵੈਤ ਤੇ ਦੁਬਧਾ ਨਾ ਹੋਵੇ। ਸੱਚ ਕੇਵਲ ਇਕ ਹੀ ਹੈ ਅਤੇ ਮੈਂ ਉਸ ਸੱਚ ਨੂੰ ਇਕਾਗਰ ਚਿੱਤ ਹੋ ਕੇ ਪਛਾਣ ਸਕਾਂ। ਦ੍ਵੈਤ ਦਾ ਭਾਵ ਸਦਾ ਇਹ ਹੈ ਕਿ ਮੈਂ ਪੂਰਨ ਸੱਚ ਤੇ ਨਹੀਂ ਤੁਲਣਾ ਚਾਹੁੰਦਾ ਅਤੇ ਕੋਈ ਹੋਰ ਕਿਸੇ ਕਮਜ਼ੋਰੀ ਜਾਂ ਖ਼ੁਦਗ਼ਰਜ਼ੀ ਅਧੀਨ ਰਾਹ ਲੱਭਣਾ ਚਾਹੁੰਦਾ ਹਾਂ। ਇਹੋ ਭਰਮ ਦੀ ਅਵਸਥਾ ਹੈ। 'ਦਾਤੇ' ! ਮੇਰੇ ਤੇ ਇਹ ਕਿਰਪਾ ਕਰ ਕਿ ਮੈਂ ਕੇਵਲ ਸਚਾਈ ਨੂੰ ਹੀ ਪੂਜਾਂ ਅਤੇ ਉਸ ਅਨੁਸਾਰ ਹੀ ਕਰਤੱਵ ਕਰਾਂ।

੮. ਜੋ ਤੁਮੁ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰਿ ਟਰਹੁ :—ਹੇ 'ਦਾਤੇ' ! ਇਹ ਕਿਰਪਾ ਕਰ, ਕਿ ਮੈਂ ਤੇਰੀ ਵਿਉਂਤ ਨੂੰ ਅਪਨਾ ਸਕਾਂ। ਜੋ ਥਾਂ ਮੇਰੇ ਲਈ ਤੂੰ ਆਪਣੀ ਸਮੁੱਚੀ ਵਿਉਂਤ ਵਿਚ ਨਿਸਚਿਤ ਕੀਤੀ ਹੈ ਮੈਂ ਉਸ ਤੇ ਪਰਸੰਨ ਰਹਿ ਸਕਾਂ; ਜੋ ਇਸ ਜੀਵਨ ਖੇਡ ਵਿਚ ਮੇਰੀ ਤੂੰ ਥਾਂ ਰੱਖੀ ਹੈ ਮੈਂ ਉਹ ਕਰਤੱਵ ਕਰ ਕੇ ਰਾਜ਼ੀ ਰਹਿ ਸਕਾਂ। ਇਹ ਤਦ ਸੰਭਵ ਹੈ ਜੇ ਤੂੰ ਮੇਰੇ ਹਿਰਦੇ ਵਿਚ ਵਸੇਂ ਅਤੇ ਦੁਬਧਾ ਦਾ ਨਾਸ਼ ਹੋ ਜਾਏ। ਦੁਬਧਾ ਤੇ ਭਰਮ ਇਹ ਹੀ ਹੈ ਕਿ ਸਾਨੂੰ ਕੋਈ ਉਚ ਦਿਸਦਾ ਹੈ ਕੋਈ ਨੀਚ; ਕੋਈ ਅਮੀਰ ਕੋਈ ਗ਼ਰੀਬ, ਕੋਈ ਸਾਧ ਕੋਈ ਚੋਰ, ਕੋਈ ਵੱਡਾ ਕੋਈ ਛੋਟਾ। ਪਰ ਅਸਲੀਅਤ ਇਹ ਹੈ ਕਿ ਨਾ ਕੋਈ ਵੱਡਾ ਹੈ ਨਾ ਕੋਈ ਛੋਟਾ; ਨਾ ਕੋਈ ਸਾਧ ਹੈ ਨਾ ਕੋਈ ਚੋਰ; ਨਾ ਕੋਈ ਊਚ ਹੈ ਨਾ ਕੋਈ ਨੀਚ; ਕਿਉਂਕਿ ਸਭ ਰੂਪਾਂ ਵਿਚ ਤੂੰ ਆਪ ਹੀ ਵਰਤ ਰਿਹਾ ਹੈਂ। ਊਚ-ਨੀਚ, ਸਾਧ-ਚੋਰ ਦਾ ਵਿਤਕਰਾ ਤੂੰ ਆਪਣੇ ਇਸ ਜੀਵਨ ਖੇਡ ਦੇ ਵਚਿੱਤਰ ਨਾਟਕ ਨੂੰ ਚਲਾਉਣ ਲਈ ਵਿਉਂਤਿਆ ਹੈ ਤੇ ਇਸ ਵਿਉਂਤ (Plan) ਵਿਚ ਮੇਰੇ ਲਈ ਕੋਈ ਥਾਂ ਮੁਕੱਰਰ ਹੈ, ਮੇਰਾ ਕੋਈ ਕਰਤੱਵ ਹੈ। ਹੇ ਮੇਰੇ 'ਦਾਤੇ' ! ਮੇਰੇ ਹਿਰਦੇ 'ਚ ਜੁਰਅਤ ਪੈਦਾ ਕਰ ਕਿ ਮੈਂ ਉਸ ਥਾਂ ਤੇ ਰਹਿ ਕੇ ਰਾਜ਼ੀ ਹੋਵਾਂ ਜੋ ਤੂੰ ਮੇਰੇ ਲਈ

ਨਿਯਤ ਕੀਤੀ ਹੈ ਅਤੇ ਉਹ ਕਰਤੱਵ ਕਰ ਕੇ ਰਾਜ਼ੀ ਹੋਵਾਂ ਜੋ ਤੂੰ ਮੇਰੇ ਲਈ ਵਿਉਂਤਿਆ ਹੈ।

੯. ਨਾਨਕ ਕੇ ਪ੍ਰਭ ਤੁਮਹੀ ਦਾਤੇ ਸੰਤ ਸੰਗਿ ਲੇ ਮੋਹਿ ਉਧਰਹੁ:—ਹੇ ਮੇਰੇ 'ਦਾਤੇ'! ਮੈਨੂੰ ਗੁਰੂ ਬਖ਼ਸ਼; ਮੈਨੂੰ ਬਾਣੀ ਦੀ ਸੂਝ ਬਖ਼ਸ਼ ਤਾਂ ਜੋ ਮੇਰੇ ਹਿਰਦੇ ਵਿਚ ਇਨ੍ਹਾਂ ਉਪਰਲੇ ਆਦਰਸ਼ਾਂ ਦਾ ਅਹਿਸਾਸ ਜਾਗੇ। ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੂਝ ਬਖ਼ਸ਼।

ਸੋ ਸਭ ਤੋਂ ਉੱਤਮ ਬਖ਼ਸ਼ਿਸ਼ ਪਰਮਾਤਮਾ ਦੀ ਇਹ ਹੈ ਕਿ ਉਹ ਆਪ ਆ ਕੇ ਮਨੁੱਖ ਦੇ ਹਿਰਦੇ ਵਿਚ ਬੈਠੇ, ਉਸ 'ਦਾਤੇ' ਪਾਸੋਂ ਇਸ ਦਾਤ ਦੀ ਮੰਗ ਕਰਨੀ ਚਾਹੀਦੀ ਹੈ। ਇਹ ਦਾਤ ਪ੍ਰਾਪਤ ਹੋ ਜਾਏ ਤਾਂ ਬਾਕੀ ਨਿੱਕੀਆਂ ਮੋਟੀਆਂ ਚੀਜ਼ਾਂ ਦੀ ਪ੍ਰਾਪਤੀ ਕੁਝ ਵੀ ਨਹੀਂ ਰਹਿ ਜਾਂਦੀ।

[illegible]

ਗੁਰੂ ਗੋਬਿੰਦ ਸਿੰਘ ਜੀ [illegible] ਦੀ [illegible] ਲਈ ਗੁਰੂ [illegible] ਸਨ ॥ [illegible]

[illegible]

Victory of Lord

# ੧੩. ਹਰਿ ਕੀ ਜਇਆ (ਜੈ)

ਬਿਲਾਵਲੁ ਮਹਲਾ ੫ ॥

ਆਗੇ ਪਾਛੇ ਕੁਸਲੁ ਭਇਆ ॥
ਗੁਰਿ ਪੂਰੈ ਪੂਰੀ ਸਭ ਰਾਖੀ
ਪਾਰਬ੍ਰਹਮਿ ਪ੍ਰਭ ਕੀਨੀ ਮਇਆ ॥ ੧ ॥ ਰਹਾਉ ॥
ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ
ਦੂਖ ਦਰਦ ਸਗਲਾ ਮਿਟਿ ਗਇਆ ॥
ਸਾਂਤਿ ਸਹਜ ਆਨਦ ਗੁਣ ਗਾਏ
ਦੂਤ ਦੁਸਟ ਸਭਿ ਹੋਏ ਖਇਆ ॥ ੧ ॥
ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ
ਕਰਿ ਕਿਰਪਾ ਅਪੁਨਾ ਕਰਿ ਲਇਆ ॥
ਅਤੁਲ ਬਡਾਈ ਅਚੁਤ ਅਬਿਨਾਸੀ
ਨਾਨਕੁ ਉਚਰੈ ਹਰਿ ਕੀ ਜਇਆ ॥ ੨ ॥ ੮ ॥ ੧੨੪ ॥

ਇਕ ਤਰ੍ਹਾਂ ਵਿਚਾਰਿਆਂ ਇਹ ਸ਼ਬਦ ਵਿਆਖਿਆ ਕਰਦਾ ਹੈ ਕਿ 'ਵਾਹਿਗੁਰੂ ਜੀ ਕੀ ਫਤਿਹ' ਦਾ ਕੀ ਭਾਵ ਹੈ ? ਇਸ ਸ਼ਬਦ ਦਾ ਮਜ਼ਮੂਨ ਹੈ 'ਹਰਿ ਕੀ ਜਇਆ' ਜਾਂ 'ਵਾਹਿਗੁਰੂ ਜੀ ਕੀ ਫਤਿਹ'। ਸਿੱਖਾਂ ਵਿਚ ਪ੍ਰਚਲਤ ਫਤਿਹ 'ਵਾਹਿਗੁਰੂ ਜੀ ਕਾ ਖਾਲਸਾ' ਵਾਹਿਗੁਰੂ ਜੀ ਕੀ ਫਤਿਹ' ਬੜੀ ਹੀ ਸ਼ਕਤੀ-ਸ਼ਾਲੀ ਚੀਜ਼ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਫਤਿਹ ਉਨ੍ਹਾਂ ਮਹਾਂ ਪੁਰਸ਼ਾਂ ਨੂੰ ਪ੍ਰਦਾਨ ਕੀਤੀ ਹੈ ਜੋ ਪੂਰਨਤਾ ਨੂੰ ਪ੍ਰਾਪਤ ਹੋ ਅੰਮ੍ਰਿਤ ਸਰੂਪ ਖ਼ਾਲਸਾ ਹੋ ਗਏ ਹਨ ਅਤੇ ਜੋ 'ਵਾਹਿਗੁਰੂ ਜੀ ਕੀ ਫਤਿਹ' ਲਈ ਆਪਣੇ ਆਪ ਨੂੰ ਸਮਰਪਨ ਕਰ ਚੁਕੇ ਹਨ। ਗੁਰੂ ਦੀ ਵਿਅੱਕਤੀ ਆਪ ਵੀ ਖ਼ਾਲਸਾ ਹੈ ਅਤੇ 'ਵਾਹਿਗੁਰੂ ਜੀ ਕੀ ਫਤਿਹ' ਲਈ ਆਪਣੇ ਆਪ ਨੂੰ ਸਮਰਪਨ ਕਰਦੀ ਹੈ। ਜੋ ਸਿੰਘ ਖ਼ਾਲਸਾ ਹਨ ਅਤੇ ਆਪਣੇ ਆਪ ਨੂੰ 'ਵਾਹਿਗੁਰ ਜੀ ਕੀ ਫਤਿਹ' ਲਈ ਸਮਰਪਨ ਕਰਦੇ ਹਨ, ਉਨ੍ਹਾਂ ਵਿਚ ਵੀ ਠੀਕ ਉਸੇ ਪੱਧਰ ਦੇ ਆਚਰਨ ਦੀ ਲੋੜ ਹੈ, ਜੋ ਗੁਰੂ ਦਾ ਆਪਣਾ ਸੀ। ਤਦ ਹੀ 'ਵਾਹਿਗੁਰੂ ਜੀ ਕੀ ਫਤਿਹ' ਕਹਿਣ ਦੇ ਉਹ ਹੱਕਦਾਰ ਬਣਦੇ ਹਨ।

ਪਰ 'ਵਾਹਿਗੁਰੂ ਜੀ ਕੀ ਫਤਿਹ' ਹੈ ਕੀ ? ਇਸ ਸ਼ਬਦ ਵਿਚੋਂ ਇਹ ਪਰਤੱਖ ਹੋ ਰਿਹਾ ਹੈ ਕਿ ਜਿਤਨੇ ਤੀਕ ਸਾਰੀ ਮਨੁੱਖਤਾ ਖ਼ੁਸ਼ਹਾਲ ਤੇ ਸੁਖੀ ਨਹੀਂ ਹੋ ਜਾਂਦੀ ਇਤਨੇ ਤੀਕ 'ਵਾਹਿਗੁਰੂ ਜੀ ਕੀ ਫਤਿਹ' ਅਧੂਰੀ ਹੈ। ਖ਼ਾਲਸਾ ਇਸ ਲਈ ਪੈਦਾ ਹੋਇਆ ਹੈ ਕਿ ਉਹ ਪੂਰਨ ਤੌਰ ਤੇ 'ਵਾਹਿਗੁਰੂ ਜੀ ਕੀ ਫਤਿਹ' ਪੈਦਾ ਕਰੇ ਜਿਸ ਵਿਚ ਸਾਰੀ ਮਨੁੱਖਤਾ ਅਤੇ ਸਾਰੇ ਬ੍ਰਹਿਮੰਡ ਲਈ ਸੁਖ, ਸ਼ਾਂਤੀ ਕੁਸ਼ਲ ਹੋਵੇ। ਸਾਰੇ ਧਰਮਾਂ ਦਾ ਕੇਂਦਰੀ

ਪਰਿਓ ਦਾਨੁ ਸਭੈ ਜਗ ਊਪਰ ਮਾਨਿ ਲਿਓ ਬ੍ਰਹਮ ਗਿਆਨੀ ॥
ਦਾਸੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥



ਸਿਧਾਂਤ ਇਹੋ ਹੀ ਹੈ ਕਿ ਉਹ ਐਸੀ ਮਨੁੱਖਤਾ ਪੈਦਾ ਕਰਨੀ ਚਾਹੁੰਦੇ ਹਨ ਜਿਸ ਵਿਚ ਹਰ ਜੀਵ ਸੁਖੀ ਤੇ ਖ਼ੁਸ਼ਹਾਲ ਹੋਵੇ। ਜਿਤਨੇ ਤਕ 'ਸਰਬੱਤ ਦਾ ਭਲਾ' ਦੀ ਅਵਸਥਾ ਪੈਦਾ ਨਹੀਂ ਹੋ ਜਾਂਦੀ 'ਵਾਹਿਗੁਰੂ ਜੀ ਕੀ ਫਤਿਹ' ਨਹੀਂ ਹੁੰਦੀ। 'ਵਾਹਿਗੁਰੂ ਜੀ ਕੀ ਫਤਿਹ' ਦਾ ਭਾਵ ਐਸਾ ਮਨੁੱਖੀ ਸੁਭਾਉ ਪੈਦਾ ਕਰਨਾ ਹੈ ਜਿਥੇ ਸਾਰੇ ਜੀਵ ਕੁਸ਼ਲਤਾ ਸਹਿਤ ਰਹਿ ਸਕਣ; ਜਿਥੇ ਧਾਰਮਕ ਭੇਦ ਭਾਵੇਂ ਹੋਣ ਪਰ ਝਗੜਾ ਨਾ ਹੋਵੇ; ਜਿਥੇ ਨਿੱਕੇ ਮੋਟੇ ਦੇਸ਼ ਭਾਵੇਂ ਹੋਣ ਪਰ ਸਭ ਦਾ ਸਤਿਕਾਰ ਬਰਾਬਰ ਹੋਵੇ, ਜਿਥੇ ਸਾਰੇ ਮਨੁੱਖਾਂ ਦਾ ਸਤਿਕਾਰ ਹੋਵੇ—ਜਿਥੇ ਸਾਰੀ ਮਨੁੱਖਤਾ ਦਾ ਭਲਾ ਹੋਵੇ। Maximum good of the maximum number ਨਹੀਂ; ਸਗੋਂ maximum good of all; ਇਹ ਹੈ 'ਸਰਬੱਤ ਦਾ ਭਲਾ'। ਬਸ, 'ਸਰਬੱਤ ਦਾ ਭਲਾ' ਹੋਣ ਤੇ ਹੀ ਉਹ ਅਵਸਥਾ ਪੈਦਾ ਹੁੰਦੀ ਹੈ ਜਿਸ ਨੂੰ 'ਵਾਹਿਗੁਰੂ ਜੀ ਕੀ ਫਤਿਹ' ਕਿਹਾ ਜਾ ਸਕੇ। ਸੋ 'ਵਾਹਿਗੁਰੂ ਜੀ ਕੀ ਫਤਿਹ' ਆਦਰਸ਼ ਹੈ ਖ਼ਾਲਸੇ ਦਾ; ਇਹੋ ਹੀ ਆਦਰਸ਼ ਹੈ ਹਿੰਦੂ, ਮੁਸਲਮਾਨ, ਬੋਧੀਆਂ, ਜੈਨੀਆਂ ਤੇ ਈਸਾਈਆਂ ਦਾ।

'ਹਰਿ ਕੀ ਜਇਆ' ਤਦ ਹੋਵੇ ਜਦੋਂ ਸਾਰੇ ਜੀਵ ਖ਼ਾਲਸਾ ਹੋ ਜਾਣ। ਭਾਵ ਉਹਨਾਂ ਦੇ ਮਨ, ਬਚਨ ਤੇ ਕਰਮ ਵਿਚ ਪਵਿੱਤਰਤਾ ਪੈਦਾ ਹੋ ਜਾਏ। ਉੱਚਾ ਆਚਰਨ ਆ ਜਾਏ ਜਿਸ ਕਰਕੇ ਉਹ ਸੁਖੀ ਹੋ ਜਾਣ। 'ਹਰਿ ਕੀ ਜਇਆ' ਲਈ ਇਥੇ ਇਹ ਗੱਲਾਂ ਕਹੀਆਂ ਹਨ :—

੧. 'ਹਰਿ ਕੀ ਜਇਆ' ਤਦ ਹੋਵੇਗੀ ਜੇ 'ਆਗੈ ਪਾਛੈ ਕੁਸਲੁ ਭਇਆ' ਹੋਵੇ। ਭਾਵ ਹਰ ਪਾਸੇ ਸੁਖ ਤੇ ਸ਼ਾਂਤੀ ਪਸਰੇ। ਭਗਤ ਦੇ ਜੀਵਨ ਵਿਚ ਤਾਂ ਸੁਖ ਤੇ ਸ਼ਾਂਤੀ ਪਸਰੇਗੀ ਹੀ ਪਰ ਉਸ ਦਾ ਆਲਾ ਦੁਆਲਾ ਵੀ ਸੁਖ ਤੇ ਸ਼ਾਂਤੀ ਵਾਲਾ ਹੋਣਾ ਜ਼ਰੂਰੀ ਹੈ। ਜੇ ਕੇਵਲ ਭਗਤ ਹੀ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ ਤਦ ਪੂਰੀ 'ਹਰਿ ਕੀ ਜਇਆ' ਨਾ ਹੋਈ। 'ਹਰਿ ਕੀ ਜਇਆ' ਤਾਂ ਤਦ ਹੋਵੇਗੀ ਜੇ ਉਸ ਦੇ ਸਾਥੀ, ਸੰਬੰਧੀ ਤੇ ਆਲਾ ਦੁਆਲਾ ਸਾਰਾ ਮੁਕਤੀ ਨੂੰ ਪ੍ਰਾਪਤ ਹੋਵੇ। ਆਦਰਸ਼ ਇਹ ਹੈ : "ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥" ਭਗਤ ਦੇ ਪ੍ਰਭਾਵ ਨਾਲ ਕਿੰਨੇ ਹੀ ਹੋਰ ਜੀਵ ਮੁਕਤੀ ਨੂੰ ਪ੍ਰਾਪਤ ਹੁੰਦੇ ਹਨ ਅਤੇ ਇਸ ਤਰ੍ਹਾਂ 'ਹਰਿ ਕੀ ਜਇਆ' ਹੁੰਦੀ ਹੈ। ਇਹ ਸਾਰੇ ਜੀਵ ਭਗਤ ਦੇ ਪ੍ਰਭਾਵ ਥੱਲੇ ਆ ਕੇ ਖ਼ਾਲਸਾ ਆਚਰਨ ਨੂੰ ਪ੍ਰਾਪਤ ਹੁੰਦੇ ਹਨ ਅਤੇ ਇਸ ਕਰਕੇ ਮੁਕਤੀ ਨੂੰ ਪ੍ਰਾਪਤ ਹੁੰਦੇ ਹਨ। ਇਹ ਹੈ ਲੱਛਣ 'ਵਾਹਿਗੁਰੂ ਜੀ ਕੀ ਫਤਿਹ' ਦਾ।

੨. 'ਵਾਹਿਗੁਰੂ ਜੀ ਕੀ ਫਤਿਹ' ਤਦ ਹੋਵੇਗੀ ਜਦ 'ਦੂਖ ਦਰਦ ਸਗਲਾ ਮਿਟਿ ਗਇਆ'। ਇਸ ਵਿਚ ਭਗਤ ਦਾ ਵੀ ਦੁੱਖ ਦਰਦ ਮਿਟਣਾ ਹੈ, ਪਰ ਉਸ ਦੇ ਆਲੇ ਦੁਆਲੇ ਦਾ ਵੀ ਸਾਰਾ ਦੁੱਖ ਦਰਦ ਮਿਟਣਾ ਚਾਹੀਦਾ ਹੈ।

ਭਾਵ ਇਹ ਹੈ ਕਿ ਗੁਰੂ ਸਾਰੀ ਮਨੁੱਖਤਾ ਲਈ ਆਉਂਦਾ ਹੈ, ਸਾਰੀ ਮਨੁੱਖਤਾ ਨੂੰ ਕੁਸ਼ਲ ਦੇਂਦਾ ਹੈ ਅਤੇ ਸਾਰੀ ਮਨੁੱਖਤਾ ਦਾ ਦੁੱਖ ਦਰਦ ਨਾਸ਼ ਕਰਦਾ ਹੈ। ਜਾਂ ਇਸ ਤਰ੍ਹਾਂ ਮੰਨ ਲਈਏ ਕਿ ਸੰਸਾਰ ਦੇ ਸਾਰੇ ਗੁਰੂ (ਹਿੰਦੂਆਂ, ਸਿੱਖਾਂ, ਜੈਨੀਆਂ, ਬੋਧੀਆਂ, ਮੁਸਲਮਾਨਾਂ ਅਤੇ ਈਸਾਈਆਂ ਆਦਿ ਦੇ ਗੁਰੂ) ਸਾਰੀ ਮਨੁੱਖਤਾ ਦੇ ਕਲਿਆਣ ਵਾਸਤੇ

ਆਉਂਦੇ ਹਨ ਅਤੇ ਆਪਣੇ ਆਪਣੇ ਹਾਲਾਤ ਵਿਚ ਮਨੁੱਖਾਂ ਨੂੰ ਖ਼ਾਲਸਾ ਬਣਾਉਂਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਆਚਰਨ ਪੈਦਾ ਕਰਦੇ ਹਨ। ਬਸ ਮਨੁੱਖਤਾ ਵਿਚ ਉਹ ਉੱਚਾ ਆਚਰਨ ਆ ਜਾਣਾ ਹੀ 'ਹਰਿ ਕੀ ਜਇਆ' ਜਾਂ 'ਵਾਹਿਗੁਰੂ ਜੀ ਕੀ ਫਤਿਹ' ਹੈ। ਮਨੁੱਖਤਾ ਨੂੰ ਖ਼ਾਲਸਾ ਦੇ ਦਰਜੇ ਤੱਕ ਪਹੁੰਚਾ ਦੇਣਾ ਹੀ ਪੂਰੇ ਗੁਰੂਆਂ ਦਾ ਕਰਤੱਵ ਹੈ। ਜਦੋਂ ਸੰਸਾਰ ਦਾ ਹਰ ਮਨੁੱਖ ਖ਼ਾਲਸਾ ਦੇ ਦਰਜੇ ਤਕ ਪਹੁੰਚ ਕੇ ਖ਼ੁਸ਼ਹਾਲ ਹੋ ਜਾਏਗਾ ਉਦੋਂ 'ਹਰਿ ਕੀ ਜਇਆ' ਜਾਂ 'ਵਾਹਿਗੁਰੂ ਜੀ ਕੀ ਫਤਿਹ' ਹੋਵੇਗੀ। ਇਸੇ ਲਈ ਕਿਹਾ ਹੈ ਕਿ 'ਵਾਹਿਗੁਰੂ ਜੀ ਕੀ ਫਤਿਹ' ਸਾਡਾ ਨਾਅਰਾ ਹੈ, ਆਦਰਸ਼ ਹੈ ਅਤੇ ਅਸੀਂ ਹਰ ਸਮੇਂ ਇਕ ਦੂਜੇ ਨੂੰ ਮਿਲ ਕੇ ਇਸ ਆਦਰਸ਼ ਦੀ ਚੇਤਾਵਨੀ ਕਰਾਉਂਦੇ ਹਾਂ ਕਿ ਅਸੀਂ ਵਾਹਿਗੁਰੂ ਦੇ ਹਾਂ ਅਤੇ 'ਵਾਹਿਗੁਰੂ ਜੀ ਕੀ ਫਤਿਹ' ਲਈ ਯਤਨ ਕਰਨਾ ਹੈ।

ਖ਼ਾਲਸੇ ਦਾ ਆਚਰਨਕ ਪੱਧਰ ਗੁਰੂ ਕਿਰਪਾ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ। ਗੁਰੂ ਪਰਮਾਤਮਾ ਦੀ ਸਭ ਤੋਂ ਵੱਡੀ ਮਨੁੱਖਤਾ ਤੇ ਬਖ਼ਸ਼ਿਸ਼ ਹੈ—'ਪਾਰਬ੍ਰਹਮਿ ਪ੍ਰਭ ਕੀਨੀ ਮਇਆ', ਤੇ 'ਗੁਰਿ ਪੂਰੇ ਪੂਰੀ ਸਭ ਰਾਖੀ'—ਗੁਰੂ ਆ ਕੇ ਮਨੁੱਖ ਨੂੰ ਖ਼ਾਲਸਾ ਬਣਾ ਦੇਂਦਾ ਹੈ। ਖ਼ਾਲਸੇ ਦੇ ਮਨ ਦੀ ਦਸ਼ਾ ਇਸ ਤਰ੍ਹਾਂ ਇਸ ਸ਼ਬਦ ਵਿਚ ਦੱਸੀ ਹੈ ਕਿ ਗੁਰੂ ਮਨੁੱਖ ਦੇ ਮਨ ਵਿਚੋਂ 'ਦੂਖ ਦਰਦ ਸਗਲਾ ਮਿਟਿ ਗਇਆ' ਦੀ ਅਵਸਥਾ ਪੈਦਾ ਕਰਦਾ ਹੈ। ਉਸ ਦੇ 'ਆਗੈ ਪਾਛੈ ਕੁਸਲੁ ਭਇਆ' ਦੀ ਅਵਸਥਾ ਪੈਦਾ ਕਰਦਾ ਹੈ। ਪਰ ਇਹ ਸਭ ਕੁਝ ਸੰਭਵ ਤਦ ਹੁੰਦਾ ਹੈ ਜੇ 'ਦੂਤ ਦੁਸਟੁ ਸਭਿ ਹੋਏ ਖਇਆ' ਦੀ ਅਵਸਥਾ ਪ੍ਰਾਪਤ ਹੋਵੇ। ਇਹ ਮਨ ਦੀ ਸਦਾਚਾਰਕ ਅਵਸਥਾ ਹੈ। ਜਿਸ ਮਨੁੱਖ ਦੇ ਮਨ ਵਿਚੋਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿਕ ਦੂਤ ਦੁਸ਼ਟ ਨਾਸ਼ ਹੁੰਦੇ ਹਨ ਉਹ ਮਨੁੱਖ ਹੀ 'ਸਾਂਤਿ ਸਹਿਜ ਆਨਦ' ਵਾਲਾ ਬਣ ਸਕਦਾ ਹੈ। ਇਹ ਦੂਤ ਦੁਸ਼ਟ ਉਸ ਮਨੁੱਖ ਦੇ ਨਾਸ਼ ਹੁੰਦੇ ਹਨ ਜਿਸ ਦੇ ਮਨ ਵਿਚ 'ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ' ਦੀ ਅਵਸਥਾ ਪੈਦਾ ਹੋਵੇ। ਇਹ ਅਵਸਥਾ ਉਨ੍ਹਾਂ ਆਦਰਸ਼ਕ ਗੁਣਾਂ ਦੀ ਧਾਰਨੀ ਹੁੰਦੀ ਹੈ ਜਿਹਨਾਂ ਨੂੰ ਅਸੀਂ ਪਰਮਾਤਮਾ ਕਹਿੰਦੇ ਹਾਂ। ਇਹ ਪੂਰਨ ਸੱਚ ਵਾਲੀ ਅਵਸਥਾ ਹੁੰਦੀ ਹੈ। ਦੂਤ ਦੁਸ਼ਟ ਤੋਂ ਖ਼ਾਲੀ ਉਹ ਮਨ ਹੁੰਦਾ ਹੈ ਜਿਥੇ ਸਦਾ ਹੀ ਪਰਮਾਤਮਾ ਦਾ ਪਿਆਰ ਰਹਿੰਦਾ ਹੈ, ਜਿਥੇ 'ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ' ਹੁੰਦਾ ਹੈ। ਭਾਵ ਜਿਥੇ ਪਰਮਾਤਮਾ ਹੈ ਉਥੇ ਉਹ ਦੂਤ ਦੁਸ਼ਟ ਨਹੀਂ। ਇਸ ਤਰ੍ਹਾਂ ਮਨੁੱਖ ਖ਼ਾਲਸਾ ਬਣਦਾ ਹੈ।

ਗੁਰ ਪਰਮਾਤਮਾ ਵਲੋਂ ਸਾਰੀ ਮਨੁੱਖਤਾ ਲਈ ਭੇਜਿਆ ਜਾਂਦਾ ਹੈ। ਪਰਮਾਤਮਾ ਗੁਰੂ ਰਾਹੀਂ ਮਨੁੱਖ ਨੂੰ ਆਪਣਾ ਪਿਆਰ ਦੇਣਾ ਚਾਹੁੰਦਾ ਹੈ ਅਤੇ ਹਰ ਮਨੁੱਖ ਨੂੰ ਆਪਣੇ ਨਾਲ ਮਿਲਾ ਲੈਣਾ ਚਾਹੁੰਦਾ ਹੈ। ਭਾਵੇਂ ਕੋਈ ਆਦਮੀ ਕਿਤਨਾ ਪਾਪੀ ਹੈ, ਗੁਰੂ ਉਸ ਦੀ ਵੀ ਸਹਾਇਤਾ ਲਈ ਆਉਂਦਾ ਹੈ ਤਾਂ ਜੋ ਉਸ ਨੂੰ ਖ਼ਾਲਸਾ ਬਣਾ ਸਕੇ ਅਤੇ ਉਸ ਨੂੰ 'ਹਰਿ ਕੀ ਜਇਆ' ਦਾ ਭਾਗੀ ਬਣਾ ਸਕੇ। ਪਰਮਾਤਮਾ ਦੀ ਵਡਿਆਈ ਹੀ ਇਹ ਹੈ ਕਿ ਉਹ ਮਨੁੱਖਾਂ ਦੇ ਗੁਣ ਔਗੁਣ, ਉਹਨਾਂ ਦੀਆਂ ਕਮਜ਼ੋਰੀਆਂ ਆਦਿ ਦਾ, ਵਿਚਾਰ ਨਹੀਂ ਕਰਦਾ ਅਤੇ ਉਨ੍ਹਾਂ ਨੂੰ ਗੁਰੂ ਦੀ ਅਗਵਾਈ ਬਖ਼ਸ਼ਦਾ ਹੈ—'ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ ਕਰਿ ਕਿਰਪਾ ਅਪੁਨਾ ਕਰਿ ਲਇਆ' ਸਗੋਂ ਗੁਰੂ ਤਾਂ ਖ਼ਾਸ ਤੌਰ ਤੇ ਭੁੱਲੜਾਂ ਲਈ ਹੀ ਭੇਜਿਆ ਜਾਂਦਾ ਹੈ ਤਾਂ ਜੋ ਉਹਨਾਂ ਨੂੰ ਖ਼ਾਲਸਾ ਬਣਾ ਸਕੇ। ਜਦੋਂ ਸਾਰੇ ਜੀਵ ਖ਼ਾਲਸਾ ਹੋ ਜਾਂਦੇ ਹਨ ਤਾਂ 'ਹਰਿ ਕੀ ਜਇਆ' ਹੁੰਦੀ ਹੈ। ਗੁਰੂ ਨੇ ਸਾਰੀ

ਮਨੁੱਖਤਾ ਲਈ ਰੋਸ਼ਨੀ ਦੇ ਦਿੱਤੀ ਹੈ। ਧਰਮ ਪੁਸਤਕਾਂ ਵਿਚ ਇਹ ਰੋਸ਼ਨੀ ਮੌਜੂਦ ਹੈ। ਨਿਰਸੰਦੇਹ ਹੌਲੀ ਹੌਲੀ ਸਾਰੀ ਮਨੁੱਖਤਾ ਆਦਰਸ਼ਕ ਖ਼ਾਲਸਈ ਪੱਧਰ ਨੂੰ ਪ੍ਰਾਪਤ ਹੋਵੇਗੀ।

ਪਰ ਸਾਰੀ ਮਨੁੱਖਤਾ ਮਨੁੱਖਾਂ ਦਾ ਹੀ ਇਕੱਠ ਹੈ। ਇਸ ਲਈ ਹਰ ਵਿਅਕਤੀ ਭਗਤ ਬਣੇਗਾ, ਖ਼ਾਲਸਾ ਬਣੇਗਾ, ਤਦ ਹੀ ਸਾਰੀ ਮਨੁੱਖਤਾ ਖ਼ਾਲਸਾ ਹੋਵੇਗੀ ਅਤੇ ਤਦ ਹੀ 'ਵਾਹਿਗੁਰੂ ਜੀ ਕੀ ਫਤਿਹ' ਹੋਵੇਗੀ।

ਕੋਈ ਮਨੁੱਖ 'ਹਰਿ ਕੀ ਜਇਆ' ਤਦ ਹੀ ਕਹਿ ਸਕਦਾ ਹੈ ਜੇ ਉਸ ਵਿਚ ਇਹ ਸ਼ਰਤਾਂ ਪੂਰੀਆਂ ਹੋ ਜਾਣ (੧) 'ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ' ਸੱਚਾ ਪਰਮਾਤਮਾ ਭਾਵ ਸੱਚ ਉਸ ਦਾ ਆਦਰਸ਼ ਬਣ ਜਾਏ।

(੨) 'ਦੂਤ ਦੁਸਟ ਸਭਿ ਹੋਏ ਖਇਆ' ਮਨੁੱਖ ਦੇ ਹਿਰਦੇ ਵਿਚੋਂ ਕਾਮ ਆਦਿਕ ਕਮਜ਼ੋਰੀਆਂ ਨਾਸ਼ ਹੋ ਜਾਣ।

(੩) 'ਕਰਿ ਕਿਰਪਾ ਅਪੁਨਾ ਕਰਿ ਲਇਆ' ਮਨੁੱਖ ਕੇਵਲ ਪਰਮਾਤਮਾ ਦਾ ਹੋ ਕੇ ਰਹੇ।

(੪) 'ਅਤੁਲ ਬਡਾਈ ਅਚੁਤ ਅਬਿਨਾਸੀ' ਮਨੁੱਖ ਦੇ ਮਨ ਵਿਚ ਸੱਚ ਰੂਪ ਪਰਮਾਤਮਾ ਬਾਰੇ ਇਹ ਬਲ ਜਾਗ ਪਏ ਕਿ ਸੱਚ ਹੀ ਸਦੀਵੀ ਹੈ ਅਤੇ ਸਭ ਤੋਂ ਮਹਾਨ ਹੈ। ਇਨ੍ਹਾਂ ਗੁਣਾਂ ਵਾਲਾ ਮਨੁੱਖ 'ਹਰਿ ਕੀ ਜਇਆ' ਕਹਿਣ ਦਾ ਭਾਗੀ ਹੈ।

੧. ਧਰੂ - [illegible]
੨. ਧਰਮ - ਜਾਤਿ
੩. ਰੂਪ - ਰੰਗ
੪. [illegible] - ਭੇਖ
੫. ਧਾਰਮਿਕ ਭੇਖ ਦੇ ਆਧਾਰ ਤੇ [illegible]

[illegible]

੧. [illegible]

੨. ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ॥

੩. ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ — ਰਾਗ ਧਨਾਸਰੀ ਮਹਲਾ ੧ ॥

੪. ਸਭਿ ਮਹਿ ਜੋਤਿ ਜੋਤਿ ਹੈ ਸੋਈ ਘਟਿ ਘਟਿ ਰਹਿਆ ਸਮਾਈ ॥ ਗੁਰ ਪਰਸਾਦਿ ਘਟ ਹੀ ਪਰਗਾਸਿਆ ਸਹਜੇ ਰਹਿਆ ਸਮਾਈ ॥ — [illegible] ॥

੫. [illegible] ਘਟਿ ਘਟਿ ਜੋਤਿ ਸਮਾਈ ॥

# ੧੪. ਓੜਕਿ ਨਿਬਹੀ ਪ੍ਰੀਤਿ ॥

ਮਾਰੂ ਮਹਲਾ ੫ ॥

ਮਾਨ ਮੋਹ ਅਰੁ ਲੋਭ ਵਿਕਾਰਾ
ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ
ਲਾਦਿ ਵਖਰ ਲੈ ਚਾਲਿਓ ॥ ੧ ॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤ ॥ ੧ ॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ
ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ
ਉਠਿ ਉਆਹੂ ਕਉ ਦਉਰਿਓ ॥ ੨ ॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ
ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ
ਸੋ ਮਾਥੈ ਲੇ ਮਾਨਿਓ ॥ ੩ ॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ
ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ
ਜਿਨਿ ਨਾਨਕ ਖਸਮੁ ਪਛਾਤਾ ॥ ੪ ॥ ੫ ॥

ਮਾਰੂ ਰਾਗ ਯੁੱਧ ਜਾਂ ਘੋਲ ਦਾ ਰਾਗ ਹੈ। ਗੁਰੂ ਨਾਨਕ ਸਾਹਿਬ ਨੇ ਸਾਰਾ ਜੀਵਨ ਜਿਸ ਮੰਤਵ ਲਈ ਘੋਲ ਕੀਤਾ, ਉਸ ਨੂੰ ਆਪ ਨੇ ਮਾਰੂ ਰਾਗ ਵਿਚ ਹੀ ਅੰਕਿਤ ਕੀਤਾ ਹੈ। 'ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ' ਵਾਲੇ ਸ਼ਬਦ ਵਿਚ ਆਪ ਨੇ 'ਹੁਕਮ ਪਛਾਣੈ ਖਸਮ ਕਾ' ਹੀ ਜੀਵਨ ਆਦਰਸ਼ ਮੰਨ ਕੇ ਇਸ ਲਈ ਘੋਲ ਕੀਤਾ ਹੈ। ਆਪ ਨੇ 'ਮੁਲ ਖਰੀਦੀ ਲਾਲਾ ਗੋਲਾ' ਬਣ ਕੇ ਸਾਹਿਬ ਦੇ ਹੁਕਮ ਨੂੰ ਸਾਰਾ ਜੀਵਨ ਬਜਾਇਆ ਹੈ। ਹੁਕਮ ਨੂੰ ਪਛਾਨਣਾ ਅਤੇ ਫਿਰ ਉਸ ਦੇ ਉਪਰ ਦ੍ਰਿੜ੍ਹ ਹੋ ਜਾਣਾ ਤੇ ਉਸ ਕਰਤੱਵ ਨੂੰ ਸਾਰਾ ਜੀਵਨ ਨਿਭਾਣਾ ਹੀ ਸੇਵਕ ਦਾ ਕਰਤੱਵ ਹੈ। ਕਬੀਰ ਜੀ ਨੇ ਸਾਰਾ ਜੀਵਨ ਜਿਸ ਆਦਰਸ਼ ਲਈ ਯੁੱਧ ਕੀਤਾ ਹੈ ਜਾਂ ਜੋ ਘੋਲ ਤੇ ਘਾਲਣਾ ਘਾਲੀ ਹੈ, ਉਸ ਆਦਰਸ਼ ਨੂੰ ਵੀ ਆਪ ਨੇ ਮਾਰੂ ਰਾਗ ਵਿਚ ਹੀ ਦੱਸਿਆ ਹੈ ਅਤੇ ਉਹ ਆਦਰਸ਼ ਹੈ 'ਸੂਰਾ ਸੋ

ਪਹਿਚਾਨੀਐ ਜੁ ਲਰੈ ਦੀਨ ਕੇ ਹੇਤ'। ਇਹੋ ਹੀ ਆਪ ਨੇ ਪਰਮਾਤਮਾ ਦਾ ਹੁਕਮ ਮੰਨਿਆ ਹੈ। ਇਸ ਤਰ੍ਹਾਂ ਕਬੀਰ ਜੀ ਜਿਹੋ ਜਿਹੇ ਸੇਵਕ ਬਣ ਸਕੇ ਉਸ ਦਾ ਬਿਆਨ ਆਪ ਨੇ ਮਾਰੂ ਰਾਗ ਵਿਚ ਹੀ ਕੀਤਾ ਹੈ। ਗੁਰੂ ਅਰਜਨ ਸਾਹਿਬ ਨੇ ਵੀ ਮਾਰੂ ਰਾਗ ਦੇ ਉਪਰ ਦਿਤੇ ਸ਼ਬਦ ਵਿਚ 'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ' ਦਾ ਨਿਮਰਤਾ ਸਹਿਤ ਦਾਅਵਾ ਕੀਤਾ ਹੈ। ਆਪ ਨੇ ਸਾਰਾ ਜੀਵਨ 'ਪ੍ਰੀਤਿ' ਨੂੰ ਨਿਭਾਣ ਲਈ ਯਤਨ ਕੀਤਾ ਅਤੇ ਦਾਅਵਾ ਕਰ ਸਕੇ ਕਿ ਇਹ 'ਪ੍ਰੀਤਿ' ਮੈਂ ਨਿਭਾ ਲਈ ਹੈ। ਮਾਰੂ ਰਾਗ ਦੇ ਇਸ ਸ਼ਬਦ ਤੋਂ ਅਗਲੇ ਸ਼ਬਦ ਦੇ ਵਿਚ ਹੀ ਆਪ ਨੇ ਸੰਕੇਤ ਕੀਤਾ ਹੈ ਕਿ ਪ੍ਰੀਤਿ ਨਿਭਾ ਕੇ 'ਅਬ ਮੋਹਿ ਜੀਵਨ ਪਦਵੀ ਪਾਈ'।

ਵਿਚਾਰਨਾ ਅਸੀਂ ਇਹ ਹੈ (ਇਸ ਸ਼ਬਦ ਨੂੰ ਮੁੱਖ ਰੱਖ ਕੇ) ਕਿ ਪ੍ਰੀਤਿ ਕੀ ਹੈ? ਇਹ ਪ੍ਰੀਤਿ ਕਿਸ ਤਰ੍ਹਾਂ ਨਿਭਾਈ ਜਾ ਸਕਦੀ ਹੈ ਅਤੇ ਇਸ ਪ੍ਰੀਤਿ ਦੇ ਨਿਭਾਉਣ ਵਿਚ ਵਿਘਨਕਾਰੀ ਕੀ ਚੀਜ਼ਾਂ ਹਨ ਜਿਨ੍ਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ?

ਪ੍ਰੀਤ ਹੈ 'ਖਸਮੁ ਪਛਾਤਾ'—ਭਾਵ ਪਰਮਾਤਮਾ (ਖਸਮੁ) ਦੇ ਭਾਣੇ ਨੂੰ ਪਛਾਣ ਸਕਣਾ ਤੇ ਫਿਰ ਉਸ ਤੇ ਦ੍ਰਿੜ੍ਹ ਹੋ ਕੇ ਟੁਰ ਸਕਣਾ। ਇਹ ਪ੍ਰੀਤਿ ਨਿਭਾਣਾ ਹੈ ਤੇ ਪ੍ਰੀਤਿ ਨਿਭਾਉਣ ਵਾਲੇ ਨੂੰ ਸੇਵਕ ਕਿਹਾ ਹੈ। 'ਖਸਮੁ ਪਛਾਤਾ' ਦਾ ਭਾਵ ਵੀ ਇਸ ਵਿਚ ਗੁਰੂ ਅਰਜਨ ਸਾਹਿਬ ਨੇ ਸਪੱਸ਼ਟ ਕਰ ਦਿੱਤਾ ਹੈ। 'ਭਾਣਾ' ਦਾ ਵੀ ਇਹੋ ਹੀ ਭਾਵ ਹੈ। ਉਹ ਭਾਵ ਇਹ ਹੈ 'ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ'। ਗੁਰੂ ਅਰਜਨ ਸਾਹਿਬ ਨੂੰ ਸਿੱਖ ਇਤਿਹਾਸ ਵਿਚ ਭਾਣਾ ਮੰਨਣ ਵਾਲਿਆਂ ਵਿਚੋਂ ਮੰਨਿਆ ਗਿਆ ਹੈ। ਭਾਣਾ ਦਾ ਭਾਵ, ਸਾਹਿਬ ਦੀ ਆਗਿਆ ਤੋਂ ਮੁੱਖ ਨਾ ਮੋੜਨਾ ਹੈ। ਸਾਹਿਬ ਦੀ ਆਗਿਆ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਹੁਕਮ ਰੂਪ ਵਿਚ ਬਿਰਾਜਮਾਨ ਹੈ। ਭਾਵ ਜੋ ਕਰਨੀ ਕਰਨ ਲਈ ਸਿੱਖ ਨੂੰ ਕਿਹਾ ਹੈ, ਸਭ ਭਾਣਾ ਹੈ। ਭਾਣਾ ਉਹ ਕੁਝ ਹੈ ਜੋ ਪਰਮਾਤਮਾ ਚਾਹੁੰਦਾ ਹੈ। 'ਭਾਣਾ' ਦਾ ਭਾਵ ਕੇਵਲ ਹਰ ਘਟਨਾ ਨੂੰ ਸਹਿ ਲੈਣਾ ਨਹੀਂ ਹੈ, ਸਗੋਂ ਆਦਰਸ਼ਕ ਤੇ ਯੋਗ ਇਤਿਹਾਸ ਬਨਾਣਾ ਹੈ। ਜੇ ਭਾਣਾ ਦਾ ਭਾਵ ਕੇਵਲ ਘਟਨਾ ਨੂੰ ਸਹਿਣਾ ਹੈ ਤਦ ਤਾਂ ਸ਼ਹਾਦਤ ਦੀ ਕੋਈ ਲੋੜ ਹੀ ਨਹੀਂ। ਜੇ 'ਭਾਣਾ' ਦਾ ਭਾਵ ਕੇਵਲ ਘਟਨਾ ਨੂੰ ਸਹਿਣਾ ਹੈ ਤਦ ਗੁਰੂ ਅਰਜਨ ਸਾਹਿਬ ਗੱਦੀ ਪ੍ਰਿਥੀ ਚੰਦ ਜੀ ਨੂੰ ਹੀ ਦੇ ਕੇ ਲਾਂਭੇ ਹੋ ਜਾਂਦੇ। ਜੇ 'ਭਾਣਾ' ਦਾ ਭਾਵ ਕੇਵਲ ਘਟਨਾ ਨੂੰ ਸਹਿਣਾ ਹੀ ਹੈ ਤਦ ਜਦੋਂ ਬੀਰਬਲ ਨੇ ਸਾਰੇ ਅੰਮ੍ਰਿਤਸਰ ਨਿਵਾਸੀਆਂ ਤੋਂ ਕਰ ਵਸੂਲ ਕਰਨਾ ਚਾਹਿਆ ਸੀ ਤਦ ਗੁਰੂ ਅਰਜਨ ਸਾਹਿਬ ਇਸ ਗੱਲ ਨੂੰ ਪਰਵਾਨ ਕਰ ਲੈਂਦੇ। ਜੇ ਭਾਣਾ' ਮੰਨਣ ਦਾ ਭਾਵ ਨਿਰਯਤਨ ਹੋ ਕੇ ਕੇਵਲ ਘਟਨਾ ਨੂੰ ਸਹਿਣਾ ਹੈ ਤਦ ਗੁਰੂ ਅਰਜਨ ਸਾਹਿਬ 'ਕਾਲ ਦੀ ਮਾਰ' ਪੈ ਲੈਣ ਦਿੰਦੇ ਤੇ ਥਾਂ ਪਰ ਥਾਂ ਜਾ ਕੇ ਦੋ ਹਰਟੇ, ਤਿੰਨ ਹਰਟੇ ਤੇ ਛੇ ਹਰਟੇ ਨਾ ਲਗਵਾਉਂਦੇ। ਜੇ 'ਭਾਣਾ' ਦਾ ਭਾਵ ਕੇਵਲ ਘਟਨਾ ਨੂੰ ਸਹਿਣਾ ਹੈ ਤਦ ਜਹਾਂਗੀਰ ਦੀ ਇੱਛਾ ਅਨੁਸਾਰ ਸਿੱਖੀ ਦਾ ਪ੍ਰਚਾਰ ਬੰਦ ਕਰ ਦਿੰਦੇ, ਜੁਰਮਾਨੇ ਦੀ ਅਦਾਇਗੀ ਕਰ ਦਿੰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਦਸ਼ਾਹ ਨੂੰ ਖ਼ੁਸ਼ ਕਰਨ ਦੇ ਆਸ਼ੇ ਨਾਲ ਕੋਈ ਬਾਣੀ ਦਰਜ ਕਰ ਦਿੰਦੇ। ਪਰ ਭਾਣਾ ਮੰਨਣ ਦਾ ਭਾਵ ਉਸ ਹੁਕਮ ਨੂੰ ਮੰਨਣਾ ਹੈ ਤੇ ਉਸ ਅਨੁਸਾਰ ਜੀਵਨ ਕਰਤੱਵ ਕਰਨਾ ਹੈ ਜੋ ਪਰਮਾਤਮਾ ਨੂੰ ਭਾਉਂਦਾ ਹੈ ਅਤੇ ਜਿਸ ਦੀ ਵਿਆਖਿਆ ਗੁਰੂ ਅਰਜਨ ਸਾਹਿਬ ਨੇ ਸਿਰੀ ਰਾਗ ਵਿਚ ਇਹ ਕੀਤੀ

ਹੈ 'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ' ਅਤੇ 'ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ ॥ ਸਾਈ ਭਗਤਿ ਜੋ ਤੁਧੁ ਭਾਵੈ ਤੂੰ ਸਰਬ ਜੀਆ ਪ੍ਰਤਿਪਾਲਾ ॥' ਭਾਵ ਭਾਣਾ ਮੰਨਣ ਦਾ ਅਰਥ ਹੈ ਉਸ ਤਰ੍ਹਾਂ ਜੀਵਨ ਕਰਤੱਵ ਕਰਨਾ ਜਿਵੇਂ ਪਰਮਾਤਮਾ ਚਾਹੁੰਦਾ ਹੈ। ਭਾਣਾ ਖਸਮੁ ਨੂੰ ਪਛਾਨਣ ਨਾਲ ਮੰਨਿਆ ਜਾ ਸਕਦਾ ਹੈ । ਇਹੋ ਹੀ ਪ੍ਰੀਤਿ ਵੀ ਹੈ। ਸੋ ਪ੍ਰੀਤਿ ਨਿਭਾਉਣ ਦਾ ਭਾਵ ਖਸਮੁ ਦੇ ਮਨ ਦੀ ਇੱਛਾ ਨੂੰ, ਉਸ ਦੀ ਆਗਿਆ ਨੂੰ ਤੇ ਉਸ ਦੇ ਹੁਕਮ ਨੂੰ ਪਹਿਚਾਨਣਾ ਹੈ। ਉਸ ਆਗਿਆ ਨੂੰ ਮੰਨਣ ਲਈ ਹਰ ਦੁੱਖ ਸੁਖ ਲਈ ਤਤਪਰ ਹਣਾ ਹੈ।

'ਆਗਿਆ ਮਹਿ ਭੂਖ ਸੋਈ ਕਰਿ ਸੂਖਾ
ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ
ਸੋ ਮਾਥੈ ਲੇ ਮਾਨਿਓ ॥'

ਪਰ ਉਹ ਖਸਮੁ, ਠਾਕੁਰ ਤੇ ਸਾਹਿਬ ਕਿਥੇ ਹੈ ਅਤੇ ਉਹ ਕਿਵੇਂ ਹੁਕਮ ਭੇਜਦਾ ਹੈ ? ਇਸ ਦਾ ਉੱਤਰ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਹੈ ਅਤੇ ਇਸ ਸ਼ਬਦ ਵਿਚ ਵੀ ਸੁਝਾਇਆ ਹੋਇਆ ਹੈ। ਸੁਝਾਅ ਇਹ ਹਨ 'ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ' ਅਤੇ 'ਰਾਖਿਓ ਚੀਤਿ' ॥ ਉਹ ਪਰਮਾਤਮਾ ਮਨੁੱਖ ਦੇ ਹਿਰਦੇ ਦੇ ਗ੍ਰਿਹਿ ਵਿਚ ਹੈ, ਮਨੁੱਖ ਦੇ ਚਿਤ ਵਿਚ ਹੈ, ਮਨੁੱਖ ਦੀ ਜ਼ਮੀਰ ਤੇ ਆਤਮਾ ਵਿਚ ਹੈ। ਗੁਰੂ ਅਰਜਨ ਸਾਹਿਬ ਉਸੇ ਨੂੰ ਹੀ 'ਕਹਿਆ ਸਭੁ ਹੁਕਮਾਉ' ਕਹਿੰਦੇ ਹਨ। ਗੁਰੂ ਅਰਜਨ ਸਾਹਿਬ ਦੀ ਆਤਮਾ ਵਿਚ ਬੈਠਾ ਪਰਮਾਤਮਾ ਜੋ ਆਵਾਜ਼ ਕਰਦਾ ਹੈ ਉਸ ਦੇ ਅਨੁਸਾਰ ਹੀ ਉਹ ਬੀਰਬਲ, ਚੰਦੂ ਤੇ ਜਹਾਂਗੀਰ ਨਾਲ ਟਕਰਾਉਂਦੇ ਹਨ, ਉਸ ਅਨੁਸਾਰ ਹੀ ਉਹ ਬਾਣੀ ਰਚਦੇ ਹਨ। ਇਸ ਤਰ੍ਹਾਂ ਉਹ 'ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ' ਦਾ ਕਰਤੱਵ ਨਿਭਾਉਂਦੇ ਹਨ।

ਹੁਣ ਵਿਚਾਰ ਇਹ ਰਹਿ ਗਿਆ ਹੈ ਕਿ ਇਹ ਜ਼ਮੀਰ ਸੇਵਕ ਦੀ ਰੋਸ਼ਨ ਕਿਵੇਂ ਹੋ ਸਕਦੀ ਹੈ ਤਾਂ ਜੋ ਇਸ ਵਿਚੋਂ ਪਰਤੱਖ ਹੁਕਮ ਨੂੰ ਪਛਾਣਿਆ ਜਾ ਸਕੇ, ਆਗਿਆ ਨੂੰ ਲੱਭਿਆ ਜਾ ਸਕੇ ਤੇ ਓੜਕਿ ਦੀ ਪ੍ਰੀਤਿ ਨਿਭਾਈ ਜਾ ਸਕੇ। ਗੁਰੂ ਅਰਜਨ ਸਾਹਿਬ ਨੇ ਇਸ ਸ਼ਬਦ ਵਿਚ ਇਹ ਸਪੱਸ਼ਟ ਕਰ ਦਿਤਾ ਹੈ ਕਿ ਜਿਤਨੇ ਤੀਕ ਮਾਣ, ਮੋਹ ਅਤੇ ਲੋਭ ਵਿਕਾਰ ਹਨ ਇਤਨੇ ਤੀਕ ਖਸਮੁ ਨਹੀਂ ਪਛਾਣਿਆਂ ਜਾ ਸਕਦਾ। ਬਸ ਇਹੋ ਹੀ ਪ੍ਰੀਤਿ ਨਿਭਾਣ ਲਈ ਜ਼ਰੂਰੀ ਹੈ ਕਿ ਆਪਣੇ ਕਰਤੱਵ ਨੂੰ ਮਾਣ, ਮੋਹ ਅਤੇ ਲੋਭ ਦੇ ਆਸ਼ਿਆਂ ਤੋਂ ਉੱਚਾ ਰੱਖਿਆ ਜਾ ਸਕੇ 'ਸੇਵਕ ਕੀ ਪ੍ਰੀਤਿ' ਤਦ ਹੀ ਓੜਕਿ ਤੀਕ ਨਿਭ ਸਕਦੀ ਹੈ।

੧. ਮਾਣ :—ਜਿਤਨੇ ਤੀਕ ਕਿਸੇ ਮਨੁੱਖ ਨੂੰ ਕਿਸੇ ਪ੍ਰਕਾਰ ਦਾ ਵੀ ਮਾਣ ਰਹਿੰਦਾ ਹੈ, ਉਹ ਖਸਮੁ ਨੂੰ ਨਹੀਂ ਪਛਾਣ ਸਕਦਾ ਤੇ ਸੇਵਕ ਨਹੀਂ ਬਣ ਸਕਦਾ। ਮਾਣ ਸੇਵਕ ਦੇ ਉਲਟ ਦੀ ਚੀਜ਼ ਹੈ। ਆਪਣੀ ਕੁੱਲ, ਜਾਤ, ਵਿਦਿਆ, ਅਮੀਰੀ, ਬੁੱਧੀ, ਸਿਆਣਪ ਦਾ ਮਾਣ, ਆਪਣੀ ਰਾਇ ਦੇ ਹੱਠ ਦਾ ਮਾਣ ਮਨੁੱਖ ਨੂੰ ਆਦਰਸ਼ਕ ਕਰਤੱਵ ਦੀ ਪਛਾਣ ਨਹੀਂ ਕਰਨ ਦਿੰਦੇ। ਪਦਵੀ ਦਾ ਮਾਣ ਮਨੁੱਖ ਨੂੰ ਆਦਰਸ਼ਕ ਕਰਤੱਵ ਤੋਂ ਹਟਾ ਦਿੰਦਾ

ਹੈ। ਧਨ, ਦੌਲਤ ਦਾ ਮਾਣ ਮਨੁੱਖ ਨੂੰ ਆਦਰਸ਼ਕ ਕਰਤੱਵ ਤੋਂ ਹਟਾ ਦਿੰਦਾ ਹੈ।

ਨਾਮ ਨੂੰ ਰਤਨ ਕਿਹਾ ਹੈ। ਰਤਨ ਪ੍ਰਕਾਸ਼ਮਾਨ ਚੀਜ਼ ਹੈ, ਸ਼ੁੱਧ ਤੇ ਨਿਰੋਲ ਚੀਜ਼ ਹੈ, ਪਰ ਹੈ ਬੜੀ ਕਰੜੀ ਤੇ ਸਖ਼ਤ ਚੀਜ਼। ਨਾਮ ਦਾ ਪ੍ਰਕਾਸ਼ ਮਨੁੱਖ ਨੂੰ ਆਦਰਸ਼ ਤੇ ਬੜੀ ਕਰੜਾਈ ਨਾਲ ਡਟਣ ਦੀ ਪ੍ਰੇਰਨਾ ਦਿੰਦਾ ਹੈ। ਪਰ ਮਧ (ਨਸ਼ਾ) ਵਾਲਾ ਆਦਮੀ—ਭਾਵੇਂ ਇਹ ਨਸ਼ਾ ਵਿਦਿਆ ਦਾ ਹੋਵੇ, ਭਾਵੇਂ ਦੌਲਤ ਦਾ ਹੋਵੇ, ਭਾਵੇਂ ਪਦਵੀ ਦਾ ਹੋਵੇ—ਆਦਰਸ਼ ਨੂੰ ਨਹੀਂ ਪਛਾਣ ਸਕਦਾ। ਇਸ ਵਾਸਤੇ ਸੇਵਕ ਤਾਂ ਉਹ ਹੈ ਜੋ ਸਚਾਈ ਤੇ ਆਦਰਸ਼ ਨੂੰ ਪਛਾਣ ਕੇ ਉਸ ਉਤੇ ਤੁਰਦਾ ਹੈ ਅਤੇ ਆਪਣੇ ਮਨ ਨੂੰ ਪਰੇ ਹਟਾ ਦਿੰਦਾ ਹੈ।

ਮਾਣ ਪ੍ਰਾਪਤੀ ਲਈ ਕੋਈ ਕਰਤੱਵ ਕਰਨਾ ਵੀ ਮਨੁੱਖ ਨੂੰ ਆਦਰਸ਼ ਤੋਂ ਹਟਾ ਦਿੰਦਾ ਹੈ। ਸੇਵਾ ਕਈ ਲੋਕ ਕਰਦੇ ਹਨ ਪਰ ਮਾਣ ਸੋਭਾ ਦੀ ਪ੍ਰਾਪਤੀ ਲਈ। ਗੁਰੂ ਅਰਜਨ ਸਾਹਿਬ ਦੀ ਪ੍ਰੀਤਿ ਓੜਕਿ ਤੀਕ ਇਸ ਲਈ ਨਿਭੀ ਕਿ ਆਪ ਨੇ ਮਾਣ ਦੀ ਪ੍ਰਾਪਤੀ ਲਈ ਸੇਵਾ ਨਹੀਂ ਕੀਤੀ। ਇਸ ਨੂੰ ਖਸਮ ਦੀ ਆਵਾਜ਼ ਸਮਝ ਕੇ ਹੁਕਮ ਦੀ ਪਾਲਣਾ ਕੀਤੀ ਹੈ। ਸੋ ਸੇਵਕ ਉਹ ਹੋ ਸਕਦਾ ਹੈ ਜੋ ਆਪਣਾ ਮਾਣ ਤਿਆਗੇ ਅਤੇ ਮਾਣ ਪ੍ਰਾਪਤੀ ਦੀ ਇੱਛਾ ਤੋਂ ਉੱਚਾ ਹੋ ਕੇ ਕਰਤੱਵ ਕਰੇ।

੨. ਮੋਹ :—ਕੋਈ ਮਨੁੱਖ ਤਦ ਤਕ ਨਾ ਖਸਮ ਨੂੰ ਪਛਾਣ ਸਕਦਾ ਹੈ ਅਤੇ ਨਾ ਹੀ ਸੇਵਾ ਕਰ ਸਕਦਾ ਹੈ ਜਿਤਨੇ ਤੀਕ ਉਹ ਕੁਝ ਪਦਾਰਥਾਂ ਜਾਂ ਸੰਬੰਧੀਆਂ ਦੇ ਮੋਹ ਵਿਚ ਬੱਝਾ ਹੋਇਆ ਹੈ। ਸੇਵਕ ਨੇ ਤਾਂ ਠਾਕੁਰ ਨੂੰ ਹਰ ਹਿਰਦੇ ਵਿਚ ਵੱਸਦਾ ਵੇਖਣਾ ਹੈ। ਖਸਮੁ ਤਾਂ ਮਨੁੱਖਤਾ ਵਿਚ ਹੈ, ਇਸ ਵਾਸਤੇ ਸਾਰੀ ਮਨੁੱਖਤਾ ਨੂੰ ਸੇਵਕ ਨੇ ਖਸਮੁ ਦਾ ਸਰੂਪ ਸਮਝਿਆ ਹੈ, ਕੇਵਲ ਕੁਝ ਸੰਬੰਧੀਆਂ ਨੂੰ ਨਹੀਂ। ਗੁਰੂ ਅਰਜਨ ਸਾਹਿਬ ਨੇ 'ਨਾ ਕੋਇ ਬੈਰੀ ਨਾਹਿ ਬਿਗਾਨਾ' ਦੇ ਆਦਰਸ਼ ਨੂੰ ਅਪਣਾਇਆ ਸੀ, ਉਹ ਹੀ ਮੌਤ ਤੋਂ ਉੱਚਾ ਹੋਣ ਦਾ ਆਦਰਸ਼ ਹੈ। ਇਸੇ ਆਦਰਸ਼ ਨੂੰ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਬਾਣੀ ਦੀ ਚੋਣ ਕਰਦਿਆਂ ਅਪਣਾਇਆ ਹੈ ਜਿਥੇ ਭਗਤਾਂ ਨੂੰ ਪ੍ਰਤੀਨਿਧਤਾ ਦਿੱਤੀ ਹੈ। ਇਸੇ ਆਦਰਸ਼ ਨੂੰ ਆਪ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਰੱਖ ਕੇ ਅਪਣਾਇਆ ਹੈ, ਇਸੇ ਆਦਰਸ਼ ਨੂੰ ਆਪ ਨੇ ਲੰਗਰ ਵਿਚ ਅਪਣਾਇਆ ਹੈ। ਸਾਰੀ ਮਨੁੱਖਤਾ ਦੀ ਪ੍ਰੀਤ ਹੀ ਸਾਹਿਬ ਦੀ ਪ੍ਰੀਤ ਹੈ। ਜੋ ਕਰਤੱਵ ਇਸ ਟੀਚੇ ਤੇ ਪੂਰਾ ਉਤਰਦਾ ਹੈ, ਉਹ ਸੇਵਾ ਹੈ। ਗੁਰੂ ਅਰਜਨ ਸਾਹਿਬ ਦਾ ਹਰ ਕਰਤੱਵ ਇਸ ਟੀਚੇ ਤੇ ਪੂਰਾ ਹੈ। ਇਸੇ ਲਈ ਉਹ ਦਾਅਵਾ ਕਰ ਸਕੇ ਹਨ 'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ'।

੩. ਲੋਭ :—ਮਨ ਵਿਚ ਜਦੋਂ ਆਪਣੀ ਕੋਈ ਤ੍ਰਿਸ਼ਨਾ ਹੋਵੇ ਤਦ ਦਿਆਨਤਦਾਰੀ ਨਾਲ ਸੇਵਾ ਨਹੀਂ ਹੋ ਸਕਦੀ। ਜਿਨ੍ਹਾਂ ਨੇ ਮੁਲਕਗੀਰੀ ਦੀ ਤ੍ਰਿਸ਼ਨਾ ਰੱਖੀ ਹੈ, ਆਪਣੇ ਗੁਰਡਮਾਂ ਨੂੰ ਸਥਾਪਨ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ, ਵਡਿਆਈ ਦੀ ਤ੍ਰਿਸ਼ਨਾ ਰੱਖੀ ਹੈ, ਉਹ ਸੇਵਕ ਨਹੀਂ ਹੋ ਸਕਦੇ। ਸੇਵਾ ਤਾਂ ਕੁਰਬਾਨੀ ਦਾ ਮਾਰਗ ਹੈ। ਸੇਵਾ ਤਾਂ ਸੰਤੋਖੀ ਲੋਕ ਕਰ ਸਕੇ ਹਨ। ਗੁਰੂ ਨਾਨਕ ਸਾਹਿਬ ਨੇ ਸੇਵਾ ਦੀ ਉਪਮਾ ਇਹ ਕੀਤੀ ਹੈ : 'ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥ ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ

ਥੋੜਾ ਖਾਇਆ ॥ ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥ ੭ ॥ [ਆਸਾ ਦੀ ਵਾਰ]

ਗੁਰੂ ਅਰਜਨ ਸਾਹਿਬ ਨੇ ਹਰ ਪ੍ਰਕਾਰ ਦੇ ਲੋਭ ਤੋਂ ਉੱਚੇ ਰਹਿ ਕੇ ਸੇਵਾ ਕੀਤੀ ਹੈ। ਇਸ ਤਰ੍ਹਾਂ ਉਨ੍ਹਾਂ ਦੀ ਪ੍ਰੀਤ ਨਿਭੀ ਹੈ।

੪. ਵਿਕਾਰ :—ਕੋਈ ਮਨੁੱਖ ਵੀ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸਕਦਾ। ਜੇ ਕਿਸੇ ਮਨੁੱਖ ਦਾ ਮਾਲਕ ਭਾਵ ਉਸ ਦੀ ਪਰਬਲ ਸ਼ਕਤੀ ਕਾਮ ਹੈ ਤਾਂ ਉਹ ਕਾਮ ਦਾ ਹੀ ਸੇਵਕ ਹੈ, ਉਹ ਆਦਰਸ਼ ਦਾ ਸੇਵਕ ਨਹੀਂ ਹੋ ਸਕਦਾ। ਜੇ ਕਿਸੇ ਮਨੁੱਖ ਦਾ ਪ੍ਰਬਲ ਸੁਭਾਵ ਕ੍ਰੋਧ ਜਾਂ ਹੰਕਾਰ ਹੈ ਤਾਂ ਉਹ ਆਦਰਸ਼ ਦਾ ਸੇਵਕ ਨਹੀਂ ਹੋ ਸਕਦਾ, ਕ੍ਰੋਧ ਜਾਂ ਹੰਕਾਰ ਦਾ ਹੀ ਸੇਵਕ ਹੋਵੇਗਾ। ਜੇ ਕਿਸੇ ਮਨੁੱਖ ਦੀ ਪ੍ਰਬਲ ਇੱਛਾ ਧਨ ਹੈ ਤਾਂ ਉਹ ਠੀਕ ਜਾਂ ਗ਼ਲਤ ਸਾਧਨ ਨੂੰ ਨਹੀਂ ਵਿਚਾਰ ਸਕਦਾ, ਉਹ ਤਾਂ ਧਨ ਦੀ ਸੇਵਾ ਕਰੇਗਾ। ਸੋ ਕੋਈ ਵਿਕਾਰ ਜਾਂ ਉਲਾਰ-ਪਨ ਮਨੁੱਖ ਨੂੰ ਸੇਵਕ ਨਹੀਂ ਹੋਣ ਦਿੰਦਾ। ਇਹ ਸਭ 'ਬੀਓ ਚੀਤਿ' ਦੀਆਂ ਗੱਲਾਂ ਹਨ। ਪਰ ਗੁਰੂ ਅਰਜਨ ਸਾਹਿਬ ਨੇ ਤਾਂ ਅਨਿੰਨ ਭਗਤੀ ਕੀਤੀ ਹੈ, ਇਕੋ ਦੀ ਸੇਵਾ ਕੀਤੀ ਹੈ—ਨਾਮ ਰਤਨ ਜਾਂ ਨਾਮ ਪ੍ਰਕਾਸ਼ ਦੀ।

ਇਸੇ ਲਈ ਉਹ ਦਾਅਵਾ ਕਰ ਸਕੇ 'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥'

---

# ੧੫. ਹਰਿ ਕੇ ਦਰਸਨ

ਕੇਦਾਰਾ ਮਹਲਾ ੫ ॥

ਹਰਿ ਕੇ ਦਰਸਨ ਕੋ ਮਨਿ ਚਾਉ ॥
ਕਰਿ ਕਿਰਪਾ ਸਤ ਸੰਗਿ ਮਿਲਾਵਹੁ
ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥
ਕਰਉ ਸੇਵਾ ਸਤ ਪੁਰਖ ਪਿਆਰੇ
ਜਤ ਸੁਨੀਐ ਤਤ ਮਨਿ ਰਹਸਾਉ ॥
ਵਾਰੀ ਫੇਰੀ ਸਦਾ ਘੁਮਾਈ
ਕਵਨੁ ਅਨੂਪੁ ਤੇਰੋ ਠਾਉ ॥ ੧ ॥
ਸਰਬ ਪ੍ਰਤਿਪਾਲਹਿ ਸਗਲ ਸਮਾਲਹਿ
ਸਗਲਿਆ ਤੇਰੀ ਛਾਉ ॥
ਨਾਨਕ ਕੇ ਪ੍ਰਭ ਪੁਰਖ ਬਿਧਾਤੇ
ਘਟਿ ਘਟਿ ਤੁਝਹਿ ਦਿਖਾਉ ॥ ੨ ॥ ੨ ॥ ੪ ॥

ਇਸ ਸ਼ਬਦ ਵਿਚੋਂ ਅਸੀਂ ਕੇਵਲ ਇਕ ਅੰਗ ਦਾ ਵਿਚਾਰ ਕਰਨ ਲੱਗੇ ਹਾਂ। ਉਹ ਅੰਗ ਇਹ ਹੈ ਕਿ ਅਨੰਤ ਸਮੇਂ ਤੋਂ ਮਨੁੱਖ 'ਹਰਿ ਕੇ ਦਰਸਨ' ਲਈ ਮਨ ਵਿਚ 'ਚਾਉ' ਲਈ ਬੈਠਾ ਹੈ। ਪਰ ਉਹ ਦਰਸ਼ਨ ਕਿਵੇਂ ਪ੍ਰਾਪਤ ਹੋ ਸਕਦਾ ਹੈ ਅਤੇ ਕਿਥੋਂ ਪ੍ਰਾਪਤ ਹੋ ਸਕਦਾ ਹੈ ? ਇਨ੍ਹਾਂ ਦਾ ਉਚਾਰ ਗੁਰੂ ਸਾਹਿਬ ਇਸ ਸ਼ਬਦ ਵਿਚ ਸਪਸ਼ਟ ਕਰਦੇ ਹਨ। ਬੁਨਿਆਦੀ ਵਿਚਾਰ ਇਸ ਪ੍ਰਸ਼ਨ ਬਾਰੇ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਇਹੋ ਹੈ : 'ਸੋ ਦਰ' ਇਸ ਵਿਸ਼ਾਲ ਬ੍ਰਹਿਮੰਡ ਤੋਂ ਵੱਖਰਾ ਨਹੀਂ ਹੈ। ਇਹ ਵਿਸ਼ਾਲ ਬ੍ਰਹਿਮੰਡ ਹੀ ਅਕਾਲ ਪੁਰਖ ਦਾ ਨਿਵਾਸ ਅਸਥਾਨ ਹੈ ਜਿਸ ਦੀ ਰਚਨਾ ਉਹ ਆਪ ਕਰਕੇ ਇਸ ਵਿਚ

'ਕਰਿ ਆਸਣੁ ਡਿਠੋ ਚਾਉ ॥'

ਆਸਣ ਲਗਾ ਕੇ ਬੜੇ ਉਤਸ਼ਾਹ ਨਾਲ ਇਸ ਸਾਰੇ ਪਸਾਰੇ ਨੂੰ ਵੇਖ ਰਿਹਾ ਹੈ। ਪਰਮਾਤਮਾ ਦੇ ਦਰਸ਼ਨ ਇਸ ਜਗਤ ਦੀ ਕੋਠੀ ਵਿਚੋਂ ਹੀ ਹੋ ਸਕਦੇ ਹਨ। ਕਿਉਂਕਿ—

'ਇਹੁ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥'

ਪਰਮਾਤਮਾ ਦੇ ਦਰਸ਼ਨ ਇਸੇ ਕੁਦਰਤ ਵਿਚੋਂ ਹੋ ਸਕਦੇ ਹਨ ਕਿਉਂਕਿ ਪਰਮਾਤਮਾ ਕੁਦਰਤਿ ਵੱਸਿਆ ਹੈ—

'ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥'

ਪਰਮਾਤਮਾ ਦੇ ਦਰਸ਼ਨ ਹਰ ਮਨੁੱਖ ਦੀਆਂ ਅੱਖਾਂ ਵਿਚੋਂ ਹੋ ਸਕਦੇ ਹਨ ਕਿਉਂਕਿ ਹਰ ਮਨੁੱਖ ਦੇ ਹਿਰਦੇ ਵਿਚ ਉਹ ਇਸ ਤਰ੍ਹਾਂ ਵੱਸ ਰਿਹਾ ਹੈ ਜਿਵੇਂ ਫੁੱਲ ਵਿਚ ਸੁਗੰਧ ਅਤੇ ਸ਼ੀਸ਼ੇ ਵਿਚ ਛਾਇਆ।

ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਇਹ ਸੁਝਾਅ, ਦਰਸ਼ਨ ਬਾਰੇ ਬੜੇ ਵਚਿੱਤਰ ਤਰੀਕੇ ਨਾਲ ਦਿੱਤੇ ਹਨ। ਅਸੀਂ ਇਸ ਸ਼ਬਦ ਵਿਚ ਦਿੱਤੇ ਸੁਝਾਅ ਦਾ ਵਿਚਾਰ ਕਰਦੇ ਹਾਂ। ਸੁਝਾਅ ਇਹ ਹਨ : 'ਹਰਿ ਕੇ ਦਰਸਨ' ਲਈ :—

੧. ਹਰਿ ਕੇ ਦਰਸਨ ਕੋ ਮਨਿ ਚਾਉ :—ਜਿਥੇ ਕਿਸੇ ਲਈ ਤੜਪ ਹੈ ਉਥੇ ਉਸ ਨੂੰ ਆਉਣਾ ਹੀ ਪੈਂਦਾ ਹੈ। ਜਿਸ ਹਿਰਦੇ ਵਿਚ ਪਰਮਾਤਮਾ ਲਈ ਤੜਪ ਹੈ, ਨਿਰਸੰਦੇਹ ਯੋਗ ਸਮੇਂ ਤੇ ਉਹ ਹਿਰਦਾ ਹੀ ਪਰਮਾਤਮਾ ਦਾ ਨਿਵਾਸ ਅਸਥਾਨ ਹੋ ਜਾਂਦਾ ਹੈ। ਪਰਮਾਤਮਾ ਤਾਂ ਹਰ ਵਕਤ ਉਸ ਹਿਰਦੇ ਅੰਦਰ ਹੈ ਉਸ ਨੇ ਤਾਂ ਪ੍ਰਗਟ ਹੋਣਾ ਹੈ ਜਾਂ ਮਨੁੱਖ ਨੂੰ ਉਸ ਦੀ ਸੋਝੀ ਪੈਣੀ ਹੈ। ਪਰਮਾਤਮਾ ਨੂੰ ਹਿਰਦੇ ਵਿਚੋਂ ਪ੍ਰਗਟ ਹੋ ਕੇ ਤੜਪ ਵਾਲੇ ਨੂੰ ਦਰਸ਼ਨ ਦੇਣੇ ਪੈਂਦੇ ਹਨ :—

'ਜਿਨਿ ਪ੍ਰੇਮ ਕੀਓ ਤਿਨਹੀ ਪ੍ਰਭੁ ਪਾਇਓ ॥'

ਉਸ ਤੜਪ ਵਿਚ ਹੀ ਉਹ ਰਸ ਹੈ, ਜਿਸ ਨੂੰ 'ਰੱਬੀ ਰਸ' ਕਿਹਾ ਜਾਂਦਾ ਹੈ।

ਪਰਮਾਤਮਾ ਲਈ ਤੜਪ ਮਨੁੱਖ ਦੇ ਸਾਰੇ ਵਤੀਰੇ ਨੂੰ ਬਦਲ ਦੇਂਦੀ ਹੈ। ਜਿਸ ਹਿਰਦੇ ਵਿਚ ਪਰਮਾਤਮਾ ਲਈ ਤੜਪ ਹੈ ਕਿ ਪਰਮਾਤਮਾ ਦੇ ਉਸ ਨੂੰ ਦਰਸ਼ਨ ਹੋਣ, ਉਸ ਹਿਰਦੇ ਨੂੰ ਆਪਣਾ ਆਪ ਪਰਮਾਤਮਾ ਦੇ ਯੋਗ ਬਨਾਉਣਾ ਪੈਂਦਾ ਹੈ। ਪਰਮਾਤਮਾ ਦੇ ਯੋਗ ਹਿਰਦਾ ਉਹ ਹੈ ਜਿਸ ਵਿਚ ਮੂਲ ਮੰਤਰ ਵਾਲੇ—

'ੴ ਸਤਿਨਾਮ ਕਰਤਾ ਪੁਰਖੁ ਨਿਰਭਉ
ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ
ਗੁਰ ਪ੍ਰਸਾਦਿ ॥'

ਸਾਰੇ ਗੁਣ ਆ ਜਾਂਦੇ ਹਨ, ਭਾਵ ਜਿਸ ਹਿਰਦੇ ਵਿਚ 'ਹਰਿ ਕੇ ਦਰਸਨ' ਲਈ ਤੜਪ ਹੈ ਉਹ ਹਿਰਦਾ ਏਕਤਾ, ਸਚਾਈ, ਉਸਾਰੂ ਰੁਚੀ, ਨਿਡਰਤਾ, ਨਿਆਂਕਾਰੀ, ਨਾ ਨਾਸ ਹੋਣ ਵਾਲੀ ਸੁੰਦਰਤਾ ਦਾ ਪੁਜਾਰੀ, ਸੁੰਦਰਤਾ ਦਾ ਆਸ਼ਕ, ਬ੍ਰਹਮ ਗਿਆਨੀ ਅਤੇ ਵਤੀਰ ਵਿਚ ਕੋਮਲਤਾ ਦਾ ਉਪਾਸ਼ਕ ਹੁੰਦਾ ਹੈ। (ਇਹ ਮੂਲ ਮੰਤਰ ਦੀ ਵਿਆਖਿਆ ਹੈ)। 'ਹਰਿ ਕੇ ਦਰਸਨ' ਲਈ 'ਚਾਉ' ਹੀ ਇਸ ਗੱਲ ਦੀ ਜ਼ਾਮਨੀ ਹੈ ਕਿ 'ਹਰਿ ਕੇ ਦਰਸਨ' ਕਿਸ ਨੂੰ ਹੋਣਗੇ ! 'ਹਰਿ ਕੇ ਦਰਸਨ' ਲਈ 'ਚਾਉ' ਦਾ ਭਾਵ ਮੂਲ ਮੰਤਰ ਵਾਲੇ ਇਸ ਆਚਰਨ ਲਈ ਚਾਉ ਹੈ, ਇਨ੍ਹਾਂ ਗੁਣਾਂ ਦੇ ਧਾਰਨ ਕਰਨ ਦੀ ਇੱਛਾ ਹੈ। ਜਿਸ ਹਿਰਦੇ ਵਿਚ ਆਚਰਨ ਦੇ ਇਸ ਪੱਧਰ ਤੱਕ ਪਹੁੰਚਣ ਲਈ ਇੱਛਾ ਜਾਗ ਪਈ ਹੈ, ਉਹ ਪਹੁੰਚ ਜਾਏਗਾ ਅਤੇ ਉਹ ਆਪ ਹੀ ਸਾਖਿਆਤ 'ਹਰਿ ਕੇ ਦਰਸਨ' ਬਣ ਜਾਏਗਾ।

'ਹਰਿ ਕੇ ਦਰਸਨ' ਲਈ ਚਾਉ ਮਨੁੱਖ ਦੇ ਆਚਰਨ ਨੂੰ ਨਿਰਮਲ, ਪਵਿੱਤਰ ਤੇ ਉੱਚਾ ਕਰਦਾ ਹੈ। ਅਸਲ ਵਿਚ ਉਹ ਆਚਰਨ ਹੀ 'ਹਰਿ ਕਾ ਦਰਸਨ' ਹੈ।

੨. ਕਰਿ ਕਿਰਪਾ ਸਤ ਸੰਗਿ ਮਿਲਾਵਹੁ :—'ਹਰਿ ਕੇ ਦਰਸਨ' ਦਾ ਇਕ ਹੋਰ ਸਰੂਪ ਗੁਰੂ ਸੰਗਤ ਹੈ, 'ਸਤ ਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥' 'ਹਰਿ ਕੇ ਦਰਸਨ' ਦਾ ਸਰੂਪ ਗੁਰੂ ਦੇ ਪਾਸ ਬੈਠਣਾ ਹੈ। ਗੁਰੂ ਅਰਜਨ ਸਾਹਿਬ ਜੀ ਦੀ ਸੁਖਮਨੀ ਵਿਚੋਂ 'ਹਰਿ ਕਾ ਦਰਸਨ' ਪਰਤੱਖ ਹੈ ਅਤੇ ਸੁਖਮਨੀ ਦਾ ਪਾਠ ਗੁਰੂ ਅਰਜਨ ਸਾਹਿਬ ਦਾ 'ਸਤਸੰਗਿ' ਹੈ। ਸੰਗਤ ਪਰਮਾਤਮਾ ਹੈ, ਗੁਰੂ ਪਰਮਾਤਮਾ ਹੈ; ਬਾਣੀ ਪਰਮਾਤਮਾ ਹੈ। 'ਹਰਿ ਕਾ ਦਰਸਨ' ਉਨ੍ਹਾਂ ਸ਼ੁੱਭ ਵਿਚਾਰਾਂ ਦਾ ਦਰਸ਼ਨ ਹੈ ਜੋ ਸੰਗਤ, ਗੁਰੂ ਤੇ ਬਾਣੀ ਮਨੁੱਖ ਨੂੰ ਬਖ਼ਸ਼ਦੇ ਹਨ। 'ਹਰਿ ਕਾ ਦਰਸਨ' ਉਨ੍ਹਾਂ ਅਸੂਲਾਂ ਨੂੰ ਜੀਵਨ ਵਿਚ ਧਾਰਨ ਕਰਨਾ ਹੈ ਜੋ ਸੰਗਤ, ਗੁਰੂ ਤੇ ਬਾਣੀ ਸਮੇਂ ਪ੍ਰਾਪਤ ਹੁੰਦੇ ਹਨ।

੩. ਤੁਮ ਦੇਵਹੁ ਅਪਨੋ ਨਾਉ :—ਪਰਮਾਤਮਾ ਦਾ ਦਰਸ਼ਨ ਉਸ ਦੇ ਨਾਮ ਵਿਚੋਂ, ਉਸ ਦੇ ਗੁਣਾਂ ਦੇ ਵਿਚਾਰ ਵਿਚੋਂ ਹੈ, ਉਸ ਦੇ ਵਤੀਰੇ ਨੂੰ ਵੇਖਣ ਵਿਚੋਂ ਹੈ। ਨਾਮ ਸਿਮਰਨ ਦੁਆਰਾ ਨਾਮ ਮਨੁੱਖ ਦੇ ਅੰਦਰ ਟਿਕਦਾ ਹੈ। ਭਾਵ ਨਾਮ ਸਿਮਰਨ ਦੁਆਰਾ ਆਦਰਸ਼ਕ ਗੁਣਾਂ ਦਾ ਨਿਵਾਸ ਮਨੁੱਖੀ ਆਚਰਨ ਵਿਚ ਹੁੰਦਾ ਹੈ। ਸਿਮਰਨ ਇਕ ਤੜਪ ਹੈ ਕਿਸੇ ਆਦਰਸ਼ ਤਕ ਪਹੁੰਚਣ ਦੀ। ਨਾਮ ਤੇ ਹਰੀ ਅਭੇਦ ਹਨ, ਭਾਵ ਸੱਚ ਦਾ ਵਿਚਾਰ ਹੀ ਪਰਮਾਤਮਾ ਦਾ ਦਰਸ਼ਨ ਹੈ। ਪਰ ਇਹ ਵਤੀਰੇ ਸਿਮਰਨ ਦੁਆਰਾ ਹੀ ਪੈਦਾ ਹੁੰਦੇ ਹਨ। ਵਾਹਿਗੁਰੂ ਸਭ ਤੋਂ ਉੱਤਮ ਨਾਮ ਹੈ। ਕਮਾਲ ਹੈ ਤੇਰਾ ਗਿਆਨ ! ਜਿਉਂ ਜਿਉਂ ਕਿਸੇ ਨੂੰ ਪਰਮਾਤਮਾ ਦੀ ਸੁੰਦਰਤਾ ਦਾ ਗਿਆਨ ਹੁੰਦਾ ਹੈ ਅਤੇ ਉਹ ਇਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਧਾਰਨ ਕਰਦਾ ਹੈ, ਉਸ ਨੂੰ ਆਪਣੇ ਅੰਦਰੋਂ ਹੀ ਪਰਮਾਤਮਾ ਦੇ ਦਰਸ਼ਨ ਹੋਣ ਲਗ ਪੈਂਦੇ ਹਨ।

੪ ਕਰਉ ਸੇਵਾ ਸਤ ਪੁਰਖ ਪਿਆਰੇ :—ਮਹਾਂਪੁਰਸ਼ਾਂ ਦੇ ਦਰਸ਼ਨ ਵਿਚ 'ਹਰਿ ਕੇ ਦਰਸਨ' ਹੁੰਦੇ ਹਨ। ਜਿਨ੍ਹਾਂ ਲੋਕਾਂ ਨੇ ਸਤ ਨੂੰ ਧਾਰਨ ਕੀਤਾ ਹੈ ਅਤੇ ਸਤ ਤੇ ਦ੍ਰਿੜ੍ਹ ਹੋਏ ਹਨ ਉਹ 'ਸਤ ਪੁਰਖ' ਹਨ ਅਤੇ ਉਹ ਪਰਮਾਤਮਾ ਦਾ ਸਾਖਿਆਤ ਸਰੂਪ ਹਨ, ਉਹ ਬ੍ਰਹਮਗਿਆਨੀ ਆਪ ਪਰਮੇਸ਼ਰ ਹਨ। ਐਸੇ ਲੋਕਾਂ ਦੀ ਛੁਹ ਮਨੁੱਖ ਨੂੰ ਉੱਚਾ ਚੁੱਕਦੀ ਹੈ। ਇਹ ਛੁਹ ਹੋਰਨਾਂ ਵਿਚ ਸਤ ਨੂੰ ਧਾਰਨ ਕਰਨ ਦੀ ਜੁਰਅਤ ਪੈਦਾ ਕਰਦੀ ਹੈ, ਜਦੋਂ ਉਹ ਜੁਰਅਤ ਪੈਦਾ ਹੋ ਜਾਏ ਇਹ 'ਹਰਿ ਕੇ ਦਰਸਨ' ਹਨ। ਇਹ ਦਰਸ਼ਨ ਸੰਤਾਂ ਦੀ ਅੱਖ ਵਿਚ ਹੀ ਹਨ। ਪਰ ਇਹ ਦਰਸ਼ਨ ਆਪਣੇ ਆਪ ਵਿਚੋਂ ਵੀ ਹਨ, ਜੇ ਮਨੁੱਖ ਅੰਦਰ ਸਤ ਦੀ ਟੇਕ ਆ ਜਾਏ।

੫. ਜਤ ਸੁਨੀਐ ਤਤ ਮਨਿ ਰਹਸਾਉ :—'ਹਰਿ ਕੇ ਦਰਸਨ' ਅਨੰਦ ਦੇ ਉਸ ਅਨੁਭਵ ਵਿਚ ਹਨ ਜੋ ਉੱਤਮ ਵਿਚਾਰ ਅਤੇ ਕੀਰਤਨ ਦੇ ਅਲਾਪ ਵਿਚੋਂ ਪ੍ਰਾਪਤ ਹੁੰਦਾ ਹੈ; ਜੋ ਜਪੁ, ਜਾਪੁ ਤੇ ਸੁਖਮਨੀ ਦੇ ਪ੍ਰਵਾਹ ਵਿਚੋਂ ਪ੍ਰਾਪਤ ਹੁੰਦਾ ਹੈ। ਨਿਰਸੰਦੇਹ ਬਿਰਤੀ ਦੇ ਟਿਕਣ ਨਾਲ ਜਪੁ, ਜਾਪੁ ਤੇ ਸੁਖਮਨੀ ਦੇ ਅਲਾਪ ਵਿਚੋਂ ਅਨੰਦ ਪ੍ਰਾਪਤ ਹੁੰਦਾ ਹੈ; ਸੱਚ ਅਤੇ ਨਿਆਂ ਤੇ ਟਿਕਣ ਨਾਲ ਅਨੰਦ ਪ੍ਰਾਪਤ ਹੁੰਦਾ ਹੈ: 'ਸ਼ੁਭ ਕਰਮਣ' ਤੋਂ 'ਨ ਟਰਣ' ਨਾਲ ਅਨੰਦ ਪ੍ਰਾਪਤ ਹੁੰਦਾ ਹੈ; ਆਪਣੇ ਅੰਦਰੋਂ ਜ਼ਮੀਰ ਦੀ ਆਵਾਜ਼ ਨੂੰ ਪਹਿਚਾਨਣ ਨਾਲ ਅਨੰਦ ਪ੍ਰਾਪਤ ਹੁੰਦਾ ਹੈ, ਗੁਰ ਦੇ ਸ਼ਬਦ ਦੀ ਸਰੋਤ ਵਿਚੋਂ ਅਨੰਦ ਪ੍ਰਾਪਤ ਹੁੰਦਾ ਹੈ, ਕੁਦਰਤ ਦੇ ਵਿਸਮਾਦ ਤੇ ਬ੍ਰਹਿਮੰਡ ਦੇ ਚੱਕਰ ਵਿਚੋਂ ਸੰਗੀਤਮਈ

ਅਨੰਦ ਪ੍ਰਾਪਤ ਹੁੰਦਾ ਹੈ। ਇਹ ਅਨੰਦ ਹੀ 'ਹਰਿ ਕੇ ਦਰਸਨ' ਹਨ। 'ਹਰਿ ਕੇ ਦਰਸਨ' ਅਨੰਦ ਹੀ ਤਾਂ ਹਨ।

੬. ਵਾਰੀ ਫੇਰੀ ਸਦਾ ਘੁਮਾਈ ਕਵਨੁ ਅਨੂਪੁ ਤੇਰੋ ਠਾਉ :—ਹਰੀ ਦਾ ਟਿਕਾਣਾ ਤਾਂ ਹਰ ਉਸ ਥਾਂ ਹੈ ਜਿਥੇ ਸੁੰਦਰਤਾ ਹੈ, ਅਨੂਪੁ ਸੁੰਦਰਤਾ। ਜਿਥੇ ਵੀ ਧਰਮਸਾਲ ਹੈ ਉਥੇ 'ਹਰਿ ਕੇ ਦਰਸਨ' ਹਨ; ਜਿਸ ਹਿਰਦੇ ਵਿਚ ਨੇਕ ਤੇ ਸ਼ੁੱਭ ਵਿਚਾਰ ਹੈ ਉਥੇ 'ਹਰਿ ਕੇ ਦਰਸਨ' ਹਨ; ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਉਥੇ 'ਹਰਿ ਕੇ ਦਰਸਨ' ਹਨ। ਉਥੇ ਅਨੂਪ ਸੁੰਦਰਤਾ ਵਾਯੂ ਮੰਡਲ ਵਿਚ ਆ ਜਾਂਦੀ ਹੈ। ਰੱਬੀ ਗੁਣਾਂ ਦਾ ਵਿਚਾਰ ਹੀ ਸਭ ਤੋਂ ਸੁੰਦਰ ਦਸ਼ਾ ਹੈ। ਜਿਸ ਹਿਰਦੇ ਵਿਚ ਸੁੰਦਰ ਵਿਚਾਰ ਹੈ ਉਹ ਹਿਰਦਾ ਹੀ ਪਰਮਾਤਮਾ ਦਾ ਘਰ ਹੈ।

੭. ਸਰਬ ਪ੍ਰਤਿਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ :—'ਹਰਿ ਕੇ ਦਰਸਨ' ਉਨ੍ਹਾਂ ਕੁਦਰਤ ਦੇ ਕਾਨੂੰਨਾਂ ਵਿਚ ਹਨ ਜਿਨ੍ਹਾਂ ਦੁਆਰਾ ਹਰੀ 'ਸਰਬ ਪ੍ਰਤਿ-ਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ' ਕਰਦਾ ਹੈ। ਕੋਈ ਕਾਨੂੰਨ ਹਨ—ਹੁਕਮ—ਜੋ ਸਾਰੇ ਬ੍ਰਹਿਮੰਡ ਦੀ ਪਾਲਣਾ ਤੇ ਸੰਭਾਲ ਕਰ ਰਹੇ ਹਨ; ਜਿਨ੍ਹਾਂ ਨੇ ਸਾਰੇ ਬ੍ਰਹਿਮੰਡ ਨੂੰ ਸਥਿਰ ਕੀਤਾ ਹੋਇਆ ਹੈ; ਜੋ ਸਾਰੇ ਜੀਵਾਂ ਨੂੰ ਆਪਣੀ ਰਖਿਆ ਵਿਚ ਲਈ ਬੈਠੇ ਹਨ (ਤੇਰੀ ਛਾਉ); ਜੋ ਜੀਵਨ ਦੇ ਸਾਰੇ ਨਾਟਕ ਨੂੰ ਤੋਰੀ ਜਾ ਰਹੇ ਹਨ; ਜੋ

> "ਪੁਰਖਾਂ ਬਿਰਖਾਂ ਤੀਰਥਾਂ, ਤਟਾਂ ਮੇਘਾਂ ਖੇਤਾਂਹ ॥
> ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥
> ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥
> ਸੋਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥
> ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ ॥
> ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥
> ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥
> ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥
> ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥"

ਦੀ ਸੰਭਾਲ ਕਰ ਰਹੇ ਹਨ। ਇਹ ਕਾਨੂੰਨ ਕਿਤਨੇ ਮਹਾਨ ਹਨ; ਇਹ ਕਾਨੂੰਨ ਹੀ ਤਾਂ ਪਰਮਾਤਮਾ ਦਾ ਦਰਸ਼ਨ ਹਨ। ਇਨ੍ਹਾਂ ਕਾਨੂੰਨਾਂ ਨੂੰ ਦੇਖ ਕੇ ਜਿਸ ਹਿਰਦੇ ਵਿਚ ਕਾਨੂੰਨ ਅਨੁਸਾਰ ਜੀਵਨ ਬਤੀਤ ਕਰਨ ਦੀ ਇੱਛਾ ਜਾਗ ਪਏ ਉਸ ਅੰਦਰ ਪਰਮਾਤਮਾ ਦੇ ਦਰਸ਼ਨ ਅਵੱਸ਼ ਹੋਣਗੇ। ਹੁਕਮ ਜਾਂ ਕਾਨੂੰਨ ਦੀ ਸੂਝ ਵਿਚ 'ਹਰਿ ਕੇ ਦਰਸਨ' ਹਨ। ਹੁਕਮ ਜਾਂ ਕਾਨੂੰਨ ਨੂੰ ਮੰਨਣ ਵਿਚ 'ਹਰਿ ਕੇ ਦਰਸਨ' ਹਨ: ਕੁਦਰਤ ਦੇ ਵਿਸਮਾਦ ਵਿਚ 'ਹਰਿ ਕੇ ਦਰਸਨ' ਹਨ: ਬ੍ਰਹਿਮੰਡ ਦੇ ਅਲੌਕਿਕ ਸੰਗੀਤ ਵਿਚ 'ਹਰਿ ਕੇ ਦਰਸਨ' ਹਨ।

੮. ਨਾਨਕ ਕੇ ਪ੍ਰਭ ਪੁਰਖ ਬਿਧਾਤੇ :—ਜਿਸ ਮਨੁੱਖ ਨੂੰ 'ਬਿਧਾਤੇ' ਦਾ ਵਿਸ਼ਵਾਸ ਹੋ ਜਾਏ ਉਸ ਨੂੰ ਅਵੱਸ਼ 'ਹਰਿ ਕੇ ਦਰਸਨ' ਪ੍ਰਾਪਤ ਹੋਣਗੇ। ਕਈ ਮੌਕਿਆਂ ਤੇ ਪਰਮਾਤਮਾ ਕਿਵੇਂ ਬਿਧਾਂ ਜੋੜਦਾ ਹੈ। ਜਿਸ ਗੱਲ ਦਾ ਚਿੱਤ ਚੇਤਾ ਨਹੀਂ ਹੁੰਦਾ ਉਹ ਹੋ ਜਾਂਦੀ ਹੈ। ਜਿਸ ਵਡਿਆਈ ਜਾਂ ਮਹਾਨਤਾ ਤੱਕ ਪਹੁੰਚਣ ਦਾ ਕਦੀ ਸੁਪਨਾ ਨਹੀਂ

ਆਇਆ ਹੁੰਦਾ ਪਰਮਾਤਮਾ ਜੀਵ ਨੂੰ ਉਥੇ ਪਹੁੰਚਾ ਦੇਂਦਾ ਹੈ। 'ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ।' ਕਿਵੇਂ ਹੋਣੀਆਂ ਵਾਪਰਦੀਆਂ ਹਨ ਅਤੇ ਕਿਵੇਂ ਮੌਕੇ ਮੇਲ ਬਣਦੇ ਹਨ, ਇਨ੍ਹਾਂ ਦਾ ਤਜਰਬਾ ਹਰ ਮਨੁੱਖ ਨੂੰ ਥੋੜ੍ਹਾ ਬਹੁਤ ਹੁੰਦਾ ਹੈ। ਜੋ ਕੁਝ ਸਾਡੇ ਨਾਲ ਵਾਪਰਦਾ ਹੈ, ਕਈ ਵਾਰੀ ਉਸ ਦੀ ਮਹਾਨਤਾ ਦਾ ਭੇਦ ਸਾਨੂੰ ਉਸ ਸਮੇਂ ਤੋਂ ਮਗਰੋਂ ਪਤਾ ਲਗਦਾ ਹੈ। ਪਰ ਜਦੋਂ ਪਤਾ ਲਗਦਾ ਹੈ ਮਨੁੱਖ ਨੂੰ ਕਿਸੇ ਅਗੰਮੀ ਤੇ ਅਗਾਧ ਸ਼ਕਤੀ ਦਾ ਅਨੁਭਵ ਜ਼ਰੂਰ ਹੁੰਦਾ ਹੈ। ਬਸ ਉਹ ਛਿਨ ਹੀ ਅਨੁਭਵ ਦੀ ਛਿਨ ਹੈ, ਵਿਸਮਾਦ ਦੀ ਛਿਨ ਹੈ; ਬਿਧਾਤੇ ਦੀ ਸਮਰੱਥਾ ਦੇ ਅਹਿਸਾਸ ਦੀ ਛਿਨ ਹੈ; ਇਹ 'ਹਰਿ ਕੇ ਦਰਸਨ' ਹਨ। ਹਰ ਜੀਵ ਦੀ ਹੋਣੀ ਨੂੰ ਵਿਧਾਤਾ ਚਲਾ ਰਿਹਾ ਹੈ। ਠੋਕਰਾਂ ਲਗਦੀਆਂ ਹਨ ਤੇ ਅਗੰਮੀ ਸ਼ਕਤੀ ਦਾ ਵਿਸ਼ਵਾਸ ਵੀ ਬੱਝਦਾ ਹੈ। ਇਹ ਵਿਸ਼ਵਾਸ ਹੀ ਤਾਂ 'ਹਰਿ ਕੇ ਦਰਸਨ' ਹਨ। ਇਸ ਵਿਸ਼ਵਾਸ ਪਿੱਛੇ ਹਰਿ ਕੀ ਸ਼ਕਤੀ ਹੈ।

੯. ਘਟਿ ਘਟਿ ਤੁਝਹਿ ਦਿਖਾਉ :—ਮਾਂ ਦੀ ਪਿਆਰ ਭਰੀ ਅੱਖ ਵਿਚ—'ਹਰਿ ਕੇ ਦਰਸਨ' ਚਮਕਦੇ ਹਨ। ਉਹ ਪਿਆਰ ਹੀ ਤਾਂ 'ਹਰਿ ਕਾ ਦਰਸਨ' ਹੈ। ਜਲਾਦ ਦੀ ਅੱਖ ਦੀ ਲਾਲੀ ਵਿਚ ਵੀ 'ਹਰਿ ਕੇ ਦਰਸਨ' ਹੁੰਦੇ ਹਨ। ਜਦੋਂ ਮਾਇਆ ਦਾ ਕੋਈ ਤੂਫ਼ਾਨ ਚੜ੍ਹਦਾ ਹੈ ਤਾਂ ਉਸ ਵਿਚ ਵੀ 'ਹਰਿ ਕੇ ਦਰਸਨ' ਹੁੰਦੇ ਹਨ। ਹਰ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਹੈ। ਜਦੋਂ ਕਿਸੇ ਰੂਪ ਵਿਚ ਕਿਸੇ ਹਿਰਦੇ ਵਿਚ ਸ਼ਕਤੀ ਪ੍ਰਗਟ ਹੁੰਦੀ ਹੈ—ਪਿਆਰ ਦੇ ਰੂਪ ਵਿਚ, ਕੁਰਬਾਨੀ ਦੇ ਰੂਪ ਵਿਚ, ਸ਼ਹਾਦਤ ਦੇ ਰੂਪ ਵਿਚ, ਸਚਾਈ ਲਈ ਦ੍ਰਿੜ੍ਹਤਾ ਦੇ ਰੂਪ ਵਿਚ, ਨੇਕੀ ਤੇ ਪਰਉਪਕਾਰ ਦੇ ਰੂਪ ਵਿਚ, ਕਮਲਤਾ ਤੇ ਮਿਠਾਸ ਦੇ ਰੂਪ ਵਿਚ, ਕਵਿਤਾ ਤੇ ਸੰਗੀਤ ਦੇ ਰੂਪ ਵਿਚ, ਨ੍ਰਿਤ ਤੇ ਚਿਤ੍ਰ-ਕਾਰੀ ਦੇ ਰੂਪ ਵਿਚ—ਤਾਂ ਉਸੇ ਹਿਰਦੇ ਵਿਚੋਂ 'ਹਰਿ ਕੇ ਦਰਸਨ' ਹੋ ਰਹੇ ਹੁੰਦੇ ਹਨ। ਜਦੋਂ ਕਿਸੇ ਸੰਗੀਤਕਾਰ ਦੇ ਹਿਰਦੇ ਦਾ ਬਲ ਸੰਗੀਤ ਰੂਪ ਹੋ ਕੇ ਸੰਗਤ ਨੂੰ ਮੁਗਧ ਕਰਦਾ ਹੈ ਤਾਂ ਉਸ ਬਲ ਦਾ ਚਮਤਕਾਰ ਹੀ 'ਹਰਿ ਕੇ ਦਰਸਨ' ਹਨ। ਜਦੋਂ ਕਿਸੇ ਦੇ ਹਿਰਦੇ ਦਾ ਬਲ ਕਿਸੇ ਦੇਸ਼, ਕੌਮ ਲਈ ਸ਼ਹਾਦਤ ਪ੍ਰਵਾਨ ਕਰਨੀ ਮੰਨ ਜਾਂਦਾ ਹੈ ਤਾਂ ਉਸ ਹਿਰਦੇ ਦੇ ਬਲ ਵਿਚ ਵੀ 'ਹਰਿ ਕੇ ਦਰਸਨ' ਹੁੰਦੇ ਹਨ। ਹਰ ਹਿਰਦੇ ਵਿਚ ਅਥਾਹ ਬਲ ਹੈ, ਕਿਉਂਕਿ ਹਿਰਦਾ ਜੋਤ ਸਰੂਪ ਹੈ। ਪਰ ਉਸ ਬਲ ਦਾ ਚਮਤਕਾਰ ਕਦੇ ਕਦੇ ਪ੍ਰਗਟ ਹੁੰਦਾ ਹੈ। ਜਦੋਂ ਵੀ ਪ੍ਰਗਟ ਹੋ ਜਾਏ ਉਹ ਸਾਖਿਆਤ 'ਹਰਿ ਕੇ ਦਰਸਨ' ਹਨ। ਪਰ ਹਿਰਦੇ ਦੇ ਬਲ ਦਾ ਨਿੱਕਾ ਨਿੱਕਾ ਪ੍ਰਭਾਵ ਤੇ ਹਰ ਚਿਹਰੇ ਵਿਚੋਂ ਹਰ ਵਕਤ ਪੈ ਰਿਹਾ ਹੁੰਦਾ ਹੈ। ਇਹ ਨਿੰਮ੍ਹਾ ਨਿੰਮ੍ਹਾ ਪ੍ਰਭਾਵ ਹੈ 'ਹਰਿ ਕੇ ਦਰਸਨ'।

———

# ੧੯. ਕਰੁ ਗਹਿ ਲੇਹੁ

ਕੇਦਾਰਾ ਮਹਲਾ ੫ ॥

ਹਰਿ ਬਿਨੁ ਜਨਮੁ ਅਕਾਰਥ ਜਾਤ ॥
ਤਜਿ ਗੋਪਾਲ ਆਨ ਰੰਗਿ ਰਾਚਤ
ਮਿਥਿਆ ਪਹਿਰਤ ਖਾਤ ॥ ਰਹਾਉ ॥
ਧਨੁ ਜੋਬਨੁ ਸੰਪੈ ਸੁਖ ਭੁੋਗਵੈ
ਸੰਗਿ ਨ ਨਿਬਹਤ ਮਾਤ ॥
ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ
ਦ੍ਰੁਮ ਛਾਇਆ ਰੰਗ ਰਾਤਿ ॥ ੧ ॥
ਮਾਨ ਮੋਹ ਮਹਾ ਮਦ ਮੋਹਤ
ਕਾਮ ਕ੍ਰੋਧ ਕੈ ਖਾਤ ॥
ਕਰੁ ਗਹਿ ਲੇਹੁ ਦਾਸ ਨਾਨਕ ਕਉ
ਪ੍ਰਭ ਜੀਉ ਹੋਇ ਸਹਾਤ ॥੨॥੫॥੭॥

ਇਸ ਸ਼ਬਦ ਵਿਚ ਜਿਸ ਸਹਾਇਤਾ ਲਈ ਅਰਦਾਸ ਕੀਤੀ ਜਾ ਰਹੀ ਹੈ ਉਹ ਹੈ 'ਕਰੁ ਗਹਿ ਲੇਹੁ' । ਭਾਵ ਹੇ ਪਰਮਾਤਮਾ ! ਮੇਰਾ ਹੱਥ ਪਕੜ, ਮੇਰੀ ਬਾਂਹ ਪਕੜ । ਨਿਸਚੇ ਹੀ ਇਸ ਦਾ ਭਾਵ ਇਹ ਹੈ ਕਿ ਜਿਸ ਦੀ ਬਾਂਹ ਅਕਾਲ ਪੁਰਖ ਪਕੜਦਾ ਹੈ ਉਸ ਨੂੰ ਉਹ ਉੱਚਾ ਕਰ ਦੇਂਦਾ ਹੈ । ਬਾਂਹ ਪਕੜ ਕੇ ਪਰਮਾਤਮਾ ਮਨੁੱਖ ਨੂੰ ਉਪਰ ਚੁੱਕ ਲੈਂਦਾ ਹੈ। ਭਾਵ ਜਦੋਂ ਪਰਮਾਤਮਾ ਕਿਸੇ ਮਨੁੱਖ ਦੀ ਬਾਂਹ ਪਕੜਦਾ ਹੈ ਤਾਂ ਉਹ ਮਾਨਸਕ, ਸਦਾਚਾਰਕ ਤੇ ਆਤਮਕ ਉੱਨਤੀ ਕਰਨ ਲਗ ਪੈਂਦਾ ਹੈ ।

ਇਸ ਸ਼ਬਦ ਵਿਚ ਇਸ ਉੱਨਤੀ ਲਈ ਜਾਂ 'ਕਰੁ ਗਹਿ ਲੇਹੁ' ਦੀ ਅਵਸਥਾ ਲਈ ਤਿੰਨ ਮੁਖ ਸੁਝਾਅ ਦਿੱਤੇ ਹੋਏ ਹਨ । ਪਹਿਲੀ ਗੱਲ ਇਹ ਕਹੀ ਹੈ ਕਿ ਜਿਸ ਮਨੁੱਖ ਦੀ ਪਰਮਾਤਮਾ ਬਾਂਹ ਪਕੜਦਾ ਹੈ ਉਸ ਦੇ ਅੰਦਰ ਕੋਈ ਜੀਵਨ ਪੈਦਾ ਕਰਦਾ ਹੈ ਭਾਵ ਉਸ ਦੇ ਹਿਰਦੇ ਵਿਚ ਕਿਸੇ ਮੰਤਵ 'ਤੇ ਪੁੱਜਣ ਲਈ ਤੀਬਰ ਲਗਨ ਪੈਦਾ ਕਰਦਾ ਹੈ । ਦੂਜੀ ਗੱਲ ਇਹ ਕਹੀ ਹੈ ਕਿ ਜਿਸ ਦੀ ਪਰਮਾਤਮਾ ਬਾਂਹ ਪਕੜਦਾ ਹੈ ਉਸ ਦੇ ਅੰਦਰ ਸੰਸਾਰਕ ਪਦਾਰਥਾਂ ਦੀ ਨਾਸ਼ਵਾਨਤਾ ਦੀ ਸੂਝ ਵਧਾਉਂਦਾ ਹੈ । ਤੀਜੀ ਗੱਲ ਇਹ ਕਹੀ ਹੈ ਕਿ ਜਿਸ ਦੀ ਪਰਮਾਤਮਾ ਬਾਂਹ ਪਕੜਦਾ ਹੈ ਉਸ ਨੂੰ ਮਨੁੱਖੀ ਕਮਜ਼ੋਰੀ ਤੋਂ ਉੱਚਾ ਕਰਕੇ ਉਸ ਅੰਦਰ ਉਚੇਰੇ ਆਦਰਸ਼ ਲਈ ਕੁਰਬਾਨੀ ਕਰਨ ਦਾ ਬਲ ਪੈਦਾ ਕਰਦਾ ਹੈ । ਭਾਵ ਇਹ ਹੈ ਕਿ ਜਿਸ ਮਨੁੱਖ ਦੀ ਪਰਮਾਤਮਾ ਸਹਾਇਤਾ ਕਰਨ ਲਗਦਾ ਹੈ ਉਸ ਦੇ ਮਨ ਤੇ ਆਤਮਾ ਵਿਚ ਨਵੀਆਂ ਕੀਮਤਾਂ, ਨਵੇਂ ਬਲ, ਨਵਾਂ ਸਾਹਸ ਤੇ ਜੁਰਅਤ ਪੈਦਾ ਕਰਦਾ

ਹੈ। ਇਸ ਤਰ੍ਹਾਂ ਅੰਤਰਜਾਮੀ ਬਣ ਕੇ ਉਸ ਦੇ ਅੰਦਰ ਹੀ ਉੱਚੀਆਂ ਤੇ ਸ਼ੁੱਭ ਪ੍ਰੇਰਨਾਵਾਂ ਪੈਦਾ ਕਰ ਦਿੰਦਾ ਹੈ, ਮਨੁੱਖ ਦੇ ਅੰਦਰ ਨਵੀਂ ਲਗਨ ਪੈਦਾ ਕਰ ਦਿੰਦਾ ਹੈ ਅਤੇ ਉਸ ਦੇ ਅੰਦਰ ਉੱਚੀਆਂ ਕੀਮਤਾਂ ਤੇ ਟਿਕਣ ਲਈ ਸਾਹਸ ਤੇ ਬਲ ਪੈਦਾ ਕਰ ਦੇਂਦਾ ਹੈ। ਸਪਸ਼ਟ ਹੈ ਕਿ ਜੋ ਵੀ ਮਨੁੱਖ ਮਹਾਨ ਹੋਏ ਹਨ ਉਹਨਾਂ ਦੇ ਅੰਦਰ ਕੋਈ ਵਿਸ਼ੇਸ਼ ਆਚਰਨ, ਕੋਈ ਵਿਸ਼ੇਸ਼ ਲਗਨ, ਦ੍ਰਿੜ੍ਹਤਾ ਤੇ ਜੁਰਅਤ ਆਦਿ ਗੁਣ ਪੈਦਾ ਹੋਏ ਹਨ। ਇਹੋ ਹੀ ਪਰਮਾਤਮਾ ਦਾ ਸਹਾਇਤਾ ਕਰਨ ਦਾ ਤਰੀਕਾ ਹੈ।

ਇਹ ਸਭ ਕੁਝ ਪਰਮਾਤਮਾ ਗੁਰੂ ਰਾਹੀਂ ਮਨੁੱਖ ਨੂੰ ਨਾਮ ਪ੍ਰਦਾਨ ਕਰਕੇ ਕਰਦਾ ਹੈ। ਜਿਸ ਹਿਰਦੇ ਵਿਚ ਨਾਮ ਟਿਕਦਾ ਹੈ ਉਥੇ ਨਵੇਂ ਆਦਰਸ਼ ਜਾਗਦੇ ਹਨ, ਨਵੀਆਂ ਕੀਮਤਾਂ ਉਜਾਗਰ ਹੁੰਦੀਆਂ ਹਨ ਤੇ ਨਵਾਂ ਆਚਰਨ ਉਸਰਦਾ ਹੈ। ਇਹ ਸਾਰੀ ਕਰਾਮਾਤ ਨਾਮ ਦੀ ਹੈ ਅਤੇ ਨਾਮ ਹੀ 'ਕਰੁ ਗਹਿ ਲੇਹੁ' ਦਾ ਸਾਧਨ ਹੈ। ਇਹ ਭਾਵੇਂ ਪਤਾ ਨਾ ਵੀ ਹੋਵੇ ਕਿ ਨਾਮ ਕਿਸ ਤਰ੍ਹਾਂ ਇਹ ਸਾਰੀ ਉਸਾਰੀ ਮਨੁੱਖ ਵਿਚ ਕਰਦਾ ਹੈ, ਪਰ ਇਹ ਤਾਂ ਸਪਸ਼ਟ ਹੈ ਕਿ ਬੇਅੰਤ ਮਹਾਂਪੁਰਸ਼ਾਂ ਵਿਚ ਨਾਮ ਨੇ ਹੀ ਉੱਚੀਆਂ ਪ੍ਰੇਰਨਾਵਾਂ ਜਗਾਈਆਂ ਹਨ ਅਤੇ ਉਹਨਾਂ ਵਿਚ ਜੀਵਨ ਦੇ ਉਚੇਰੇ ਮਨੋਰਥ ਉਸਾਰੇ ਹਨ ਅਤੇ ਉਹਨਾਂ ਮਨੋਰਥਾਂ ਦੀ ਪ੍ਰਾਪਤੀ ਲਈ ਉਹਨਾਂ ਵਿਚ ਲੋੜੀਂਦਾ ਆਚਰਨ ਪੈਦਾ ਹੋਇਆ ਹੈ। ਜੇ ਦੂਰ ਨ ਜਾਈਏ ਤਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰਚਨਹਾਰ ੩੬ ਮਹਾਂਪੁਰਸ਼ਾਂ ਦੇ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਤੋਂ ਛੁੱਟ ਕਬੀਰ, ਨਾਮਦੇਵ, ਰਵਿਦਾਸ ਤੇ ਫ਼ਰੀਦ ਆਦਿ ਵੀ ਸ਼ਾਮਲ ਹਨ, ਮਨੋਰਥ ਨਿਰਾਲੇ ਸਨ, ਜੀਵਨ ਆਦਰਸ਼ ਉਚੇਰੇ ਤੇ ਵਿਸ਼ਾਲ ਸਨ, ਆਚਰਨ ਗੰਗਾ-ਜਲ ਵਾਂਗ ਨਿਰਮਲ ਸੀ। ਇਸੇ ਲਈ ਇਹ ਮਹਾਂਪੁਰਸ਼ 'ਜਾਇ ਚੜਿ ਸਿੰਘਾਸਨੁ' ਹਨ।

ਥੋੜ੍ਹੇ ਵਿਸਥਾਰ ਨਾਲ ਇਸ ਸ਼ਬਦ ਦੀ ਸੀਮਾ ਅੰਦਰ ਰਹਿੰਦਿਆਂ ਉਪਰ ਆਏ ਦ੍ਰਿਸ਼ਟੀਕੋਨਾਂ ਦਾ ਵਿਚਾਰ ਕਰਦੇ ਹਾਂ। ਪ੍ਰਮਾਤਮਾ ਜਿਸ ਨੂੰ 'ਕਰੁ ਗਹਿ ਲੇਹੁ' (ਹੱਥ ਪਕੜ ਕੇ ਉੱਚਾ ਕਰਦਾ ਹੈ) ਉਸ ਦੇ ਅੰਦਰ ਨਵੇਂ ਜੀਵਨ-ਮਨੋਰਥ, ਨਰੋਈਆਂ ਕੀਮਤਾਂ ਅਤੇ ਨਿਰਮਲ ਆਚਰਨ ਪੈਦਾ ਹੁੰਦੇ ਹਨ।

੧. ਹਰਿ ਬਿਨੁ ਜਨਮੁ ਅਕਾਰਥ ਜਾਤ ॥

ਜਿਥੇ ਨਾਮ ਨਹੀਂ ਉਥੇ ਜੀਵਨ ਮਨੋਰਥ ਵੀ ਕੋਈ ਬੜਾ ਊਰਾ ਤੇ ਮਾਮੂਲੀ ਜਿਹਾ ਹੀ ਹੋ ਸਕਦਾ ਹੈ, ਜਿਵੇਂ ਧਨ-ਪ੍ਰਾਪਤੀ, ਸੰਸਾਰਕ ਸੋਭਾ, ਕੁਝ ਕੁ ਆਪਣੀ ਹਉਮੈ ਦੀ ਤ੍ਰਿਪਤੀ ਆਦਿ। ਪਰ ਜਿਸ ਦੀ ਪਰਮਾਤਮਾ ਨਾਮ ਦੁਆਰਾ ਬਾਂਹ ਪਕੜਦਾ ਹੈ ਉਸ ਦੇ ਅੰਦਰ ਸੋਝੀ ਪੈਦਾ ਕਰਦਾ ਹੈ ਕਿ ਜੀਵਨ ਦਾ ਕੋਈ ਹੋਰ ਉਚੇਰਾ ਮੰਤਵ ਵੀ ਹੈ। ਇਸ ਲਈ ਮਨੋਰਥ-ਹੀਣ ਜੀਵਨ ਜੀਊਣਾ ਜੀਵਨ ਨੂੰ ਅਕਾਰਥ ਗਵਾਉਣਾ ਹੈ। ਸੋ ਜਿਸ ਦੀ ਪਰਮਾਤਮਾ ਬਾਂਹ ਪਕੜਦਾ ਹੈ ਉਸ ਦੇ ਅੰਦਰ ਕੋਈ ਸਕਾਰਥ ਜੀਵਨ ਜੀਊਣ ਦੀ ਲੋਚਾ ਆਦਿ ਪੈਦਾ ਕਰਦਾ ਹੈ, ਉਸ ਅੰਦਰ ਜੀਵਨ ਦਾ ਕੋਈ ਸ਼ਕਤੀਸ਼ਾਲੀ ਤੇ ਉੱਤਮ ਆਦਰਸ਼ ਪੈਦਾ ਕਰਦਾ ਹੈ। ਇਹ ਸਕਾਰਥ ਆਦਰਸ਼ ਜੋ ਕੁਝ ਹੁੰਦਾ ਹੈ, ਉਸ ਦੇ ਸੁਝਾਅ ਗੁਰੂ ਸਾਹਿਬਾਨ ਅਤੇ ਭਗਤਾਂ ਦੇ ਜੀਵਨ ਵੇਖਣ ਨਾਲ ਪਤਾ ਲਗ ਜਾਂਦਾ ਹੈ :

'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥'

ਇਕ ਬੜਾ ਉੱਚਾ ਜੀਵਨ ਆਦਰਸ਼ ਹੈ। ਮਨੁੱਖਤਾ ਵਿਚ ਸੱਚ ਦਾ ਧਾਰਨੀ ਹੋਣ ਲਈ ਸਾਹਸ ਪੈਦਾ ਕਰ ਦੇਣਾ ਬੜਾ ਉੱਚਾ ਆਦਰਸ਼ ਹੈ। ਮਨੁੱਖਤਾ ਨੂੰ ਫੋਕੀਆਂ ਰਸਮਾਂ, ਜਿਨ੍ਹਾਂ ਨੇ ਮਨੁੱਖਤਾ ਨੂੰ ਪੀੜਤ ਕੀਤਾ ਹੋਵੇ, ਵਿਚੋਂ ਕੱਢ ਲੈਣਾ ਬੜਾ ਉੱਚਾ ਆਦਰਸ਼ ਹੈ; ਮਨੁੱਖਤਾ ਅੰਦਰ ਸੱਚ ਦੀ ਸੂਝ ਪੈਦਾ ਕਰ ਦੇਣਾ, ਨਿਆਂ ਦਾ ਸਾਹਸ ਪੈਦਾ ਕਰ ਦੇਣਾ ਬੜੇ ਉੱਚੇ ਆਦਰਸ਼ ਹਨ। ਮਨੁੱਖਤਾ ਨੂੰ 'ਸੁਭ ਕਰਮਣ ਤੇ ਕਬਹੂ ਨ ਟਰੋਂ' ਲਈ ਤਿਆਰ ਕਰ ਦੇਣਾ ਬੜਾ ਮਹਾਨ ਕਰਤੱਵ ਹੈ। ਹਕੂਮਤ ਤੋਂ ਸੁਤੰਤਰਤਾ, ਹਰ ਪ੍ਰਕਾਰ ਦੀ ਸੁਤੰਤਰਤਾ ਮਨੁੱਖ ਨੂੰ ਦਿਵਾ ਸਕਣਾ ਬੜਾ ਉੱਚਾ ਆਦਰਸ਼ ਹੈ। ਗੁਰੂ ਸਾਹਿਬਾਨ ਅਤੇ ਭਗਤ ਇਹ ਕਰਤੱਵ ਕਰਦੇ ਰਹੇ ਹਨ। ਪਰ ਸਾਧਾਰਨ ਕੁਝ ਸੀਮਤ ਆਦਰਸ਼ ਜਿਹੜੇ ਕਈ ਸਾਧਾਰਨ ਤੇ ਰਾਜਸੀ ਨੇਤਾ ਕਰ ਗੁਜ਼ਰਦੇ ਹਨ ਉਹ ਵੀ ਮਨੁੱਖ ਨੂੰ ਉੱਚਾ ਚੁੱਕ ਦੇਂਦੇ ਹਨ। ਜਿਹੇ ਜਿਹੇ ਆਦਰਸ਼ਾਂ ਲਈ ਵਾਸ਼ਿੰਗਟਨ, ਲਿੰਕਨ, ਗਾਂਧੀ ਤੇ ਨਹਿਰ ਵਰਗੇ ਮਹਾਂਪੁਰਸ਼ ਜੀਉਂਦੇ ਰਹੇ ਹਨ, ਇਹ ਵੀ ਮਹਾਨ ਆਦਰਸ਼ ਹਨ। ਕਿਸੇ ਉੱਚੇ ਪਵਿੱਤਰ ਆਚਰਨ ਲਈ ਜੀਊਣਾ ਹੀ ਨਾਮ ਦਾ ਜੀਵਨ ਜੀਊਣਾ ਹੈ। ਕਿਸੇ ਉੱਚੇ ਆਦਰਸ਼ ਲਈ ਜੀਊਣਾ ਹੀ 'ਕਰੁ ਗਹਿ ਲੇਹੁ' ਦਾ ਸਰੂਪ ਹੈ।

੨. ਤਜਿ ਗੋਪਾਲ ਆਨ ਰੰਗਿ ਰਾਚਤ ਮਿਥਿਆ ਪਹਿਰਤ ਖਾਤ :—ਜਿਸ ਮਨੁੱਖ ਦੀ ਪਰਮਾਤਮਾ ਬਾਂਹ ਪਕੜਦਾ ਹੈ ਉਸ ਅੰਦਰ ਬਿਬੇਕ ਪੈਦਾ ਕਰਦਾ ਹੈ। ਨਾਮ ਦੁਆਰਾ ਹੀ ਬਿਬੇਕ ਸ਼ਕਤੀ ਮਨੁੱਖ ਅੰਦਰ ਪੈਦਾ ਹੁੰਦੀ ਹੈ। ਬਿਬੇਕ ਸ਼ਕਤੀ ਇਹ ਹੈ ਕਿ ਮਨੁੱਖ ਨਿਰਣਾ ਕਰ ਸਕੇ ਕਿ ਠੀਕ ਕੀ ਹੈ ਅਤੇ ਗ਼ਲਤ ਕੀ ਹੈ ? ਸੱਚ ਕੀ ਹੈ ਅਤੇ ਝੂਠ ਕੀ ਹੈ ? ਨੇਕੀ ਕੀ ਹੈ ਅਤੇ ਬਦੀ ਕੀ ਹੈ ? ਯੋਗ ਕੀ ਹੈ ਅਤੇ ਅਯੋਗ ਕੀ ਹੈ ? ਸਿਮਰਨ ਦੁਆਰਾ ਮਨੁੱਖ ਅੰਦਰ ਸੂਝ ਜਾਗਦੀ ਹੈ ਕਿ ਨਾਮ ਉਨ੍ਹਾਂ ਆਦਰਸ਼ਾਂ ਤੇ ਕੀਮਤਾਂ ਦੀ ਪੂਜਾ ਹੈ ਜਿਨ੍ਹਾਂ ਨੂੰ ਪਰਮਾਤਮਾ ਕਹਿੰਦੇ ਹਨ; ਸੱਚ, ਨਿਆਂ, ਦਇਆ, ਧਰਮ, ਪਵਿੱਤਰਤਾ ਤੇ ਸੰਜਮ ਆਦਿ। ਨਾਮ ਦੁਆਰਾ ਹੀ ਸੂਝ ਪੈਦਾ ਹੁੰਦੀ ਹੈ ਕਿ ਧਨ, ਜੋਬਨ, ਪਦਾਰਥ, ਸਬੰਧੀ. ਐਸ਼ਵਰਯ ਸਭ ਥੋੜ੍ਹ-ਚਿਰੇ ਅਤੇ ਦੁਖਦਾਇਕ ਹਨ। ਬਿਬੇਕ ਇਹ ਸੂਝ ਹੈ ਕਿ ਹੋਰ ਸਭ ਕੁਝ ਕੁਰਬਾਨ ਕੀਤਾ ਜਾ ਸਕਦਾ ਹੈ ਪਰ 'ਗੋਪਾਲ' (ਤਜਿ ਗੋਪਾਲ ਆਨ ਰੰਗ ਰਾਚਤ ਮਿਥਿਆ ਪਹਿਰਤ ਖਾਤ) ਕੁਰਬਾਨ ਨਹੀਂ ਕੀਤਾ ਜਾ ਸਕਦਾ। ਧਨ, ਪਦਾਰਥ ਤੇ ਸਰੀਰਕ ਸੁਖ ਲੋੜ ਪਵੇ ਤਾਂ ਤਿਆਗ ਦੇਣੇ ਚਾਹੀਦੇ ਹਨ। ਪਰ ਉੱਚੇ ਅਸੂਲ ਸੱਚ ਤੇ ਨਿਆਂ ਨਹੀਂ ਤਿਆਗਣੇ ਚਾਹੀਦੇ। ਭਾਵ ਇਹ ਹੈ ਕਿ ਜਿਸ ਮਨੁੱਖ ਦੀ ਪਰਮਾਤਮਾ ਬਾਂਹ ਪਕੜਦਾ ਹੈ ਨਾਮ ਦੁਆਰਾ ਉਸ ਵਿਚ ਸਾਹਸ ਪੈਦਾ ਕਰਦਾ ਹੈ ਕਿ ਉਹ ਧਨ ਪਦਾਰਥ ਕੁਰਬਾਨ ਕਰ ਦੇਵੇ ਪਰ ਸੱਚ ਨੂੰ ਕੁਰਬਾਨ ਨਾ ਕਰੇ, ਆਦਰਸ਼ ਨੂੰ ਕੁਰਬਾਨ ਨਾ ਕਰੇ; ਉਸ ਮਨੁੱਖ ਦੇ ਹਿਰਦੇ ਵਿਚ ਆਦਰਸ਼ ਦ੍ਰਿੜ੍ਹ ਹੋ ਜਾਂਦਾ ਹੈ ਅਤੇ ਉਸ ਆਦਰਸ਼ ਲਈ ਉਹ ਸਭ ਕੁਝ ਕੁਰਬਾਨ ਕਰ ਦੇਂਦਾ ਹੈ। ਬਸ ਇਹ ਬਿਬੇਕ ਤੇ ਬਿਬੇਕੀ ਨਿਰਣਿਆਂ ਤੇ ਦ੍ਰਿੜ੍ਹ ਰਹਿ ਸਕਣ ਦਾ ਸਾਹਸ ਹੀ 'ਕਰੁ ਗਹਿ ਲੇਹੁ' ਦਾ ਸਬੂਤ ਹਨ। ਇਨ੍ਹਾਂ ਸਾਰੀਆਂ ਸਤਰਾ ਵਿਚ ਇਸੇ ਗੱਲ ਦਾ ਵਿਸਥਾਰ ਹੈ :

ਤਜਿ ਗੋਪਾਲ ਆਨ ਰੰਗਿ ਰਾਚਤ ਮਿਥਿਆ ਪਹਿਰਤ ਖਾਤ ॥ ਰਹਾਉ ॥
ਧਨੁ ਜੋਬਨੁ ਸੰਪੈ ਸੁਖ ਭੋਗਵੈ ਸੰਗਿ ਨ ਨਿਬਹਤ ਮਾਤ ॥
ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ ਦ੍ਰੁਮ ਛਾਇਆ ਰੰਗਿ ਰਾਤ॥

ਬਿਬੇਕੀ ਮਨੁੱਖ ਵਿਚ ਦਰਖ਼ਤ ਦੀ ਛਾਂ ਵਾਂਗ ਬਿਨਸਨਹਾਰ, ਧਨ, ਜੋਬਨ ਤੇ ਸੁਖ ਦੀ ਕੋਈ ਕੀਮਤ ਨਹੀਂ। ਉਹ ਇਨ੍ਹਾਂ ਚੀਜ਼ਾਂ ਦੇ ਪਿੱਛੇ ਪਿਆਸੇ ਹਿਰਨ ਦੀ ਤਰ੍ਹਾਂ ਮਾਰੂਥਲਾਂ ਵਿਚ ਨਹੀਂ ਭਟਕਦਾ। ਬਿਬੇਕੀ ਪੁਰਸ਼ ਇਨ੍ਹਾਂ ਪਦਾਰਥਾਂ ਦੀ ਨਾਸ਼ਮਾਨਤਾ ਨੂੰ ਸਮਝਦਾ ਹੈ ਅਤੇ ਕਿਸੇ ਉਚੇਰੇ ਆਦਰਸ਼ ਲਈ ਜੀਊਂਦਾ ਹੈ, ਇਨ੍ਹਾਂ ਪਦਾਰਥਾਂ ਲਈ ਨਹੀਂ।

੩. ਮਾਨ ਮੋਹ ਮਹਾ ਮਦ ਮੋਹਤ ਕਾਮ ਕ੍ਰੋਧ ਕੈ ਖਾਤ :—ਜਿਸ ਮਨੁੱਖ ਦੀ ਪਰਮਾਤਮਾ ਬਾਂਹ ਪਕੜਦਾ ਹੈ ਉਸ ਨੂੰ ਨਾਮ ਦੁਆਰਾ ਮਨੁੱਖੀ ਮਾਨਸਿਕ-ਕਮਜ਼ੋਰੀਆਂ ਤੋਂ ਪਹਿਲਾਂ ਉੱਚਾ ਕਰਦਾ ਹੈ ਅਤੇ ਉਸ ਅੰਦਰ ਜੁਰਅਤ ਪੈਦਾ ਕਰਦਾ ਹੈ ਕਿ ਉਹ ਕਾਮ, ਕ੍ਰੋਧ ਅਤੇ ਮਾਨ ਮੋਹ ਦੇ ਟੋਇਆਂ ਵਿਚ ਨਾ ਡਿੱਗੇ। ਜਿਸ ਇਨਸਾਨ ਨੇ ਕਿਸੇ ਉੱਚੇ ਆਦਰਸ਼ ਨੂੰ ਨਿਭਾਉਣਾ ਹੈ ਉਸ ਨੇ ਆਪਣੇ ਥੋੜ੍ਹੇ ਜਿਹੇ ਪਰਵਾਰਕ ਸੁਖ, ਆਰਾਮ ਤੇ ਮੋਹ ਨੂੰ ਤਿਆਗਣਾ ਹੈ। ਜਿਸ ਨੇ ਕਿਸੇ ਉੱਚੇ ਆਦਰਸ਼ ਨੂੰ ਨਿਭਾਉਣਾ ਹੈ ਉਸ ਨੇ ਮਾਨ-ਅਪਮਾਨ ਨੂੰ ਵੀ ਤਿਆਗਣਾ ਹੈ ਅਤੇ ਲਗਨ ਨਾਲ ਆਪਣੇ ਸੱਚ ਨਿਆਂ ਦੇ ਮਾਰਗ ਤੇ ਦ੍ਰਿੜ੍ਹ ਰਹਿਣਾ ਹੈ। ਜਿਸ ਨੇ ਕਿਸੇ ਉੱਚੇ ਆਦਰਸ਼ ਨੂੰ ਨਿਭਾਣਾ ਹੈ ਉਸ ਨੇ ਆਪਣੀਆਂ ਖ਼ਾਹਸ਼ਾਂ ਤੇ ਕਾਮਨਾਵਾਂ ਨੂੰ ਸੀਮਤ ਕਰਨਾ ਹੈ! ਜਿਸ ਨੇ ਕਿਸੇ ਆਦਰਸ਼ ਨੂੰ ਨਿਭਾਉਣਾ ਹੈ ਉਸ ਨੇ ਵੇਖਣਾ ਹੈ ਕਿ ਉਹ ਕਿਤੇ ਕਿਸੇ ਹੋਰ ਨਾਲ ਵੈਰ ਵਿਰੋਧ ਤੇ ਕ੍ਰੋਧ ਵਿਚ ਆ ਕੇ ਆਪਣੇ ਆਪ ਨੂੰ ਕਿਸੇ ਐਸੇ ਗੜ੍ਹੇ ਵਿਚ ਨਾ ਸੁੱਟ ਦੇਵੇ ਜਿਥੋਂ ਨਿਕਲਣਾ ਕਠਨ ਹੋ ਜਾਵ। ਜਿਸ ਨੇ ਆਪਣੇ ਆਦਰਸ਼ ਨੂੰ ਪਾਲਣਾ ਹੈ ਉਸ ਨੂੰ ਕਿਸੇ ਨਾਲ ਵੈਰ ਵਿਰੋਧ ਤੇ ਕ੍ਰੋਧ ਗੁੱਸਾ ਕਰਨ ਦੀ ਵਿਹਲ ਹੀ ਨਹੀਂ। ਆਦਰਸ਼ ਨੂੰ ਨਿਭਾਉਣ ਵਾਲੇ ਲੋਕ ਬੜੇ ਸਾਦਾ ਤੇ ਸੰਜਮੀ ਜੀਵਨ ਵਾਲੇ ਹੋਏ ਹਨ। ਵਾਹਿਗੁਰੂ ਜਿਸ ਦੀ ਬਾਂਹ ਪਕੜਦਾ ਹੈ ਉਸ ਅੰਦਰ ਨਾ ਕੇਵਲ ਜੀਵਨ ਦਾ ਇਹ ਸੰਜਮ ਤੇ ਸਾਦਗੀ ਪੈਦਾ ਕਰ ਦੇਂਦਾ ਹੈ; ਸਗੋਂ ਉਸ ਨੂੰ ਉਸ ਟੀਸੀ ਤੇ ਬਿਠਾਉਂਦਾ ਹੈ ਜਿਥੇ ਗੁਰੂ ਤੇਗ ਬਹਾਦਰ ਬੈਠੇ ਹਨ :—

'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।
ਸੁਖ ਸਨੇਹੁ ਅਰੁ ਭੈ ਨਹੀ ਜਾਕੈ
ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥

ਨਹ ਨਿੰਦਿਆ ਨਹ ਉਸਤਤਿ ਜਾਕੈ
ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗੁ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ ॥ ੧ ॥
ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ ॥

ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ॥੩॥੧੧॥

(ਸੋਰਠਿ ਰਾਗ)

ਜਿਸ ਮਨੁੱਖ ਨੂੰ ਵਾਹਿਗੁਰੂ ਬਾਂਹ ਪਕੜ ਕੇ ਉੱਚਾ ਕਰਦਾ ਹੈ ਉਸ ਨੂੰ ਕਾਮ ਕ੍ਰੋਧ ਦੀ ਪਾਮਰਤਾ ਵਿਚੋਂ ਵੀ ਕੱਢਦਾ ਹੈ।

ਸੋ ਇਸ ਸ਼ਬਦ ਵਿਚ ਜਦੋਂ 'ਕਰੁ ਗਹਿ ਲੇਹੁ' ਲਈ ਅਰਦਾਸ ਕੀਤੀ ਗਈ ਹੈ ਤਾਂ ਉਸ ਦਾ ਰੂਪ ਵੀ ਪ੍ਰਗਟ ਕਰ ਦਿੱਤਾ ਗਿਆ ਹੈ ਕਿ ਪਰਮਾਤਮਾ ਕਿਸੇ ਮਨੁੱਖ ਨੂੰ ਉੱਚਾ ਇਸ ਤਰ੍ਹਾਂ ਹੀ ਕਰਦਾ ਹੈ। ਉਸ ਦੇ ਅੰਦਰ ਉੱਤਮ ਆਦਰਸ਼ ਪੈਦਾ ਕਰ ਕੇ, ਉਸ ਅੰਦਰ ਬਿਬੇਕ ਪੈਦਾ ਕਰ ਕੇ, ਉਸ ਅੰਦਰ ਜੀਵਨ ਦਾ ਸੰਜਮ ਪੈਦਾ ਕਰ ਕੇ। ਇਹ ਸਭ ਕੁਝ ਨਾਮ ਸਿਮਰਨ ਦੁਆਰਾ ਹੁੰਦਾ ਹੈ ਅਤੇ ਇਸ ਤਰ੍ਹਾਂ 'ਪ੍ਰਭ ਜੀਉ ਹੋਇ ਸਹਾਤ' ॥

———

# ਭਾਗ ਦੂਜਾ

שיט · [illegible]

# ੧. ਬ੍ਰਿਛ ਦੀ ਛਾਇਆ

੧.

ਸਾਖੀ ਦਾ ਭਾਵ ਕਿਸੇ ਦੀ ਸਾਖ ਜਾਂ ਮਹਾਨਤਾ ਦੀ ਸ਼ਹਾਦਤ (ਗਵਾਹੀ) ਦੇਣਾ ਜਾਂ ਸਾਖ ਭਰਨੀ ਹੈ। ਗੁਰੂ ਸਾਹਿਬ ਦੀਆਂ ਸਾਖੀਆਂ ਉਹਨਾਂ ਦੀ ਮਹਾਨਤਾ, ਆਦਰਸ਼ਾਂ ਤੇ ਸ਼ਖ਼ਸੀਅਤ ਦੀ ਸਾਖ ਭਰਦੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਵਿਚ ਦਿੱਤੀਆਂ ਸਾਖੀਆਂ ਸੱਤ ਸ਼੍ਰੇਣੀਆਂ ਵਿਚ ਵੰਡੀਆਂ ਜਾ ਸਕਦੀਆਂ ਹਨ।

(੧) ਕੁਝ ਐਸੀਆਂ ਸਾਖੀਆਂ ਦਿੱਤੀਆਂ ਗਈਆਂ ਹਨ ਜੋ ਇਹ ਪ੍ਰਗਟ ਕਰਦੀਆਂ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਸਮਝਿਆ ਨਾ ਗਿਆ, ਉਹਨਾਂ ਦੀ ਮਹਾਨਤਾ ਤੇ ਦਰਜੇ ਤੋਂ ਉਨ੍ਹਾਂ ਦਾ ਆਲਾ-ਦੁਆਲਾ, ਮਾਤਾ ਪਿਤਾ ਤੇ ਅਨੇਕ ਲੋਕ ਅਗਿਆਨਤਾ ਵਿਚ ਰਹੇ। ਇਸ ਗੱਲ ਦਾ ਕੁਝ ਸੰਕੇਤ ਗੁਰੂ ਸਾਹਿਬ ਨੇ ਆਪ ਭੀ ਮਾਰੂ ਰਾਗ ਦੇ ਸ਼ਬਦ—

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥

ਵਿਚ ਕੀਤਾ ਹੋਇਆ ਹੈ। ਸਭ ਤੋਂ ਘੱਟ ਆਪ ਦੇ ਪਿਤਾ ਜੀ ਆਪ ਨੂੰ ਸਮਝ ਸਕੇ; ਜਿਸ ਕਰਕੇ ਕਦੇ ਆਪ ਨੇ ਗੁਰੂ ਜੀ ਨੂੰ ਮੱਝਾਂ ਚਰਾਉਣ ਤੇ ਲਾਇਆ, ਕਦੇ ਖੇਤੀ ਲਈ ਪ੍ਰੇਰਿਆ, ਕਦੇ ਵਣਜ ਲਈ ਪ੍ਰੇਰਿਆ, ਕਦੇ ਸੌਦਾਗਰੀ ਲਈ ਭੇਜਿਆ; ਕਦੇ ਆਪ ਨੂੰ ਬੀਮਾਰ ਸਮਝਿਆ ਗਿਆ। ਸ਼ਾਇਦ, ਗੁਰੂ ਜੀ ਦੀ ਇਹ ਰਚਨਾ ਇਹਨਾਂ ਯਾਦਾਂ ਦਾ ਸੰਗ੍ਰਹਿ ਹੈ :

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ, ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ ੧ ॥
ਬਾਬਾ ਮਾਇਆ ਸਾਥਿ ਨ ਹੋਇ ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ੧ ॥ ਰਹਾਉ ॥
ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥
ਸੁਰਤਿ ਸੋਚ ਕਰਿ ਭਾਂਡ ਸਾਲ ਤਿਸੁ ਵਿਚਿ ਤਿਸ ਨੋ ਰਖੁ ॥
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨੁ ਹਸੁ ॥ ੨ ॥
ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥......

(ਸੋਰਠਿ ਮ: ੧)

ਉਪਰ ਦੱਸੀਆਂ ਸਾਖੀਆਂ ਤੇ ਇਹੋ ਜਿਹੀਆਂ ਹੋਰ ਸਾਖੀਆਂ ਇਸ ਸ਼੍ਰੇਣੀ ਦੀਆਂ ਸਾਖੀਆਂ ਹਨ।

(੨) ਦੂਜੀ ਸ਼੍ਰੇਣੀ ਉਹਨਾਂ ਸਾਖੀਆਂ ਦੀ ਹੈ ਜਿਹਨਾਂ ਤੋਂ ਕਰਾਮਾਤਾਂ ਦਾ ਝੌਲਾ ਪੈਂਦਾ ਹੈ ਅਤੇ ਜਿਹਨਾਂ ਦੀ ਮਹਾਨਤਾ ਨੂੰ ਹੁਣ ਦੇ ਲੋਕ ਸਮਝਣ ਤੋਂ ਆਰੀ ਹਨ ਅਤੇ ਉਹਨਾਂ ਨੂੰ ਗ਼ੈਰ-ਵਿਗਿਆਨਕ ਸਮਝਦੇ ਹਨ। ਖੇਤ ਹਰਾ ਹੋਣਾ, ਸਰਪ ਛਾਇਆ, ਦ੍ਰਮ ਛਾਇਆ ਨਾ ਫਿਰਨੀ, ਵੇਈਂ ਨਦੀ ਪਰਵੇਸ਼, ਹਾਥੀ ਜਿਵਾਣ, ਕੋਹੜੀ ਨਿਸਤਾਰਾ, ਬ੍ਰਿਛਾਂ ਤੋਂ ਮਿਠਾਈ ਕਿਰਨੀ ਆਦਿ।

(੩) ਤੀਜੀ ਸ਼੍ਰੇਣੀ ਉਹਨਾਂ ਸਾਖੀਆਂ ਦੀ ਹੈ ਜਿਹਨਾਂ ਵਿਚ ਭੁੱਲੜ ਲੋਕਾਂ ਨੂੰ ਗੁਰੂ ਜੀ ਨੇ ਮੁੜ ਕੇ ਸਿੱਧੇ ਰਾਹੇ ਪਾਇਆ, ਜਿਵੇਂ ਸੱਜਣ ਠੱਗ, ਹਮਜ਼ਾ ਗੌਂਸ, ਠੱਗਾਂ ਦਾ ਨਿਸਤਾਰਾ, ਨੂਰ ਸ਼ਾਹ ਨਿਸਤਾਰਾ, ਸੈਦਪੁਰ ਦੀ ਬੰਦਖ਼ਲਾਸ, ਕੌਡਾ ਰਾਖ਼ਸ਼ ਆਦਿ।

(੪) ਚੌਥੀ ਸ਼੍ਰੇਣੀ ਗੁਰੂ ਜੀ ਦੀਆਂ ਨਾਟਕੀ ਸਾਖੀਆਂ ਦੀ ਹੈ, ਜਿਹਨਾਂ ਵਿਚ ਆਪ ਸੋਹਣੇ ਨਾਟਕੀ ਤਮਾਸ਼ੇ ਦੁਆਰਾ ਲੋਕਾਂ ਦਾ ਧਿਆਨ ਖਿੱਚਦੇ ਅਤੇ ਉਹਨਾਂ ਦਾ ਕਈ ਧਾਰਮਕ ਜਾਂ ਸਮਾਜਕ ਰਸਮਾਂ ਦੇ ਭੁਲੇਖਿਆਂ ਵਲ ਧਿਆਨ ਦਿਵਾਉਂਦੇ; ਜਿਵੇਂ ਆਪ ਨੇ ਹਰਦੁਆਰ ਪਾਣੀ ਲਹਿੰਦੇ ਸੁੱਟ ਕੇ ਕੀਤਾ, ਕੁਰੂਕਸ਼ੇਤਰ ਮਾਸ ਬਣਾ ਕੇ ਕੀਤਾ, ਲਾਹੌਰ ਠੀਕਰੀਆਂ ਇਕੱਠੀਆਂ ਕਰ ਕੇ ਕੀਤਾ, ਦੁਨੀ ਚੰਦ ਨੂੰ ਸੂਈ ਦੇ ਕੇ ਕੀਤਾ, ਆਦਿ। ਕਈ ਰੂਪਾਂ ਵਿਚ ਮਰਦਾਨੇ ਨੂੰ ਆਪ ਨੇ ਨਾਟਕਾਂ ਵਿਚ ਵਿਸ਼ੇਸ਼ ਪਾਤਰ ਬਣਾ ਕੇ ਉਸ ਤੋਂ ਸਹਾਇਤਾ ਲਈ; ਜਿਵੇਂ ਮਰਦਾਨੇ ਨੂੰ ਮੇਢਾ ਬਣਵਾ ਕੇ ਅਤੇ ਉਸ ਨੂੰ ਕੌਡੇ ਰਾਖ਼ਸ਼ ਦੇ ਢਾਹੇ ਚਾੜ੍ਹ ਕੇ ਆਦਿ।

(੫) ਪੰਜਵੀਂ ਸ਼੍ਰੇਣੀ ਵਿਚ ਉਹ ਅਨੇਕ ਸਾਖੀਆਂ, ਗੋਸ਼ਟਾਂ, ਵਾਰਤਾਲਾਪ ਤੇ ਚਰਚਾ ਹਨ ਜਿਹਨਾਂ ਵਿਚ ਹਿੰਦੂ, ਮੁਸਲਮ ਤੇ ਜੋਗੀ ਆਗੂਆਂ ਨਾਲ ਆਪ ਵਿਚਾਰ ਕਰਦੇ ਹਨ ਅਤੇ ਉਹਨਾਂ ਨੂੰ ਸੱਚੇ ਸਾਂਝੇ ਸਦਾਚਾਰਕ ਧਰਮ ਦਾ ਉਪਦੇਸ਼ ਦਿੰਦੇ ਹਨ।

(੬) ਛੇਵੀਂ ਸ਼੍ਰੇਣੀ ਉਹਨਾਂ ਸਾਖੀਆਂ ਦੀ ਹੈ ਜਿਹਨਾਂ ਵਿਚ ਗੁਰੂ ਜੀ ਸੱਚੇ ਪ੍ਰੇਮ ਦੀ ਡੋਰ ਨਾਲ ਖਿੱਚੇ ਭੈਣ ਨਾਨਕੀ ਜੀ, ਸ਼ਿਵਨਾਭ, ਝੰਡਾਬਾਢੀ, ਭਾਈ ਭਗੀਰਥ ਆਦਿ ਪਾਸ ਪੁੱਜਦੇ ਹਨ।

(੭) ਸਤਵੀਂ ਸ਼੍ਰੇਣੀ ਉਹਨਾਂ ਸਾਖੀਆਂ ਦੀ ਹੈ ਜਿਹਨਾਂ ਵਿਚੋਂ ਇਹ ਪਤਾ ਲਗਦਾ ਹੈ ਕਿ ਗੁਰੂ ਜੀ ਗ਼ਰੀਬਾਂ ਦੇ ਦੋਸਤ ਸਨ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

(ਸਿਰੀ ਰਾਗੁ ਮ: ੧)

ਇਸ ਸ਼੍ਰੇਣੀ ਵਿਚ ਭਾਈ ਮਰਦਾਨੇ, ਭਾਈ ਲਾਲੋ, ਸੱਜਣ, ਭੂਮੀਏ, ਕੋਹੜੀ ਫ਼ਕੀਰ ਆਦਿ ਦੀਆਂ ਸਾਖੀਆਂ ਆ ਸਕਦੀਆਂ ਹਨ।

## ੨.

ਇਸ ਸਮੇਂ ਅਸੀਂ ਕੇਵਲ ਸ਼੍ਰੇਣੀ ਨੰ: ੨ ਦੀਆਂ ਸਾਖੀਆਂ ਉਤੇ ਵਿਸ਼ੇਸ਼ ਵਿਚਾਰ ਕਰਾਂਗੇ ਜਿਹਨਾਂ ਸਾਖੀਆਂ ਤੇ ਬੇਪ੍ਰਤੀਤੀ ਪ੍ਰਗਟ ਕੀਤੀ ਜਾਂਦੀ ਹੈ ਅਤੇ ਜਿਹਨਾਂ ਵਿਚ ਕੋਈ ਸੁਨੇਹਾ ਵੀ ਨਹੀਂ ਦਿੱਸ ਸਕਿਆ ਅਤੇ ਉਹਨਾਂ ਦੀ ਸਦੀਵੀ ਮਹਾਨਤਾ ਤੋਂ ਇਨਕਾਰ ਕੀਤਾ ਜਾਂਦਾ ਹੈ।

(੧) ਗੁਰੂ ਜੀ ਇਕ ਬ੍ਰਿਛ ਥੱਲੇ ਸੁੱਤੇ ਤੇ ਦਰਖ਼ਤ ਦੀ ਛਾਂ ਨਾ ਫਿਰੀ।

(੨) ਗੁਰੂ ਜੀ ਦੇ ਚਿਹਰੇ ਤੇ ਧੁੱਪ ਆ ਗਈ ਤੇ ਸਰਪ ਨੇ ਫਨ ਖਿਲਾਰ ਕੇ ਛਾਂ ਕਰ ਦਿੱਤੀ।

(੩) ਗੁਰੂ ਜੀ ਦੀਆਂ ਮੱਝਾਂ ਕਿਸੇ ਦਾ ਖੇਤ ਉਜਾੜ ਗਈਆਂ ਤੇ ਗੁਰੂ ਜੀ ਦੀ ਵੇਖਣੀ ਨਾਲ ਖੇਤ ਮੁੜ ਹਰਾ ਭਰਾ ਹੋ ਗਿਆ।

(੪) ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਸੱਜਣ ਠੱਗ ਮਹਾਨ ਸੰਤ ਹੋ ਨਿਬੜਿਆ ਆਦਿ।

ਪਹਿਲੀ ਗੱਲ ਤਾਂ ਇਹ ਹੈ ਕਿ ਮੇਰਾ ਵਿਸ਼ਵਾਸ ਹੈ ਕਿ ਇਹ ਸਾਰੀਆਂ ਘਟਨਾਵਾਂ ਇਸੇ ਤਰ੍ਹਾਂ ਵਾਪਰੀਆਂ। ਇਹ ਪਹਿਲਾਂ ਕਈ ਹੋਰ ਮਹਾਂ ਪੁਰਸ਼ਾਂ ਦੇ ਜੀਵਨ ਵਿਚ ਵੀ ਵਾਪਰੀਆਂ ਸਨ। ਇਹ ਪ੍ਰਭੂ ਦੀ ਮਹਾਨਤਾ ਦੀ ਸਾਖੀ ਹਨ; ਇਹ ਮਹਾਂਪੁਰਸ਼ਾਂ ਦੀ ਮਹਾਨਤਾ ਦੀਆਂ ਸਾਖੀਆਂ ਹਨ।

ਜਿਸ ਤਰ੍ਹਾਂ ਮੈਨੂੰ ਸਮਝ ਆਉਂਦੀ ਹੈ ਇਹਨਾਂ ਸਾਖੀਆਂ ਵਿਚ ਬੜੇ ਹੀ ਮਹਾਨ ਸੰਕੇਤ ਹਨ ਜੋ ਸਾਡੇ ਲਈ ਉਸੇ ਤਰ੍ਹਾਂ ਗੁਰੂ-ਪਦ ਦਾ ਨਿਰਣਾ ਕਰਦੇ ਹਨ ਜਿਵੇਂ ਗੁਰਬਾਣੀ ਕਰਦੀ ਹੈ। ਸਾਖੀਆਂ ਵਿਚ ਗੁਰੂ-ਮਹਾਨਤਾ ਦੇ ਪ੍ਰਗਟ ਕਰਨ ਦਾ ਸਰਲ ਉਪਰਾਲਾ ਹੈ ਜੋ ਜਨ ਸਾਧਾਰਨ ਨੂੰ ਵੀ ਸਮਝ ਆਉਣਾ ਚਾਹੀਦਾ ਹੈ। ਸਾਖੀਆਂ ਨੂੰ ਸਮਝਣ ਵਿਚ ਸ਼ਾਇਦ, ਸਾਨੂੰ ਕਸਰ ਇਹ ਲੱਗੀ ਹੈ ਕਿ ਅਸਾਂ ਉਹਨਾਂ ਵਿਚ ਵਰਤੀਆਂ ਵਸਤੂਆਂ ਨੂੰ ਕੇਵਲ ਪ੍ਰਕ੍ਰਿਤਕ ਪਦਾਰਥ ਹੀ ਸਮਝਿਆ ਅਤੇ ਉਹਨਾਂ ਦੇ ਗੌਹਜ ਰਹਿਸਵਾਦੀ ਅਰਥਾਂ ਨੂੰ ਨਹੀਂ ਸਮਝਿਆ। ਗੁਰਬਾਣੀ ਵਿਚ ਭਾਂਡਾ, ਘਰ, ਸਰਪ, ਚਿੱਕੜ (ਪੰਕਜ) ਸਾਗਰ, ਖੇਡ, (ਸ਼ਾਖ) ਫਲ, ਫੁਲ, ਬਿਖ, ਘਨਹਰ, ਧਨ, ਪਿਰ ਆਦਿ ਵਰਤੇ ਸ਼ਬਦਾਂ ਦੇ ਅਰਥ ਕਦੇ ਅਸੀਂ ਬਰਤਨ, ਮਕਾਨ, ਸੱਪ, ਆਦਿ ਨਹੀਂ ਲਏ ਸਗੋਂ ਕੁਝ ਹੋਰ ਹੀ ਲੈਂਦੇ ਹਾਂ। ਵੇਖੋ :

ਭਾਂਡਾ ਧੋਇ ਬੈਸਿ ਧੂਪ ਦੇਵਹੁ ਤਉ ਦੂਧੈ ਕਉ ਜਾਵਹੁ ॥

ਇਥੇ ਭਾਂਡਾ, ਧੂਪ, ਦੁੱਧ ਦੇ ਅੱਖਰੀ ਅਰਥ ਨਹੀਂ ਹਨ; ਭਾਂਡਾ ਮਨ ਹੈ, ਧੂਪ ਪਵਿੱਤਰਤਾ ਹੈ, ਦੁੱਧ ਹਰੀ ਨਾਮ ਹੈ।

ਹਮ ਘਰਿ ਸਾਜਨ ਆਏ ॥
ਸਾਚੈ ਮੇਲਿ ਮਿਲਾਏ ॥

ਇਥੇ ਘਰਿ, ਸਾਜਨ ਤੇ ਮੇਲ ਦੇ ਅੱਖਰੀ ਅਰਥ ਨਹੀਂ—ਘਰਿ ਹਿਰਦਾ ਹੈ, ਸਾਜਨ ਵਾਹਿਗੁਰੂ ਹੈ ਅਤੇ ਮੇਲ ਆਤਮਕ ਮੇਲ ਹੈ।

ਇਸੇ ਤਰ੍ਹਾਂ ਬਹੁਤੀਆਂ ਇਹੋ ਜਿਹੀਆਂ (ਕਰਾਮਾਤੀ) ਸਾਖੀਆਂ ਦੇ ਰਹਿਸ ਨੂੰ ਸਮਝਣ ਦੀ ਲੋੜ ਹੈ। ਅਸੀਂ ਸਾਰੇ 'ਅੰਗੂਰ ਖੱਟੇ ਹਨ', 'ਸਹੇ ਤੇ ਕਛੂਏ ਦੀ ਦੌੜ' ਆਦਿ ਦੀਆਂ ਕਹਾਣੀਆਂ ਜਾਣਦੇ ਹਾਂ—ਬਚਪਨ ਵਿਚ ਉਹਨਾਂ ਦੇ ਅਰਥ ਅੱਖਰੀ ਹੀ ਸਮਝਦੇ ਸਾਂ ਪਰ ਹੁਣ ਵਡੇਰੇ ਹੋ ਕੇ ਇਉਂ ਜਾਪਦਾ ਹੈ ਕਿ ਇਹ ਤਾਂ ਸਾਡੇ ਮਨੁੱਖੀ ਸੁਭਾਅ ਨੂੰ ਬਿਆਨ ਕਰਨ ਲਈ ਰਹਿਸਮਈ ਕਹਾਣੀਆਂ ਹਨ। ਹਰ ਮਨੁੱਖ ਕਿਸੇ ਵੇਲੇ ਉਹ ਲੂੰਬੜੀ ਹੁੰਦਾ ਹੈ ਤੇ 'ਅੰਗੂਰ ਖੱਟੇ ਹਨ' ਕਹਿੰਦਾ ਹੈ; ਹਰ ਮਨੁੱਖ ਉਹ ਕਊਆ ਹੈ ਜੋ ਲੂੰਬੜੀ ਦੀ ਖ਼ੁਸ਼ਾਮਦ ਵਿਚ ਆ ਕੇ ਆਪਣਾ ਰੋਟੀ ਦਾ ਟੁਕੜਾ ਵੀ ਗਵਾ ਬੈਠਾ ਸੀ। ਕਹਾਣੀਆਂ ਵਿਚ ਰਹਿਸ ਹਨ। ਸਾਖੀਆਂ ਵਿਚ ਕਿਉਂ ਨਹੀਂ!

ਤਾਂ ਤੇ ਮੈਂ ਉਪਰ ਕਥਿਤ ਸ਼ਰੇਣੀ ਨੰ: ੨ ਦੀਆਂ ਕੁਝ ਸਾਖੀਆਂ ਦੇ ਰਹਿਸ ਲੱਭਣ ਦਾ ਯਤਨ ਕਰਦਾ ਹਾਂ। ਜ਼ਰੂਰੀ ਨਹੀਂ ਸਾਰੇ ਸਹਿਮਤ ਹੋਣ, ਪਰ ਇਹ ਵੀ ਜ਼ਰੂਰੀ ਨਹੀਂ ਕਿ ਸਾਰੇ ਅ-ਸਹਿਮਤ ਹੋਣ। ਇਹ ਇਕ ਯਤਨ ਹੈ ਜੋ ਗ਼ਲਤ ਨਹੀਂ। ਇਹਨਾਂ ਸਾਖੀਆਂ ਦੀ ਰੰਗੀਨੀ ਨੂੰ ਅਸੀਂ ਭਾਈ ਸੰਤੋਖ ਸਿੰਘ ਜੀ ਦੇ 'ਨਾਨਕ ਪ੍ਰਕਾਸ਼' ਵਿਚੋਂ ਵੇਖਣ ਦਾ ਯਤਨ ਵੀ ਕਰਾਂਗੇ।

(ਬਾਕੀ ਸਾਖੀਆਂ ਦੀਆਂ ਸ਼ਰੇਣੀਆਂ ਬਾਰੇ ਨਾ ਕੋਈ ਸ਼ੰਕਾ ਹੈ ਅਤੇ ਨਾ ਹੀ ਉਹਨਾਂ ਦੇ ਸਦੀਵੀ ਸੰਦੇਸ਼ ਤੋਂ ਕੋਈ ਇਨਕਾਰ ਹੈ।)

੩.

(ੳ) ਸਾਖੀ :

ਬ੍ਰਿਛ ਛਾਇਆ ਅਸਥਿਰ ਰਹਿਣੀ

(ਨਾਨਕ ਪ੍ਰਕਾਸ਼, ਅਧਿ: ੧੨)

ਏਕ ਦਿਵਸ ਪਾਦ ਪਦਮ ਸੁੰਦਰ ॥
ਸਘਣ ਛਾਉਂ ਬੈਠੇ ਗੁਨ ਮੰਦਰ ॥
ਜਬ ਦਿਨ ਕੇ ਜੁਗ ਜਾਮ ਬਿਤਾਏ ॥
ਦੁਖ ਮੋਚਨ ਲੋਚਨ ਅਲਸਾਏ ॥
ਸੁੰਦਰ ਬਸਤ੍ਰ ਬਿਛਾਇ ਬਿਛੌਨਾ ॥
ਪੌਢੇ ਪੁਨਾ ਅਨੁਕੰਪਾ ਭੌਨਾ ॥
ਦੋਇ ਮਹੂਰਤ ਜਬਹਿ ਬਿਤਾਵਾ ॥
ਚਲ ਬੁਲਾਰ ਤਿਹ ਮਾਰਗ ਆਵਾ ॥
ਪੇਖ ਅਚੰਭੌ ਮਨ ਬਿਸਮਾਨਾ ॥
ਸ਼ੋਰ ਬਿਹੀਨ ਭਯੋ ਠਹਿਰਾਨਾ ॥
ਨਿਜ ਸੰਗੀ ਸੋਂ ਬਚਨ ਅਲਾਵਾ ॥
ਦੇਖਹੁ ਅਚਰਜ ਏਹੁ ਸੁਹਾਵਾ ॥
ਸੁੰਦਰ ਸੁਖ ਮੰਦਰ ਸੁਤ ਕਾਲੂ ॥
ਸੋਯੋ ਅਜਮਤ ਜਾਸ ਬਿਸਾਲੂ ॥

ਢਰ ਗਾ ਸਭ ਪਾਦਮ ਪਰਛਾਵਾ ॥
ਨਹੀ ਢਰਯੋ ਜਹਿੰ ਇਨ ਸੁਖ ਪਾਵਾ ॥
ਨਿਸਚੇ ਕਲਾਵਾਨ ਅਵਤਾਰਾ ॥
ਰਹਿਤ ਦੁਰਾਇ ਅਪਨ ਪੈ ਸਾਰਾ ॥
ਪਾਵਕ ਬੀਚ ਭਸਮ ਕੇ ਜੈਸੇ ॥
ਤੇਜ ਨ ਲਖਯੋ ਪਰਤ ਹੈ ਕੈਸੇ ॥
ਪਰ ਜੇ ਲਖਣਹਾਰਾ ਹੁਇ ਕੋਊ ॥
ਤਿਹ ਨਿਕਾਸ ਸੀਤਹ ਖ੍ਵੈ ਸੋਊ ॥
ਤਿਉ ਇਸ ਕੀ ਸੇਵਾ ਜੋ ਕਰਈ ॥
ਜਨਮ ਮਰਨ ਤਿਹ ਕਿਉ ਨਹਿ ਟਰਈ ॥

ਇਸ ਸਾਖੀ ਵਿਚ ਸਤਿਗੁਰੂ ਦੀ ਮਹਾਨਤਾ ਇਹ ਹੈ ਕਿ ਸਤਿਗੁਰੂ ਉਤੇ ਪ੍ਰਭੂ ਦਾ ਹੱਥ ਸਦਾ ਹੀ ਹੈ। ਸਤਿਗੁਰੂ ਪ੍ਰਭੂ ਵਲੋਂ ਭੇਜਿਆ ਜਾਂਦਾ ਹੈ ਤੇ ਪ੍ਰਭੂ ਉਸ ਦੇ ਅੰਗ ਸੰਗ ਹੁੰਦਾ ਹੈ। ਸ੍ਰੀ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਹੋ ਗੱਲ ਸ੍ਰੀ ਬਚਿੱਤਰ ਨਾਟਕ ਵਿਚ ਕਹੀ ਹੈ—

ਮੈ ਅਪਨਾ ਸੁਤ ਤੋਹਿ ਨਿਵਾਜਾ॥
ਪੰਥ ਪ੍ਰਚੁਰ ਕਰਬੇ ਕਉ ਸਾਜਾ ॥
ਜਹਾਂ ਤਹਾਂ ਤੈ ਧਰਮ ਚਲਾਏ ॥
ਕੁਬੁਧਿ ਕਰਨ ਤੇ ਲੋਕ ਹਟਾਏ ॥
ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥

ਗੁਰਬਾਣੀ ਵਿਚ 'ਪੇਡ' ਪਰਮਾਤਮਾ ਨੂੰ ਮੰਨਿਆ ਤੇ 'ਸ਼ਾਖ' ਸੰਸਾਰ ਨੂੰ। ਬਸੰਤ ਰਾਗ ਵਿਚ ਕਿਹੜਾ ਬਿਰਛ ਫੁਲਿਆ ਪਿਆ ਹੈ।

(੧) ਕਰਮ ਪੇਡ ਸਾਖਾ ਹਰੀ ਧਰਮੁ ਫੁਲ ਫਲੁ ਗਿਆਨ ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥
(ਬਸੰਤ ਮ: ੧)

(੨) ਮੇਰਾ ਪ੍ਰਭੁ ਮਉਲਿਆ ਸਦ ਬਸੰਤੁ ॥
ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ॥
(ਬਸੰਤ ਮ: ੨)

(੩) ਮਾਇਆ ਮੋਹੁ ਸਬਦਿ ਜਲਾਏ ॥
ਮਨੁ ਤਨੁ ਹਰਿਆ ਸਤਿਗੁਰ ਭਾਏ ॥
ਸਫਲਿਉ ਬਿਰਖੁ ਹਰਿ ਕੈ ਦੁਆਰਿ ॥
ਸਾਚੀ ਬਾਣੀ ਨਾਮੇ ਪਿਆਰਿ ॥
(ਬਸੰਤ ਮ: ੩)

(੪) ਮਨੁ ਤਨੁ ਮਉਲਿਓ ਅਤਿ ਅਨੂਪ ॥
ਸੂਕੈ ਨਾਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥
ਸਦ ਬਸੰਤ ਗੁਰ ਮਿਲੇ ਦੇਵ ॥
ਬਿਰਖ ਜਮਿਓ ਹੈ ਪਾਰਜਾਤ ॥
ਫੂਲ ਲਗੇ ਫਲ ਰਤਨ ਭਾਂਤਿ ॥
(ਬਸੰਤ ਮ: ੫)

ਮਾਝ ਰਾਗ ਪੰਜਾਬੀਆਂ ਦਾ ਰਾਗ ਹੈ। ਇਸ ਰਾਗ ਵਿਚ ਸ੍ਰੀ ਸਤਿਗੁਰੂ ਅਰਜਨ ਸਾਹਿਬ ਜੀ ਨੇ ਪ੍ਰਭੂ ਦਾ ਨਿਰਣਾ ਹੀ ਇਉਂ ਕੀਤਾ ਹੈ—

ਤੂੰ ਪੇਡ ਸਾਖ ਤੇਰੀ ਫੂਲੀ ॥
ਤੂੰ ਸੂਖਮੁ ਹੋਆ ਅਸਥੂਲੀ ॥

ਸੋ ਇਸ ਸਾਖੀ ਦਾ ਰਹਿਸ ਇਹ ਹੋ ਸਕਦਾ ਹੈ ਕਿ ਜਿਸ ਬਿਰਛ ਦੀ ਛਾਇਆ ਸਦਾ ਸ਼ੁਰੂ ਤੇ ਅਸਥਿਤ ਰਹਿੰਦੀ ਹੈ ਉਹ ਬਿਰਛ ਪਰਮਾਤਮਾ ਆਪ ਹੀ ਹੈ। ਉਹ ਇਹ ਹੈ ਕਿ—

'ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥'

ਪਰਮਾਤਮਾ ਨੇ ਸਤਿਗੁਰੂ ਨਾਨਕ ਸਾਹਿਬ ਜੀ ਨੂੰ ਸੰਸਾਰ ਉਧਾਰ ਲਈ ਭੇਜਿਆ ਹੈ ਤੇ ਆਪਣਾ ਹੱਥ ਸਦਾ ਲਈ ਉਨ੍ਹਾਂ ਦੇ ਸਿਰ ਤੇ ਰਖਿਆ ਹੈ।

ਬਿਰਛ ਦੀ ਛਾਂ ਵਿਚ ਠੰਢ ਰਹਿੰਦੀ ਹੈ। ਭਾਈ ਸੰਤੋਖ ਸਿੰਘ ਜੀ ਨੇ ਉਸ ਬਿਰਛ ਨੂੰ ਪਾਦਪ ਦਲ ਸੁੰਦਰ (ਘਣੇ ਪੱਤਿਆਂ ਵਾਲਾ) ਤੇ 'ਸਘਨ ਛਾਉ ਬੈਠੇ' (ਸੰਘਣੀ ਛਾਂ) ਵਾਲਾ ਕਿਹਾ ਹੈ। ਮਹਾਂ ਕਵੀ ਨੇ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ :

ਤਪਹਿ ਰਿਦਾ ਜਿਵ ਮਤਸਰ ਧਾਰੀ ॥
ਤਿਉ ਤਪ ਗਈ ਭੂਮਿਕਾ ਸਾਰੀ ॥
ਬਹਿਤ ਜੌਰ ਸੰ ਤਪਤ ਸਮੀਰਾ ॥
ਜੋ ਤਾਪਹਿ ਨਰ ਨਾਰਿ ਸਰੀਰਾ ॥
ਜਿਉ ਖਲ ਉਚਰਹਿ ਬਚਨ ਕੁਢਾਲੀ ॥
ਰਿਦਾ ਤਪਾਇ ਦੇ ਰਿਸ ਨਾਲੀ ॥
ਮਾਰਤੰਡ ਕੀ ਚੰਡ ਮਰੀਚਾ ॥
ਦੁਖੀ ਜੀਵ ਲਘੁ ਤਾਲਨ ਬੀਚਾ ॥
ਜਿਉ ਜਗ ਭਗਤਿ ਹੀਨ ਹੈ ਪ੍ਰਾਨੀ ॥
ਜਨਮ ਮਰਨ ਮਹਿ ਨਿਤ ਦੁਖ ਖਾਨੀ ॥
ਸੂਕੇ ਜਲ ਕਰਦਮ ਬਿਹਰਾਨੀ ॥
ਜਨ ਪ੍ਰੇਮੀ ਉਹ ਸੀਖ ਸਿਖਾਨੀ ॥
ਸਹਿਤ ਧੂਰ ਬਹੁ ਭ੍ਰਮਤ ਬਘੂਰੇ ॥
ਜਿਉ ਮਤਿ ਭ੍ਰਮਤਿ ਬਿਨਾ ਗੁਰ ਪੂਰੇ ॥

ਮ੍ਰਿਗ ਤ੍ਰਿਸ਼ਨਾ ਕੋ ਹੇਰਹਿ ਨੀਰਾ ॥
ਦੌਰਤ ਮ੍ਰਿਗ ਨਹਿ ਪਾਵਹਿ ਧੀਰਾ ॥
ਜਿਉ ਮਨ ਬਿਖਯ ਸੁਖਨ ਹਿਤ ਧਾਈ ॥
ਤ੍ਰਿਪਤਿ ਨ ਹੋਤ ਨ ਬਿਰਤਾ ਪਾਈ ॥

ਗਰਮੀ ਦਾ ਦੁੱਖ ਇਸ ਤਰ੍ਹਾਂ ਹੈ ਜਿਵੇਂ 'ਈਰਖਾਲੂ ਹਿਰਦਾ' ਹੈ। 'ਬਚਨ ਕੁਢਾਲੀ' ਹਨ, 'ਭਗਤਹੀਨ ਪ੍ਰਾਨੀ' ਹੈ, ਬਿਨ ਗੁਰੂ ਬੇਮੁਖ ਹੈ ਜਾਂ ਵਿਸ਼ਈ ਮਨ ਹੈ।

ਬਿਰਛ ਦੀ ਛਾਂ ਥੱਲੇ ਗੁਰੂ ਹੈ, ਉਹ ਠੰਢ ਵਿਚ ਹੈ, ਉਸ ਤੇ ਇਸ ਪ੍ਰਕਾਰ ਦੀ ਗਰਮੀ ਦਾ ਕੋਈ ਅਸਰ ਨਹੀਂ ਹੈ। ਉਥੇ ਤਾਂ ਠੰਢਕ ਹੈ।

ਭਾਵਹਿ ਬਹੁ ਸੀਤਲਤਾ ਪਾਨੀ ॥
ਭਾਗ ਜਗੇ ਜਿਉ ਗੁਰ ਕੀ ਬਾਨੀ ॥

ਗੁਰੂ ਉਤੇ ਇਹ ਛਾਂ ਹੈ ਕੀ—ਇਹ ਸਾਖੀ ਇਸ 'ਅਸਥਿਰ ਛਾਇਆ' ਦੀ ਸੂਚਕ ਹੈ।

ਗੁਰੂ ਉਤੇ ਛਾਂ ਹੈ। ਗੁਰੂ ਸੰਗਤਾਂ ਨੂੰ ਛਾਂ ਥੱਲੇ ਬੁਲਾ ਲੈਂਦਾ ਹੈ। ਗੁਰੂ ਠੰਢਕ ਵਿਚ ਹੈ, ਗੁਰੂ ਬਾਣੀ ਰਾਹੀਂ ਠੰਢਕ ਦਾ ਪਰਸਾਰ ਕਰਦਾ ਹੈ। ਗੁਰੂ ਬਿਰਛ ਥੱਲੇ ਹੈ, ਉਹ ਕਿਸੇ ਹਨੇਰੀ ਮੀਂਹ ਤੋਂ ਘਬਰਾ ਨਹੀਂ ਸਕਦਾ। ਗੁਰੂ ਸੰਸਾਰੀਆਂ ਨੂੰ ਉਹ ਬਿਰਛ ਹੀ ਦੱਸਣ ਆਇਆ ਹੈ। ਇਸੇ ਲਈ ਖਿਰਛ ਛਾਇਆ ਥੱਲੇ ਗੁਰੂ ਜੀ ਨੂੰ ਵੇਖ ਕੇ ਰਾਏ ਬੁਲਾਰ ਕਹਿੰਦਾ ਹੈ :—

ਤਿਉਂ ਇਸ ਦੀ ਸੇਵਾ ਜੋ ਕਰਈ ॥
ਜਨਮ ਮਰਨ ਤਿਹ ਕਿਉ ਨਹਿ ਟਰਈ ॥

ਗੁਰੂ ਸਾਰੇ ਸੰਸਾਰ ਨੂੰ ਬਿਰਛ ਛਾਇਆ ਥੱਲੇ ਲੈ ਜਾਂਦਾ ਹੈ। ਉਹ ਬਿਰਛ ਵੀ ਕਿਹੋ ਜਿਹਾ ਹੈ ? ਬਿਰਛ ਹੈ ਪਾਰਜਾਤ ਦਾ, ਬਿਰਛ ਹੈ ਕਲਪ ਦਾ, ਬਿਰਛ ਹੈ ਪਦਮ ਦਾ, ਬਿਰਛ ਹੈ, ਮੌਲਸਰੀ ਜਿਸ ਦੀ ਸੁਗੰਧ ਸਾਰੇ ਸੰਸਾਰ ਵਿਚ ਪਸਰੀ ਹੈ।

ਛਾਂ ਨਹੀਂ ਟਲਦੀ, ਦਾ ਭਾਵ ਇਹ ਵੀ ਹੈ ਕਿ ਗੁਰੂ ਅਤੇ ਉਹ ਬਿਰਛ ਇਕ-ਮਿਕ ਹਨ, ਇਸ ਲਈ ਗੁਰੂ ਹੀ ਉਹ ਬਿਰਛ ਹੈ, ਗੁਰੂ ਪਾਰਬ੍ਰਹਮ ਹੈ, ਗੁਰੂ ਪਾਰਬ੍ਰਹਮ ਦਾ ਪੂਰਾ ਨੇਮ ਉਸ ਦੀ ਛਾਂ ਹੈ, ਪਾਰਬ੍ਰਹਮ ਕਿੰਨਾ ਮਹਾਨ ਹੋਵੇਗਾ।

ਸ਼ਾਇਦ ਇਹ ਹੈ ਇਸ ਸਾਦੀ ਜਹੀ ਸਾਖੀ ਦਾ ਅਰਥ !

* * *

(ਅ) ਸਾਖੀ :

ਸਰਪ ਛਾਉਂ

ਇਕ ਦਿਨ ਗੁਰੂ ਜੀ ਸੌਂ ਗਏ ਤੇ—
ਪਸਚਮ ਦਿਸ਼ਾ ਤਰਨ ਬਹੁ ਜਾਵਾ ॥
ਮੁਖ ਪੰਕਜ ਪਰ ਆਤਪ ਆਵਾ ॥

ਸ੍ਵੇਦ ਬਿੰਦੂ ਬੂੰਦ ਮਕਰੰਦਾ ॥
ਰਾਜਤ ਜਿਵ ਪਾਤਨ ਅਰਬਿੰਦਾ ॥
ਕਿਧੋਂ ਚੰਦ੍ਰਮਾ ਮੰਡਲ ਮਾਹੀ ॥
ਕਿਨਕਾ ਸ੍ਰਵਤ ਪਿਯੂਖ ਸੁਹਾਹੀ ॥
ਸ਼ੇਖਨਾਗ ਲਖ ਸ਼ੈਨ ਮਿਲਾਪੀ—
ਆਤਮ ਉਥਪਿਉ ਇਉ ਉਰ ਥਾਪੀ ॥
ਸ੍ਵੇਤ ਵਰਨਗੋ ਦੁਗਧ ਨਵੀਨਾ ॥
ਧਰ ਦੂਸਰ ਤਨ ਆਵ ਪ੍ਰਬੀਨਾ ॥
ਸੁੰਦਰ ਸੁਖ ਮੰਦਰ ਕੋ ਦੇਖੀ ॥
ਕੀਨ ਬੰਦਨਾ ਪ੍ਰੀਤ ਬਿਸੇਖੀ ॥
ਬਹੁਰੋ ਤੀਨ ਪ੍ਰਦਛਨਾ ਦੀਨੀ ॥
ਸੀਸ ਦਿਸਾ ਨਿਜ ਇਸਥਿਤ ਕੀਨੀ ॥
ਹੇਤ ਛਾਉਂ ਕੇ ਫਨ ਬਿਸਥਾਰਾ ॥
ਅਤਿ ਉਜਲ ਜਿਵ ਸੁਰਸਰਿ ਧਾਰਾ ॥
ਊਚੋ ਫਨ ਅਸ ਸੋਭਾ ਪਾਈ ॥
ਕਿਧੋ ਸਿੰਧ ਸੀ ਸ਼ੈਨ ਬਨਾਈ ॥
ਸਭ ਸਰੀਰ ਪਰ ਜਿਸ ਕੀ ਛਾਯਾ ॥
ਜੜ ਸਾ ਥਿਰ, ਨਹਿ ਨੈਕ ਡੁਲਾਯਾ ॥

ਇਹ ਘਟਨਾ ਵੀ 'ਤਲਵੰਡੀ ਨ੍ਰਿਪ ਰਾਇ ਬੁਲਾਰ' ਨੇ ਦੇਖੀ ।

ਇਹ ਸਾਖੀ ਗੁਰੂ ਮਹਾਨਤਾ ਨੂੰ ਪ੍ਰਗਟ ਕਰਦੀ ਹੈ। 'ਸਰਪ' ਸੰਸਾਰ ਵਿਚਾਰ ਅਨੁਸਾਰ ਧਨ, ਸੁੰਦਰਤਾ ਤੇ ਰਾਗ ਦਾ ਆਸ਼ਕ ਹੈ। ਗੁਰੂ ਨਾਨਕ ਦੇਵ ਜੀ ਸੁੱਤੇ ਪਏ ਹਨ, ਸਰਪ ਉਨ੍ਹਾਂ ਦੇ ਚਿਹਰੇ ਤੇ ਫਨ ਖਿਲਾਰ ਕੇ ਖੜੋ ਰਹਿੰਦਾ ਹੈ। ਸਰਪ ਨੇ ਲੱਭ ਲਿਆ ਖ਼ਜ਼ਾਨੇ ਨੂੰ, ਗੁਰੂ ਨਾਨਕ ਸੰਸਾਰ ਲਈ ਅਤਿਅੰਤ ਕੀਮਤੀ ਖ਼ਜ਼ਾਨਾ ਹਨ ; ਸਰਪ ਨੇ ਲੱਭ ਲਿਆ ਹੈ ਰਾਗ ਦੇ ਭੰਡਾਰ ਨੂੰ—ਗੁਰੂ ਨਾਨਕ ਸੰਸਾਰ ਲਈ ਬਾਣੀ ਦੀ ਧੁਨ ਦਾ ਅਲਾਪ ਕਰਨ ਵਾਲਾ ਮਹਾਨ ਸੰਗੀਤਕਾਰ ਹੈ; ਸਰਪ ਉਸ ਦੇ ਰਾਗ ਤੇ ਮਸਤ ਹੈ; ਸਰਪ ਸੁੰਦਰਤਾ ਨੂੰ ਪਿਆਰ ਕਰਦਾ ਹੈ। ਇਥੇ ਸੁੰਦਰਤਾ ਦਾ ਮੁਜੱਸਮਾ ਗੁਰੂ ਨਾਨਕ ਹੈ, ਉਸ ਨੂੰ ਸਰਪ ਨੇ ਲੱਭ ਲਿਆ ਹੈ।

ਸਰਪ ਜ਼ਹਿਰ ਦਾ ਸੂਚਕ ਹੈ। ਪਰ ਸ਼ਿਵ ਦੇ ਗਲ ਵਿਚ ਉਹ ਲਿਪਟਿਆ ਰਹਿੰਦਾ ਹੈ, ਸ਼ਿਵ ਨੇ 'ਕਾਲਕੂਟ' ਜ਼ਹਿਰ ਨੂੰ ਗਲੇ ਵਿਚ ਰੋਕਿਆ ਹੋਇਆ ਹੈ। ਗੁਰੂ ਨਾਨਕ ਨੇ ਵੀ ਸਾਰੇ ਸੰਸਾਰ ਦੀ ਬਿਖ ਨੂੰ ਚੂਸ ਲੈਣਾ ਹੈ—ਉਸ ਦੀ ਗਿਰਾਵਟ ਦੀ ਬਿਖ ਨੂੰ। ਸਰਪ ਇਸ ਗੱਲ ਦੀ ਗਵਾਹੀ ਹੈ।

ਸਰਪ ਸੇਜਾ ਵਿਸ਼ਨੂੰ ਜੀ ਦੀ ਹੈ ਜਿਸ ਤੇ ਉਹ ਖੀਰ—ਸਾਗਰ ਵਿਚ ਵਿਸ਼ਰਾਮ ਕਰਦੇ ਹਨ। ਵਿਸ਼ਨੂੰ ਸੰਸਾਰ ਦਾ ਪਾਲਕ ਹੈ। ਗੁਰੂ ਨਾਨਕ ਨੂੰ ਸਰਪ ਨੇ ਸੇਜਾ ਵੀ ਦਿੱਤੀ ਹੈ ਤੇ ਉਸ ਤੇ ਫਨ ਵੀ ਖਿਲਾਰਿਆ ਹੈ ਜਿਵੇਂ ਵਿਸ਼ਨੂੰ ਜੀ ਤੇ ਖਿਲਾਰਿਆ ਹੈ। ਸੋ ਗੁਰੂ ਨਾਨਕ ਸਾਰੇ ਸੰਸਾਰ ਦਾ ਪਾਲਕ ਹੈ।

(ੲ) ਸਾਖੀ :

## ਸੁਰਭੀ ਚਾਰਨ ਪ੍ਰਸੰਗ

ਗੁਰੂ ਜੀ ਸੁਰਭੀ (ਗਊਆਂ) ਚਾਰਨ ਜਾਂਦੇ ਹਨ। ਗਊਆਂ ਕਿਸੇ ਰਾਹਕ ਦਾ ਖੇਤ ਚਰ ਜਾਂਦੀਆਂ ਹਨ। ਉਹ ਜਾ ਕੇ ਰਾਏ ਬੁਲਾਰ ਪਾਸ ਫ਼ਰਿਆਦ ਕਰਦਾ ਹੈ :

ਪੁਨ ਬੋਲਯੋ ਸੁਨ ਕਰਿ ਕ੍ਰਿਖਕਾਰਾ ॥
ਸਾਬਤ ਏਕ ਨ ਕੋਨ ਕਿਦਾਰਾ ॥
ਪਠਵਹੁ ਮਾਨਵ ਹੇਰਹਿ ਤਾਸੂ ॥
ਮੈਂ ਨਹਿੰ ਕਹੋ ਕੂਰ ਤੁਮ ਪਾਸੂ ॥
ਯੁਗਮ ਬਚਨ ਸੁਨ ਸੰਸੈ ਆਯਾ ॥
ਨਿਰਨੈ ਕਾਰਨ ਮਨੁਜ ਪਠਾਯਾ ॥
ਹੇਰਯੋ ਫਿਰ ਕੈ ਨਰ ਚਹੁਆਂ ਤੇ ॥
ਬਿਘਨ ਨ ਦੀਸੈ ਮੁਰਯੋ ਤਹਾਂ ਤੇ ॥
ਆਇ ਰਾਇ ਸੋ ਬਾਤ ਜਨਾਈ ॥
ਮੈ ਹੇਰੀ ਫਿਰ ਕੈ ਚਹੁ ਆਈ ॥
ਨਹਿ ਪਸੂ ਖੋਜ ਨਾ ਬੂਟਾ ਟੂਟਾ ॥
ਰਹਯੋ ਨਿਸਰ ਸਭ ਸਾਬਿਤ ਬੂਟਾ ॥
ਚਹੂੰ ਓਰ ਕਿਤ ਬਾਰ ਨ ਤੋਰੀ ॥
ਹਰੀ ਖਰੀ ਭੂ ਜਰੀ ਸੁਜੋਰੀ ॥
ਰਾਹਕ ਝੂਠੋ ਦੇਤ ਦੁਹਾਈ ॥
ਉਚਿਤ ਦੰਡ ਇਹ ਹੈ ਨਰ ਰਾਈ ॥

ਅੱਗੇ ਭਾਈ ਸੰਤੋਖ ਸਿੰਘ ਜੀ ਦਸਦੇ ਹਨ ਕਿ ਜਿਨ੍ਹਾਂ ਗਊਆਂ ਦਾ ਛੇੜੂ ਗੁਰੂ ਨਾਨਕ ਸੀ, ਉਹ ਦੁੱਧ ਮੱਖਣ ਬਹੁਤ ਦਿੰਦੀਆਂ ਸਨ :—

ਸੋਭਹਿ ਸਭ ਸੁਰਭੀ ਤਨ ਪੀਨਾ ॥
ਛੀਰ ਦੇਹਿ ਬਹੁ ਬਡ ਆਪੀਨਾ ॥
ਦਿਨ ਪ੍ਰਤਿ ਮਾਖਨ ਹੋਤ ਸਵਾਯਾ ॥
ਕਾਲੂ ਹੇਰ ਹੇਰ ਹਰਖਾਯਾ ॥
ਬਾਸਨ ਵਡੇ ਮਾਹਿ ਦਧਿ ਪਾਈ ॥
ਦਾਸੀ ਮਥਹਿ ਜੋਰ ਕਰ ਲਾਈ ॥
ਰਾਖਹਿ ਮਾਖਨ ਮਾਤ ਸਵਾਰੀ ॥
ਸੁਤਹਿੰ ਖਵਾਵਤ ਰੁਚ ਅਨੁਸਾਰੀ ॥
ਬਸਤ ਬ੍ਰਿੰਦ ਬਧ ਪੁਸ਼ਟ ਸੁਹਾਏ ॥
ਪੈ ਪੀਵਹਿੰ ਬਹੁ ਰਹੇ ਅਘਾਏ ॥
ਅਸ ਬਿਧ ਕਿੰਚਤ ਕਾਲ ਬਿਤਾਯੋ ॥
ਜੰਤਨ ਜੋਨ ਉਧਾਰਨ ਆਯੋ ॥

ਗੁਰੂ ਨਾਨਕ ਗਊਆਂ ਦੇ ਵਗ ਦਾ ਰਖਵਾਲਾ ਹੈ। 'ਖੇਤੀ' ਸੰਸਾਰ ਹੈ। ਗਊਆਂ ਜੀਵ ਹਨ। ਗਊਆਂ ਕਈ ਵਾਰੀ ਉਜਾੜਾ ਵੀ ਕਰਦੀਆਂ ਹਨ, ਆਪਣੇ ਸੰਸਾਰ ਦਾ, ਜਦੋਂ ਉਹਨਾਂ ਵਿਚ ਕਾਮਾਦਿਕ, ਤ੍ਰਿਸ਼ਨਾ, ਅਨਿਆਂ, ਹਿੰਸਾ, ਜਬਰ ਤੇ ਲਾਲਸਾ ਵਧਦੇ ਹਨ। ਮਨੁੱਖਤਾ ਗਿਰਾਵਟ ਵਿਚ ਆ ਕੇ ਆਪਣੇ ਸੰਸਾਰ ਦਾ ਆਪ ਉਜਾੜਾ ਕਰ ਦਿੰਦੀ ਹੈ। ਪਰ ਗੁਰੂ ਸੰਸਾਰ ਨੂੰ ਸੋਹਣਾ ਬਣਾਉਂਦਾ ਹੈ। ਗੁਰੂ ਪਹਿਲਾਂ ਗਊਆਂ ਨੂੰ ਸੁਧਾਰਦਾ ਹੈ, ਉਹ ਸੁਧਰਦੀਆਂ ਹਨ—ਕਿੰਨਾ ਸਾਰਾ ਦੁੱਧ ਤੇ ਮੱਖਣ ਦੇਣ ਲਗ ਪੈਂਦੀਆਂ ਹਨ। ਦੁਧ ਅੰਮ੍ਰਿਤ ਹੈ, ਘਿਉ ਅੰਮ੍ਰਿਤ ਹੈ। ਜੀਵਾਂ ਵਿਚ ਗੁਰੂ ਦ੍ਰਿਸ਼ਟੀ ਨਾਲ ਅੰਮ੍ਰਿਤ ਪੈਦਾ ਹੁੰਦਾ ਹੈ। ਉਹਨਾਂ ਦੀ ਸੰਸਾਰ ਉਜਾੜੂ ਰੁਚੀ ਨਾਸ਼ ਹੁੰਦੀ ਹੈ। ਸੰਸਾਰ ਸੋਹਣਾ ਹੋ ਜਾਂਦਾ ਹੈ। ਸੋ ਗੁਰੂ ਸੰਸਾਰ ਦਾ ਆਚਰਨ ਉੱਚਾ ਕਰ ਕੇ ਉਸ ਦਾ ਸੁਧਾਰ ਕਰਦਾ ਹੈ, ਉਸ ਨੂੰ ਸੋਹਣੀ ਰਮਣੀਕ ਥਾਂ ਬਣਾ ਦਿੰਦਾ ਹੈ। ਸ਼ਾਇਦ ਇਹ ਹੋਵੇ, ਇਸ ਸਾਖੀ ਦਾ ਰਹਿਸ !

* * *

ਪਰਤੱਖ ਹੈ ਇਨ੍ਹਾਂ ਸਾਦਾ ਜਹੀਆਂ ਸਾਖੀਆਂ ਵਿਚ ਬੜੇ ਗੰਭੀਰ ਗੁਰਬਾਣੀ ਦੇ ਸਿਧਾਂਤ ਵੀ ਦਿੱਤੇ ਹਨ ਜਿਵੇਂ ਕਿ ਗੁਰੂ ਦੀ ਪਦਵੀ ਕੀ ਹੈ ? ਪਾਰਬ੍ਰਹਮ ਤੇ ਗੁਰੂ ਦਾ ਸੰਬੰਧ ਕੀ ਹੈ ? ਗੁਰੂ ਨੇ ਸੰਸਾਰ ਲਈ ਕੀ ਕਰਨਾ ਹੈ ? ਗੁਰੂ ਦਾ ਸੰਸਾਰ ਵਿਚ ਆਉਣ ਦਾ ਉਦੇਸ਼ ਕੀ ਹੈ ? ਆਦਿ। ਪਾਰਬ੍ਰਹਮ ਦੇ ਸਰੂਪ ਬੜੇ ਵਚਿੱਤਰ ਤਰੀਕੇ ਨਾਲ ਦਿੱਤੇ ਹਨ, ਪਾਰਬ੍ਰਹਮ ਬਿਰਛ ਰੂਪ ਹੈ ਜਿਸ ਦੀ ਛਾਂ ਸਾਰੇ ਸੰਸਾਰ ਲਈ ਹੈ। ਸੰਸਾਰ ਖੇਤੀ ਰੂਪ ਹੈ ਜਿਸ ਨੂੰ ਗੁਰ-ਦ੍ਰਿਸ਼ਟੀ ਹਰਾ ਕਰਦੀ ਹੈ। ਸੰਸਾਰੀ ਲੋਕ ਗਊ ਰੂਪ ਹਨ ਜਿਹਨਾਂ ਦਾ ਰਾਖਾ ਤੇ ਛੇੜੂ ਗੁਰੂ ਹੈ।

ਇਹ ਸਾਖੀਆਂ ਦਾਰਸ਼ਨਕ (Philosophical) ਹਨ। ਸਾਖੀਆਂ ਵਿਚ ਹੋਰ ਵੀ ਬੜੇ ਸੰਕੇਤ ਹਨ। ਬਹੁਤ ਸਾਰੀਆਂ ਸਾਖੀਆਂ ਵਿਚ ਸਮਾਜ ਦੀ ਅਧੋਗਤੀ ਦਾ ਬਿਆਨ ਹੈ। ਹਰ ਸਦੀ ਵਿਚ ਸਾਖੀਆਂ ਦੀ ਨਵੀਂ ਵਿਆਖਿਆ ਦੀ ਲੋੜ ਹੈ। ਇਹਨਾਂ ਵਿਚ ਸਦੀਵੀ ਤੌਰ ਤੇ ਸੰਸਾਰ ਲਈ ਸਿੱਖਿਆ ਰੱਖੀ ਹੋਈ ਹੈ। ਸਾਖੀਆਂ ਦੇ ਪਾਤਰਾਂ ਨੂੰ ਵਕਤੀ ਸਮੇਂ ਦੇ ਸਥਾਨਕ ਪਾਤਰ ਵੀ ਸਮਝੋ ਪਰ ਇਹਨਾਂ ਨੂੰ ਚਿੰਨ੍ਹ ਤੇ ਪਰਤੀਕ ਵੀ ਸਮਝੋ। ਇਹ ਸਾਖੀਆਂ ਇਸੇ ਤਰ੍ਹਾਂ ਵਾਪਰੀਆਂ ਪਰ ਇਹ ਹੁਣ ਵੀ ਵਾਪਰ ਰਹੀਆਂ ਹਨ, ਜਿਵੇਂ ਗੁਰੂ ਹੁਣ ਵੀ ਮੌਜੂਦ ਹੈ। ਇਹ ਸਾਖੀਆਂ ਹਰਿ ਕੇਂਦਰ ਤੇ ਵੀ ਵਾਪਰਦੀਆਂ ਹਨ, ਧਰਤੀ ਤੇ ਵੀ ਵਾਪਰ ਰਹੀਆਂ ਹਨ ਅਤੇ ਸਾਡੇ ਅੰਦਰ ਵੀ ਵਾਪਰ ਰਹੀਆਂ ਹਨ। ਇਹ ਸਾਡਾ ਇਤਿਹਾਸ ਵੀ ਹਨ ਅਤੇ ਸਾਡਾ ਮਿਥਿਹਾਸ ਵੀ ਹਨ। ਇਹਨਾਂ ਵਿਚ ਥੋੜ੍ਹੀ ਜਿੰਨੀ ਕਲਪਨਾ ਦੀ ਸ਼ਕਤੀ ਅਤੇ ਬੁੱਧੀ ਦੀ ਉਤਪਤੀ ਨਾਲ ਝਾਤ ਮਾਰਨ ਦੀ ਲੋੜ ਹੈ। ਹਾਵ-ਭਾਵ ਵਿਚ ਬਚਗਾਨਾ ਦਿੱਸਣ ਵਾਲੀਆਂ ਸਾਖੀਆਂ ਅਕਲ ਦਾ ਖਜ਼ਾਨਾ ਦਿੱਸ ਪੈਣਗੀਆਂ।

## ੪.

ਸਤਿਗੁਰੂ ਜੀ ਦੀਆਂ ਅਨੇਕ ਸਾਖੀਆਂ ਵਿਚ ਸਮਕਾਲੀਨ ਸਮਾਜਕ ਜੀਵਨ ਦਾ ਬੜੇ ਗੌਹਜ ਚਿੰਨ੍ਹਾਂ ਵਿਚ ਵਰਣਨ ਹੈ। ਇਸ ਸਬੰਧ ਵਿਚ ਆਮ ਸਾਖੀਆਂ ਜਿਨ੍ਹਾਂ ਵਿਚ ਪੰਡਤਾਂ, ਮੁੱਲਾਂ, ਜੋਗੀਆਂ ਜਾਂ ਅਮੀਰਾਂ ਜਾਂ ਲਾਲੋ-ਭਾਗੋ ਆਦਿ ਦਾ ਵਰਣਨ ਹੈ, ਦਾ ਵਿਚਾਰ ਮੈਂ ਇਥੇ ਨਹੀਂ ਕਰਦਾ। ਇਹ ਸਾਖੀਆਂ ਬੜੀਆਂ ਸਪੱਸ਼ਟ ਭਾਵਾਂ ਦੀਆਂ ਹਨ।

ਪਰ ਤਿੰਨ ਚਿੰਨ੍ਹ ਰੂਪਕ ਵਾਲੀਆਂ ਸਾਖੀਆਂ ਵਲ ਸੰਖੇਪ ਸੰਕੇਤ ਇਥੇ ਕਰਦਾ ਹਾਂ। ਸਮਕਾਲੀਨ ਸਮਾਜ ਸੱਜਣ ਠੱਗਾਂ, ਕੌਡੇ-ਰਾਖ਼ਸ਼ਾਂ ਅਤੇ ਕੋਹੜੀਆਂ ਦਾ ਸੀ।

ਸੱਜਣ-ਠੱਗ ਕੇਵਲ ਇਕ ਇਤਿਹਾਸਕ ਘਟਨਾ ਨਹੀਂ, ਕਿਉਂਕਿ ਗੁਰੂ ਜੀ ਨੇ 'ਠਗ ਰੂਪ' ਬਿਰਤੀ ਦਾ ਪੂਰੀ ਤਰ੍ਹਾਂ ਬਾਣੀ ਦੁਆਰਾ ਖੰਹਲ ਕੇ ਵਰਨਣ ਕੀਤਾ ਹੈ। ਸਮਾਜ ਵਿਚ ਐਸੇ ਲੋਕਾਂ ਦੀ ਭਰਮਾਰ ਸੀ ਜੋ ਵੇਖਣ ਵਿਚ ਧਾਰਮਕ ਭੇਖ ਵਾਲੇ ਹੋਣ ਕਰਕੇ ਮਹਾਂਪੁਰਸ਼ ਦਿੱਸਦੇ ਹਨ ਪਰ ਵਿਚੋਂ ਕੈਂਹੇਂ, ਢਠੇ ਮੰਦਰਾਂ, ਬਗਲਿਆਂ, ਸਿੰਮਲ ਵਰਗੇ ਤੇ ਅੰਧਲੇ ਸਨ। ਇਹ ਲੋਕ ਬਾਹਰੋਂ ਚੰਗੇ ਸਨ ਪਰ ਵਿਚੋਂ ਕਾਲੇ ਕੁਕਰਮੀ ਤੇ ਭ੍ਰਿਸ਼ਟ ਵਤੀਰੇ ਵਾਲੇ ਸਨ—

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ੍ ॥
ਸਿੰਮਲ ਰੁਖ ਸਰੀਰੁ ਮੈ ਮੈ ਜਨ ਦੇਖਿ ਭੁਲੰਨਿ੍ ॥
ਸੇ ਫਲ ਕੰਮਿ ਨ ਆਵਨੀ੍ ਤੇ ਗੁਣ ਮੈ ਤਨਿ ਹੰਨਿ॥

ਇਹ ਹਾਲ ਸੀ ਸਮਾਜ ਦਾ। ਤਲੰਭੇ ਵਾਲਾ ਸੱਜਣ ਤਾਂ ਇਸ ਦਸ਼ਾ ਦਾ ਪਰਤੀਕ ਸੀ ਜਿਸ ਨੂੰ ਸਤਿਗੁਰੂ ਜੀ ਨੇ ਚੁਣ ਕੇ ਸਮਾਜਕ ਜੀਵਨ ਦੀ ਆਲੋਚਨਾ ਲਈ ਆਪ ਨੇ ਮੌਕਾ ਪੈਦਾ ਕੀਤਾ। ਕਮਾਲ ਇਹ ਹੈ ਕਿ ਗੁਰੂ ਜੀ ਨੇ ਇਸੇ ਪੁਰਸ਼ ਨੂੰ ਗੁਰ ਦ੍ਰਿਸ਼ਟੀ ਰਾਹੀਂ ਇੰਨਾ ਉੱਚਾ ਕਰ ਦਿੱਤਾ ਕਿ ਇਸ ਦੀ ਕਤਲਗਾਹ ਵਿਚ ਹੀ ਪਹਿਲੀ ਧਰਮਸਾਲ ਬੰਨ੍ਹ ਕੇ ਇਸ ਨੂੰ ਮੰਜੀ ਦੇ ਕੇ ਆਪਣਾ ਪਰਚਾਰਕ ਬਣਾ ਦਿੱਤਾ।

'ਕੌਡੇ' ਰਾਖ਼ਸ਼ ਨਾਲ ਜਦੋਂ ਗੁਰੂ ਜੀ ਦਾ ਵਾਰਤਾਲਾਪ ਹੁੰਦਾ ਹੈ ਤਦ ਕੌਡਾ ਦਸਦਾ ਹੈ ਕਿ ਉਸ ਪਾਸ ਇਕ ਸ਼ੀਸ਼ਾ ਹੈ ਜਿਸ ਵਿਚੋਂ ਜਿਨ੍ਹਾਂ ਮਨੁੱਖਾਂ ਦਾ ਮੂੰਹ ਸੂਰ, ਕੁੱਤੇ, ਗਧੇ ਆਦਿ ਵਰਗਾ ਦਿਸਦਾ ਹੈ, ਮੈਂ ਉਹਨਾਂ ਨੂੰ ਤਲ ਕੇ ਖਾ ਜਾਂਦਾ ਹਾਂ।

ਗਹਿ ਕਰਿ ਆਨੇ ਮਨੁਜ ਘਨੇਰੇ ॥
ਮੁਕਰ ਵਿਖੇ ਪ੍ਰਤਿਬਿੰਬ ਸੁ ਹੇਰੇ ॥
ਸੂਕਰ, ਕੂਕਰ, ਖਰ, ਖਗ, ਸ਼ੇਰਾ ॥
ਇਤਿਆਦਿਕ ਸਭ ਕੋ ਮੁਖ ਹੇਰਾ ॥

ਭਾਵ ਕੀ ਹੈ ਕਿ ਇਹ ਸਾਰੇ ਮਨੁੱਖ ਜਿਨ੍ਹਾਂ ਨੂੰ ਮੈਂ ਖਾਂਦਾ ਹਾਂ, ਵੇਖਣ ਵਿਚ ਮਨੁੱਖ ਹਨ ਪਰ ਅਸਲ ਵਿਚ ਇਹ ਸ਼ੇਰ, ਕੁੱਤੇ, ਗਧੇ, ਸੂਰ ਆਦਿ ਹੀ ਹਨ, ਇਹਨਾਂ ਦੀ ਕਰਤੂਤ ਪਸ਼ੂ ਦੀ ਹੈ, ਜਾਤ ਮਾਣਸ ਹੈ। ਤਾਂ ਤੇ ਕੌਡਾ ਵੀ ਇਕ ਚਿੰਨ੍ਹ ਹੀ ਹੈ।

'ਕੋਹੜੀ' ਫ਼ਕੀਰ ਨੂੰ ਗੁਰੂ ਜੀ ਮਿਲਦੇ ਹਨ ਅਤੇ ਉਸ ਨੂੰ ਅਰੋਗ ਕਰਦੇ ਹਨ। ਪਰ ਕੋਹੜੀ ਤਾਂ ਬਹੁਤ ਸਾਰਾ ਸੰਸਾਰ ਸੀ। ਸਤਿਗੁਰੂ ਜੀ ਨੇ ਕੋਹੜੀ ਸਮਾਜ ਦੇ ਚਿੰਨ੍ਹ ਧਨਾਸਰੀ ਰਾਗ ਵਿਚ ਦੱਸੇ ਹਨ—

"ਜੈ ਤਨਿ ਬਾਣੀ ਵਿਸਰਿ ਜਾਇ ॥
ਜਿਉ ਪਕਾ ਰੋਗੀ ਵਿਲਲਾਇ।"

ਬਹੁਤਾ ਬੋਲਣ, ਮੋਹ, ਪਰੀਤਿ, ਸੁਆਦ ਆਦਿ ॥

ਇਸ ਦਸ਼ਾ ਦਾ ਇਲਾਜ ਦੱਸਿਆ ਹੈ—

ਕਰਮਿ ਮਿਲੈ ਆਖਣੁ ਤੇਰਾ ਨਾਉ ॥
ਜਿਤੁ ਲਗਿ ਤਰਣਾ ਹੋਰ ਨਹੀ ਥਾਉ ॥
ਜੇ ਕੋ ਡੂਬੈ ਫਿਰਿ ਹੋਵੈ ਸਾਰ ॥
ਨਾਨਕ ਸਾਚਾ ਸਰਬ ਦਾਤਾਰ ॥

'ਨੂਰ ਸ਼ਾਹ' ਜਾਂ 'ਤ੍ਰਿਯਾ ਰਾਜ ਪ੍ਰਸੰਗ' ਵਿਚ ਵੀ ਤ੍ਰਿਆ ਰਾਜ ਦੇ ਜ਼ੋਰ ਨੂੰ ਆਪ ਨੇ ਸਪਸ਼ਟ ਕੀਤਾ ਹੈ ਕਿ ਸਮਾਜ ਵਿਚ ਲੋਕ ਇਸਤ੍ਰੀ ਦੀ ਗੁਲਾਮੀ ਆਦਿ ਕਰਦੇ ਹਨ ਕਿਉਂਕਿ ਉਨ੍ਹਾਂ ਵਿਚ ਕਾਮ ਦੀ ਕਮਜ਼ੋਰੀ ਹੈ। ਇਸ ਹਾਲਤ ਦਾ ਆਪਣੀ ਬਾਣੀ ਵਿਚ ਵੀ ਆਪ ਨੇ ਬਿਆਨ ਕੀਤਾ ਹੋਇਆ ਹੈ।

ਇਹਨਾਂ ਸਾਖੀਆਂ ਨੂੰ ਇਹਨਾਂ ਸੰਕੇਤਾਂ ਸਹਿਤ ਹੀ ਸਮਝਣ ਦੀ ਲੋੜ ਹੈ।

———

# ੨. ਚਿੱਕੜ ਤੇ ਕੇਸਰ

੧,

ਲਹਿਣਾ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਵਾਸਤੇ ਕਰਤਾਰਪੁਰ ਆਏ। ਗੁਰੂ ਜੀ ਆਪਣੇ ਧਾਨ ਦੇ ਖੇਤਾਂ ਵਿਚ ਕੰਮ ਕਰ ਰਹੇ ਸਨ। ਲਹਿਣਾ ਜੀ ਉਥੇ ਚਲੇ ਗਏ। ਗੁਰੂ ਜੀ ਨੇ ਲਹਿਣਾ ਜੀ ਨੂੰ ਕਿਹਾ—

ਉਠ ਆਵਹੁ ਤੁਮ ਵਹਿਰ ਕਿਦਾਰਾ।
ਅਪਰ ਬਤਾਵਹਿ ਕਰੀਏ ਕਾਰਾ।
ਇਹ ਨਦੀਨ ਕੇ ਬਾਂਧਹੁ ਭਾਰਾ।
ਲੇ ਜਾਵਹੁ ਹਿਤ ਪਸੁਨਿ ਅਹਾਰਾ॥ ੮੫॥

ਲਹਿਣੇ ਆਇ ਵਹਿਰ ਤਤਕਾਲ।
ਤ੍ਰਿਣ ਕੋ ਬਾਂਧਯੋ ਭਾਰ ਬਿਸਾਲ।
ਪੰਕ ਨੀਰ ਨੁਚਰਤ ਜਿਹ ਮਾਹੀਂ।
ਲੀਨ ਉਠਾਇ ਸੀਸ ਪਰ ਤਾਹੀਂ॥ ੮੬॥

ਜਾਮਾ ਗੁਰ ਬਹੁ ਮੋਲ ਪਹਿਰਯੋ।
ਪੰਕ ਸਿਗ ਸਗਰੋ ਤਿਹ ਭਰਯੋ।
ਨਹਿ ਸ਼ੰਕਾ ਕੁਛ ਰਿਦੇ ਬਿਚਾਰੀ।
ਗਮਨਯੋ ਭੌਨ ਭਾਰ ਸਿਰ ਭਾਰੀ॥ ੮੭॥

ਠਾਂਢੇ ਹੁਤੇ ਪਸੂ ਜਿਹ ਥਾਈਂ।
ਤਿਨ ਆਗੇ ਤ੍ਰਿਣ ਦੀਨੇ ਪਾਈ।
ਦੇਖ ਸੁਲਖਣੀ ਮਨ ਬਿਸਮਾਨੀ।
ਅਦਭੁਤ ਗਤਿ ਕਿਛੁ ਜਾਇ ਨ ਜਾਨੀ॥ ੮੮॥

ਸੀਸ, ਬਦਨ, ਕਰ, ਪਗ ਪਟ ਸਾਰੇ।
ਰਹਯੋ ਪੰਕ ਲਗ ਦੇਖ ਬਿਚਾਰੇ।
ਇਸ ਕੋ ਭਯੋ ਅਨਾਦਰ ਭੂਰੀ।
ਹਿਤ ਕਰ ਆਯੋ ਹੁਤੋ ਸੁ ਦੂਰੀ॥ ੮੯॥

ਭਈ ਸੰਝ ਬੇਦੀ ਕੁਲ ਕੇਤ।
ਆਏ ਦਾਸਨ ਯੁਕਤ ਨਿਕੇਤ।
ਦੇਖ ਸੁਲੱਖਣੀ ਬਚਨ ਬਖਾਨੇ।
ਕਰਹੁ ਨਿਰਾਦਰ ਮਨੁਜ ਮਹਾਨੇ॥ ੯੦॥

ਉਤਮ ਪੁਰਖ ਆਜ ਜੋ ਆਯੋ ।
ਗਰ ਜਾਮ ਬਹੁ ਮੋਲ ਸੁਹਾਯੋ ।
ਤਿਹ ਸਿਰ ਪੰਕ ਭਰਯੋ ਬਹੁ ਭਾਰੁ ।
ਸੋ ਉਚਵਾਇ ਚੀਰ ਕਰ ਖੁਆਰੁ ॥ ੯੧ ॥
ਗੁਨਖਾਨੀ ਸੁਨ ਬੈਨ ਉਚਾਰੇ ॥
ਨਹੀਂ ਪੰਕ ਸੰਗ ਭਰਯੋ ਭਾਰੇ ।
ਦੀਨ ਦੁਨੀ ਕਾ ਛੱਤ੍ਰ ਸੁ ਦੀਓ ।
ਅਪਰ ਨ ਇਹ ਸਮ ਜਗ ਮਹਿ ਥੀਓ ॥ ੯੨ ॥
ਪੰਕ ਜੋਨ ਤੁਮ ਕੋ ਦ੍ਰਿਸ਼ਟਾਵਾ ।
ਕੇਸਰ ਕੋ ਹਮ ਨੈ ਛਿਰਕਾਵਾ ।
ਅਬ ਤੁਮ ਦੇਖ, ਖਰੋ ਹਮਨੇਰੇ ।
ਦੇਖੋ ਤੋ ਕੇਸਰ ਛਿਰਕੇਰੇ ॥ ੯੩ ॥
ਗੁਰ ਕਹਿੰ 'ਦੇਖਿਓ' ਕਹਿ 'ਪ੍ਰਭੁ ਦੇਖਾ' ।
ਤੁਮਰੀ ਗਤਿ ਤੁਮ ਲਖਹੁ ਅਲੇਖਾ ।
ਭਵ ਸਾਗਰ ਦਾਰੁਨ ਕੇ ਮਾਹੀ ।
ਗੁਰ ਕਹਿੰ ਨਰ ਬਹੁ ਬੂਡਤ ਜਾਂਹੀ ॥ ੯੪ ॥
ਬਹੁ ਨਰ ਕੋ ਮਲਾਹ ਇਹ ਹੋਈ ।
ਪਾਰ ਕਰਹਿ ਭਵ ਸਾਗਰ 'ਜੋਈ' ।
ਤ੍ਰਿਸ਼ਨ ਭਈ ਸੁਲਖਣੀ ਸੁਨ ਕੈ ।
ਲਹਣਾ ਹਰਖਯੋ ਕਰੁਣਾ ਗੁਨ ਕੈ ॥ ੯੫ ॥

(ਨਾਨਕ ਪ੍ਰਕਾਸ਼ ਉਤਰਾਰਧ, ਅਧਿਆ ੪੭)

ਗੁਰੂ ਜੀ ਨੇ ਲਹਿਣਾ ਜੀ ਨੂੰ ਚਿੱਕੜ ਨੁਚੜਦੇ ਨਦੀਨ ਦੀ ਪੰਡ ਚੁਕਾ ਦਿੱਤੀ ਜਿਸ ਕਰਕ ਆਪ ਦੇ ਸੋਹਣੇ ਰੇਸ਼ਮੀ ਬਸਤਰ ਖਰਾਬ ਹੋ ਗਏ । ਜਦੋਂ ਗੁਰੂ ਜੀ ਘਰ ਆਏ ਤਾਂ ਮਾਤਾ ਸੁਲੱਖਣੀ ਜੀ ਨੇ ਕਿਹਾ ਕਿ ਆਪ ਨੇ ਉਸ ਭਲੇ ਪੁਰਸ਼, ਲਹਿਣੇ ਦਾ ਨਿਰਾਦਰ ਕੀਤਾ ਹੈ । ਤਾਂ ਗੁਰ ਜੀ ਨੇ ਕਿਹਾ ਕਿ ਉਸ ਦੇ ਬਸੱਤਰ ਚਿੱਕੜ ਨਾਲ ਨਹੀਂ ਖਰਾਬ ਹੋਏ, ਉਹਨਾਂ ਤੇ ਕੇਸਰ ਛਿੜਕਿਆ ਗਿਆ ਹੈ । ਸਚਮੁਚ ਚਿੱਕੜ ਕੇਸਰ ਬਣ ਚੁਕਾ ਸੀ ।

ਇਸ ਨਾਟਕੀ ਸਾਖੀ ਵਿਚ ਬੜੀਆਂ ਡੂੰਘੀਆਂ ਰਮਜ਼ਾਂ ਇਹ ਜਾਪਦੀਆਂ ਹਨ : ਚਿੱਕੜ ਕੀ ਹੈ ? ਸੰਸਾਰ ਕਿਵੇਂ ਚਿੱਕੜ ਵਿਚ ਲਿਬੜਿਆ ਪਿਆ ਸੀ ? ਲਹਿਣਾ ਜੀ ਵੀ ਕਿਵੇਂ ਚਿੱਕੜ ਵਿਚ ਲਿਬੜੇ ਸਨ ? ਗੁਰੂ ਦ੍ਰਿਸ਼ਟੀ ਕੀ ਕੋਤਕ ਕਰ ਸਕਦੀ ਹੈ ? ਕੇਸਰ ਦੀ ਭਾਰਤੀ ਸਭਿਆਚਾਰ ਵਿਚ ਕੀ ਮਹਾਨਤਾ ਹੈ । ਕੇਸਰੀ ਰੰਗ ਦੀ ਸਿੱਖਾਂ ਵਿਚ ਕੀ ਮਹਾਨਤਾ ਹੈ ? ਲਹਿਣਾ ਜੀ ਕੇਸਰੀ ਕਿਵੇਂ ਬਣੇ ? ਚਿੱਕੜ ਕੇਸਰ ਕਿਵੇਂ ਬਣ ਸਕਦਾ ਹੈ ? ਇਸ ਦਾ ਭਾਵ ਕੀ ਹੈ ? ਚਿੱਕੜ ਲਿਬੜੇ ਹੱਥਾਂ ਦੀ ਮਹਾਨਤਾ (Philosophy of Soiled hands) ਕੀ ਹੈ ? ਅਤੇ ਚਿੱਟ ਕਪੜੀਏ (White Collared) ਲੋਕ ਕੀ ਹਨ ? ਗੁਰੂ ਜੀ ਨੇ ਜੋ ਖੁਰਾਕ (ਨਦੀਨ) ਦਿੱਤੀ, ਉਹ ਕੀ ਸੀ ? ਅਤੇ ਲਹਿਣਾ ਜੀ ਨੇ ਉਹ

ਕਿਹੜੇ ਪਸ਼ੂਆਂ ਨੂੰ ਦੇਣੀ ਸੀ ? ਇਸੇ ਤਰ੍ਹਾਂ ਗੁਰੂ ਜੀ ਦੀਆਂ ਹੋਰਾਂ ਸਾਖੀਆਂ ਤੋਂ ਵੀ ਚਿੱਕੜ, ਮੈਲ, ਭਾਂਡਾ, ਮੋਈ ਚੂਹੀ ਆਦਿ ਦੇ ਸੰਕੇਤਕ ਅਰਥ ਹਨ।

੨.

ਚਿੱਕੜ ਸਰੋਵਰਾਂ ਤੇ ਦਰਿਆਵਾਂ ਵਿਚ ਹੁੰਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਜੀਵਨ ਨੂੰ ਹੀ ਸਾਗਰ ਮੰਨਿਆ ਹੈ ਅਤੇ ਇਸ ਵਿਚ ਮੋਹ ਨੂੰ ਪੰਕਜ (ਚਿੱਕੜ) ਮੰਨਿਆ ਹੈ—

ਤਿਤੁ ਸਰਵਰੜੈ ਭਈਲੇ ਨਿਵਾਸਾ
ਪਾਣੀ ਪਾਵਕੁ ਤਿਨਹਿ ਕੀਆ ॥
ਪੰਕਜੁ ਮੋਹ ਪਗੁ ਨਹੀ ਚਾਲੈ
ਹਮ ਦੇਖਾ ਤਹ ਡੂਬੀਅਲੇ ॥
(ਆਸਾ ਮਹਲਾ ੧)

ਸਾਰਾ ਸੰਸਾਰ ਚਿੱਕੜ ਵਿਚ ਫਸਿਆ ਪਿਆ ਸੀ, ਮੋਹ ਦੇ ਚਿੱਕੜ ਵਿਚ। ਕੀ ਲਹਿਣਾ ਜੀ ਇਸ ਸੰਸਾਰ ਦਾ ਭਾਰ ਚੁੱਕਣ ਲਈ ਸਮਰੱਥ ਸਨ ? ਗੁਰੂ ਜੀ ਨੇ ਸਿੱਧ ਕੀਤਾ ਕਿ ਲਹਿਣਾ ਜੀ ਸੰਸਾਰ ਨੂੰ ਇਸ ਚਿੱਕੜ ਸਣੇ ਚੁੱਕ ਸਕਦੇ ਹਨ ਪਰ ਉਹਨਾਂ ਦੇ ਕੱਪੜੇ ਚਿੱਕੜ ਵਿਚ ਨਹੀਂ ਲਿਬੜਨਗੇ ? ਚਿੱਕੜ, ਉਹਨਾਂ ਦੀ ਛੋਹ ਨਾਲ ਕੇਸਰ ਹੋ ਜਾਏਗਾ। ਸੋ ਚਿੱਕੜ ਮੋਹ ਹੈ, ਸਾਰਾ ਸੰਸਾਰ ਮੋਹ ਦੇ ਚਿੱਕੜ ਵਿਚ ਲਿਬੜਿਆ ਪਿਆ ਸੀ। ਪਹਿਲਾਂ ਤਾਂ ਲਹਿਣਾ ਜੀ ਵੀ ਚਿੱਕੜ ਲਿਬੜੇ ਹੀ ਸਨ, ਆਪ ਵੀ ਅਗਿਆਨਤਾ ਵਿਚ ਰਹੇ ਸਨ ਪਰ ਗੁਰੂ ਦ੍ਰਿਸ਼ਟੀ ਦਾ ਕੌਤਕ ਇਹ ਹੈ ਕਿ ਚਿੱਕੜ ਕੇਸਰ ਵਿਚ ਬਦਲ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਮਿਲਾਪ ਨਾਲ ਲਹਿਣਾ ਜੀ ਦਾ ਮੋਹ ਗੁਰੂ-ਪ੍ਰੇਮ ਤੇ ਪ੍ਰਭੂ-ਪ੍ਰੇਮ ਵਿਚ ਬਦਲ ਗਿਆ। ਗੁਰੂ ਜੀ ਦੀ ਦ੍ਰਿਸ਼ਟੀ ਨੇ ਲਹਿਣਾ ਜੀ ਨੂੰ ਸੰਸਾਰ ਦਾ ਜੇਤੂ ਤੇ ਯੋਧਾ ਬਣਾ ਦਿੱਤਾ। ਗੁਰੂ ਦ੍ਰਿਸ਼ਟੀ ਦਾ ਇਹ ਕਰਤੱਵ ਹੈ—

ਏਕ ਦ੍ਰਿਸਟਿ ਤਾਰੇ ਗੁਰੁ ਸੂਰਾ ॥

ਗੁਰੂ ਦੀ ਦ੍ਰਿਸ਼ਟੀ ਮਨੁੱਖ ਨੂੰ ਕੇਸਰ ਬਣਾ ਦਿੰਦੀ ਹੈ, ਭਗਤ ਬਣਾ ਦੇਂਦੀ ਹੈ ਅਤੇ ਭਗਤ ਕੇਸਰ ਵਤ ਹੈ—

ਕੇਸਰਿ ਕੁਸਮ ਮਿਰਗ ਮੈ ਹਰਣਾ
ਸਰਬ ਸਰੀਰੀ ਚੜ੍ਹਣਾ ॥
ਚੰਦਨ ਭਗਤਾ ਜੋਤਿ ਇਨੇਹੀ
ਸਰਬੇ ਪਰਮਲੁ ਕਰਣਾ ॥
ਘਿਅ ਪਟ ਭਾਂਡਾ ਕਹੈ ਨ ਕੋਇ ॥
ਐਸਾ ਭਗਤੁ ਵਰਨ ਮਹਿ ਹੋਇ ॥
(ਤਿਲੰਗ ਮਹਲਾ ੧, ੭੨੧)

ਭਗਤ ਉਸੇ ਤਰ੍ਹਾਂ ਸੰਸਾਰ ਨੂੰ ਸੁਗੰਧਤ ਤੇ ਸੁੰਦਰ ਕਰ ਦੇਂਦਾ ਹੈ ਜਿਵੇਂ ਕੇਸਰ, ਫੁੱਲ, ਕਸਤੂਰੀ, ਸੋਨਾ, ਚੰਦਨ, ਘਿਉ ਤੇ ਰੇਸ਼ਮੀ ਕੱਪੜਾ।

ਭਾਰਤੀ ਸਭਿਅਤਾ ਵਿਚ ਕੇਸਰ ਦਾ ਦਰਜਾ ਬੜਾ ਉਤਮ ਹੈ। ਕੇਸਰ ਦਾ ਟਿੱਕਾ ਲਗਾਇਆ ਜਾਂਦਾ ਹੈ, ਸ਼ੁੱਭ ਸ਼ਗਨਾਂ ਤੇ ਬੜੇ ਵੱਡੇ ਜੋਧਿਆਂ ਜੇਤੂਆਂ ਤੇ ਮਹਾਰਾਜਿਆਂ ਨੂੰ।

ਤਿੰਨ ਮੁਖ ਟਿੱਕੇ—

ਗੁਰੂ ਸਾਹਿਬਾਨ ਨੂੰ ਗੱਦੀ-ਨਸ਼ੀਨੀ ਸਮੇਂ ਕੇਸਰ ਦਾ ਟਿੱਕਾ ਲਾਇਆ ਜਾਂਦਾ ਸੀ। ਕੇਸਰ ਦਾ ਟਿੱਕਾ ਪ੍ਰਮੁੱਖਤਾ ਦਾ ਚਿੰਨ੍ਹ ਹੈ। ਲਹਿਣਾ ਜੀ ਨੂੰ ਕੇਸਰ ਦਾ ਟਿੱਕਾ ਲੱਗ ਗਿਆ। ਗੁਰੂ ਨਾਨਕ ਦੇਵ ਜੀ ਨੇ ਆਪ ਨੂੰ ਟਿੱਕਿਆ।

ਨਾਨਕਿ ਰਾਜੁ ਚਲਾਇਆ
ਸਚੁ ਕੋਟੁ ਸਤਾਣੀ ਨੀਵਦੈ ॥
ਲਹਣੇ ਧਰਿਓਨੁ ਛਤੁ ਸਿਰਿ
ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥
ਮਤਿ ਗੁਰ ਆਤਮ ਦੇਵ ਦੀ
ਖੜਗਿ ਜੋਰਿ ਪਰਾਕੁਇ ਜੀਅਦੈ ॥
ਗੁਰਿ ਚੇਲੇ ਰਹਰਾਸਿ ਕੀਈ
ਨਾਨਕਿ ਸਲਾਮਤਿ ਥੀਵਦੈ ॥
ਸਹਿ ਟਿਕਾ ਦਿਤੋਸੁ ਜੀਵਦੈ ॥

(ਰਾਮਕਲੀ ਦੀ ਵਾਰ, ਸਤਾ ਬਲਵੰਡ, ੯੬੬)

ਇਹੋ ਕੇਸਰ ਖ਼ਾਲਸੇ ਦੇ ਨਿਸ਼ਾਨ ਸਾਹਿਬ ਵਿਚ ਆਇਆ ਹੈ, ਦਸਤਾਰਿਆਂ ਵਿਚ ਆਇਆ ਹੈ। ਨਿਸ਼ਾਨ ਸਾਹਿਬ ਚਿੰਨ੍ਹ ਹੈ ਆਚਰਨ ਦੇ ਉਸ ਪੱਧਰ ਦਾ, ਜਿਸ ਦਾ ਉਚਾਰ ਪਰਚਾਰ ਸਿੱਖ ਧਰਮ-ਸਥਾਨਾਂ ਵਿਚ ਹੁੰਦਾ ਹੈ, ਇਹ ਚਿੰਨ੍ਹ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਰਚਾਰੇ ਆਚਰਨ ਦਾ, ਇਹ ਚਿੰਨ੍ਹ ਹੈ ਆਤਮਕ ਉੱਚਤਾ ਦਾ। ਇਹ ਕੇਸਰ ਨਾਲ ਸੰਕੇਤਿਆ ਗਿਆ ਹੈ। ਕੇਸਰ ਦਾ ਟਿੱਕਾ ਉਸ ਨੂੰ ਲਗਦਾ ਹੈ, ਜੋ ਇਸ ਆਚਰਨ ਦੇ ਨਿਸ਼ਾਨ ਤੀਕ ਪੁਜਦਾ ਹੈ। ਲਹਿਣਾ ਜੀ ਨੂੰ ਬਖ਼ਸ਼ਿਆ ਇਹੋ ਕੇਸਰ ਦਾ ਟਿੱਕਾ ਖ਼ਾਲਸਈ ਨਿਸ਼ਾਨ ਸਾਹਿਬ ਵਿਚ ਆਇਆ ਹੈ। ਨਾਲ ਆਈ ਹੈ ਨੀਲਾਹਟ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ, ਨਾਲ ਆਈ ਹੈ ਮੀਰੀ ਪੀਰੀ ਗੁਰੂ ਹਰਗੋਬਿੰਦ ਸਾਹਿਬ ਦੀ ਬਖ਼ਸ਼ੀ। ਗੁਰੂ ਨਾਨਕ ਸਾਹਿਬ ਤੋਂ ਹੀ ਨਿਸ਼ਾਨ ਸਾਹਿਬ ਦਾ ਮੁੱਢ ਬੱਝਾ। ਲਹਿਣਾ ਜੀ ਗੁਰੂ ਦ੍ਰਿਸ਼ਟੀ ਨਾਲ ਕੇਸਰੀ ਬਣ ਗਏ।

ਕੇਸਰ ਵੀ ਚਿੱਕੜ ਵਿਚੋਂ ਹੀ ਉਪਜਦਾ ਹੈ। ਸੰਸਾਰ ਵਿਚੋਂ ਹੀ ਗੁਰੂ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਮਹਾਂਪੁਰਸ਼ ਪੈਦਾ ਹੁੰਦੇ ਹਨ। ਕੱਲਰ ਵਿਚੋਂ ਕੰਵਲ ਉਪਜ ਖੜ੍ਹੋਂਦੇ ਹਨ।

੩.

ਗੁਰੂ ਜੀ ਨੇ ਲਹਿਣਾ ਜੀ ਨੂੰ ਚਿੱਕੜ ਕਿਉਂ ਚੁਕਾਇਆ? ਗੁਰੂ ਜੀ ਦਾ ਜੋ ਵੀ ਪਰਤਾਵਾ ਲਿਆ ਉਸ ਵਿਚ ਮੈਲ-ਚਿੱਕੜ ਵਿਚੋਂ ਲੰਘਣਾ ਜ਼ਰੂਰੀ ਸੀ। ਲਹਿਣਾ ਜੀ ਬਸਤਰ ਧੋਣ ਜਾਂਦੇ ਹਨ—

ਜਬ ਲਹਿਣੇ ਪ੍ਰਤਿ ਸਤਿਗੁਰ ਭਾਖਾ।
ਹਮ ਚਾਦਰ ਪੁਰਖਾਂ ਧੋ ਲਾਖਾ।

ਤਬਹਿ ਉਠਯੋ ਲਹਿਣਾ ਬਡਭਾਗਾ ।
ਸਰਿ ਮਹਿ ਜਾ ਪਟ ਧੋਵਨ ਲਾਗਾ ।

ਤੇ ਕੀ ਹੋਇਆ ?

ਬਾਸਰ ਅਰਧ ਭਾ ਲਖਯਨ ਪਰਤੂ ।
ਲਖਿ ਲਹਿਣੇ ਮਨ ਅਚਰਜ ਸਮਤੂ ।
ਧੋਇ ਸੁਕਾਇ ਚੈਲ ਲੈ ਆਵਾ ।
ਧਰ ਸਤਿਗੁਰ ਢਿਗ ਭਾਲ ਨਿਵਾਵਾ ।

(ਨਾ: ਪ੍ਰ: ਉ: ਅਧਿਆ ੫੨)

ਇਸ ਸਾਖੀ ਦਾ ਰਹਿਸ ਵੀ ਕਮਾਲ ਹੈ ਕਿ ਲਹਿਣਾ ਜੀ ਨੇ ਗੁਰੂ ਜੀ ਦੇ ਬਸਤਰ ਧੋਤੇ ਅਤੇ ਅੱਧੀ ਰਾਤ ਵੇਲੇ ਦੁਪਹਿਰ ਹੋ ਗਈ। ਸੰਸਾਰ ਦੀ ਅਗਿਆਨਤਾ ਦੂਰ ਹੋ ਹੋ ਗਈ। ਲਹਿਣਾ ਜੀ ਰਾਹੀਂ ਜਿਨ੍ਹਾਂ ਤੇ ਗੁਰੂ ਨਾਨਕ ਜੀ ਦੀ ਕਿਰਪਾ ਸੀ—

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ ॥

ਲਹਿਣਾ ਜੀ ਨੂੰ ਮੈਲ ਤੇ ਚਿੱਕੜ ਧੋਣਾ ਪਿਆ। ਇਵੇਂ ਹੀ ਮੋਈ ਚੂਹੀ (ਮੂਖਕ) ਦੀ ਮੈਲ ਚੁੱਕੀ—

ਤਬ ਲਹਿਣੇ ਦਿਸ ਸ੍ਰੀ ਗੁਰ ਦੇਖਾ।
ਉਠਹੁ ਤੁਹੀ ਕਰਤਾਰ ਪਿਆਰੇ।
ਮੂਖਕ ਚਾਇ ਵਹਿਰ ਦਿਹੁ ਡਾਰੇ।
ਆਇਓ ਬਚਨ ਸੁਨਤ ਤਤਕਾਲਾ।
ਉਠਯੋ ਉਠਾਈ ਤੁਰਤ ਬਿਸਾਲਾ।
ਕੇਤਿਕ ਦੂਰ ਜਾਇ ਸੋ ਡਾਰੀ।
ਤਿਹ ਛਿਨ ਸ੍ਰੀ ਗੁਰ ਗਿਰਾ ਉਚਾਰੀ।

(ਨਾ: ਪ੍ਰ: ਉ: ਅਧਿਆ ੫੨)

ਇਹ ਵੀ ਇਕ ਚਿੱਕੜ ਸੀ, ਜਿਸ ਨੂੰ ਲਹਿਣਾ ਜੀ ਨੇ ਪਾਕ ਕੀਤਾ।

ਚਿੱਕੜ ਵਿਚੋਂ ਬਰਤਨ ਵੀ ਆਪ ਨੇ ਕੱਢਿਆ, ਜਦੋਂ ਸ੍ਰੀ ਚੰਦ ਜੀ ਤੇ ਲਖਮੀ ਦਾਸ ਜੀ ਨੇ ਇਨਕਾਰ ਕਰ ਦਿੱਤਾ—

ਬਾਸਨ ਗਿਰਯੋ ਪੰਕ ਕੇ ਮਾਹੀ।
ਸੋ ਨਿਕਾਸ ਆਨਹੁ ਮਮ ਪਾਹੀ।
... ... ...
ਤਬ ਲਹਿਣੇ ਦਿਸ ਕ੍ਰਿਪਾ ਨਿਧਾਨਾ।
ਅਵਿਲੋਕਯੋ ਅਸ ਬਚਨ ਬਖਾਨਾ।
ਮਹਾਂ ਭਾਗ ! ਕਰਦਮ ਕੈ ਮਾਹੀ।
ਜਾਇ ਨਿਕਾਸ ਸੂਛ ਕਰ ਤਾਹੀ।

ਗੁਰ ਬਹੁ ਮੈਲੇ ਚੀਰ ਸੁਹਾਈ।
ਸੁਣ ਆਇਸੁ ਨਹਿ ਦੇਰ ਲਗਾਈ।
ਕੂਦ ਪਰਯੋ ਕਰਦਮ ਕੈ ਮਾਹੀ।
ਆਇਸੁ ਅਨੁਸਾਰੀ ਪ੍ਰਨ ਜਾਹੀ।
ਬਾਸਨ ਕੋ ਨਿਕਾਸ ਲੇ ਆਵਾ।
ਮਾਵ ਪਖਾਰਯੋ ਭਲਾ ਬਨਾਵਾ।
(ਨਾ: ਪ੍ਰ: ਉ:, ਅਧਿਆ ੫੨)

ਲਹਿਣਾ ਜੀ ਸਾਰੇ ਚਿੱਕੜ ਪਾਰ ਕਰ ਗਏ। ਤਦ ਹੀ ਤਾਂ ਕੇਸਰ ਆਪ ਨੂੰ ਲਗਾਇਆ ਗਿਆ।

ਚਿੱਕੜ ਲਿਬੜੇ ਹੱਥ ਤੇ ਕੱਪੜੇ, ਸੰਸਾਰ ਦੇ ਮਹਾਨ ਹੱਥ ਹਨ। ਇਹ ਕਿਰਤੀ ਦੀ ਸੋਭਾ ਹਨ। ਕਿਰਤ ਸੰਸਾਰ ਦੀ ਸੋਭਾ ਹੈ। ਖੇਤੀ ਲਿਬੜੇ ਹੱਥਾਂ ਨਾਲ ਹੀ ਹੁੰਦੀ ਹੈ। ਇਹ ਨੀਚ ਲੋਕਾਂ ਦੇ ਕੰਮ ਸਮਝੇ ਜਾਂਦੇ ਸਨ, ਪਰ ਗੁਰੂ ਨਾਨਕ ਤਾਂ—

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ।
(ਸਿਰੀ ਰਾਗ ਮਹਲਾ ੧, ਸਫ਼ਾ ੧੫)

ਚਿੱਕੜ ਵਿਚ ਕਿਰਤ ਕਰਨ ਵਾਲੇ ਮਹਾਨ ਹਨ ਜਾਂ ਉਹ ਜੋ ਚਿੱਟ-ਕੱਪੜੀਏ ਹਨ ?

ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥
ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥
ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥
(ਸੂਹੀ ਮਹਲਾ ੧, ੭੫੧)

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ ॥
(ਸੂਹੀ ਮਹਲਾ ੧, ੭੨੯)

ਗੁਰੂ ਨਾਨਕ ਤਾਂ ਲਿਬੜੇ ਹੱਥਾਂ (Soiled hands) ਦੇ ਦਰਸ਼ਨ ਦਾ ਪਰਚਾਰਕ ਸੀ। ਉਹ ਆਪ ਖੇਤਾਂ ਵਿਚ ਕੰਮ ਕਰਦੇ। ਉਨ੍ਹਾਂ ਦੇ ਹੱਥ ਲਿਬੜੇ ਰਹਿੰਦੇ। 'ਜਿਨਿ ਪਟੁ ਅੰਦਰਿ' ਉਹ ਚੰਗੇ ਹਨ।

ਲਹਿਣਾ ਜੀ ਨੇ ਗੁਰੂ ਜੀ ਦੀ ਦਿੱਤੀ ਖ਼ੁਰਾਕ (ਨਦੀਨ) ਪਸ਼ੂਆਂ ਵਤ ਹੋ ਗਏ ਸੰਸਾਰੀਆਂ ਨੂੰ ਪੁਜਾਣੀ ਸੀ, ਇਹ ਲਿਬੜੇ ਹੱਥਾਂ ਦੀ ਮਹਾਨਤਾ, ਬਾਣੀ ਦਾ ਪ੍ਰਕਾਸ਼, ਨੀਚ ਦਾ ਭੇਦ ਮਿਟਾਣਾ। ਗੁਰੂ ਨਾਨਕ ਸੰਸਾਰੀਆਂ ਨੂੰ ਪਿਆਰ ਕਰਦੇ ਸਨ। ਉਹਨਾਂ ਦੀ ਖ਼ੁਰਾਕ ਦਾ ਪ੍ਰਬੰਧ ਆਪ ਨੇ ਕੀਤਾ, ਆਤਮਕ ਮਾਨਸਕ ਸਦਾਚਾਰਕ ਖ਼ੁਰਾਕ ਦਾ। ਲਹਿਣਾ ਜੀ ਇਸ ਪ੍ਰਬੰਧ ਵਿਚ ਵੱਡੀ ਕੜੀ ਸਨ।

੪.

ਗੁਰੂ ਨਾਨਕ ਸਾਹਿਬ ਨੇ ਤਾਂ ਲਹਿਣਾ ਜੀ ਨੂੰ ਬੜਾ ਸਮਰੱਥ ਬਨਾਉਣਾ ਸੀ। ਗੁਰੂ ਸਾਹਿਬ ਜੀ ਨੇ ਤਾਂ ਮੁਰਦਾ ਸੰਸਾਰ ਨੂੰ ਬਦਲਣਾ ਸੀ। ਇਹ ਕੌਤਕ ਇਸ ਮਹਾਨਤਾ ਦਾ ਸੰਕੇਤ ਹੈ।

ਦੋਹਰਾ

ਪਰਖਨ ਹਿਤ ਸਿੱਖੀ ਤਬੈ ਸਾਂਗ ਅਰੰਭਯੋ ਭੂਰ।
ਸੰਈ ਸਾਬਤ ਰਹਿ ਸਕੈ ਜਿਸ ਪਰ ਕਰੁਨਾ ਤੂਰ।

ਚੌਪਈ॥

ਹੁਤੀ ਜੁ ਦੂਰ ਉਜਾੜ ਬਿਸਾਲਾ।
ਪਹੁੰਚੇ ਲੇ ਸਿਖ ਸੰਗ ਕ੍ਰਿਪਾਲਾ।

ਤਹਾ ਸਿੜ੍ਹੀ ਪਰ ਸ਼ਵ ਇਕ ਦੇਖਾ।
ਉਪਰ ਅੰਬਰ ਸੇਤ ਬਿਸੇਖਾ।

ਕੇਤਿਕ ਕਾਸ਼ਟ ਪਰੇ ਸਮੀਪਾ।
ਭਏ ਠਾਂਢ ਬੇਦੀ ਕੁਲ ਦੀਪਾ।

ਸਰਬ ਸਿਖ ਤਬ ਆਨ ਪਹੂੰਚੇ।
ਤਿਨਹਿ ਸੁਨਾਇ ਭਨੇ ਬਚ ਊਚੇ।

'ਜੇ ਤੁਮ ਹਮਰੇ ਸਿਖ ਕਹਾਵਹੁ।
ਮਾਨਉ ਬਚਨ ਨ ਸਦਨ ਸਿਧਾਵਹੁ।

ਪਰਯੋ ਸਿੜ੍ਹੀ ਪਰ ਸ਼ਵ ਇਹ ਖਾਵਉ।
ਜੇ ਨਹਿਂ ਖਾਵਉ ਤਉ ਪਛੁਤਾਵਉ।'

... ... ...

ਲਹਿਣਾ ਸੁਨਤ ਫਿਰਯੋ ਚਹੁੰ ਫੇਰੇ।
ਗੁਰੂ ਕਹਯੋ ਕਿਉ ਲਾਈ ਡੇਰੇ?

ਜਿਤ ਦਿਸ ਹੁਕਮ ਕਰੌ ਤਿਹ ਖਾਵੇਂ।
ਇਸ ਰਜ਼ਾਇ ਹਿਤ ਬਿਲਮ ਲਗਾਵਉਂ।

ਪਰ ਹੋਇਆ ਕੀ?

'ਸੇਤ ਸੁ ਬਸਤ੍ਰ ਉਤਾਰਾ ਜਬ ਹੀ।
ਦੇਖਯੋ ਸਰਬ ਤਿਹਾਵਲ ਤਬ ਹੀ।'

ਇਹ ਤੇ ਤ੍ਰਿਭੇਲਾ ਕੜਾਹ ਪ੍ਰਸ਼ਾਦ ਸੀ। ਪਰ ਇਸ ਸਾਖੀ ਵਿਚ ਵੱਡੀ ਗੱਲ ਇਹ ਹੈ ਕਿ ਲਹਿਣਾ ਜੀ ਨੂੰ ਗੁਰ ਦ੍ਰਿਸ਼ਟੀ ਨੇ ਇਤਨਾ ਸਮਰੱਥ ਬਣਾ ਦਿੱਤਾ ਸੀ ਕਿ ਉਹ ਸੰਸਾਰ ਨੂੰ ਜੀਵਨ ਦੇ ਸਕਦੇ ਸਨ।

ਮੁਰਦਾ ਕੌਮ, ਦੇਸ਼ ਤੇ ਸੰਸਾਰ ਦੇ ਅਨੇਕ ਚਿੰਨ੍ਹ ਬਾਣੀ ਵਿਚ ਦੱਸੇ ਹੋਏ ਹਨ, ਜਿਵੇਂ :—

੧. ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ ॥
੨. ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥
੩. ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਵਰ ਤੁਮਾਰੀ ॥
੪. ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
੫. ਨੀਲ ਬਸਤ੍ਰ ਪਹਿਰਿ ਹੋਵਹਿ ਪਰਵਾਣੁ ॥
੬. ਅਭਾਖਿਆ ਕਾ ਕੁਠਾ ਬਕਰਾ ਖਾਣਾ ॥
੭. ਕੂੜੀ ਰਾਸਿ ਕੂੜਾ ਵਾਪਾਰੁ ॥
੮. ਮਾਣਸ ਖਾਣੇ ਕਰਹਿ ਨਿਵਾਜ ॥
੯. ਸਰਮ ਧਰਮ ਕਾ ਡੇਰਾ ਦੂਰਿ ॥
੧੦. ਬਾਨਸਟ ਜਗ ਭਰਿਸਟ ਹੋਏ ॥
੧੧. ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥
੧੨. ਅਗਦ ਪੜੈ ਸੈਤਾਨ ਵੇ ਲਾਲੋ ॥
੧੩. ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
੧੪. ਲਬੁ ਪਾਪੁ ਦੁਇ ਰਾਜਾ ਮਹਿਤਾ ਕੂੜੁ ਹੋਆ ਸਿਕਦਾਰੁ ॥
੧੫. ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥

ਜਿਸ ਕੌਮ ਵਿਚ ਇਹ ਗਿਰਾਵਟ ਆ ਜਾਏ, ਉਹ ਮੁਰਦਾ ਹੈ। ਜਿਥੇ ਆਚਰਨ, ਸਦਾਚਾਰ, ਸਭਿਆਚਾਰ, ਧਰਮ, ਰਾਜਸੀ ਸੁਤੰਤਰਤਾ ਨਾ ਹੋਣ, ਉਥੇ ਕੌਮ ਮੁਰਦਾ ਹੀ ਹੈ। ਭਾਰਤੀ ਲੋਕਾਂ ਵਿਚ ਸ੍ਵੈ-ਮਾਨ ਤੇ ਸ੍ਵੈ-ਸਤਿਕਾਰ ਨਹੀਂ ਸਨ—ਇਹੋ ਮੁਰਦੇਪਣ ਦੀਆਂ ਨਿਸ਼ਾਨੀਆਂ ਹਨ। ਇਸ ਮੁਰਦਾ ਲਾਸ਼ (ਸ਼ਵ) ਨੂੰ ਤ੍ਰਿਭੇਲੀ ਸ਼ਕਤੀ, ਪਵਿੱਤਰਤਾ, ਬਲ, ਰੋਹਬ, ਸਤਿਕਾਰ ਪਰਦਾਨ ਕਰਨੇ ਸਨ। ਗੁਰੂ ਸਾਹਿਬਾਨ ਦਾ ਇਹੋ ਕਰਤੱਵ ਸੀ। ਇਹੋ ਲਹਿਣਾ ਜੀ ਨੇ ਸਮਰੱਥਾ ਦੱਸਣੀ ਸੀ ਕਿ ਉਹ ਮੁਰਦੇ ਭਾਰਤ ਵਿਚ ਬਲ ਸ਼ਕਤੀ ਪੈਦਾ ਕਰਨਗੇ। ਇਹੋ ਪਰਖ ਸੀ। ਇਹੋ ਇਹ ਸਾਖੀ ਹੈ।

੫.

ਸੋ ਇਹ ਸਾਦੀਆਂ ਜਹੀਆਂ ਸਾਖੀਆਂ ਗੁੱਝੇ ਅਰਥ ਸੁਝਾ ਸਕਦੀਆਂ ਹਨ। ਇਹ ਬਾਣੀ ਵਿਚਲੇ ਗੁਰੂ-ਪਦ ਦੀ ਵਿਆਖਿਆ ਕਰਦੀਆਂ ਹਨ :—

(ੳ) ਗੁਰੂ ਨੇ ਮੁਰਦਾ ਸੰਸਾਰ ਨੂੰ ਬਲਵਾਨ, ਪਵਿੱਤਰ ਤੇ ਜ਼ਿੰਦਗੀ ਭਰਪੂਰ ਬਨਾਉਣਾ ਹੈ।

(ਅ) ਗੁਰੂ ਨੇ ਸੰਸਾਰ ਦਾ ਚਿੱਕੜ ਧੋ ਦੇਣਾ ਹੈ ਅਤੇ ਸੰਸਾਰ ਨੂੰ ਜੇਤੂ ਯੋਧਾ ਬਨਾਉਣਾ ਹੈ।

(ੲ) ਗੁਰੂ ਨੇ ਸੰਸਾਰ ਦੀ ਮੈਲ ਸਾਫ਼ ਕਰ ਦੇਣੀ ਹੈ ਅਤੇ ਸੰਸਾਰ ਵਿਚ ਦੁਪਹਿਰ ਵਰਗਾ ਗਿਆਨ-ਮਈ ਪ੍ਰਕਾਸ਼ ਫੈਲਾ ਦੇਣਾ ਹੈ। ਜਾਂ ਜਿਉਂ ਜਿਉਂ ਕੋਈ

ਗੁਰੂ ਵਾਲਾ ਹੁੰਦਾ ਜਾਂਦਾ ਹੈ, ਉਸ ਦੇ ਹਿਰਦੇ ਅੰਦਰ 'ਚਮਕਾਰ ਬੀਜਲ ਤਹੀ' ਹੁੰਦੀ ਜਾਂਦੀ ਹੈ। ਅੰਦਰ ਗਿਆਨ ਦਾ ਪ੍ਰਕਾਸ਼ ਆਉਂਦਾ ਜਾਂਦਾ ਹੈ। ਗੁਰੂ ਦੇ ਬਸਤਰ ਧੋਤੇ ਤੇ ਪ੍ਰਕਾਸ਼ ਹੋ ਗਿਆ।

(ਸ) ਗੁਰੂ ਦੀ ਦ੍ਰਿਸ਼ਟੀ ਨਾਲ ਸਿੱਖ ਦਾ ਮਨ ਇਤਨਾ ਨਿਰਮਲ ਹੋ ਜਾਂਦਾ ਹੈ ਕਿ ਉਥੇ ਕੋਈ ਮੂਖਕ (ਚੂਹਾ) ਨਹੀਂ ਰਹਿ ਸਕਦਾ। ਕਾਮਾਦਿਕ ਸਭ ਚੂਹੇ ਹਨ, ਜੋ ਅੰਦਰ ਸ਼ੋਰ ਮਚਾਉਂਦੇ ਹਨ ਅਤੇ ਪ੍ਰਾਣਾਂ ਦੀ ਰੱਸੀ ਨੂੰ ਕੱਟਦੇ ਰਹਿੰਦੇ ਹਨ, ਗੁਰੂ ਦੀ ਦ੍ਰਿਸ਼ਟੀ ਹੋ ਜਾਏ ਤਾਂ ਇਹ ਚੂਹੇ ਮਰ ਜਾਂਦੇ ਹਨ। ਲਹਿਣਾ ਜੀ ਨੇ ਚੂਹੀ ਬਾਹਰ ਸੁੱਟ ਦਿੱਤੀ।

(ਹ) ਗੁਰੂ ਦੀ ਦ੍ਰਿਸ਼ਟੀ ਹੋ ਜਾਏ ਤਾਂ ਭਾਂਡਾ ਸਵੱਛ, ਨਿਰਮਲ ਤੇ ਪਵਿੱਤਰ ਹੋ ਜਾਂਦਾ ਹੈ। ਇਹ ਭਾਂਡਾ ਲਹਿਣਾ ਜੀ ਦਾ ਸਾਫ ਹੋਇਆ। (ਚੁਬੱਚੇ ਵਿਚੋਂ ਕੱਢਿਆ ਗਿਆ।)

ਭਾਂਡਾ ਧੋਇ ਬੈਸਿ ਧੂਪੁ ਦੇਵਹੁ,
ਤਉ ਦੂਧੈ ਕਉ ਜਾਵਹੁ ॥ (ਸੂਹੀ ਮ: ੧)

ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥ (ਸੂਹੀ ਮ: ੧)

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥
(ਸੂਹੀ ਮ: ੧)

ਗੁਰੂ ਛੋਹ ਨਾਲ ਮੁਰਦਾ ਸੰਸਾਰ ਸੁਰਜੀਤ ਹੁੰਦਾ ਹੈ; ਮੈਲਾ ਮਨ ਨਿਰਮਲ ਹੁੰਦਾ ਹੈ; ਕਾਮਾਦਿਕ ਤੇ ਜਿੱਤ ਪ੍ਰਾਪਤ ਹੁੰਦੀ ਹੈ ਅਤੇ ਅਗਿਆਨ ਦਾ ਨਾਸ਼ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਜਿਸ ਨੂੰ ਆਪਣੀ ਗੱਦੀ ਦੇਣੀ ਸੀ, ਉਸ ਵਿਚ ਇਹ ਸਮਰੱਥਾ ਉਪਜਾਉਣੀ ਸੀ ਅਤੇ ਉਸ ਦੀ ਇਸ ਸਮਰੱਥਾ ਦਾ ਪਰਤਾਵਾ ਵੀ ਲੈਣਾ ਸੀ।

੬.

ਲਹਿਣਾ ਜੀ ਵਿਚ ਇਹ ਸਮਰੱਥਾ ਇਕ ਦਿਨ ਵਿਚ ਨਹੀਂ ਸੀ ਹੋ ਗਈ। ਆਪ ਕਈ ਸਾਲ ਹੀ ਗੁਰੂ ਜੀ ਪਾਸ ਰਹੇ, ਘਟੋ ਘਟ ਸੱਤ ਸਾਲ। ਆਪ ਨੇ ਡੂੰਘੀ ਸ਼ਰਧਾ ਨਾਲ ਗੁਰੂ ਨੂੰ ਪ੍ਰੇਮ ਕੀਤਾ। ਗੁਰ ਪੁੱਤਰ ਉਸ ਦਰਜੇ ਤੀਕ ਨਾ ਪੁੱਜ ਸਕੇ, ਜਿਸ ਪਦਵੀ ਤੀਕ ਲਹਿਣਾ ਜੀ ਪੁੱਜ ਗਏ। ਆਪ ਚਿੱਕੜ ਤੋਂ ਕੇਸਰ ਹੀ ਹੋ ਗਏ।

———

# ੩. ਸੰਨ੍ਹ ਬ੍ਰਿਤਾਂਤ

੧.

(ਗੁਰੂ) ਅਮਰਦਾਸ ਜੀ ਨੇ ਸਤਿਗੁਰੂ ਅੰਗਦ ਦੇਵ ਜੀ ਦੀ ਸੇਵਾ ਕਰ ਕੇ ਤੇ ਉਹਨਾਂ ਨੂੰ ਇਸ਼ਨਾਨ ਕਰਾ ਕਰਾ ਗੁਰ-ਗੱਦੀ ਪ੍ਰਾਪਤ ਕਰ ਲਈ, ਇਹ ਵੀ ਵਚਿੱਤਰ ਕਥਾ ਹੈ। (ਗੁਰੂ) ਅਮਰਦਾਸ ਜੀ ਨੇ ੬੦ ਸਾਲ ਦੀ ਬਿਰਧ ਉਮਰ ਵਿਚ ਇਹ ਸੇਵਾ ਸ਼ੁਰੂ ਕੀਤੀ। ਰੋਜ਼ ਬਿਆਸਾ ਨਦੀ ਤੋਂ ਖਡੂਰ ਸਾਹਿਬ ਜਲ ਦੀ ਗਾਗਰ ਲਿਆਉਂਦੇ ਅਤੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ । ਪਿਛਲੇ ਪੈਰੀਂ ਮੁੜ ਕੇ ਗੋਇੰਦਵਾਲ ਜਾਂਦੇ ਖਡੂਰ ਵਲ ਪਿੱਠ ਨਾ ਕਰਦੇ ।

ਜਾਮ ਜਾਮਨੀ ਜਾਗਹਿਂ ਆਨਹਿਂ,
ਜਲ ਕੋ ਕਲਸ, ਕਰਾਇਂ ਸਨਾਨ।
ਚਰਨ ਪਖਾਰਹਿਂ, ਬਸਤਰ ਪਖਾਰਹਿਂ
ਪੁਨ ਪਰਮੇਸੁਰ ਸਿਮਰਨ ਠਾਨਿ।
ਸਮਧਾ ਆਨਹਿਂ ਜਾਰਨ ਨਾਨਹਿਂ,
ਪੁਨ ਪੰਕਤਿ ਜੁਤ ਕਰਹੀ ਖਾਨ।
ਪਾਤ੍ਰ ਸੁਧਾਰਹਿਂ ਸਤਿਗੁਰ ਕੇ ਸਭ,
ਗਰਮੀ ਬਿਖੈ ਸੁ ਹਾਕਹਿ ਪੌਨ।
ਜਬ ਜਲ ਪਾਨ ਕਰਹਿਂ ਲੇ ਆਵਹਿਂ,
ਸੇਜ ਸੁਧਾਰਹਿ ਹਿਤ ਗੁਰ ਮੌਨ।
ਚਰਨ ਅੰਗੁਠੈ ਮਹਿ ਬ੍ਰਿਣ ਪਾਕੋ,
ਨਿਜ ਆਨਨ ਮਹਿਂ ਰਾਖਹਿ ਤੌਨ।
ਮੁਖ ਕੋ ਗਰਮ ਸ੍ਵਾਸ ਤੇ ਦੁਖ ਨਹਿਂ,
ਯਾਂਤੇ, ਧਰਹਿਂ ਬੈਠ ਰਹਿ ਭੌਨ।

ਹਰ ਸਾਲ ਸ੍ਰੀ ਗੁਰੂ ਜੀ ਆਪ ਨੂੰ ਡੇਢ ਗਜ਼ ਦੀ ਦਸਤਾਰ ਦਿੰਦੇ ਜੋ ਆਪ ਸਿਰ ਤੇ ਵਲ ਲੈਂਦੇ। ਇਸ ਤਰ੍ਹਾਂ ੧੨ ਸਾਲ ਇਹ ਦਸਤਾਰੇ ਮਿਲਦੇ ਰਹੇ। ਹੌਲੀ ਹੌਲੀ ਹਿਰਦੇ ਵਿਚ ਪ੍ਰਕਾਸ਼ ਵੀ ਹੁੰਦਾ ਗਿਆ :—

ਪੰਚ ਬਰਖ ਮਹਿਂ ਪੰਚ ਦਿਯੇ ਗੁਰ,
ਖਸ਼ਟ ਬਰਖ ਮਹਿਂ ਖਸ਼ਟੋ ਦੀਨ॥
ਸੰਮਤ ਸਪਤਮ ਮਹਿਂ ਗੁਰ ਸੇਵਹਿ,
ਪਗ ਅੰਗੁਸ਼ਟ ਧਰਹਿ ਮੁਖ ਲੀਨ॥

ਭਯੋ ਕਛੁਕ ਪ੍ਰਕਾਸ਼ ਰਿਦੈ ਮਹਿਂ,
ਜਿਮ ਅਰੁਣੋਦੈ ਹੋਤਿ ਨਵੀਨ ॥
ਕਰਾਮਾਤ ਦੀ ਸ਼ਕਤ ਭਈ ਤਬਿ,
ਸਿਧਾਂ ਫੁਰਨ ਲਗੀ ਮਨ ਚੀਨ ॥

ਸਿੱਖੀ ਵਿਚ ਇਕ ਬੁਨਿਆਦੀ ਰਹਿਸ ਇਹ ਹੈ ਕਿ ਜਿਉਂ ਜਿਉਂ ਕੋਈ ਪੁਰਸ਼ ਸੇਵਾ ਕਰਦਾ ਜਾਂਦਾ ਹੈ, ਉਸ ਦਾ ਹਿਰਦਾ ਨਿਰਮਲ ਹੁੰਦਾ ਜਾਂਦਾ ਹੈ ਅਤੇ ਉਸ ਵਿਚ ਸ਼ਕਤੀ ਪਰਵੇਸ਼ ਕਰਦੀ ਜਾਂਦੀ ਹੈ। ਇਸ ਸਿਧਾਂਤ ਦਾ ਇਕ ਅੰਗ ਇਹ ਵੀ ਜਾਪਦਾ ਹੈ ਕਿ ਜਿਤਨੀ ਕੋਈ ਨਿਰਮਾਣ ਜਾਂ 'ਮਾਮੂਲੀ' ਪ੍ਰਕਾਰ ਦੀ ਸੇਵਾ ਕਰਦਾ ਹੈ, ਉਤਨਾ ਹੀ ਉਹ ਉੱਚਾ ਚੜ੍ਹ ਜਾਂਦਾ ਹੈ। ਗੁਰੂ ਅਮਰਦਾਸ ਜੀ ਪਾਣੀ ਲਿਆਉਂਦੇ, ਇਸ਼ਨਾਨ ਕਰਾਉਂਦੇ, ਬਰਤਨ ਸਾਫ਼ ਕਰਦੇ, ਗੁਰੂ ਸਾਹਿਬ ਦਾ ਫੋੜਾ ਚੂਸਦੇ, ਪੱਖਾ ਕਰਦੇ ਅਤੇ ਉਹਨਾਂ ਵਿਚ ਸ਼ਕਤੀ ਤੇ ਪ੍ਰਕਾਸ਼ ਇਵੇਂ ਪੈਦਾ ਹੋਏ, ਜਿਵੇਂ ਨਵਾਂ ਸੂਰਜ ਚੜ੍ਹਦਾ ਹੈ—

ਭਯੋ ਕਛੁਕ ਪ੍ਰਕਾਸ਼ ਰਿਦੈ ਮਹਿ
ਜਿਮ ਅਰਣੋਦੈ ਹੋਤਿ ਨਵੀਨ ॥

ਜਿਉਂ ਜਿਉਂ (ਗੁਰੂ) ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ, ਤਿਵੇਂ ਤਿਵੇਂ ਉਹਨਾਂ ਦਾ ਆਪਣਾ ਗੁਰ ਤੀਰਥ ਵਿਚ ਇਸ਼ਨਾਨ ਹੁੰਦਾ ਜਾਂਦਾ। ਗੁਰੂ ਸਮਾਨ ਕੋਈ ਤੀਰਥ ਨਹੀਂ ਹੈ। ਗੁਰੂ ਸਾਗਰ ਹੈ ਜੋ ਰਤਨੀ ਭਰਪੂਰ ਹੈ, ਗੁਰੂ ਤੀਰਥ ਵਿਚ ਇਸ਼ਨਾਨ ਕਰਨ ਨਾਲ 'ਮਤਿ ਵਿਚਿ ਰਤਨ ਜਵਾਹਰ ਮਾਣਕ' ਆ ਜਾਂਦੇ ਹਨ—

ਗੁਰੁ ਸਾਗਰ ਰਤਨੀ ਭਰਪੂਰੇ ॥
ਅੰਮ੍ਰਿਤ ਸੰਤ ਚੁਗਹਿ ਨਹੀ ਦੂਰੇ ॥
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥
ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥

* * *

ਸਰਵਰ ਹੰਸਾ ਛੋਡਿ ਨ ਜਾਇ ॥
ਪ੍ਰੇਮ ਭਗਤਿ ਕਰਿ ਸਹਿਜ ਸਮਾਇ ॥
ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥
ਅਕਥ ਕਥਾ ਗੁਰਬਚਨੀ ਆਦਰੁ ॥

(ਧਨਾਸਰੀ ਮਹਲਾ ੧, ੬੮੫)

ਗੁਰੁ ਸਾਗਰੋ ਰਤਨਾਗਰੁ
ਤਿਤੁ ਰਤਨ ਘਣੇਰੇ ਰਾਮ ॥
ਕਰਿ ਮਜਨੋ ਸਪਤ ਸਰੇ
ਮਨ ਨਿਰਮਲ ਮੇਰੇ ਰਾਮ ॥
ਨਿਰਮਲ ਜਲਿ ਨਾਏ ਜਾ ਪ੍ਰਭ ਭਾਏ
ਪੰਚ ਮਿਲੇ ਵੀਚਾਰੇ ॥

ਕਾਮੁ ਕਰੋਧੁ ਕਪਟੁ, ਬਿਖਿਆ ਤਜਿ
ਸਚੁ ਨਾਮੁ ਉਰਿਧਾਰੇ ॥
ਹਉਮੈ ਲੋਭ ਲਹਰਿ ਲਬ ਥਾਕੇ
ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥ ਨਹੀ ਕੋਈ
ਸਾਚੇ ਗੁਰ ਗੋਪਾਲਾ ॥

(ਆਸਾ ਮ: ੧, ੪੩੭)

ਗੁਰ-ਤੀਰਥਾਂ ਦਾ ਰਹਿਸ ਗੁਰੂ ਨਾਨਕ ਸਾਹਿਬ ਨੇ ਇਵੇਂ ਬਿਆਨ ਕੀਤਾ ਸੀ। ਇਹ (ਗੁਰੂ) ਅਮਰਦਾਸ ਜੀ ਲਈ ਪਰਤੱਖ ਹੁੰਦਾ ਗਿਆ। ਆਪ ਦਾ ਮਨ ਨਿਰਮਲ ਹੁੰਦਾ ਗਿਆ, ਉਸ ਵਿਚੋਂ ਕਾਮਾਦਿਕ ਨਿਕਲਦੇ ਗਏ। ਹਉਮੈ ਨਾਸ ਹੁੰਦੀ ਗਈ ਅਤੇ ਆਪ ਦੀ ਬੁਧਿ ਨਿਰਮਲ ਹੁੰਦੀ ਗਈ। ਆਪ ਨੇ ਇਸ ਤਜਰਬੇ ਨੂੰ ਇਸ ਤਰ੍ਹਾਂ ਗਾਵਿਆ—

ਗੁਰ ਪੂਰੇ ਤੇ ਪੂਰਾ ਪਾਏ ॥
ਹਿਰਦੈ ਸਬਦੁ ਸਚੁ ਨਾਮੁ ਵਸਾਏ ॥
ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥
ਸਦਾ ਸੂਚੇ ਸਾਚਿ ਸਮਾਏ ॥
ਗੁਰੁ ਸਾਗਰੁ ਪੂਰਾ ਭੰਡਾਰ ॥
ਊਤਮ ਰਤਨ ਜਵਾਹਰ ਅਪਾਰ ॥
ਗੁਰਪਰਸਾਦੀ ਦੇਵਣਹਾਰੁ ॥
ਨਾਨਕ ਬਖਸੇ ਬਖਸਣਹਾਰੁ ॥

(ਆਸਾ ਮ: ੩, ੩੬੩)

ਗੁਰੂ ਦਾ ਬਿਰਦ ਹੈ। ਆਪ ਜਿਉਂ ਜਿਉਂ ਪਾਣੀ ਦੇ ਘੜੇ ਲਿਆਉਂਦੇ ਰਹੇ, ਤਿਵੇਂ ਤਿਵੇਂ ਗੁਰੂ-ਤੀਰਥ ਵਿਚ ਆਪ ਦੀਆਂ ਡੁਬਕੀਆਂ ਲਗਦੀਆਂ ਗਈਆਂ ਅਤੇ ਰਤਨ ਪਦਾਰਥ ਆਪ ਦੇ ਹੱਥ ਲਗਦੇ ਗਏ। ਆਪ ਸ਼ੁੱਧ ਹੋ ਗਏ ਕੰਚਨ ਵਾਂਗ, ਅਤੇ ਗੁਰੂ ਅੰਗਦ ਦੇਵ ਜੀ ਨੇ ਫ਼ੁਰਮਾਇਆ—

ਤੁਮਹੋ ਨਿਥਾਵਨ ਥਾਨ ॥
ਕਰਿਹੋ ਨਿਮਾਨਹਿ ਮਾਨ ॥
ਬਿਨ ਓਟ ਦੀ ਤੁਮ ਓਟ ॥
ਨਿਧਰੇਨ ਕੀ ਧਿਰ ਕੋਟ ॥
ਬਿਨ ਜੋਰ ਕੇ ਤੁਮ ਜੋਰ ॥
ਸਮ ਕੋ ਨ ਹੈ ਤੁਮ ਹੋਰ ॥
ਬਿਨ ਧੀਰ ਕੋ ਬਰ ਧੀਰ ॥
ਸਭ ਪੀਰ ਕੇ ਬਡ ਪੀਰ ॥

ਤੁਮ ਹੋ ਸੁ ਗਈ ਬਹੋੜ ॥
ਨਰ ਬੰਧ ਕੋ ਤਿਹ ਛੋੜ ॥
ਘੜ ਭੰਨਵੇ ਸਮਰਥ ॥
ਜਗ ਜੀਵਨਾ ਤੁਮ ਹੱਥ ॥
ਬਰ ਦੀਨ ਦਵਾਦਸ ਹੋਰ ॥
ਸੁ ਪ੍ਰਸੰਨ ਹੋਇ ਬਡੋਰ ॥

ਬਾਰਾਂ ਸਾਲ ਆਪ ਨੇ ਸੇਵਾ ਕੀਤੀ, ਬਾਰਾਂ ਵਰ ਆਪ ਨੂੰ ਮਿਲੇ। ਸੇਵਾ ਕਰਦਿਆਂ ਗੁਰੂ ਅਮਰਦਾਸ ਜੀ ਨੂੰ ਗੱਦੀ ਮਿਲ ਗਈ।

੨.

ਗੁਰੂ ਅਮਰਦਾਸ ਜੀ ਗੁਰੂ ਬਣ ਗਏ, ਪਰ ਬਾਬਾ ਦਾਤੂ ਜੀ ਜੋ ਗੁਰੂ ਅੰਗਦ ਦੇਵ ਜੀ ਦੇ ਸਾਹਿਬਜ਼ਾਦੇ ਸਨ, ਇਸ ਗੱਲ ਨੂੰ ਸਹਾਰ ਨਾ ਸਕੇ। ਇਕ ਦਿਨ ਆਪ ਗੋਇੰਦਵਾਲ ਗੁਰੂ ਜੀ ਦੇ ਦਰਬਾਰ ਵਿਚ ਗਏ ਅਤੇ ਗੁਰੂ ਜੀ ਦੀ ਪਿੱਠ ਤੇ ਜ਼ੋਰ ਦੀ ਲੱਤ ਮਾਰ ਕੇ ਉਹਨਾਂ ਨੂੰ ਗੱਦੀ ਤੋਂ ਹੇਠਾਂ ਸੁੱਟ ਦਿੱਤਾ। ਗੁਰੂ ਅਮਰਦਾਸ ਜੀ ਆਪ ਦੇ ਚਰਨ ਘੁੱਟਣ ਲਗ ਪਏ :—

ਕਰ ਕਮਲਨ ਜੋ ਮਰਦਨ ਕਰੇ ॥
ਬਿਨਤੀ ਸਹਤ ਸੁਬਾਕ ਉਚਰੇ ॥
ਇਕ ਤੋ ਸੇਵਾ ਕਰਤਿ ਰਹਯੋ ਹੌਂ ॥
ਦੁਤੀਏ ਬਯ ਤੇ ਬ੍ਰਿਧ ਭਯੋ ਹੌਂ ॥
ਯਾਂ ਤੇ ਅਧਿਕ ਸਰੀਰ ਕਠੋਰਾ ॥
ਤੁਮਰੋ ਚਰਨ ਮ੍ਰਿਦੁਲ ਨਹਿ ਥੋਰਾ ॥
ਹੁਯੋ ਹੋਇਗੋ ਕਸ਼ਟ ਮਹਾਨਾ ॥
ਛਿਮਹੁ ਭਯੋ, ਅਪਰਾਧ ਅਜਾਨਾ ॥
ਸ੍ਰੀ ਗੁਰ ਕੇ ਸੁਤ ਹੋ ਬਡਭਾਗੇ ॥
ਮਮ ਹਿਤ ਕਰਿ ਇਤਨੋ ਦੁਖ ਲਾਗੇ ॥

ਇਸ ਘਟਨਾ ਉਪਰੰਤ ਗੁਰੂ ਜੀ ਗੋਇੰਦਵਾਲ ਤੋਂ ਅਲੋਪ ਹੋ ਗਏ ਅਤੇ ਬਾਸਰਕੇ ਜੋ ਆਪ ਦਾ ਆਪਣਾ ਪਿੰਡ ਸੀ, ਇਕ ਕੋਠੇ ਵਿਚ ਆ ਕੇ ਸਮਾਧੀ ਸਥਿਤ ਹੋ ਗਏ। ਸੰਗਤ ਨੂੰ ਬੜੀ ਪਸ਼ੇਮਾਨੀ ਹੋਈ। ਸਾਰੀ ਸੰਗਤ ਗੁਰੂ ਦਰਸ਼ਨਾਂ ਤੋਂ ਵਿਰਵੀ ਹੋ ਗਈ। ਸੋ ਸਾਰੀ ਸੰਗਤ ਮਿਲ ਕੇ ਬਾਬਾ ਬੁੱਢਾ ਜੀ ਪਾਸ ਆਈ ਤੇ ਦੱਸਿਆ ਕਿ ਗੁਰੂ ਜੀ ਅਲੋਪ ਹੋ ਗਏ ਹਨ, ਕੋਈ ਪਤਾ ਨਹੀਂ ਕਿੱਧਰ ਗਏ ਹਨ ਅਤੇ ਸੰਗਤ ਬੜੀ ਵਿਆਕੁਲ ਹੋ ਰਹੀ ਹੈ। ਤੁਸੀਂ ਕਿਰਪਾ ਕਰਕੇ ਕੋਈ ਉਪਰਾਲਾ ਕਰੋ ਅਤੇ ਗੁਰੂ ਜੀ ਦਾ ਪਤਾ ਲੱਭੋ। ਬਾਬਾ ਜੀ ਗੋਇੰਦਵਾਲ ਆਏ। ਆਪ ਨੇ ਵਿਉਂਤ ਇਹ ਲੱਭੀ ਕਿ ਗੁਰੂ ਜੀ ਦੀ ਘੋੜੀ ਗੁਰੂ ਜੀ ਦਾ ਪਤਾ ਦੱਸੇਗੀ। ਘੋੜੀ ਛੱਡ ਦਿੱਤੀ ਗਈ ਜੋ ਸਿੱਧੀ ਬਾਸਰਕੇ ਪਿੰਡ ਆ ਗਈ ਅਤੇ ਉਸ ਕੋਠੇ ਦੇ ਸਾਹਮਣੇ ਖੜ੍ਹੀ ਹੋ ਗਈ, ਜਿਸ ਅੰਦਰ ਗੁਰੂ ਜੀ ਸਮਾਧੀ ਵਿਚ ਬੈਠੇ ਸਨ। ਸੰਗਤ ਨੂੰ ਪਤਾ ਲੱਗ ਗਿਆ ਕਿ ਗੁਰੂ ਜੀ ਅੰਦਰ ਹੀ ਹਨ। ਬਾਬਾ ਬੁੱਢਾ ਜੀ ਤੇ ਸੰਗਤ ਨੇ ਉਸ

ਕੋਠੇ ਦੀ ਪਰਕਰਮਾ ਕੀਤੀ। ਦਰਵਾਜ਼ੇ ਤੇ ਉਹਨਾਂ ਗੁਰੂ ਜੀ ਦੇ ਹੱਥੀਂ ਕੁਝ ਲਿਖਿਆ ਵੇਖਿਆ—

ਤਬ ਕੋਸ਼ਠ ਕੇ ਚਹੁੰ ਦਿਸ ਫਿਰਿਓ।
ਦਰ ਕੋ ਥਿਰਯੋ ਨਿਹਾਰਨਿ ਕਰਿਓ।
ਅਖਰ ਲਿਖੇ ਦੇਖ ਕਰਿ ਕਹਯੋ।
ਸਭਿ ਆਵਹੁ ਇਕ ਪਤਾ ਸੁ ਲਹਯੋਂ।
ਗੁਰੂ ਹਾਥ ਕੀ ਲਿਖਤਿ ਦਿਖੀਜਹਿ।
ਮੈਂ ਅਬ ਪੜਹੋਂ ਸਰਬ ਸੁਨੀਜਹਿ।
ਗਏ ਧਾਇ ਤਿਸ ਦੇਖਯੋਂ ਜਾਇ।
ਪਠਿ ਅੱਖਰ ਸੋ ਬ੍ਰਿਧ ਸੁਨਾਇ।
'ਆਇ ਇਹਾਂ ਦਰ ਪਾਰਹਿ ਜੋਊ।
ਹਮ ਨਹਿੰ ਗੁਰੂ ਸਿਖ ਨਹਿੰ ਸੋਊ।
ਹਲਤ ਪਲਤ ਮਹਿ ਨਹੀਂ ਸਹਾਈ।
ਜੋ ਆਇਸੁ ਕੋ ਦੇਹਿ ਮਿਟਾਈ।'

ਸੰਗਤ ਨੂੰ ਬੜੀ ਨਿਰਾਸਤਾ ਹੋਈ, ਪਰ ਬਾਬਾ ਬੁੱਢਾ ਜੀ ਨੂੰ ਵਿਉਂਤ ਸੁੱਝੀ। ਆਪ ਨੇ ਦਰਵਾਜ਼ਾ ਨਾ ਖੋਲ੍ਹਿਆ, ਸਗੋਂ ਪਿੱਛੇ ਜਾ ਕੇ ਸੰਨ੍ਹ ਲਾ ਦਿੱਤੀ।

ਰਿਦੈ ਧਯਾਨ ਧਰਿ ਬੰਦਨ ਕੀਨਸਿ।
ਕੋਸ਼ਠ ਕੇ ਪਿਛਲੀ ਦਿਨ ਚੀਨਸਿ।
ਤਹਾਂ ਜਾਇ ਕਰਿ ਈਂਟ ਉਖੇਰੀ।
ਤੀਛਨ ਲੋਹ ਸੰਗ ਤਿਸ ਬੇਰੀ।
ਗਹੀ ਕਹੀ ਤਹਿ ਪ੍ਰਵਿਸਨਿ ਜੇਤੀ।
ਸੰਗਤਿ ਦੇਖਤਿ ਅਚਰਜ ਸੇਤੀ।
ਪਸ਼ਚਿਮ ਦਿਸ਼ ਮਹਿ ਕੋਸ਼ਠ ਦਵਾਰਾ।
ਪੂਰਬ ਦਿਸ਼ਾ ਪਾਰ ਕੋ ਪਾਰਾ।
ਅੰਤਰ ਧੀਰਜ ਧਾਰਿ ਪ੍ਰਵੇਸ਼ਾ।
ਪਿਖੇ ਗੁਰੂ ਤਬ ਮਨਹੁ ਮਹੇਸ਼ਾ।
ਆਸਨ ਲਾਇ ਸਮਾਧਿ ਅਗਾਧਾ।
ਬ੍ਰਹਮ ਰੂਪ ਇਕ ਅਚਲ ਅਬਾਧਾ।

ਗੁਰੂ ਜੀ ਬਾਬਾ ਬੁੱਢਾ ਜੀ ਤੇ ਪ੍ਰਸੰਨ ਹੋਏ ਤੇ ਕਿਹਾ—

'ਤੁਮ ਬਹੁ ਧੰਨ' ਕਿਉਂਕਿ
'ਪਰਉਪਕਾਰ ਹੇਤ ਸਭਿ ਕਰਯੋ।
ਸਿਖੀ ਕੋ ਸਥੰਭ ਹ੍ਵੈ ਥਿਰਯੋ।'

ਇਉਂ ਪਰਤੀਤ ਹੁੰਦਾ ਹੈ ਕਿ ਇਹ ਸਾਖੀ ਇਕ ਬੜਾ ਵਚਿੱਤਰ ਨਾਟਕ ਹੈ, ਜਿਸ ਵਿਚ ਗੁਰੂ ਅਮਰਦਾਸ ਜੀ ਦੀ ਬਹੁਤ ਸਾਰੀ ਫ਼ਿਲਾਸਫ਼ੀ ਛੁਪੀ ਹੋਈ ਹੈ। ਗੁਰੂ ਅਮਰਦਾਸ

ਜੀ ਦਾ ਸਾਰਾ ਜੀਵਨ ਗੁਰੂ ਉਪਾਸਨਾ ਦਾ ਸੀ। ਪਰ ਪਹਿਲਾ ਜੀਵਨ ਗੁਰੂ ਢੂੰਢਣ ਦਾ ਜੀਵਨ ਹੈ। ਹਰ ਸਿੱਖ ਨੇ ਵੀ ਗੁਰ ਢੂੰਢਣਾ ਹੈ, ਹੁਣ ਵੀ ਹਰ ਸਿੱਖ ਨੇ ਗੁਰੂ ਲੱਭਣਾ ਹੈ ਕਿਉਂਕਿ ਜਿੰਨੇ ਤੀਕਰ ਗੁਰੂ ਨਾ ਲੱਭੇ ਉੱਨੇ ਤੀਕਰ ਪ੍ਰਭੂ ਵੀ ਨਹੀਂ ਮਿਲ ਸਕਦਾ। ਉਸ ਦਾ ਰਸਤਾ ਹੀ ਨਹੀਂ ਮਿਲਦਾ। ਗੁਰੂ ਕਿਵੇਂ ਲੱਭੇ। ਗੁਰੂ ਜੀ ਇਕ ਇਸ਼ਾਰਾ ਕਰ ਗਏ ਹਨ ਕਿ ਗੁਰੂ, ਗੁਰੂ ਗ੍ਰੰਥ ਸਾਹਿਬ ਵਿਚ ਹੈ। ਬਾਣੀ ਹੀ ਗੁਰੂ ਹੈ। ਗੁਰੂ ਅਮਰਦਾਸ ਜੀ ਬੁਝਾਰਤਾਂ (ਮੁੰਦਾਵਣੀਆਂ) ਗੁਰਬਾਣੀ ਵਿਚ ਵੀ ਪਾਉਂਦੇ ਰਹੇ ਹਨ। ਗੁਰੂ ਗ੍ਰੰਥ ਸਾਹਿਬ ਹੀ 'ਥਾਲ' ਹੈ ਜਿਸ ਵਿਚ ਆਤਮਕ ਖ਼ੁਰਾਕ (ਨਾਮ) ਮੌਜੂਦ ਹੈ। ਇਹ ਖ਼ੁਰਾਕ ਪ੍ਰਾਪਤ ਕਰ ਲੈਣਾ ਹੀ ਗੁਰੂ ਪ੍ਰਾਪਤ ਕਰ ਲੈਣ ਤੁਲ ਹੈ। ਗੁਰੂ ਅਮਰਦਾਸ ਜੀ ਇਸ ਸੰਨ੍ਹ ਸਾਹਿਬ ਦੀ ਸਾਖੀ ਵਿਚ ਵੀ ਬੁਝਾਰਤ ਪਾ ਰਹੇ ਹਨ ਕਿ ਹੇ ਸਿੱਖੋ! ਲੱਭੋ ਗੁਰੂ ਨੂੰ, ਵੇਖੀਏ ਕਿਵੇਂ ਲੱਭਦੇ ਹੋ। ਇਵੇਂ ਹੀ ਗੁਰ ਗ੍ਰੰਥ ਸਾਹਿਬ ਇਕ ਕੋਠਾ ਹੈ, ਅਤੇ ਇਸ ਵਿਚ ਸ਼ਬਦ ਗੁਰੂ ਰੂਪ ਲੁੱਕਿਆ ਬੈਠਾ ਹੈ। ਉਸ ਗੁਰੂ ਨੂੰ ਲੱਭਣਾ ਹੈ, ਹਰ ਸਿੱਖ ਨੇ। ਭਾਵ ਹਰ ਸਿੱਖ ਨੇ ਗੁਰੂ ਹਿਰਦੇ ਤੀਕ ਪੁੱਜਣਾ ਹੈ, ਗੁਰ ਦੀ ਸਿੱਖਿਆ ਨੂੰ ਸਮਝਣਾ ਹੈ, ਗੁਰੂ ਦੇ ਮੰਤਵ ਨੂੰ ਪ੍ਰਾਪਤ ਕਰਨਾ ਹੈ। ਇਹ ਕਿਵੇਂ ਹੋਵੇ? ਗੁਰੂ ਤਾਂ ਅਸਲ ਵਿਚ ਹਰ ਜੀਵ ਦੇ ਅੰਦਰ ਹੀ ਮੌਜੂਦ ਹੈ, ਅੰਦਰ ਨਾਮ ਵੀ ਮੌਜੂਦ ਹੈ, ਅੰਦਰੋਂ ਉਸ ਗੁਰ ਨੂੰ ਲੱਭਣਾ ਹੈ, ਕਿਵੇਂ ਲੱਭੇ? ਗੁਰੂ ਸੰਸਾਰ ਵਿਚ ਹਰ ਸਮੇਂ ਵਿਚਰ ਰਹਿਆ ਹੈ, ਹਰ ਸਿੱਖ ਨੇ ਉਸ ਨੂੰ ਲੱਭਣਾ ਹੈ, ਕਿਵੇਂ ਲੱਭੇ? ਸ਼ਾਇਦ ਇਸ ਸਾਖੀ ਦੁਆਰਾ ਗੁਰੂ ਅਮਰਦਾਸ ਇਹ ਗੱਲ ਸਿਖਾ ਰਹੇ ਸਨ ਕਿ ਗੁਰੂ ਕਿਵੇਂ ਲੱਭੇ? ਗੁਰੂ, ਗ੍ਰੰਥ ਸਾਹਿਬ ਵਿਚ ਲੁੱਕਿਆ ਬੈਠਾ ਹੈ, ਲੁੱਕੇ ਹੋਏ ਨੂੰ ਪ੍ਰਗਟ ਕਿਵੇਂ ਕੀਤਾ ਜਾਵੇ?

ਗੁਰੂ ਅਮਰਦਾਸ ਜੀ ਦਾ ਬੜਾ ਵੱਡਾ ਸਿਧਾਂਤ ਇਹ ਸੀ ਕਿ ਮਨੁੱਖ ਦੇ ਅੰਦਰ ਹੀ ਸਭ ਕੁਝ ਹੈ। ਸਰੀਰ ਹੀ ਮੰਦਰ ਹੈ ਜਿਸ ਵਿਚ ਗੁਰੂ ਵੀ ਹੈ, ਨਾਮ ਵੀ ਹੈ ਅਤੇ ਪਰਮਾਤਮਾ ਵੀ ਹੈ। ਆਪਾ ਪਛਾਣਨਾ ਹੀ ਉੱਤਮ ਪ੍ਰਾਪਤੀ ਹੈ—

(ਮਾਰੂ ਮਹਲਾ ੩, ੧੦੫੬)

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥
ਕੋਇ ਨ ਕਿਸਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ
ਸਭਿ ਰਸ ਦੇਹੀ ਮਾਹਾ ਹੇ ॥

... ... ...

ਅੰਧੇਰਾ ਚਾਨਣੁ ਆਪੇ ਕੀਆ ॥
ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ
ਕਮਲੁ ਬਿਗਸੈ ਬੁਧਿ ਤਾਹਾ ਹੇ ॥

... ... ...

ਦੇਹੀ ਅੰਦਰਿ ਵਸਤੁ ਅਪਾਰਾ ॥
ਆਪੇ ਕਪਟ ਖੁਲਾਵਣਹਾਰਾ ॥

ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ
ਤ੍ਰਿਸਨਾ ਅਗਨਿ ਬੁਝਾਹਾ ਹੇ ॥

... ... ...

ਸਭਿ ਰਸ ਦੇਹੀ ਅੰਦਰਿ ਪਾਏ ॥
ਵਿਰਲੇ ਕਉ ਗੁਰੁ ਸਬਦੁ ਬੁਝਾਏ ॥
ਅੰਦਰੁ ਖੋਜੇ ਸਬਦੁ ਸਾਲਾਹੇ
ਬਾਹਰਿ ਕਾਹੇ ਜਾਹਾ ਹੇ ॥

... ... ...

ਆਪ ਪਛਾਣੈ ਸੋ ਸਭਿ ਗੁਣ ਜਾਣੈ ॥
ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ
ਮਾਇਆ ਮੋਹੁ ਚੁਕਾਹਾ ਹੇ ॥

* * *

(ਮਾਰੂ ਮਹਲਾ ੩, ੧੦੫੯)

ਕਾਇਆ ਕੰਚਨ ਕੋਟੁ ਅਪਾਰਾ ॥
ਜਿਸੁ ਵਿਚਿ ਰਵਿਆ ਸਬਦੁ ਅਪਾਰਾ ॥
ਗੁਰਮੁਖਿ ਗਾਵੈ ਸਦਾ ਗੁਣ ਸਾਚੇ
ਮਿਲਿ ਪ੍ਰੀਤਮ ਸੁਖੁ ਪਾਇਦਾ ॥
ਕਾਇਆ ਹਰਿਮੰਦਰੁ ਹਰਿ ਆਪਿ ਸਵਾਰੇ ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥
ਗੁਰ ਕੈ ਸਬਦਿ ਵਣਜਨਿ ਵਾਪਾਰੀ
ਨਦਰੀ ਆਪਿ ਮਿਲਾਇਦਾ ॥

ਸੋ ਇਹ ਸਰੀਰ ਵੀ 'ਕੋਠਾ' ਹੈ (ਸੋਨੇ ਦਾ ਕਿਲ੍ਹਾ ਹੈ), ਜਿਸ ਵਿਚ ਗੁਰੂ, ਨਾਮ ਤੇ ਪਰਮਾਤਮਾ ਛੁਪੇ ਬੈਠੇ ਹਨ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ 'ਕੋਠਾ' ਹੈ, ਜਿਸ ਵਿਚ ਗੁਰੂ, ਨਾਮ ਤੇ ਪ੍ਰਭੂ ਛੁਪੇ ਬੈਠੇ ਹਨ। ਇਹ ਸੰਸਾਰ ਵੀ ਕੋਠਾ ਹੈ, ਇਸ ਵਿਚ ਨਾਮ ਤੇ ਪ੍ਰਭੂ ਛੁਪੇ ਬੈਠੇ ਹਨ। ਇਹਨਾਂ ਨੂੰ ਲੱਭਣ ਦੀ ਜਾਚ ਬਾਬਾ ਬੁੱਢਾ ਜੀ ਦੁਆਰਾ ਗੁਰੂ ਅਮਰਦਾਸ ਸਿਖਾ ਗਏ ਹਨ। ਜਾਚ ਇਹ ਹੈ :—

ਹਰਿ ਜੀਉ ਗੁਫਾ ਅੰਦਰਿ ਰਖਿ ਕੈ
ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ ਨਉ ਦੁਆਰੇ
ਪਰਗਟੁ ਕੀਏ, ਦਸਵਾ ਗੁਪਤੁ ਰਖਾਇਆ ॥
ਗੁਰ ਦੁਆਰੈ ਲਾਇ ਭਾਵਨੀ
ਇਕਨਾ ਦਸਵਾ ਦੁਆਰੁ ਦਿਖਾਇਆ ॥

ਤਹ ਅਨੇਕ ਰੂਪ ਨਾਉ ਨਵਨਿਧਿ
ਤਿਸਦਾ ਅੰਤੁ ਨ ਜਾਈ ਪਾਇਆ ॥
ਕਹੈ ਨਾਨਕੁ ਹਰਿ ਪਿਆਰੈ ਜੀਉ
ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥

(ਅਨੰਦੁ ਸਾਹਿਬ, ੩੮)

ਸਾਰਾ 'ਅਨੰਦੁ' ਸਾਹਿਬ ਗੁਰੂ ਦੀ ਭਾਲ ਦੇ ਸਾਧਨ ਹੀ ਦਸਦਾ ਹੈ। 'ਅਨੰਦੁ' ਹੈ ਹੀ ਇਹ ਕਿ ਗੁਰੂ ਮਿਲੇ, ਐਵੇਂ ਅਨੰਦ ਹੋ ਹੀ ਨਹੀਂ ਸਕਦਾ। ਸਾਰੇ 'ਅਨੰਦੁ' ਸਾਹਿਬ ਵਿਚ ਗੁਰੂ ਦੇ ਲੱਭਣ ਦੇ ਸਾਧਨ ਦੱਸੇ ਹੋਏ ਹਨ। ਸੰਨ੍ਹ ਸਾਹਿਬ 'ਅਨੰਦੁ' ਦੀ ਫ਼ਿਲਾਸਫ਼ੀ ਦੀ ਸਾਖਿਆਤ ਵਿਆਖਿਆ ਹੈ। ਸਪਸ਼ਟ ਰੂਪ ਵਿਚ ਵਿਆਖਿਆ ਇਹ ਬਣਦੀ ਹੈ ਕਿ 'ਗੁਰੂ' ਪਰਤੱਖ ਇੰਦ੍ਰਿਆਂ ਨਾਲ ਤਾਂ ਲੱਭਣਾ ਕਠਿਨ ਹੈ। ਗੁਰੂ ਅੰਦਰ ਹੈ ਪਰ ਅੱਖਾਂ ਕੰਨਾਂ ਆਦਿ ਪਰਤੱਖ ਦਰਵਾਜ਼ਿਆਂ ਰਾਹੀਂ ਉਸ ਤੀਕ ਨਹੀਂ ਪਹੁੰਚ ਸਕੀਦਾ। ਭਾਵ ਇਹ ਹੈ ਕਿ ਬਾਬਾ ਬੁੱਢਾ ਜੀ ਨੇ ਵੇਖਿਆ ਕਿ ਗੁਰੂ ਤਾਂ ਕੋਠੇ ਅੰਦਰ ਹੈ ਪਰ ਦਰਵਾਜ਼ੇ ਰਾਹੀਂ ਉਸ ਤੀਕ ਨਹੀਂ ਪਹੁੰਚਿਆ ਜਾ ਸਕਣਾ। ਫਿਰ ? ਗੁਰੂ ਨੂੰ ਲੱਭਣ ਲਈ ਤੇ ਇਸ ਸਰੀਰ ਨੂੰ, ਇਸ ਮਨ ਨੂੰ ਇਸ ਤਰ੍ਹਾਂ 'ਸੰਨ੍ਹ' ਮਾਰਨੀ ਹੈ ਕਿ ਇਸ ਦੇ ਧੁਰ ਅੰਦਰ ਪੁੱਜ ਕੇ ਗੁਰੂ ਦੇ ਸਾਖਿਆਤ ਦਰਸ਼ਨ ਕੀਤੇ ਜਾਣ। ਗੁਰੂ ਗ੍ਰੰਥ ਸਾਹਿਬ ਨੂੰ ਵੀ ਨਿਰਾ ਅੱਖਾਂ ਦੁਆਰਾ ਨਹੀਂ ਪੜ੍ਹਿਆ ਜਾ ਸਕਦਾ। ਉਹ ਨੇਤਰ ਹਰ ਹਨ, ਜਿਹੜੇ ਬਾਹਰਲੇ ਨੇਤਰ ਮੁੰਦਣ ਨਾਲ ਖੁਲ੍ਹਦੇ ਹਨ ਤੇ ਜਿਨ੍ਹਾਂ ਦੁਆਰਾ ਗੁਰੂ ਦੇ ਹਿਰਦੇ ਦੇ ਸਾਖਿਆਤ ਦਰਸ਼ਨ ਗੁਰੂ ਗ੍ਰੰਥ ਸਾਹਿਬ ਵਿਚੋਂ ਹੋ ਸਕਦੇ ਹਨ। ਭਾਵ ਇਹ ਹੈ ਕਿ ਜੇ ਗੁਰੂ ਦੇ ਦਰਸ਼ਨ ਕਰਨੇ ਹਨ ਤਾਂ ਇੰਦ੍ਰਿਆਂ ਦੇ ਜੀਵਨ ਤੋਂ ਉੱਚਾ ਉਠਣਾ ਪਏਗਾ ਤੇ ਦਸਮ ਦੁਆਰ ਵਿਚ 'ਸੰਨ੍ਹ' ਲਾ ਕੇ ਪਹੁੰਚਣਾ ਹੋਵੇਗਾ। ਇਹ ਮੋਰੀਆਂ ਬੰਦ ਕਰਨੀਆਂ ਪੈਣਗੀਆਂ, ਜਿਥੋਂ ਮਿਰਗ ਚੋਰੀ ਪੈ ਜਾਂਦੇ ਹਨ ਤੇ ਆਤਮਕ ਅੰਗੂਰੀ ਪੁੱਟ ਕੇ ਲੈ ਜਾਂਦੇ ਹਨ। ਉਹ ਦਰਵਾਜ਼ੇ ਹੋਰ ਹਨ ਜਿਨ੍ਹਾਂ ਦੁਆਰਾ ਗੁਰੂ ਦਰਸ਼ਨ ਹੁੰਦੇ ਹਨ ਅਤੇ ਨਾਮ ਮਿਲਦਾ ਹੈ ਅਤੇ ਪ੍ਰਭੂ ਪਰਤੱਖ ਹੁੰਦਾ ਹੈ। ਅਨੰਦੁ ਸਾਹਿਬ ਵਿਚ ਅੱਖਾਂ, ਕੰਨਾਂ, ਜੀਭ ਸਭ ਦੇ ਸੰਜਮ ਦੀਆਂ ਗੱਲਾਂ ਦੱਸੀਆਂ ਹੋਈਆਂ ਹਨ। ਇਸ ਤਰ੍ਹਾਂ ਹੀ ਗੁਰੂ ਲੱਭਦਾ ਹੈ। ਮਨ ਦੀਆਂ ਚਤਰਾਈਆਂ ਨਾਲ ਗੁਰੂ ਨਹੀਂ ਲੱਭਦਾ।

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮਨ ਮੇਰਿਆ ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥

(ਅਨੰਦੁ, ੧੦)

ਗੁਰ ਪ੍ਰਾਪਤੀ ਦਾ ਮਾਰਗ ਕਠਨ ਹੈ। ਦਰਵਾਜ਼ਿਆਂ ਨੂੰ ਬੰਦ ਕਰਨਾ ਕਠਨ ਹੈ। ਇੰਦ੍ਰਿਆਂ ਤੇ ਕਾਬੂ ਪਾਉਣਾ ਬੜਾ ਕਠਨ ਹੈ, ਪਰ ਭਗਤ ਇਹ ਦੱਸਦੇ ਹਨ ਕਿ ਬਾਬਾ

ਬੁੱਢਾ ਜੀ ਨੇ ਇਹ ਕੀਤਾ। ਗੁਰੂ ਅਮਰਦਾਸ ਜੀ ਨੇ ਆਪ ਇਹ ਕੀਤਾ ਸੀ। ਪਰ ਚਾਲ ਭਗਤਾਂ ਦੀ ਹੈ ਕਠਨ; ਖੰਡੇਧਾਰ ਹੈ।

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥ (ਅਨੰਦੁ, ੧੪)

ਸੋ 'ਸੰਨ੍ਹ' ਸਾਹਿਬ ਦਾ ਰਹਿਸ ਸਰੀਰ ਵਿਚੋਂ ਨਾਮ ਨੂੰ ਪਰਤੱਖ ਕਰਨ ਦਾ 'ਰਹਿਸ' ਹੈ। ਇਹ ਬੜੀ ਵਚਿੱਤਰ ਸਾਖੀ ਹੈ। ਦਰਵਾਜ਼ੇ ਮੁੰਦ ਕੇ ਅੰਤਰ ਆਤਮੇ ਦਰਸ਼ਨ ਕਰਨ ਦੀ ਫ਼ਿਲਾਸਫ਼ੀ ਹੈ। ਸੰਜਮ ਵਾਲੇ ਲੋਕ ਹੀ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰੂ ਦਾ ਭਾਵ ਪੜ੍ਹ ਸਕਦੇ ਹਨ, ਸੰਜਮ ਵਾਲੇ ਹੀ ਉਸ ਭਾਵ ਅਨੁਸਾਰ ਜੀ ਸਕਦੇ ਹਨ। ਸੰਜਮ ਵਾਲੇ ਹੀ ਨਾਮ ਨੂੰ ਸਮਝ ਸਕਦੇ ਹਨ ਅਤੇ ਸਿਮਰ ਸਕਦੇ ਹਨ, ਸੰਜਮ ਵਾਲੇ ਹੀ ਪ੍ਰਭੂ ਦਰਸ਼ਨ ਕਰ ਸਕਦੇ ਹਨ। ਇਹੋ ਦੁੰਦਰ ਨੂੰ ਬੰਨ੍ਹਣਾ ਤੇ ਸੁੰਦਰ ਨੂੰ ਲੱਭਣਾ ਹੈ। ਗੁਰੂ, ਨਾਮ ਤੇ ਪਰਮਾਤਮਾ ਸਾਡੇ ਸਰੀਰ ਕੋਠੇ ਅੰਦਰ ਵੀ ਮੌਜੂਦ ਹਨ, ਸੰਜਮ ਨਾਲ ਬਾਹਰਲੇ ਦਰਵਾਜ਼ੇ ਬੰਦ ਕਰ ਕੇ, ਸਿਮਰਨ ਦੀ ਸੰਨ੍ਹ ਲਾ ਕੇ, ਅੰਦਰ ਵੜ ਕੇ ਉਹਨਾਂ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਇਹ ਹੈ 'ਸੰਨ੍ਹ' ਸਾਹਿਬ ਜਿਸ ਦੀ ਯਾਦ ਇਸ ਫ਼ਿਲਾਸਫ਼ੀ ਦਾ ਸਦੀਵੀ ਚਿੰਨ੍ਹ ਹੈ।

# ੪. ਥੜ੍ਹੇ ਤੇ ਤਖ਼ਤ

ਗੁਰੂ ਅਮਰਦਾਸ ਜੀ ਦੇ ਦੋ ਪੁੱਤਰ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਅਤੇ ਦੋ ਬੀਬੀਆਂ, ਬੀਬੀ ਦਾਨੀ ਤੇ ਬੀਬੀ ਭਾਨੀ ਜੀ ਸਨ। ਬੀਬੀ ਦਾਨੀ ਜੀ ਦੇ ਪਤੀ ਭਾਈ ਰਾਮਾ ਜੀ ਸਨ ਅਤੇ ਬੀਬੀ ਭਾਨੀ ਭਾਈ ਜੇਠਾ ਜੀ ਨਾਲ ਵਿਆਹੀ ਹੋਈ ਸੀ। ਇਹ ਦੋਨੋਂ ਜਵਾਈ ਬੜੇ ਬੁੱਧੀਮਾਨ ਤੇ ਸੇਵਾ ਵਿਚ ਸੁਘੜ ਸਨ। ਇਕ ਦਿਨ ਸਤਿਗੁਰੂ ਅਮਰਦਾਸ ਜੀ ਨੇ ਇਹਨਾਂ ਦੋਹਾਂ ਜਵਾਈਆਂ ਨੂੰ ਹੁਕਮ ਕੀਤਾ :—

ਖਰੇ ਹੋਇ ਅਵਿਲੋਕਯੋ ਥਾਨ।
ਰਾਮੇ ਸੇ ਤਬ ਕੀਨ ਬਖਾਨ।
ਇਹਾਂ ਹਮਾਰੇ ਬੈਠਨਿ ਕਾਰਨਿ।
ਰੁਚਿਰ ਬੇਦਕਾ (ਥੜ੍ਹੀ) ਕਰੋ ਸੁਧਾਰਨਿ।
ਇਮਿ ਕਹਿ ਸਤਿਗੁਰ ਕਰੀ ਲਕੀਰ।
'ਇਸ ਬਿਧਿ ਚਿਨਵਾਵਹੁ ਬਲ ਬੀਰ'।
ਬਹੁਰੋ ਦਿਸ਼ਾ ਦੂਸਰੀ ਗਏ।
ਤਹਿੰ ਸਥਾਨ ਪਿਖ ਠਾਂਢੇ ਭਏ।
ਰਾਮਦਾਸ ਕੀ ਦਿਸ਼ਾ ਨਿਹਾਰਾ।
ਕਰਨ ਕਾਰ ਕੋ ਗੁਰੂ ਉਚਾਰਾ।
'ਇਸ ਦਿਸ ਬੈਠਨ ਹੇਠ ਹੇਤ ਹਮਾਰੇ।
ਥੜੀ ਬਨਾਵਹੁ ਰੁਚਿਰ ਪ੍ਰਕਾਰੇ।'

ਦੋਵੇਂ (ਰਾਮਾ ਜੀ ਤੇ ਰਾਮਦਾਸ ਜੀ) ਸਾਰਾ ਦਿਨ ਥੜ੍ਹੀਆਂ ਬਣਾਉਂਦੇ ਰਹੇ।

ਦਿਨ ਸਗਰੇ ਮੁਹਿੰ ਕਾਰ ਕਰਾਏ।
ਸੰਧਿਆ ਭਈ ਗੁਰੂ ਤਬਿ ਆਏ।
ਕਰੀ ਜੁ ਰਾਮੇ ਪ੍ਰਥਮ ਹੇਰੀ।
ਪਰਖਨ ਹਿਤ ਬੋਲੇ ਤਿਸ ਬੇਰੀ।
'ਇਹ ਤੋਂ ਨੀਕੀ ਨਹੀਂ ਬਨਾਈ।
ਬੈਠਨ ਹੇਤ ਨ ਹਮ ਕੋ ਭਾਈ।
ਕਰਯੋ ਖੇਦ ਸਭਿ ਨਿਸਫਲ ਗਯੋ।
ਟੇਡੀ ਕੰਧ ਉਸਾਰਤਿ ਭਯੋ।
ਢਾਹਿ ਦੇਹੁ ਨਹਿੰ ਦੇਰ ਕਰੀਜਹਿ।
ਹਮਰੋ ਕਹਿਉ ਠੀਕ ਸੁਨ ਲੀਜਹਿ।

ਇਤਿ ਦਿਸ ਸੁਧੀ ਭੀਤ ਚਿਨਾਵਹੁ ।
ਭਹੁਰ ਬੇਦਕਾ ਭਲੋ ਬਨਾਵਹੁ ।'

ਰਾਮਾ ਜੀ ਨੂੰ ਬੜੀ ਨਿਰਾਸਤਾ ਹੋਈ :—

ਸੁਨਿ ਰਾਮੇ ਮਨ ਭੰਗ ਬਨਯੋ ਹੈ ।
ਨਿਜ ਮਤ ਆਛੀ ਜਾਨ ਭਨਯੋ ਹੈ ।
ਜਿਮਿ ਤੁਮ ਕਹਯੋ ਤਥਾ ਬਨਵਾਈ ।
ਕੋ ਕਾਰਨ ਭਾ ਰਿਦੈ ਨ ਭਾਈ ।
ਸੁੰਦਰ ਬਨੀ ਬੈਠਬੇ ਲਾਇਕ ।
ਸਮੁਖ ਖਰੇ ਦਰਸਹਿੰ ਜਹਿ ਪਾਇਕ ।
ਮੇਰੇ ਦੋਸ਼ ਨਾ ਯਾ ਮਹਿੰ ਕੋਈ ।
ਆਪ ਕਹੀ ਜਿਮਿ ਤਥਾ ਸੁ ਹੋਈ ।
ਕੀਨ ਜਤਨ ਮੈਂ ਭਲੇ ਸੁਧਾਰੀ ।
ਜਿਮਿ ਰਾਵਰਿ ਨੇ ਰੀਤਿ ਉਚਾਰੀ ।

ਪਰ ਗੁਰੂ ਜੀ ਨੇ ਥੜ੍ਹੀ ਗਿਰਵਾ ਦਿੱਤੀ ਤੇ ਕਿਹਾ ਕਿ—

ਕਰਹੁ ਇਸ ਰੀਤਿ ਸੁਧਾਰੀ ।

ਫਿਰ ਗੁਰੂ ਜੀ ਰਾਮਦਾਸ ਜੀ ਦੀ ਥੜ੍ਹੀ ਵਲ ਗਏ । ਉਹ ਥੜ੍ਹੀ ਵੇਖ ਕੇ ਆਪ ਨੇ ਫੁਰਮਾਇਆ :—

'ਹਮਰੋ ਆਸ਼ਯ ਤੈਂ ਨਹਿੰ ਲਹਯੋ ।
ਯਥਾ ਬਤਾਈ ਤਥਾ ਨਾ ਕਰੀ।
ਬੱਕ੍ਰ ਭੀਤ ਰਚਿ ਕੀਨਸ ਥਰੀ ।
ਭਈ ਨ ਬੈਠਨਿ ਉਚਿਤ ਹਮਾਰੇ ।
ਇਸ ਕਾਰਨ ਤੇ ਕਰਹੁ ਬਿਦਾਰੇ ।'

ਰਾਮਦਾਸ ਜੀ ਨੇ ਤਤਕਾਲ ਥੜ੍ਹੀ ਗਿਰਾ ਦਿੱਤੀ ਤੇ ਕਿਹਾ—

'ਬਖਸਹੁ ਅਬੈ ਅਵੱਗਯਾ ਮੇਰੀ ।
ਮੈ ਮਤਿ ਹੀਨ ਸਕਯੋ ਨਹਿ ਜਾਨ ।
ਬਹੁਰ ਬਤਾਵਹੁ ਕ੍ਰਿਪਾ ਨਿਧਾਨ ।'

ਗੁਰੂ ਜੀ ਨੇ ਆਪ ਨੂੰ ਹਦਾਇਤ ਦਿੱਤੀ ਅਤੇ ਆਪਣੇ ਡੇਰੇ ਚਲੇ ਗਏ ।

ਦੂਜੇ ਦਿਨ ਫਿਰ ਦੋਹਾਂ ਨੇ ਥੜ੍ਹੇ ਬਣਾਏ । ਗੁਰੂ ਜੀ ਨੇ ਫਿਰ ਵੇਖੇ । ਰਾਮਾ ਜੀ ਨੂੰ ਕਿਹਾ ਕਿ ਇਹ ਚੰਗੀ ਥੜ੍ਹੀ ਬਣੀ ਨਹੀਂ, ਗਿਰਾ ਕੇ ਫਿਰ ਬਣਾਓ । ਰਾਮਾ ਜੀ ਨੇ ਅੱਗੋਂ ਇਹ ਕਿਹਾ—

ਕਹਨਿ ਲਗਯੋ 'ਮੈਂ ਤਥਾ ਬਨਾਈ ।
ਜਿਸ ਬਿਧਿ ਤੁਮਨੇ ਦੀਨ ਬਤਾਈ ।

ਬਨੀ ਰੁਚਿਰ ਬੈਠਿਬਿ ਕੇ ਜੋਗ ।
ਦੇਖਤਿ ਕਰਹਿਂ ਸਰਾਹਿਨ ਲੋਗ ।
ਮੈਂ ਕੈਸੇ ਕਰਿ ਦੇਹੁ ਢਹਾਈ ।
ਇਸ ਤੇ ਆਛੀ ਕਿਆ ਬਨ ਜਾਈ ।'

ਰਾਮਦਾਸ ਜੀ ਨੂੰ ਕਿਹਾ ਕਿ ਥੜ੍ਹਾ ਠੀਕ ਨਹੀਂ ਬਣਿਆ, ਫਿਰ ਬਣਾਓ ਤਾਂ ਰਾਮਦਾਸ ਜੀ ਨੇ ਕਿਹਾ—

'ਤੁਮਰੀ ਮਤੀ ਅਗਾਧਿ ਬਡੇਰ ।
ਹਮ ਮਤਿ ਮੰਦ ਸਕਹਿਂ ਨਹਿ ਜਾਨ ।
ਤਊ ਕ੍ਰਿਪਾ ਤੁਮ ਕਰਹੁ ਮਹਾਨ ।
ਬਿਸਰਿ ਜਾਤਿ ਹਮਰੀ ਮਤਿ ਥੋਰੀ ।
ਬਖਸਹੁ ਖਤਾ ਆਪ ਅਬਿ ਮੋਰੀ ।
ਜਿਸ ਪ੍ਰਕਾਰ ਕੀ ਦੇਹੁ ਬਤਾਇ ।
ਹਿਤ ਰਾਵਰਿ ਕੇ ਅਬਹਿ ਬਨਾਇ ।'

ਗੁਰੂ ਜੀ ਨੇ ਅਗਲੇ ਦਿਨ ਫਿਰ ਥੜ੍ਹੇ ਦੇਖੇ । ਪਹਿਲਾਂ ਰਾਮਾ ਜੀ ਨੂੰ ਕਿਹਾ—

ਕਹਯੋ ਬਾਕ 'ਭੋ ਰਾਮੇ ! ਤੋਹਿ ।
ਕਰਯੋ ਨਹੀ ਜਿਮਿ ਭਾਖਿਓ ਮੋਹਿ ।
ਨਹਿਂ ਪਸੰਦ ਇਹੁ ਆਇ ਹਮਾਰੇ ।
ਜਿਮਿ ਚਾਹਤਿ ਤਿਮਿ ਨਹੀਂ ਸੁਧਾਰੇ ।
ਬਹੁਤ ਬਾਰ ਸਮਝਾਵਨਿ ਕਰਯੋ ।
ਇਹੀ ਕਾਜ ਕਰਿਓ ਨਹਿਂ ਧਰਯੋ ।'

ਰਾਮਾ ਜੀ ਕਹਿਣ ਲਗੇ—

'ਜਿਮਿ ਤੁਮ ਨੇ ਮੁਹਿ ਕਿਯੋ ਫ਼ੁਰਮਾਨ ।
ਕਰੀ ਤਥਾ ਮੈਂ ਬੁਧਿ ਬਲ ਲਾਇ ।
ਕਹਿ ਕਰਿ ਆਛੇ ਸੁਧਿ ਬਨਵਾਇ ।
ਆਪ ਕਹਹੁ ਜਿਮਿ ਬਿਸਰੈ ਫੇਰ ।
ਇਸ ਮਹਿ ਦੋਸ਼ ਅਹੇ ਕਯਾ ਮੇਰ ।'

'ਤੁਸੀਂ ਜਿਵੇਂ ਦੱਸਦੇ ਜਾਂਦੇ ਹੋ, ਤੁਹਾਨੂੰ ਫਿਰ ਭੁੱਲ ਜਾਂਦਾ ਹੈ ਅਤੇ ਤੁਹਾਨੂੰ ਥੜ੍ਹੀ ਪਸੰਦ ਨਹੀਂ ਆਉਂਦੀ ।' ਇਹ ਉੱਤਰ ਸੁਣ ਕੇ ਗੁਰੂ ਜੀ ਚੁੱਪ ਕਰ ਗਏ ਅਤੇ ਰਾਮਦਾਸ ਜੀ ਵੱਲ ਗਏ, ਉਹਨਾਂ ਦੀ ਥੜ੍ਹੀ ਵੀ ਪਸੰਦ ਨਾ ਕੀਤੀ । ਜਿਸ ਪਰ ਰਾਮਦਾਸ ਜੀ ਨੇ ਬੇਨਤੀ ਕੀਤੀ—

'ਹੌਂ ਅਜਾਨ ਨਿਤ ਭੂਲਨਹਾਰੋ ।
ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰੋ ।
ਬਾਰ ਬਾਰ ਬਖਸ਼ਤਿ ਹੋ ਮੋਹੀ ।
ਅਪਰਾਧੀ ਅਰ ਮੂਰਖ ਦ੍ਰੋਹੀ ।

ਜੇਤਿਕ ਸੁਮਤਿ ਦੇਤਿ ਸੋ ਜਾਨਵ।
ਬਿਨਾਂ ਦਿਯੇ ਕਿਆ ਬਪੁਰਾ ਮਾਨਵ।
ਰਾਵਰਿ ਕਰੁਨਾ ਕਰਹੁ ਬਤਾਵਉ।
ਨੀਕੀ ਭੀਤਿ ਭਾਖ ਸਮਝਾਵਉ।
ਮੈ ਮਤਿਮੰਦ ਅਭਾਗ ਵਿਚਾਰਾ।
ਜਾਨ ਸਕਿਓ ਨਹਿੰ ਕਹਯੋ ਤੁਮਾਰਾ।'
ਇਮਿ ਕਹਿ ਗਰ ਮਹਿ ਅੰਚਰ ਡਾਰਾ।
'ਛਿਮਹੁ ਪ੍ਰਭੂ ਅਪਰਾਧ ਹਮਾਰਾ।'

ਗੁਰੂ ਜੀ ਬੜੇ ਖ਼ੁਸ਼ ਹੋਏ ਅਤੇ ਸਮੀਪ ਖੜੇ ਸਿੱਖਾਂ ਨੂੰ ਕਿਹਾ—

ਸਭਿਨਿ ਸੁਨਾਵਤਿ ਬਾਕ ਅਲਾਵਹਿ।
'ਇਸ ਕੀ ਸੇਵਾ ਮੋ ਮਨ ਭਾਵਹਿ।
ਆਪਾ ਕਬਹੁ ਨ ਕਰਹਿ ਜਨਾਵਨ।
ਨਿਸ ਦਿਨ ਪ੍ਰੇਮ ਭਗਤਿ ਮਹਿੰ ਪਾਵਨਿ।'

ਬਸ ! ਇਸ ਪਰਖ ਨਾਲ ਨਿਰਣਾ ਹੋ ਗਿਆ ਕਿ ਗੁਰ-ਗੱਦੀ ਕਿਸ ਨੂੰ ਮਿਲਣੀ ਹੈ। ਸਤਿਗੁਰੂ ਅਮਰਦਾਸ ਜੀ ਨੇ ਅਸੂਲ ਇਹ ਦ੍ਰਿੜ੍ਹ ਕਰਾਇਆ—

'ਜਗ ਕੇ ਬਿਖੈ ਏਕ ਕਰ ਨੇਮੀ।
ਨੇਮ ਨਿਬਾਹਤਿ ਚਾਹਤਿ ਛੇਮੀ।
ਇਕ ਪ੍ਰੇਮੀ ਨਰ ਨੇਮ ਬਿਹੀਨਾ।
ਰੈਨ ਦਿਵਸ ਏਕੈ ਲਿਵ ਲੀਨਾ।
ਪ੍ਰੇਮ ਪ੍ਰਵਾਹ ਵਧੈ ਨਿਤਿ ਜਿਨ ਕੇ।
ਵਸੀ ਹੋਤਿ ਪੁਰਖੋਤਮ ਤਿਨ ਕੇ।
ਬਿਨਾਂ ਪ੍ਰੇਮ ਸਿਮਰਨ ਅਰੁ ਸੇਵਾ।
ਫਲ ਕੁਛ ਥੋਰੋ ਹੁਇ ਲਖ ਏਵਾ।

ਇਹ ਹੈ ਸਾਦੀ ਜਹੀ ਘਟਨਾ ਜਿਸ ਨੇ ਇਤਨਾ ਵੱਡਾ ਨਿਰਣਾ ਕੀਤਾ ਕਿ ਸਤਿਗੁਰੂ ਅਮਰਦਾਸ ਜੀ ਨੇ ਗੁਰਗੱਦੀ ਸਤਿਗੁਰੂ ਰਾਮਦਾਸ ਜੀ ਨੂੰ ਦੇ ਦਿੱਤੀ—

ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥
(ਰਾਮਕਲੀ ਸਦ, ੯੨੩)

ਬੜ੍ਹੇ ਬਣਾਉਂਦਿਆਂ ਤਖ਼ਤ ਸਤਿਗੁਰੂ ਰਾਮਦਾਸ ਜੀ ਨੂੰ ਮਿਲ ਗਿਆ। ਆਪ ਅਸਲ ਵਿਚ ਥੜ੍ਹੇ ਨਹੀਂ ਸਨ ਬਣਾ ਰਹੇ, ਆਪ ਤਾਂ ਤਖ਼ਤ ਬਣਾ ਰਹੇ ਸਨ। ਗੁਰੂ ਅਮਰਦਾਸ ਜੀ ਆਪ ਨੂੰ ਤਖ਼ਤ ਬਨਾਉਣ ਦੀ ਜਾਚ ਸਿਖਾ ਰਹੇ ਸਨ। ਤਖ਼ਤ ਦੇ ਲਾਇਕ ਹੋਣ ਲਈ ਯੋਗਤਾ ਦੀ ਲੋੜ ਹੈ। ਤਖ਼ਤ ਲਈ ਬਣੀ ਹੋਈ ਸ਼ਖ਼ਸੀਅਤ ਦੀ ਲੋੜ ਹੈ। ਤਖ਼ਤ ਕਿਸੇ ਸ਼ਖ਼ਸੀਅਤ ਦੇ ਬਲ ਤੇ ਜਿੱਤਣੇ ਪੈਂਦੇ ਹਨ। ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਇਸੇ ਭੇਦ ਦੀ ਵਿਆਖਿਆ ਹੈ ਕਿ ਤਖ਼ਤ ਸਿੰਘਾਸਣ ਕਿਵੇਂ ਜਿੱਤਿਆ ਜਾ ਸਕਦਾ ਹੈ। ਕਬੀਰ ਜੀ

ਨੇ ਭੈਰਉ ਰਾਗ ਵਿਚ ਆਪਣੀ ਕਥਾ ਦੱਸੀ ਹੈ ਕਿ ਉਨ੍ਹਾਂ ਨੇ ਰਾਜ ਸਿੰਘਾਸਣ ਕਿਵੇਂ ਪ੍ਰਾਪਤ ਕੀਤਾ। ਬੱਸ ਇਹੋ ਹੀ ਕਥਾ ਗੁਰੂ ਸਾਹਿਬਾਨ ਦੀ ਹੈ। ਭੱਟਾਂ ਨੇ ਵੀ ਇਸ ਕਥਾ ਨੂੰ ਖ਼ੂਬ ਬਿਆਨ ਕੀਤਾ ਹੋਇਆ ਹੈ। ਸਿੰਘਾਸਣ ਪ੍ਰਭੂ ਦਾ ਹੈ। ਗੁਰਗੱਦੀ ਪਰਮਾਤਮਾ ਦੀ ਵਸਤ ਸੀ, ਇਹ ਪ੍ਰਭੂ ਦਾ ਆਪਣਾ ਸਿੰਘਾਸਣ ਸੀ, ਇਸ ਤੇ ਚੜ੍ਹਨ ਲਈ ਕਰੜੀ ਮਿਹਨਤ ਦੀ ਲੋੜ ਸੀ ਅਤੇ ਸਿੱਧ ਪੁਰਸ਼ ਹੀ ਇਸ ਸਿੰਘਾਸਣ ਤੇ ਚੜ੍ਹ ਸਕਦਾ ਸੀ। ਕਬੀਰ ਜੀ ਨੇ ਆਪਣੀ ਕਥਾ ਇਵੇਂ ਦੱਸੀ ਹੈ :—

(ਭੈਰਉ ਕਬੀਰ ਜੀ ਪੰਨਾ ੧੧੬੧)

ਕਿਉ ਲੀਜੈ ਗਢੁ ਬੰਕਾ ਭਾਈ ॥
ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥ ੧ ॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥ ੨ ॥
ਸ੍ਵਾਦ ਸਨਾਹ, ਟੋਪੁ ਮਮਤਾ ਕੋ, ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰ ਇਉ ਗਢੁ ਲੀਓ ਨ ਜਾਈ ॥ ੩ ॥
ਪ੍ਰੇਮ ਪਲੀਤਾ ਸੁਰਤਿ ਹਵਾਈ, ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥ ੪ ॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧ ਸੰਗਤਿ ਅਰੁ ਗੁਰ ਕੀ ਕਿਰਪਾ ਤੇ ਪਕਰਿਓ ਗਢ ਕੋ ਰਾਜਾ ॥ ੫ ॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਨਾਸੀ ॥ ੬ ॥

ਪਰਮਾਤਮਾ ਤਾਂ ਬੜੇ ਹੀ ਮਜ਼ਬੂਤ ਕਿਲ੍ਹੇ ਅੰਦਰ ਰਹਿੰਦਾ ਹੈ। ਉਥੇ ਉਸ ਦਾ ਸਿੰਘਾਸਣ ਹੈ। ਉਸ ਕਿਲ੍ਹੇ ਤੀਕ ਕੋਈ ਪਹੁੰਚੇ, ਤਾਂ ਉਸ ਤਖ਼ਤ ਤੇ ਚੜ੍ਹੇ। ਉਸ ਕਿਲ੍ਹੇ ਤੀਕ ਕੋਈ ਤਦ ਪਹੁੰਚ ਸਕਦਾ ਹੈ ਜੇ ਪਹਿਲਾਂ ਦਵੈਤ ਦੀ ਕੰਧ ਤੋੜੇ, ਤ੍ਰਿਗੁਣੀ ਖਾਈ ਨੂੰ ਪਾਰ ਕਰੇ, ਪੰਚ ਤੱਤਾਂ ਤੇ ਉਹਨਾਂ ਦੇ ਪੰਜੀ ਰੂਪਾਂ ਤੋਂ ਉੱਚਾ ਉਠੇ, ਕਾਮ ਦੇ ਕਿਵਾੜ ਤੋੜ, ਦੁੱਖ ਸੁਖ ਦੇ ਦਰਵਾਨਾਂ ਨੂੰ ਜਿੱਤ ਸਕੇ, ਪਾਪ ਪੁੰਨ ਦੀ ਦਵੈਤ ਮਿਟਾ ਸਕੇ, ਕਰੋਧ ਦਾ ਨਾਸ ਕਰ ਸਕੇ, ਆਕੀ ਮਨ ਨੂੰ ਪਕੜ ਸਕੇ, ਸਵਾਦ, ਮਮਤਾ, ਕੁਬੁਧਿ, ਤ੍ਰਿਸਨਾ ਨੂੰ ਕਾਬੂ ਕਰ ਸਕੇ, ਤਦ ਕੋਈ ਉਸ ਕਿਲ੍ਹੇ ਤੀਕ ਪੁੱਜਦਾ ਹੈ। ਬੜੇ ਬਲ ਦੀ ਲੋੜ ਹੈ। ਇਹ ਬਲ ਪ੍ਰੇਮ, ਲਿਵ, ਗਿਆਨ, ਸਤ, ਸੰਤੋਖ ਨਾਲ ਅੰਦਰ ਉਪਜਦਾ ਹੈ ਇਹ ਗੁਣ ਗੁਰੂ ਕਿਰਪਾ ਨਾਲ ਦ੍ਰਿੜ੍ਹ ਹੁੰਦੇ ਹਨ। ਇਸ ਤਰ੍ਹਾਂ ਕੋਈ ਤਖ਼ਤ ਦੇ ਲਾਇਕ ਹੁੰਦਾ ਹੈ।

ਪਰ ਇਹ ਕਿਲ੍ਹਾ ਕਿਥੇ ਹੈ ਜਿਸ ਨੂੰ ਜਿੱਤਣਾ ਹੈ ਤੇ ਜਿਸ ਵਿਚ ਸਿੰਘਾਸਣ ਤੇ ਬਿਰਾਜਮਾਨ ਹੋਣਾ ਹੈ ? ਇਹ ਵੈਰੀ ਵੀ ਮਨੁੱਖ ਦੇ ਅੰਦਰ ਹਨ ਅਤੇ ਇਹ ਸਿੰਘਾਸਣ ਵੀ ਉਸ ਦੇ ਅੰਦਰ ਹੈ। ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਇਸ ਕਿਲ੍ਹੇ ਨੂੰ ਖ਼ੂਬ ਸਮਝਿਆ ਹੋਇਆ ਸੀ। ਆਪ ਨੇ ਇਸ ਦਾ ਭੇਦ ਦੱਸਿਆ ਸੀ, ਇਸ ਸੋਨੇ ਦੇ ਕਿਲ੍ਹੇ ਦਾ ਭੇਦ ਇਹ ਦੱਸਿਆ ਹੈ :—

ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ ॥
ਕੰਚਨ ਕਾਇਆ ਕੋਟਗੜ ਵਿਚਿ ਹਰਿ ਹਰਿ ਸਿਧਾ ॥
ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥
ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥
(ਆਸਾ ਮ: ੪ ਛਕੇ ਛੰਤ)

ਕਬੀਰ ਜੀ ਨੇ ਵੀ ਦੱਸਿਆ ਸੀ ਕਿ ਇਹ ਕਿਲ੍ਹਾ ਮਨੁੱਖ ਹੀ ਹੈ ਅਤੇ ਉਹ ਸਿੰਘਾਸਣ ਅੰਦਰ ਹੀ ਹੈ—

ਅਗਮ ਦ੍ਰੁਗਮ ਗੜਿ ਰਚਿਓ ਬਾਸ ॥
ਜਾ ਮਹਿ ਜੋਤਿ ਕਰੇ ਪਰਗਾਸ ॥
ਬਿਜੁਲੀ ਚਮਕੈ ਹੋਇ ਅਨੰਦੁ ॥
ਜਿਹ ਪਉੜੇ ਪ੍ਰਭ ਬਾਲ ਗੋਬਿੰਦ ॥
ਇਹੁ ਜੀਉ ਰਾਮ ਨਾਮ ਲਿਵ ਲਾਗੈ ॥
ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥

* * *

ਸੋ ਬ੍ਰਹਮੰਡਿ ਪਿੰਡਿ ਸੋ ਜਾਨ ॥
ਮਾਨ ਸਰੋਵਰਿ ਕਰਿ ਇਸਨਾਨੁ ॥
ਸੋਹੰ ਸੋ ਜਾ ਕਉ ਹੈ ਜਾਪ ॥
ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥

* * *

ਮਨ ਮਧੇ ਜਾਨੈ ਜੇ ਕੋਇ ॥
ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥
ਕਹਿ ਕਬੀਰ ਸੋ ਪ੍ਰਾਨੀ ਤਰੈ ॥
(ਭੈਰਉ ਕਬੀਰ ੧੧੬੨)

ਇਹ ਗੜ੍ਹ ਦਸਮ ਦੁਆਰ ਦਾ ਹੈ ਜਿਸ ਵਿਚ ਪਰਮਾਤਮਾ ਬਿਰਾਜਮਾਨ ਹੈ। ਪਰਮਾਤਮਾ ਦੇ ਆਸਣ ਤੇ ਪ੍ਰੇਮ ਦੁਆਰਾ ਕੋਈ ਚੜ੍ਹਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣਾ ਪ੍ਰੇਮ ਦੱਸਿਆ ਹੈ—

ਹਰਿ ਪ੍ਰੇਮ ਬਾਣੀ ਮਨੁ ਮਾਰਿਆ
ਅਣੀਆਲੇ ਅਣੀਆ ਰਾਮਰਾਜੇ।
ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥
ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥
ਜਨ ਨਾਨਕ ਸਤਿਗੁਰ ਮੇਲਿ ਹਰਿ ਜਗੁ ਦੁਤਰੁ ਤਰੀਆ ॥
(ਆਸਾ ਮਹਲਾ ੪ ਛਕੇ ਛੰਤ)

ਪ੍ਰੇਮ ਨੇ ਸਤਿਗੁਰੂ ਰਾਮਦਾਸ ਜੀ ਦੀ ਸ਼ਖ਼ਸੀਅਤ ਇਹ ਬਣਾ ਦਿੱਤੀ ਸੀ :—

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥

ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ ॥
ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥
ਜਨ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ॥

(ਆਸਾ ਮਹਲਾ ੪ ਛਕੇ ਛੰਤ)

ਇਹ ਸ਼ਖ਼ਸੀਅਤ ਹੀ ਸਿੰਘਾਸਣ ਤੇ ਬੈਠਣ ਦੇ ਯੋਗ ਹੈ। ਇਸੇ ਦੀ ਸਾਖੀ ਸਤਿਗੁਰੂ ਅਮਰਦਾਸ ਜੀ ਪੇਸ਼ ਕਰ ਰਹੇ ਸਨ ਤਾਂ ਜੋ ਸੰਸਾਰ ਨੂੰ ਸਿੱਧ ਹੋ ਸਕੇ ਕਿ ਭਾਈ ਜੇਠਾ (ਗੁਰੂ ਰਾਮਦਾਸ ਜੀ) ਪ੍ਰਭੂ ਸਿੰਘਾਸਣ ਤੇ ਬਿਰਾਜਮਾਨ ਹੋਣ ਦੇ ਯੋਗ ਹਨ। ਸੰਤਾਨ, ਸੰਤਾਨ ਹੋਣ ਦੇ ਨਾਤੇ, ਇਸ ਸਿੰਘਾਸਣ ਦੀ ਵਾਰਸ ਨਹੀਂ ਹੈ। ਯੋਗਤਾ ਤਖ਼ਤ ਦੀ ਵਾਰਸ ਹੈ। ਤਖ਼ਤ ਵੀ ਅੰਦਰ ਹੈ ਅਤੇ ਯੋਗਤਾ ਵੀ ਅੰਦਰ ਹੈ।

ਗੁਰੂ ਰਾਮਦਾਸ ਜੀ ਬੜੇ ਮਹਾਨ ਗੁਰੂ ਹੋਏ, ਜਿਨ੍ਹਾਂ ਨੇ ਅੰਮ੍ਰਿਤ ਦੇ ਪਰਵਾਹ ਚਲਾ ਦਿੱਤੇ। ਪਰ ਆਪ ਦੀ ਪਤਨੀ ਬੀਬੀ ਭਾਨੀ ਬੜੀ ਹੀ ਸਮਰੱਥ ਸ਼ਕਤੀ ਸੀ ਅਤੇ ਗੁਰੂ ਰਾਮਦਾਸ ਜੀ ਦੇ ਜੀਵਨ ਪਰਦੇ ਪਿਛੇ ਇਹ ਇਸਤਰੀ ਕੀ ਕੁਝ ਕਰ ਚੁਕੀ ਸੀ। ਇਕ ਬੜੀ ਵਚਿੱਤਰ ਘਟਨਾ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਇਥੇ ਅੰਕਤ ਕਰਦੇ ਹਾਂ।

ਇਕ ਸਵੇਰ ਗੁਰੂ ਅਮਰਦਾਸ ਜੀ ਇਸ਼ਨਾਨ ਕਰ ਕੇ ਬਿਰਾਜਮਾਨ ਸਨ ਕਿ ਬੀਬੀ ਨੇ ਆ ਕੇ ਮੱਥਾ ਟੇਕਿਆ ਤੇ ਗੁਰ ਜੀ ਬੋਲੇ :—

'ਰਾਮ ਦਾਸ ਅਬਿ ਤਨ ਪਰਹਰੈ ॥
ਕਹ ਪੁਤ੍ਰੀ ਕਯਾ ਤਬਿ ਤੂ ਕਰੈ ?
ਛਿਨ ਭੰਗਰ ਸਭਿ ਅਹੈਂ ਸਰੀਰ ॥
ਬਿਨਸਤਿ ਤੁਰਤ ਨ ਕਰਿਹੀਂ ਧੀਰ ॥'

ਬੀਬੀ ਭਾਨੀ ਜੀ ਬੜੇ ਸਿਆਣੇ ਸਨ ਤੇ ਜਾਣਦੇ ਸਨ, 'ਹੋਤਿ ਨ ਕਬਹੁ ਕੂਰ ਪਿਤ ਬਾਨੀ' ਕਿ ਪਿਤਾ ਜੀ ਦੇ ਕਹੇ ਸ਼ਬਦ ਵਿਅਰਥ ਨਹੀਂ ਹੁੰਦੇ। ਸੋ ਉਨ੍ਹਾਂ ਆਪਣੇ ਨੱਕ ਦੀ ਨੱਥ ਲਾਹ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੀ ਤੇ ਕਿਹਾ—

ਪ੍ਰਭੂ ਜੀ ਅਪਰਕਾਰ ਕਯਾ ਕਰਹੋਂ ॥
ਜੋ ਬਿਧਵਾ ਕੇ ਧਰਮ, ਸੁ ਧਰਿਹੋਂ ॥
ਕਿਧੋ ਚਿਤਾ ਕੇ ਊਪਰ ਚਰਿਹੋਂ ॥
ਜਰ ਕਰਿ ਪਤਿ ਕੇ ਸੰਗਿ ਸਿਧਰਿ ਹੋਂ ॥
ਜੋ ਤੁਮ ਆਗਯਾ ਹੋਇ ਸੁ ਕਰਿਹੋਂ ॥
ਨਿਸਚੈ ਮਰੋਂ ਸੁ ਰਿਦੈ ਬਿਚਰਿਹੋਂ ॥

ਇਸ ਤੇ ਗੁਰੂ ਜੀ ਨੂੰ ਸੋਚਣਾ ਪਿਆ। ਆਪ ਨੇ ਸੋਚ ਕੇ ਫੁਰਮਾਇਆ—

ਹੇ ਪੁਤਰੀ ! ਸੁਨਿ ਸੁਮਤਿ ਮਹਾਨੇ ॥
... ... ...
ਤਨ ਕੋ ਰਾਖ ਭਜਹੁ ਜਗਦੀਸ ॥
ਅਬਿ ਮੈ ਕਰਿਹੋਂ ਤੁਮ ਬਖਸੀਸ ॥
ਰਾਮਦਾਸ ਕੀ ਬਯ ਅਬਿ ਨਾਹੀ ॥
ਪੂਰਨ ਅਵਧਿ ਆਜ ਦਿਨ ਮਾਹੀ ॥

ਤਿਨ ਜੀਵਨ ਕੋ ਆਨਿ ਉਪਾਇ ॥
ਨਹੀ ਹੋਤਿ ਨਿਸਚੈ ਇਮ ਲਿਆਇ ॥
ਆਪਨ ਆਰਬਲਾ ਅਬਿ ਮੈਂ ਦੇਵੋਂ ॥
ਹਿਤ ਪਰਲੋਕ ਗਮਨ ਸੁਭ ਲੇਵੋਂ ॥

ਸਤਿਗੁਰੂ ਜੀ ਨੇ ਆਪਣੀ ਰਹੀ ਸੱਤ ਸਾਲ ਰਹਿੰਦੀ ਉਮਰ ਗੁਰੂ ਰਾਮਦਾਸ ਸਾਹਿਬ ਨੂੰ ਦੇਣ ਦਾ ਨਿਸਚਾ ਕਰ ਲਿਆ। ਆਪ ਪਰਲੋਕ ਸਿਧਾਰਨ ਦੀ ਤਿਆਰੀ ਕਰ ਦਿੱਤੀ। ਗੁਰ ਗੱਦੀ ਵੀ ਸਤਿਗੁਰੂ ਰਾਮਦਾਸ ਜੀ ਨੂੰ ਦੇ ਦਿੱਤੀ ਤੇ ਸੱਤ ਸਾਲ ਦੀ ਉਮਰ ਵੀ ਉਹਨਾਂ ਨੂੰ ਦੇ ਦਿੱਤੀ। ਸਤਿਗੁਰੂ ਜੀ ਨੇ ਇਹ ਕਿਹਾ—

ਤੋਹਿ ਮੋਹਿ ਮੇ ਭੇਦ ਨ ਰਹਯੋ।
ਇਕ ਸਰੂਪਤਾ ਦੋਨਹੁ ਲਹਿਯੋ।
ਜਲ ਕੋ ਭਰਿਓ ਹੋਤਿ ਘਟ ਜੈਸੇ।
ਪਰੈ ਉਦਧਿ ਲਹਿ ਇਕਤਾ ਤੈਸੇ।
ਤਿਮਿ ਸਰੂਪ ਮੇਰੋ ਇਕ ਹੋਵਾ।
ਕਿਯੋਂ ਹੂੰ ਭੇਦ ਪਰਹਿ ਨਹਿੰ ਜੋਵਾ।
ਪ੍ਰੇਮ ਭਗਤਿ ਅਸ ਤਵ ਉਰ ਬਸੀ।
ਬਸੀ ਕੀਨਿ ਮੋਕਹੁ ਕਰਿ ਜਿਸੀ।

'ਇਸ ਲਈ ਬਾਕੀ ਮੇਰੀ ਉਮਰ ਤੁਸੀਂ ਭੋਗ ਸਕਦੇ ਹੋ।' ਗੁਰੂ ਜੀ ਦਾ ਭਾਵ ਸੀ।

ਬੀਬੀ ਭਾਨੀ ਜੀ ਤੇ ਸਵਿਤਰੀ ਸੁਕੰਨਿਆ ਤੋਂ ਵੀ ਵੱਧ ਨਿਕਲੇ। ਉਸੇ ਤਰ੍ਹਾਂ ਆਪਣੇ ਪਤੀ ਨੂੰ ਬਚਾਇਆ ਤੇ ਉਹਨਾਂ ਦੀ ਕੁਲ ਵਿਚ ਰਾਜ ਲਿਆਂਦਾ, ਰਾਜ ਵੀ ਅਰਸ਼ ਤੇ ਫ਼ਰਸ਼ ਦਾ।

ਸੱਤ ਸਾਲ ਦੀ ਉਮਰ ਸਤਿਗੁਰੂ ਰਾਮਦਾਸ ਜੀ ਨੂੰ ਮਿਲੀ ਸੀ। ਸੱਤ ਸ਼ਹੀਦੀਆਂ ਸਿੱਧੀਆਂ ਆਪਣੀ ਕੁਲ ਵਿਚੋਂ ਦੇਣੀਆਂ ਪਈਆਂ। ਇਹ ਸੱਤ ਸ਼ਹੀਦ—੧. ਸਤਿਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਸਾਹਿਬ ਜੀ, ਸਤਿਗੁਰੂ ਗੋਬਿੰਦ ਸਿੰਘ ਜੀ ਅਤੇ ਚਾਰ ਸਾਹਿਬਜ਼ਾਦੇ ਹੋਏ।

ਸ਼ਹੀਦ ਵੀ ਤਖ਼ਤਾਂ ਦੇ ਹੀ ਮਾਲਕ ਹੁੰਦੇ ਹਨ, ਤਖ਼ਤਾਂ ਵਾਲਿਆਂ ਦੀ ਸੰਤਾਨ ਤਖ਼ਤਾਂ ਤੇ ਹੀ ਬੈਠਦੀ ਹੈ। ਸ਼ਹੀਦ ਸਦੀਆਂ ਤੀਕ ਲੋਕਾਂ ਦੇ ਦਿਲਾਂ ਦੇ ਸਿੰਘਾਸਨ ਤੇ ਬੈਠਦੇ ਹਨ। ਇਹ ਸੰਸਾਰ ਦੇ ਸੂਰਮੇ ਹੁੰਦੇ ਹਨ ਅਤੇ ਇਹਨਾਂ ਦਾ ਆਚਰਨ ਇਹ ਹੁੰਦਾ ਹੈ—

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥ ੧ ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ ੨ ॥ ੨ ॥
(ਮਾਰੂ ਕਬੀਰ ਜੀ)

ਤਥਾ—ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥ ੧੪ ॥

ਠੀਕਰਿ ਫੋਰਿ ਦਿਲੀਸ ਸਿਰੁ ਪ੍ਰਭ ਪੁਰ ਕੀਯਾ ਪਿਯਾਨ ॥
ਤੇਗ ਬਹਾਦਰ ਸੀ ਕਿਰਿਆ ਕਰੀ ਨ ਕਿਨਹੂ ਆਨ ॥ ੧੫ ॥
(ਬਚਿਤ੍ਰ ਨਾਟਕ)

ਇਹ ਸ਼ਹੀਦ ਵੀ ਤਖ਼ਤ ਤੇ ਬਿਰਾਜਮਾਨ ਹਨ। ਪਰ ਸ਼ਹਾਦਤ ਵੀ ਤਾਂ ਇਕ ਸੇਵਾ ਹੈ ਤੇ ਇਸ ਦੀ ਰੀਤ ਉਹ ਹੀ ਹੈ ਜੋ ਸਤਿਗੁਰੂ ਰਾਮਦਾਸ ਜੀ ਨੇ ਨਿਭਾਈ; ਉਸੇ ਸੇਵਾ ਨੇ ਆਪ ਨੂੰ ਥੜ੍ਹੇ ਤੋਂ ਤਖ਼ਤ ਦੇ ਦਿੱਤਾ। ਸ਼ਹਾਦਤ ਵੀ ਤਖ਼ਤ ਤੀਕ ਪੁੱਜਣ ਲਈ ਇਕ ਥੜ੍ਹਾ ਹੈ। ਇਹ ਪਉੜੀ ਹੈ। ਇਹ ਪਉੜੀ ਤਖ਼ਤ ਤੇ ਪੁੱਜਣ ਲਈ ਇਕ ਥੜ੍ਹਾ ਹੈ। ਇਹ ਪਉੜੀਆਂ ਤਖ਼ਤ ਤੇ ਪੁੱਜਣ ਲਈ ਚੜ੍ਹਨੀਆਂ ਪੈਂਦੀਆਂ ਹਨ, ਤੇ ਇੰਜ ਥੜ੍ਹੇ ਤੋਂ ਤਖ਼ਤ ਅਵੱਸ਼ ਮਿਲ ਸਕਦਾ ਹੈ।

# ੫. ਤਪਤ ਲੋਹ

੧.

ਗੁਰੂ ਅਰਜਨ ਸਾਹਿਬ ਸ਼ਾਂਤੀ ਦੇ ਪੁੰਜ ਮੰਨੇ ਗਏ ਹਨ—'ਹਿਵੈ ਘਰ' ਅਤੇ ਆਪ ਸਚਮੁੱਚ ਹੀ ਬਰਫ਼ ਦੇ ਘਰ ਸਨ। ਆਪ ਦੀ ਬਾਣੀ ਸਦੀਵ ਕਾਲ ਲਈ ਸਾਰੇ ਸੰਸਾਰ ਨੂੰ ਠੰਢ ਦੇਂਦੀ ਰਹੇਗੀ। ਆਪ ਦੀ ਬਾਣੀ ਆਪ ਦਾ ਹਿਰਦਾ ਹੈ—ਜੋ ਠੰਢ ਬਾਣੀ ਵਿਚ ਹੈ, ਉਹ ਆਪ ਦੇ ਹਿਰਦੇ ਦਾ ਹੀ ਪਰਕਾਸ਼ ਹੈ। ਸ਼ਾਂਤੀ ਤੇ ਸੀਤਲ ਠੰਢ ਦੇ ਘਰ ਗੁਰੂ ਅਰਜਨ ਸਾਹਿਬ ਹੀ ਮੰਨੇ ਗਏ ਹਨ। ਪਰ ਆਪ ਦੀ ਸ਼ਹਾਦਤ ਸਖ਼ਤ ਤਪਸ਼ ਨਾਲ ਹੋਈ ਹੈ—'ਤਪਤ ਨੀਰ', 'ਤਪਤ ਬਾਰੂ' ਅਤੇ 'ਤਪਤ ਲੋਹ' ਨਾਲ। ਇਹ ਤਿੰਨੇ ਸਿਰਲੇਖ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਦੇ ਹਨ। ਭਾਈ ਸੰਤੋਖ ਸਿੰਘ ਜੀ ਨੇ ਚੰਦੂ ਦੁਆਰਾ ਇਹ ਸਾਰੇ ਸਾਕੇ ਵਰਤੇ ਦੱਸੇ ਹਨ ਤੇ ਕਾਰਨ ਚੰਦੂ ਦੀ ਲੜਕੀ ਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਲਈ ਸਾਕ ਅਪਰਵਾਨ ਹੋਣਾ ਦੱਸਿਆ ਹੈ।

ਅਸੀਂ ਪਹਿਲਾਂ ਇਹ ਦੇਖਦੇ ਹਾਂ ਕਿ ਇਹ ਸਾਰਾ 'ਤਪਤ ਲੋਹ' ਦਾ ਨਾਟਕ ਕਿਵੇਂ ਵਾਪਰਿਆ। ਫਿਰ ਵੇਖਣ ਦਾ ਯਤਨ ਕਰਾਂਗੇ ਕਿ ਇਸ ਨਾਟਕ ਦੇ ਸੰਸਾਰ ਲਈ ਅਰਥ ਕੀ ਹਨ?

ਤਪਤ ਨੀਰ—

ਚੰਦੂ ਕਹਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਇਨਕਾਰ ਨੇ ਮੇਰੀ ਛਾਤੀ ਤਪਾਈ ਹੈ, ਇਸ ਲਈ—

ਆਨਹ ਅਗਨਿ ਤਪਾਵਹੁ ਨੀਰ ॥
ਬੀਚ ਬਿਠਾਵਹੁ ਤਪਹਿ ਸਰੀਰ ॥
ਮੈਂ ਜਿਮ ਤਪਤਯੋ ਦਿਨ ਅਰੁ ਰਾਤੀ ॥
ਮਹਾਂ ਕਸ਼ਟ ਤੇ ਸੁਲਗਤਿ ਛਾਤੀ ॥
ਤਿਮ ਤਪਤਾਵਹੁ ਬਿਲਮ ਨ ਲਾਵਹੁ ॥
ਨਾਂ ਹਿਤ ਲੇ ਨਾਤਾ ਮਨਵਾਵਹੁ ॥
ਸੁਨੀ ਦੁਸ਼ਟ ਕੀ ਆਇਸੁ ਜਬੈ ॥
ਜਲ ਭਰਿ ਦੇਗ ਚਢਾਇਸਿ ਤਬੈ ॥

* * *

ਕਹਿ ਚਾਕਰ ਸੋਂ ਦੇਗ ਉਬਾਰੀ ॥
ਪਕਰਹੁ ਦੇਹੁ ਤਿਸੀ ਮਹਿਂ ਡਾਰੀ ॥

ਤਬ ਸਤਿਗੁਰੂ ਉਠਿ ਆਪੇ ਗਏ ॥
ਤਪਤ ਨੀਰ ਮਹਿੰ ਬੈਠਤਿ ਭਏ ॥
ਹਾਹਾਕਾਰਿ ਹੇਰਿ ਸਿਖ ਕਰੈਂ ॥
ਉਠਯੋ ਪਿਰਾਣਾ ਸ਼ਕਤਿ ਨ ਜਰੈਂ ॥
॥ ਦੋਹਰਾ ॥
ਕਿਤਕ ਕਾਲ ਬੈਠੇ ਰਹੇ ਪੁਨ ਖਲ ਕਹਿ ਨਿਕਸਾਇ ॥
ਗਯੋ ਸਦਨ ਨਿਜ ਮੂਢ ਮਤਿ ਮਹਿਮਾ ਲਖੀ ਨ ਕਾਇ ॥

ਬਾਰੂ ਤਪਤ—

'ਤਪਤ ਨੀਰ' ਮਗਰੋਂ ਸ੍ਰੀ ਗੁਰੂ ਜੀ ਨੂੰ 'ਤਪਤ ਰੇਤ' ਦੇ ਤਸੀਹੇ ਦਿੱਤੇ ਗਏ—

ਇਮ ਕਹਿ ਭਾਠ ਬਿਖੈ ਤੇ ਬਾਰੂ।
ਮੰਗਵਾਇਸ ਤਿਹ ਕਰਹਿ ਨਿਹਾਰੂ।
ਤਪਤ ਕਰਨਿ ਕੀ ਆਇਸੁ ਦਈ।
ਬਹੁ ਸਮਧਾ ਊਪਰ ਤਿਸ ਪਈ।
ਦੇ ਦੇ ਆਂਚਿ ਤਪਤਿ ਕਰਿਵਾਯੋ।
ਅਗਨਿ ਸਮਾਨ ਤੇਜ ਪ੍ਰਵਿਸਾਯੋ।
ਇਕ ਜੇਸਠ ਦੀ ਰੁਤਿ ਅਤਿ ਘਾਮ।
ਮਹਾਂ ਤਪਤਿ ਤੇ ਪਤਹਿ ਤਮਾਮ।
ਪੁਨਹ ਦੁਸ਼ਟ ਨੇ ਕਹਿ ਬਿਠਵਾਏ।
ਥਿਰ ਸਤਿਗੁਰੂ ਕੁਛ ਖੇਦ ਨ ਪਾਏ।
ਚੌਦਹ ਲੋਕ ਰਚੇ ਜਿਨ ਕੇਰੇ।
ਤੇਜ ਹੁਤਾਸਨ ਹੁਇ ਕਿਮ ਨੇਰੇ।
ਤਪਤਿ ਰੇਤ ਪਰ ਨਿਸ਼ਚਲ ਬੈਸੇ।
ਸੁਖ ਤੇ ਮ੍ਰਿਦੁ ਆਸਨ ਪਰ ਜੈਸੇ।
ਇਤ ਉਤ ਅੰਗ ਨਹੀਂ ਡੁਲਯੰਤੇ।
ਭਏ ਮੌਨ ਕੁਛ ਨਹੀਂ ਕਹੰਤੇ।
ਕਹਯੋ ਦੁਸ਼ਟ ਪੁਨ ਕਰਛੇ ਲੈ ਕੇ।
ਤਪਤਿ ਰੇਤ ਦਿਹ ਊਪਰ ਪੈ ਕੇ।
ਨਹਿੰ ਬੋਲਤਿ ਨਹਿੰ ਮਾਨਤਿ ਨਾਤਾ।
ਇਸ ਕੋ ਜਾਤ ਲਗਹਿ ਨਹਿੰ ਤਾਤਾ।

* * *

ਦੋਇ ਜਾਮ ਲਗਿ ਬਾਧਾ ਦੀਨਸਿ।
ਨਹੀਂ ਤ੍ਰਾਸ ਮਨ ਦੁਸ਼ਟਨਿ ਕੀਨਸਿ।
ਬੈਠ ਰਹੈਂ ਅਬੋਲ ਅਡੋਲ।
ਸਤਿਗੁਰ ਮਹਿਮਾ ਮਹਾਂ ਅਤੋਲ।

ਅਜਰ ਜਰਨਿ ਕੀ ਔਧਿ ਜਨਾਈ।
ਇਤੇ ਕਸ਼ਟ ਤੇ ਨਹੀਂ ਦਿਖਾਈ।

### ਤਪਤ ਲੋਹ—

ਇਸ ਮਗਰੋਂ ਸ੍ਰੀ ਗੁਰੂ ਜੀ ਨੂੰ 'ਤਪਤ ਲੋਹ' ਤੇ ਬਿਠਾਇਆ ਗਿਆ—

ਇਮ ਪਾਪੀ ਨੇ ਰਿਦੇ ਬਿਚਾਰਾ।
ਨਾਤਾ ਦੇਊ ਕਿ ਕਰੌਂ ਸੰਘਾਰਾ।
ਕਹਿ ਕਰਿ ਦੀਰਘ ਲੋਹ ਮੰਗਾਈ।
ਧਰਿ ਊਪਰਿ ਤਰ ਅਗਨਿ ਜਲਾਈ।
ਸਮ ਤਾਂਬੇ ਕੇ ਤਪਤਿ ਕਰਾਈ।
ਦੇਖਿ ਪਾਤਕੀ ਲਿਏ ਬੁਲਾਈ।
ਇਸ ਪਰ ਖਰੇ ਹੋਹੁ ਤਪ ਸਹੋ।
ਨਾਹਿੰ ਤ ਨਾਤਾ ਲੈਬੇ ਚਹੋ।
ਗੁਰੂ ਨ ਉਤਰ ਦੀਨਸਿ ਕੋਈ।
ਲੋਹ ਅਰੂਢਨਿ ਉਰ ਮਹਿੰ ਹੋਈ।

ਇਸ ਉਪਰੰਤ ਗੁਰੂ ਜੀ ਨੂੰ ਰਾਵੀ ਤੇ ਇਸ਼ਨਾਨ ਲਈ ਲੈ ਗਏ। ਗੁਰੂ ਜੀ ਦੀ ਦਸ਼ਾ ਅਡੋਲ ਸੀ।

ਚਿਤ ਕੀ ਬ੍ਰਿਤਿ ਏਕ ਰਸ ਤੈਸੇ।
ਨਿਜ ਨੰਦ ਮਹਿੰ ਪੂਰਬ ਜੈਸੇ।
ਤਨ ਪੀਰਾ ਤੇ ਡਿਗੀ ਨ ਸੋਈ।
ਮੇਰੁ ਹਲਾਇ ਨ ਜਿਮ ਨਰ ਕੋਈ।
ਸਨੈ ਸਨੈ ਰਾਵੀ ਕੇ ਤੀਰ।
ਪਹੁੰਚੇ ਛੁਯੋ ਨੀਰ ਬਡ ਸੀਰ।
ਕਰ ਪੰਕਜ ਤੇ ਮੁਖ ਅਰਬਿੰਦ।
ਕਰਯੋ ਪਖਾਰਨਿ ਧੀਰ ਮੁਕੰਦ।
ਬਿੰਦ ਚੁਰੇ ਕਰਿ ਮੁਖ ਸਿਤਲਾਯੋ।
ਮਹਾਂ ਉਸ਼ਨਤਾ ਜੋ ਤਪਤਾਯੋ।
ਗਹਿ ਪਦ ਪਦਮ ਲੰਗਾਹ ਪਖਾਰੇ।
ਪ੍ਰਵਿਸ਼ੇ ਜਲ ਮਹਿੰ ਮੱਜਨ ਧਾਰੇ।

* * *

ਆਪਨੇ ਸਦਨ ਬਿਕੁੰਠ ਪਹੂਚੇ।
ਸਰਬ ਲੋਕ ਤੇ ਅਹੈ ਜੁ ਊਚੇ।
ਕੇਤਿਕ ਦਿਨ ਸੁਰ ਜਨ ਬਚ ਰਹੈਂ।
ਸਤਿਗੁਰ ਚਰਿਤ ਸੁ ਅਚਰਜ ਅਹੈਂ।

ਜਿਨ ਸਮਾਨਤਾ ਕਰਿਹੈ ਕੋਇ ਨ ।
ਭੂਤ ਨ ਭਯੋ ਭਵਿਖਯਤਿ ਹੋਇ ਨ ।

ਇਸ ਤਰ੍ਹਾਂ ਸ੍ਰੀ ਗੁਰਦੇਵ ਜੀ ਸ਼ਹਾਦਤ ਨੂੰ ਪ੍ਰਾਪਤ ਹੋਏ ।

੨.

ਇਹ ਅਗਨਿ-ਕਰਤੱਵ ਗੁਰੂ ਅਰਜਨ ਦੇਵ ਜੀ ਨੇ ਕਿਉਂ ਕੀਤਾ ? ਇਸ ਤੋਂ ਸੰਸਾਰ ਦੀ ਕੀ ਭਲਾਈ ਹੋਈ, ਕਿਉਂਕਿ ਗੁਰੂ ਦਾ ਸਾਰਾ ਜੀਵਨ ਪਰਉਪਕਾਰ ਲਈ ਹੁੰਦਾ ਹੈ, ਇਸ ਵਿਚ ਕੀ ਭੇਦ ਸੀ ?

ਇਸ ਗੱਲ ਦਾ ਉੱਤਰ ਜਾਣਨ ਲਈ ਸਾਨੂੰ ਅਗਨੀ ਦਾ ਸਰੂਪ ਜਾਣਨਾ ਚਾਹੀਦਾ ਹੈ । ਅਗਨੀ ਦੇ ਭਾਰਤੀ ਸਾਹਿਤ ਤੇ ਸਭਿਆਚਾਰ ਵਿਚ ਅਨੇਕ ਸਰੂਪ ਮੰਨੇ ਹੋਏ ਹਨ । ਇਕ ਸਰੂਪ ਤਾਂ ਉਸ ਦਾ ਉਹ ਹੈ, ਜਿਥੇ ਉਹ, ਸ਼ਾਇਦ ਪਾਰਬ੍ਰਹਮ ਤੋਂ ਥੱਲੇ ਸਭ ਤੋਂ ਮਹਾਨ ਤੇ ਪਵਿੱਤਰ ਦੇਵਤਾ ਹੈ । ਸਾਰਾ ਹਵਨ ਅਗਨੀ ਦੁਆਰਾ ਹੀ ਸੰਭਵ ਹੈ । 'ਹਵਨ' ਵਿਚ ਇਕੋ ਹੀ ਸਿਧਾਂਤ ਹੈ ਅਤੇ ਉਹ ਸਿਧਾਂਤ ਹੈ ਤਿਆਗ-ਕੁਰਬਾਨੀ ਆਦਿ ਦਾ—'ਹਵਨ' ਕੁਰਬਾਨੀ ਦਾ ਸੂਚਕ ਹੈ, ਕੁਰਬਾਨੀ ਲੋਕ-ਹਿਤ ਲਈ ਹੁੰਦੀ ਹੈ । ਇਹ ਕੁਰਬਾਨੀ ਸੰਸਾਰ ਦੇ ਵਾਯੂ-ਮੰਡਲ ਨੂੰ ਪਵਿੱਤਰ ਕਰਦੀ ਹੈ ।

ਗੁਰੂ ਅਰਜਨ ਸਾਹਿਬ ੧੬੦੪ ਵਿਚ ਇਕ ਮਹਾਨ ਯੱਗ ਸੰਪੂਰਨ ਕਰ ਚੁਕੇ ਸਨ, ਜਦੋਂ ਆਪ ਨੇ ਇਕ 'ਥਾਲ' ਸੰਸਾਰ ਨੂੰ ਪੇਸ਼ ਕੀਤਾ ਸੀ ਤਾਂ ਜੋ ਉਹ ਆਪਣੀ 'ਉਧਾਰ' ਦੀ ਭੁੱਖ ਤ੍ਰਿਪਤ ਕਰ ਸਕੇ; ਸੰਸਾਰ ਨੂੰ ਗਿਆਨ ਦਿੱਤਾ ਸੀ ਤਾਂ ਜੋ ਉਹ 'ਤਮ ਸੰਸਾਰ'—ਅੰਧੇਰੇ ਵਿਚ ਭਟਕ ਰਹਿਆ ਸੰਸਾਰ—ਰੋਸ਼ਨੀ ਨੂੰ ਪਛਾਣ ਸਕੇ ਅਤੇ ਕਲਿਆਣ ਪ੍ਰਾਪਤ ਕਰ ਸਕੇ । ਇਹ ਯੱਗ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਸੀ । ਇਸ ਥਾਲ ਵਿਚ ਆਪ ਨੇ ਸੰਸਾਰ-ਕਲਿਆਣ ਲਈ ਖ਼ੁਰਾਕ ਰੱਖੀ ਸੀ—ਸਤੁ, ਸੰਤੋਖੁ ਤੇ ਨਾਮ ਦੀ ਖ਼ੁਰਾਕ ।

ਥਾਲ ਵਿਚਿ ਤਿਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ।
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ।
ਜੇ ਕੋ ਖਾਵੈ ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ ।
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ ।
ਤਮ ਸੰਸਾਰੁ ਚਰਨ ਲਗਿ ਤਰੀਐ, ਸਭੁ ਨਾਨਕ ਬ੍ਰਹਮ ਪਸਾਰੋ ।

ਬਸ ੧੬੦੬ ਵਿਚ ਆਪ ਇਕ ਹਵਨ ਕਰ ਰਹੇ ਸਨ । ਸੰਸਾਰ ਕਲਿਆਣ ਲਈ ਆਪ ਇਹ ਹਵਨ ਕਰ ਰਹੇ ਸਨ । ਆਪ ਇਸ ਵਿਚ ਆਪਣੀ ਅਹੂਤੀ ਪਾ ਰਹੇ ਸਨ । ਇਸ ਅੱਗ ਵਿਚ ਆਪਣਾ ਆਪ ਕੁਰਬਾਨ ਕਰ ਰਹੇ ਸਨ । ਆਪ ਸੰਸਾਰ ਦੀ ਸਾਰੀ ਅੱਗ ਆਪਣੇ ਅੰਦਰ ਸਮੋ ਲੈਣ ਲਈ ਇਹ ਕੁਰਬਾਨੀ ਕਰ ਰਹੇ ਸਨ । ਸਾਰੇ ਸੰਸਾਰ ਦੇ ਪਾਪਾਂ ਲਈ ਆਪ ਪ੍ਰਾਸ਼ਚਿਤ ਕਰ ਰਹੇ ਸਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਸੰਸਾਰ ਵਿਚ ਚਾਰ ਅੱਗ ਦੀਆਂ ਨਦੀਆਂ ਚੱਲ ਰਹੀਆਂ ਹਨ । ਇਸ ਸੰਸਾਰ ਨੂੰ ਅੱਗ ਦਾ ਹੀ ਸਾਗਰ ਮੰਨਿਆ ਗਿਆ ਹੈ ।

'ਤਿਤੁ ਸਰਵਰੜੈ ਭਈ ਲੇ ਨਿਵਾਸਾ,
ਪਾਣੀ ਪਾਵਕੁ ਤਿਨਹਿ ਕੀਆ ॥
ਪੰਕਜੁ ਮੋਹ ਪਗੁ ਨਹੀ ਚਾਲੈ,
ਹਮ ਦੇਖਾ ਤਹ ਡੂਬੀਅਲੇ ॥......'

ਇਸ ਅੱਗ ਦੇ ਸਰੋਵਰ ਨੂੰ ਆਪ ਸ਼ਾਂਤ ਕਰਨਾ ਚਾਹੁੰਦੇ ਸਨ। ਇਹੋ ਗੁਰੂ ਵਿਅਕਤੀ ਦਾ ਉਦੇਸ਼ ਹੁੰਦਾ ਹੈ। ਅੱਗ ਇਹ ਹੈ :

ਹੰਸੁ ਹੇਤੁ ਲੋਭੁ ਕੋਪੁ, ਚਾਰੇ ਨਦੀਆ ਅਗਿ ॥
ਪਵਹਿ ਦਝਹਿ ਨਾਨਕਾ, ਤਰੀਐ ਕਰਮੀ ਲਗਿ ॥

ਆਪ ਦੀ ਅਗਨੀ ਨਾਲ ਟੱਕਰ ਸੀ। ਸੰਸਾਰ ਦੀਆਂ ਅਗਨੀਆਂ ਹਿੰਸਾ, ਮੋਹ, ਲੋਭ ਤੇ ਕ੍ਰੋਧ ਹਨ। ਹਿੰਸਾ ਹੀ ਵੱਡੀ ਚੀਜ਼ ਹੈ। ਆਪ ਕਿਸੇ ਰੂਪ ਵਿਚ ਹਿੰਸਾ ਨਹੀਂ ਸਨ ਬਰਦਾਸ਼ਤ ਕਰ ਸਕਦੇ। ਹਿੰਦੁਸਤਾਨ ਵਿਚ ਅਨੇਕ ਪ੍ਰਕਾਰ ਦੀ ਹਿੰਸਾ ਹੋ ਰਹੀ ਸੀ। 'ਰਾਜੇ ਸੀਂਹ ਮੁਕਦਮ ਕੁਤੇ' ਹਿੰਸਾ ਕਰ ਰਹੇ ਸਨ। ਕਾਜ਼ੀ ਰਿਸ਼ਵਤੀ ਹੋ ਕੇ ਹਿੰਸਾ ਕਰ ਰਹੇ ਸਨ। ਜੋਗੀ ਤੇ ਸਰੇਵੜੇ ਬਾਲ ਬੱਚੇ ਨੂੰ ਨਿਆਸਰਾ ਛੱਡ ਕੇ ਜੰਗਲਾਂ ਵੱਲ ਭੱਜ ਰਹੇ ਸਨ; ਇਹ ਵੀ ਹਿੰਸਾ ਸੀ। ਸਵਰਨ ਜਾਤੀਏ ਨੀਚ ਜਾਤਾਂ ਨਾਲ ਧੱਕਾ ਕਰ ਰਹੇ ਸਨ। ਰਾਜ ਮਦ ਵਾਲੇ ਦੂਜੇ ਦੇਸ਼ ਵਾਲਿਆਂ ਨਾਲ ਹਿੰਸਾ ਕਰ ਰਹੇ ਸਨ। ਰਾਜਾ ਧਰਮ ਵਿਚ ਸਿੱਧੇ ਤੋਰ ਤੇ ਦਖ਼ਲ ਦੇ ਰਿਹਾ ਸੀ। ਗੁਰੂ ਅਰਜਨ ਸਾਹਿਬ ਦੇ ਧਰਮ ਪ੍ਰਚਾਰ ਨੂੰ ਘਾਤਕ ਸਮਝਿਆ ਜਾਂਦਾ ਸੀ। ਜਹਾਂਗੀਰ ਆਪ ਦੇ ਪਵਿੱਤਰ ਪ੍ਰਚਾਰ ਨੂੰ ਗੋਇੰਦਵਾਲ ਦੇ ਕੰਢੇ ਖੁਲ੍ਹੀ, 'ਦੁਕਾਨੇ ਬਾਤਲ' ਝੂਠ ਦੀ ਦੁਕਾਨ ਲਿਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਧਰਮ ਨੂੰ ਹਕੂਮਤ ਖ਼ਤਰਨਾਕ ਸਮਝਦੀ ਸੀ ਤੇ ਇਸ ਲਈ ਗੁਰੂ ਅਰਜਨ ਸਾਹਿਬ ਦੀ ਬੋਲਣ ਤੇ ਆਪਣੇ ਵਿਚਾਰਾਂ ਦੇ ਪ੍ਰਚਾਰ ਕਰਨ ਦੀ ਆਜ਼ਾਦੀ ਨੂੰ ਸਲਬ ਕਰਨਾ ਚਾਹੁੰਦੀ ਸੀ। ਇਹ ਬੜੀ ਭਾਰੀ ਹਿੰਸਾ ਹੈ। ਹੁਣ ਵਿਚਾਰਾਂ ਦੇ ਪ੍ਰਗਟਾਅ ਦੀ ਆਜ਼ਾਦੀ (Freedom of Expression) ਬੜੀ ਪਵਿੱਤਰ ਆਜ਼ਾਦੀ ਮੰਨੀ ਜਾਂਦੀ ਹੈ। ਗੁਰੂ ਅਰਜਨ ਸਾਹਿਬ ਇਸ ਆਜ਼ਾਦੀ ਲਈ ਲੜੇ। ਇਸ ਆਜ਼ਾਦੀ ਨੂੰ ਹਿੰਸਕ ਸਰਕਾਰ ਖੋਹਣਾ ਚਾਹੁੰਦੀ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੀ ਬਾਣੀ ਬਾਰੇ ਕਈ ਪ੍ਰਕਾਰ ਦੇ ਤੌਖਲੇ ਤੇ ਭੁਲੇਖੇ ਸਰਕਾਰ ਨੂੰ ਸਨ। ਇਹ ਭੁਲੇਖੇ ਕਈ ਧੜਿਆਂ ਨੇ ਪਾਏ ਸਨ, ਜਿਹਨਾਂ ਦੀ ਪੂਜਾ ਵਿਚ ਫ਼ਰਕ ਪਿਆ ਸੀ। ਹਕੂਮਤ ਐਸੇ ਗ੍ਰੰਥ ਦੀ ਹੋਂਦ ਨੂੰ ਖ਼ਤਰਨਾਕ ਸਮਝਦੀ ਸੀ। ਕਈ ਵਾਰੀ ਇਸ ਗ੍ਰੰਥ ਸਾਹਿਬ ਦੀ ਪੜਤਾਲ ਵੀ ਕਰਾਈ ਗਈ ਪਰ ਇਸ ਵਿਚੋਂ ਕੁਝ ਵੀ ਇਤਰਾਜ਼ਯੋਗ ਨਾ ਲੱਭਾ। ਕਈ ਪਾਸਿਆਂ ਤੋਂ ਇਸ ਪਵਿੱਤਰ ਗ੍ਰੰਥ ਵਿਚ ਕੁਝ ਵਾਧੇ ਕਰਨ ਦੇ ਵੀ ਸੁਝਾਅ ਦਿੱਤੇ ਗਏ। ਇਹ ਵੀ ਗੁਰੂ ਸਾਹਿਬ ਨੂੰ ਅਪਰਵਾਨ ਸੀ। ਇਹ ਹਿੰਸਾ ਸੀ। ਗੁਰੂ ਸਾਹਿਬ ਇਹ ਹਿੰਸਾ ਪਰਵਾਨ ਨਹੀਂ ਸਨ ਕਰ ਸਕਦੇ।

ਜਬਰੀ ਟੈਕਸ ਬੀਰਬਲ ਵਸੂਲ ਕਰਨਾ ਚਾਹੁੰਦਾ ਸੀ। ਉਸ ਨੇ ਸ਼ਹਿਰ ਚੱਕ ਗੁਰੂ ਰਾਮ ਦਾਸ ਤੇ ਟੈਕਸ ਲਾ ਦਿੱਤਾ ਸੀ। ਅਕਾਰਨ ਕਿਸੇ ਕਰ ਦੀ ਅਦਾਇਗੀ ਕਿਉਂ ਕੀਤੀ ਜਾਏ? ਇਹ ਵੀ ਹਿੰਸਾ ਅੱਗੇ ਝੁਕਣ ਤੁਲ ਹੈ। ਗੁਰੂ ਅਰਜਨ ਸਾਹਿਬ ਨੇ ਐਸੇ

ਕਰ ਦੀ ਅਦਾਇਗੀ ਤੋਂ ਇਨਕਾਰ ਕਰ ਦਿੱਤਾ। ਇਹ ਹਿੰਸਾ ਉਹ ਬਰਦਾਸ਼ਤ ਨਹੀਂ ਸਨ ਕਰਦੇ।

ਹਿੰਸਾ ਬਰਦਾਸ਼ਤ ਕਰਨਾ ਬੇ-ਗ਼ੈਰਤੀ ਹੈ। ਗੁਰੂ ਸਾਹਿਬਾਨ ਦੀ ਪ੍ਰੇਰਨਾ ਗ਼ੈਰਤ ਵਾਲਾ ਜੀਵਨ ਜੀਊਣਾ ਸੀ ਤੇ ਹਿੰਸਾ ਅਗੇ ਨ ਝੁਕਣਾ ਸੀ। 'ਚੰਦੂ' ਜੋ ਕੁਝ ਚਾਹੁੰਦਾ ਸੀ, ਉਹ ਵੀ ਹਿੰਸਾ ਸੀ। ਸਾਕ-ਰਿਸ਼ਤੇ ਤਾਂ ਮਨ ਮਿਲੇ ਦੇ ਹਨ, ਜਬਰ ਦੇ ਨਹੀਂ। ਪਰ ਹਿੰਸਾ ਦੀ ਅਗਨੀ ਸੰਸਾਰ ਵਿਚ ਸਦਾ ਹੀ ਰਹੀ ਹੈ। ਧਰਮਾਂ ਨੇ ਧਰਮਾਂ ਤੇ ਹਿੰਸਾ ਕੀਤੀ ਹੈ। ਰਾਜਾਂ ਨੇ ਰਾਜਾਂ ਤੇ ਹਿੰਸਾ ਕੀਤੀ ਹੈ। ਗੁਰੂ ਅਰਜਨ ਸਾਹਿਬ ਨੇ ਇਹ ਖ਼ਤਮ ਕਰਨ ਲਈ ਸਿੱਖ ਗੁਰੂਆਂ ਵਿਚੋਂ ਪਹਿਲੀ ਕੁਰਬਾਨੀ ਦਿੱਤੀ। ਗੁਰੂ ਤੇਗ ਬਹਾਦਰ ਦੀ ਕੁਰਬਾਨੀ ਵੀ ਐਸੀ ਹੀ ਸੀ। ਉਹ ਇਕ ਧਰਮ ਦਾ ਦੂਜੇ ਧਰਮ ਨਾਲ ਧੱਕਾ ਨਹੀਂ ਸਨ ਬਰਦਾਸ਼ਤ ਕਰ ਸਕੇ।

ਹਿੰਸਾ ਬਾਹਰਲਾ ਸਰੂਪ ਹੈ ਮੋਂਹ ਤੇ ਲੋਭ ਦਾ ਹੀ—ਹੇਤੁ ਤੇ ਲੋਭੁ ਦਾ। ਹਿੰਸਾ ਰਾਹੀਂ ਹਾਕਮ ਤੇ ਜ਼ਾਬਰ ਲੋਕ ਆਪਣੇ ਲਈ ਸੁਖ ਤੇ ਧਨ ਪੈਦਾ ਕਰਨਾ ਚਾਹੁੰਦੇ ਹਨ, ਦੂਜਿਆਂ ਦੇ ਹੱਕਾਂ ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਇਸ ਤਰ੍ਹਾਂ ਅਮੀਰ, ਹਾਕਮ ਤੇ ਵੱਡੇ ਬਣਨਾ ਚਾਹੁੰਦੇ ਹਨ। ਇਸ ਵਿਚ ਹੀ ਉਹਨਾਂ ਦੀ ਹਉਮੈ ਦੀ ਤ੍ਰਿਪਤੀ ਹੈ। ਕ੍ਰੋਧ ਵੀ ਅੱਗ ਹੈ। ਇਸ ਵਿਚੋਂ ਹੀ ਹਿੰਸਾ ਪੈਦਾ ਹੁੰਦੀ ਹੈ।

ਗੁਰੂ ਅਰਜਨ ਸਾਹਿਬ ਹਰ ਪ੍ਰਕਾਰ ਦੀ ਅੱਗ ਵਿਰੁੱਧ ਲੜ ਰਹੇ ਸਨ। ਇਹੋ ਗੁਰੂ ਦਾ ਕਰਤੱਵ ਹੈ। ਇਹ ਅਗਨੀ ਕੂੜ ਦੀ ਹੈ।

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥

ਸਾਰੇ ਕੂੜ ਵਿਰੁੱਧ ਗੁਰੂ ਸਾਹਿਬ ਦਾ ਯੁੱਧ ਸੀ। "ਸਚਿ ਕਾਲੁ ਕੂੜੁ ਵਰਤਿਆ, ਕਲਿ ਕਾਲਖ ਬੇਤਾਲ"—ਨਾਲ ਗੁਰੂ ਸਾਹਿਬ ਦੀ ਲੜਾਈ ਸੀ।

ਲਬੁ ਪਾਪੁ ਦੁਇ ਰਾਜਾ ਮਹਤਾ,
ਕੂੜੁ ਹੋਆ ਸਿਕਦਾਰੁ।

ਕਾਮੁ ਨੇਬੁ ਸਦਿ ਪੁਛੀਐ,
ਬਹਿ ਬਹਿ ਕਰੇ ਬੀਚਾਰੁ ॥

ਅੰਧੀ ਰਯਤਿ ਗਿਆਨ ਵਿਹੂਣੀ,
ਭਾਹਿ ਭਰੇ ਮੁਰਦਾਰੁ ॥

ਇਸ ਦਸ਼ਾ ਨੂੰ ਬਦਲਣ ਲਈ ਆਪ ਕੁਰਬਾਨੀ ਦੇ ਰਹੇ ਸਨ। ਹਰ ਪ੍ਰਕਾਰ ਦੀ ਅਗਨੀ ਵਿਰੁਧ ਸੀ ਲੜਾਈ। ਸੰਸਾਰ ਦੀ ਸਾਰੀ ਅਗਨੀ ਉਹ ਸ਼ਾਂਤ ਕਰ ਦੇਣ ਲਈ ਕੁਰਬਾਨੀ ਦੇ ਰਹੇ ਸਨ। ਇਸ ਅਗਨੀ ਨੇ ਸੰਸਾਰ ਨੂੰ ਤਪਾਅ ਰੱਖਿਆ ਸੀ। ਗੁਰੂ ਸਾਹਿਬ ਉਹ ਸਾਰੀ ਤਪਸ਼ ਆਪਣੇ ਉਪਰ ਲੈ ਰਹੇ ਸਨ। ਚਾਰ ਅਗਨੀਆਂ ਵਿਚ ਸੰਸਾਰ ਸੜ ਰਿਹਾ ਸੀ, ਗੁਰੂ ਜੀ ਉਸ ਨੂੰ ਬਚਾ ਰਹੇ ਸਨ। ਇਹ ਅੱਗ ਦਾ ਨਾਟਕ ਬੜਾ ਦੁਖਾਵਾਂ ਸੀ, ਪਰ ਇਸ ਵਿਚ ਰਮਜ਼ ਡੂੰਘੀ ਸੀ। ਹਿੰਸਾ ਦੀ ਅਗਨੀ ਦੇ ਨਾਸ਼ ਲਈ ਕੁਰਬਾਨੀ ਅਵੱਸ਼ ਹੈ। ਸ਼ਹੀਦ ਦਾ ਖ਼ੂਨ ਹੀ ਹਿੰਸਾ ਨੂੰ ਖ਼ਤਮ ਕਰਦਾ ਹੈ।

੩.

ਗੁਰੂ ਅਰਜਨ ਸਾਹਿਬ ਸੰਪਾਦਕ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਰ ਪੰਕਤੀ ਨੂੰ ਗੁਰੂ ਸਾਹਿਬਾਨ ਨੇ ਜੀਅ ਕੇ ਦੱਸਿਆ ਹੈ। ਭਗਤੀ ਦੀ ਮਸਤੀ ਵਿਚ ਸਾਰੇ ਗੁਰੂ ਗੜੂੰਦ ਸਨ ਹੀ। ਸੇਵਾ ਨਿਭਾ ਕੇ ਦੱਸੀ ਗਈ ਸੀ, ਕਰੜੀ ਤੋਂ ਕਰੜੀ। 'ਸਚੁ ਸੁਣਾਇਸੀ ਸਚ ਕੀ ਬੇਲਾ'—ਯੋਗ ਸਮੇਂ ਤੇ ਸਾਹਮਣੇ ਜਬਰ ਨੂੰ ਸਚਾਈ ਸੁਣਾ ਸਕਣਾ ਬੜਾ ਕਠਨ ਕੰਮ ਹੈ, ਪਰ ਗੁਰੂ ਨਾਨਕ ਸਾਹਿਬ 'ਪਾਪ ਕੀ ਜੰਞ' ਦਾ ਹੋਕਾ ਸੁਣਾ ਚੁਕੇ ਸਨ। ਗੁਰੂ ਨਾਨਕ ਸਾਹਿਬ ਸਚਾਈ ਸੁਨਾਉਣ ਵਿਚ ਤੇ ਪਖੰਡ ਦੇ ਨੰਗਾ ਕਰਨ ਵਿਚ ਇਤਨੇ ਦਲੇਰ ਸਨ ਕਿ ਇਤਨੀ ਦਲੇਰੀ ਕੇਵਲ ਸਿਰ ਤਲੀ ਤੇ ਰੱਖ ਕੇ ਹੀ ਪ੍ਰਾਪਤ ਹੋ ਸਕਦੀ ਹੈ। ਆਪ ਨੇ ਪਰਮਾਤਮਾ ਜਾਂ ਸਚਾਈ ਦੇ ਪਿਆਰ ਦਾ ਰੂਪ ਹੀ ਇਹੋ ਮੰਨਿਆ ਹੈ—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

ਇਹ 'ਸਿਰ ਤਲੀ ਤੇ ਧਰਨਾ' ਗੁਰੂ ਨਾਨਕ ਸਾਹਿਬ ਕਰ ਕੇ ਦੱਸ ਚੁਕੇ ਸਨ। ਲੋਕ ਲਾਜ ਦਾ ਤਿਆਗ ਗੁਰੂ ਰਾਮਦਾਸ ਕਰ ਕੇ ਦੱਸ ਚੁਕੇ ਸਨ। ਪਰ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ ਸਿੱਖ ਦਾ ਇਕ ਰੂਪ ਦਿੱਤਾ ਸੀ ਜਿਹੜਾ ਗੁਰੂ ਅਰਜਨ ਸਾਹਿਬ ਨੂੰ ਕਰ ਕੇ ਵਿਖਾਉਣਾ ਪਿਆ। ਇਨ੍ਹਾਂ ਨੇ ਬਾਣੀ ਵੀ ਸਭ ਤੋਂ ਵੱਧ ਰਚੀ ਸੀ ਅਤੇ ਇਸ ਗ੍ਰੰਥ ਦੇ ਸੰਪਾਦਕ ਦੇ ਰੂਪ ਵਿਚ ਆਪ ਦੀ ਜ਼ਿੰਮੇਵਾਰੀ ਵੀ ਸੀ ਕਿ ਉਹ ਕੁਝ ਹੀ ਅੰਕਤ ਹੋਵੇ ਜੋ ਕਿਸੇ ਨੇ ਕਰ ਕੇ ਦੱਸਿਆ ਹੈ ਜਾਂ ਕਿਸੇ ਨੇ ਕਰ ਕੇ ਦੱਸਣਾ ਹੈ ਜਾਂ ਜੋ ਕੀਤਾ ਜਾ ਸਕਦਾ ਹੈ। ਗੁਰੂ ਰਾਮਦਾਸ ਜੀ ਨੇ ਲਿਖਿਆ ਸੀ ਕਿ ਸਿੱਖ ਇਹ ਹੈ :—

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥

ਗੁਰੂ ਅਰਜਨ ਸਾਹਿਬ ਆਪ ਕਈ ਰੂਪਾਂ ਵਿਚ ਇਹ ਲਿਖ ਚੁਕੇ ਸਨ ਕਿ ਜੀਵਨ ਮੁਕਤ ਪੁਰਸ਼ ਹੋ ਸਕਦਾ ਹੈ। ਇਸ ਲਈ—

ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥

ਹੁੰਦਾ ਹੈ। ਇਹ ਕਰ ਕੇ ਦੱਸਣ ਦੀ ਆਪ ਵਿਚ ਇੱਛਾ ਸੀ ਤੇ ਕਰ ਕੇ ਦੱਸਣਾ ਵੀ ਚਾਹੀਦਾ ਸੀ। ਆਪ ਨੇ ਕਰ ਕੇ ਦੱਸ ਦਿੱਤਾ—ਭਾਣਾ ਮਿੱਠਾ ਕੀ ਹੁੰਦਾ ਹੈ, ਚੜ੍ਹਦੀ ਕਲਾ ਕੀ ਹੁੰਦੀ ਹੈ ਅਤੇ ਹਰਖੁ ਸੋਗੁ ਕਿਸ ਤਰ੍ਹਾਂ ਇਕ ਸਮਾਨ ਹੁੰਦੇ ਹਨ।

ਇਹੋ ਸਿੱਧ ਕਰਨਾ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਮੰਤਵ ਹੈ ਕਿ ਆਤਮਾ ਉੱਚੀ ਚੀਜ਼ ਹੈ। ਜਦ ਇਹ ਪਰਮਾਤਮਾ ਨਾਲ ਜੁੜ ਜਾਂਦੀ ਹੈ ਤਾਂ ਇਹ ਸਭ ਕੁਝ ਪਾਰ ਕਰ ਲੈਂਦੀ ਹੈ। ਇਸੇ ਅਵਸਥਾ ਨੂੰ ਗੁਰੂ ਅਰਜਨ ਦੇਵ ਸਾਹਿਬ ਨੇ ਰਾਗ ਆਸਾ ਵਿਚ ਖੋਲ੍ਹਿਆ ਹੋਇਆ ਹੈ :

ਨਾ ਓਹੁ ਮਰਤਾ ਨਾ ਹਮ ਡਰਿਆ।
ਨਾ ਓਹੁ ਬਿਨਸੈ ਨਾ ਹਮ ਕੜਿਆ।

ਇਹ ਤੱਤੀ ਤਵੀ ਦੀ ਅੱਗ ਪਰਖ ਹੈ ਕਿ ਗੁਰਬਾਣੀ ਦੇ ਸਿਧਾਂਤ ਜੀਵੇ ਜਾ ਸਕਦੇ ਹਨ। ਗੁਰੂ ਅਰਜਨ ਦੇਵ ਜੀ ਦੀ ਮਿਸਾਲ ਨੇ ਫਿਰ ਅਨੇਕ ਸ਼ਹੀਦ ਪੈਦਾ ਕੀਤੇ। ਇਤਨੇ ਸ਼ਹੀਦਾਂ ਨੇ ਗੁਰਬਾਣੀ ਦੇ ਸਿਧਾਂਤ ਜੀਅ ਕੇ ਦੱਸੇ ਕਿ ਸਿਮਰਨ ਨਾਲ ਆਤਮਾ ਬਲਵਾਨ ਹੋ ਜਾਂਦੀ ਹੈ। ਜਦੋਂ ਆਤਮਾ ਬਲ ਪਕੜ ਜਾਏ ਤਾਂ ਕੋਈ ਦੁੱਖ ਪੋਹ ਨਹੀਂ ਸਕਦਾ।

੪.

ਗੁਰੂ ਅਰਜਨ ਸਾਹਿਬ, ਦਾਹਵਾ ਕਰ ਚੁਕੇ ਸਨ, ਰਾਗ ਮਾਰੂ ਵਿਚ, ਕਿ ਮੈਂ ਇਸ ਪੱਧਰ ਤੇ ਟਿਕਿਆ ਹਾਂ :—

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ,
ਚਲਤੇ ਰਾਖਿਓ ਚੀਤਿ ॥ ੧ ॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ
ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ,
ਉਠਿ ਉਆਹੂ ਕਉ ਦਉਰਿਓ ॥ ੨ ॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ,
ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ,
ਸੋ ਮਾਥੈ ਲੇ ਮਾਨਿਓ ॥ ੩ ॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ,
ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ,
ਜਿਨਿ ਨਾਨਕ ਖਸਮੁ ਪਛਾਤਾ ॥ ੪ ॥

'ਸੇਵਕ ਕੀ ਓੜਕਿ ਨਿਬਹੀ ਪ੍ਰੀਤ'—ਸਿੱਧ ਹੋ ਗਿਆ। ਸੇਵਾ ਬੁਨਿਆਦੀ ਸਿਧਾਂਤ ਹੈ, ਸਿੱਖ ਧਰਮ ਦਾ। ਪਰ ਸੇਵਾ ਦਾ ਰੂਪ ਕੀ ਹੋ ਸਕਦਾ ਹੈ, ਇਹ ਵੀ ਸਿੱਖਾਂ ਨੂੰ ਸਪਸ਼ਟ ਹੋਣਾ ਚਾਹੀਦਾ ਹੈ। ਇਹੋ ਰੂਪ ਗੁਰੂ ਤੇਗ ਬਹਾਦਰ ਜੀ ਨੇ ਸੇਵਾ ਦਾ ਰੱਖਿਆ, ਇਹੋ ਰੂਪ ਸੇਵਾ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਰੱਖਿਆ, ਸੇਵਾ ਦਾ ਇਹੋ ਹੀ ਰੂਪ ਚਾਰ ਸਾਹਿਬਜ਼ਾਦਿਆਂ ਨੂੰ ਨਿਭਾਉਣਾ ਪਿਆ। ਇਹੋ ਸੇਵਾ ਦਾ ਅਰੰਭ ਗੁਰੂ ਅਰਜਨ ਸਾਹਿਬ ਨੇ ਕੀਤਾ। ਆਪ ਨੇ ਇਹ ਸੇਵਾ ਨਿਭਾ ਕੇ ਦੱਸੀ। ਇਹ ਸੇਵਾ ਸਿਧਾਂਤ ਦੀ ਸਿਖਰ ਹੈ। ਹੋਰ ਕਠਨ ਗੱਲ ਇਹ ਹੈ ਕਿ ਸੇਵਾ ਦਾ ਰੂਪ ਵੀ ਇਹ ਹੋਵੇ ਅਤੇ ਸਹਜੁ ਅਨੰਦੁ ਫਿਰ ਕਾਇਮ ਰਹੇ।

ਗੁਰੂ ਅਰਜਨ ਸਾਹਿਬ ਜੀ ਦਾ ਰਚਿਆ ਇਹ ਨਾਟਕ ਇਤਨੀਆਂ ਸੰਭਾਵਨਾਵਾਂ ਦਾ ਸੂਚਕ ਵੀ ਹੈ ਤੇ ਸਬੂਤ ਵੀ ਹੈ। ਇਹ ਬੜੀ ਡੂੰਘੀ ਰਮਜ਼ ਵਾਲਾ ਅਤੇ ਸਦੀਵੀ ਜ਼ਿੰਦਾ ਅਰਥਾਂ ਵਾਲਾ ਨਾਟਕ ਹੈ। ਇਹ ਕੇਵਲ ਇਤਿਹਾਸਕ ਘਟਨਾ ਦੇ ਤੌਰ ਤੇ ਵੀ ਮਹਾਨ ਹੈ ਪਰ ਇਹ ਤਾਂ ਗੁਰਬਾਣੀ ਦਾ ਆਪਣਾ ਸਰੂਪ ਹੈ ਜੋ ਉਸ ਦੀ ਸਚਾਈ ਨੂੰ ਪਰਮਾਣੀਕ ਰੂਪ ਦਿੰਦਾ ਹੈ। □

# ੬. ਪੀਰੀ ਦੀ ਤਲਵਾਰ

੧.

ਗੁਰੂ ਅਰਜਨ ਸਾਹਿਬ ਨੂੰ ਬਾਦਸ਼ਾਹ ਜਹਾਂਗੀਰ ਨੇ ਲਾਹੌਰ ਬੁਲਾ ਭੇਜਿਆ। ਆਪ ਉਥੇ ਜਾਣ ਲਈ ਤਿਆਰ ਹੋ ਗਏ। ਆਪ ਨੂੰ ਹੋਣ ਵਾਲੇ ਸਾਕੇ ਦੀ ਸੂਝ ਸੀ। ਆਪ ਸ਼ਹਾਦਤ ਲਈ ਹੀ ਤਾਂ ਉਠ ਤੁਰੇ ਸਨ। (ਗੁਰੂ) ਹਰਿਗੋਬਿੰਦ ਜੀ ਨੂੰ ਆਪ ਨੇ ਗੱਦੀ ਤੇ ਬਿਠਾ ਦਿੱਤਾ ਅਤੇ ਇਹ ਉਪਦੇਸ਼ ਭਾਈ ਗੁਰਦਾਸ ਜੀ ਨੇ ਕੀਤਾ—

ਭਏ ਪੰਚ ਗੁਰ ਸਾਂਤਿ ਸਰੂਪ।
ਕਰਿ ਗੁਰ ਸਿਖੀ ਰੀਤ ਅਨੂਪ।
ਦੇਤਿ ਰਹੇ ਸ਼ਾਂਤੀ ਉਪਦੇਸ਼।
ਜਿਹ ਸੁਨਿ ਕਾਟੇ ਸਕਲ ਕਲੇਸ਼।
ਅਬ ਸਾਯੁਧ ਗੁਰੁ ਹੋਵਹਿ ਆਪ।
ਸਿਖ ਸਾਯੁਧ ਕਰਿ ਬਧਹਿ ਪ੍ਰਤਾਪ।
ਅਪਰ ਕੌਨ ਸਮਰਥ ਇਸ ਕਾਲ।
ਸਭਿ ਛਿਤ ਤੁਰਕਨਿ ਰਾਜ ਬਿਸਾਲ।
ਰਾਵਰਿ ਤੇ ਹੋਵੈ ਬਿਧਿ ਸਾਰੀ।
ਹਿੰਦੂ ਧਰਮ ਕੋ ਲੇਹੁ ਉਬਾਰੀ।

ਗੁਰੂ ਅਰਜਨ ਸਾਹਿਬ ਨੇ ਗੱਦੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਸੌਂਪ ਦਿੱਤੀ।

ਇਮ ਸੁਣਿ ਕਰਿ ਸ੍ਰੀ ਅਰਜਨ ਨਾਥ।
ਉਠੇ ਹਰਖ ਲੇ ਸ੍ਰੀ ਫਲ ਹਾਥ।
ਕਰੀ ਪ੍ਰਦੱਛਨ ਫਿਰਿ ਕਰਿ ਤੀਨ।
ਜਗਤ ਰੀਤਿ ਸੁਤ ਲਖਯੋ ਪ੍ਰਬੀਨ।
ਪੈਸੇ ਪੰਚ ਸਹਤ ਨਲੀਏਰ।
ਧਰਿ ਆਗੇ ਨੰਮ੍ਰੇ ਤਿਸ ਬੇਰ।
ਕਰੀ ਸਥਾਪਨਿ ਅਪਨੀ ਜੋਤਿ।
ਸਤਿਗੁਰ ਕੇ ਆਈ ਜਿਮ ਹੋਤਿ।

ਫਿਰ ਗੁਰੂ ਅਰਜਨ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ (ਗੁਰੂ) ਹਰਿਗੋਬਿੰਦ ਜੀ ਨੂੰ ਤਿਲਕ ਲਗਾ ਦੇਵੇ, ਜਿਵੇਂ ਪਹਿਲੇ ਇਹ ਕਰਤੱਵ ਕਰਦੇ ਰਹੇ ਹੋ। ਬਾਬਾ ਬੁੱਢਾ ਜੀ ਬੜੇ ਹੈਰਾਨ ਹੋਏ ਅਤੇ ਕਹਿਣ ਲੱਗੇ ਕਿ—

ਜਬ ਹੂੰ ਹੋਤਿ ਦੇਹ ਕੋ ਅੰਤ॥
ਤਬ ਇਸ ਬਿਧ ਕੋ ਹੋਇ ਬ੍ਰਿਤੰਤ॥

ਸਾਰੀ ਸੰਗਤ ਨੇ ਭਾਣਾ ਮੰਨਿਆ ਅਤੇ ਕਿਹਾ ਕਿ ਗੁਰੂ ਜੀ ਆਪ ਹੀ ਆਪਣੇ ਕਰਤੱਵ ਜਾਣਦੇ ਹਨ, ਹੋਰ ਕਿਸੇ ਨੂੰ ਪਤਾ ਨਹੀਂ।

ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦੇ ਦਿੱਤੀ। ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਬੁੰਗਾ (ਸ੍ਰੀ ਅਕਾਲ ਤਖ਼ਤ ਸਾਹਿਬ) ਬਣਵਾਇਆ ਅਤੇ—

ਬੈਠੇ ਆਨਿ ਸਿੰਘਾਸਨ ਦਾਰੂ।
ਸ੍ਰੀ ਮੁਖ ਆਇਸੁ ਕੀਨਿ ਉਚਾਰੂ।
ਆਨਹੁ ਸ਼ਸਤ੍ਰ ਜੁ ਹਮ ਬਨਵਾਇ।
ਜਿਨ ਕੈ ਹਾਟਿਕ (ਸੋਨਾ) ਅਧਿਕ ਲਗਾਇ।
ਦੌਰਤਿ ਦਾਸ ਉਤਾਇਲ ਲਯਾਏ।
ਧਰੇ ਅਗਾਰੀ ਸਭੁ ਸਮੁਦਾਏ।
ਪੰਚਹੁ ਸਤਿਗੁਰੁ ਕੌ ਲੇ ਨਾਮ।
ਗਹੇ ਖੜਗ ਦ੍ਵੈ ਬਹੁ ਅਭਿਰਾਮ।
ਸੋ ਗਰ ਬਿਖੈ ਪਾਇ ਗੁਰ ਲੀਨੇ।
ਪੁਨ ਨਿਖੰਗ (=ਭਥਾ) ਕਰ ਧਾਰਨਿ ਕੀਨੇ।
ਗਰ ਮਹਿ ਪਾਇ ਸੁ ਕਟ ਸੰਗ ਬਾਂਧਾ।
ਜਿਸ ਮਹਿ ਸਰ ਖਰ ਕਰਿ ਅਰਿ ਬਾਧਾ।
ਧਨੁਖ ਕਠੋਰ ਗਹਯੋ ਤਬ ਹਾਥ।
ਉਪਮਾ ਬਨੀ ਜਥਾ ਰਘੁਨਾਥ।
ਰਚਯੋ ਤਖਤ ਤਿਸ ਬੰਦਨ ਕੀਨਿ।
ਚਢਿ ਗੁਰ ਬੀਰਾਸਨ ਆਧੀਨ।
ਬਿਧ ਆਦਿਕ ਗੁਰਦਾਸ ਮਸੰਦ।
ਅਵਿਲੋਕਹਿ ਬਿਸਮਾਦਿ ਬਿਲੰਦ।
ਹਾਥ ਜੋਰ ਕਰਿ ਬੂਝਨ ਲਾਗੇ।
ਧਰਹਿ ਖੜਗ ਇਕ, ਜੇ ਭਟ (=ਸੂਰਮੇ) ਆਗੇ।
ਦੋਇ ਆਪ ਲੇ ਨਿਜ ਗਰ ਪਾਏ।
ਇਹ ਕਯਾ ਕਾਰਨ ਦੇਹੁ ਸੁਨਾਏ?
ਧਰੇ ਤੇਜ ਸਤਿਗੁਰੂ ਬਚ ਕਹੇ।
ਹਮ ਨੇ ਇਸ ਹਿਤ ਜੁਗ ਅਸਿ ਗਹੇ।
ਇਕ ਤੇ ਲੇਂ ਮੀਰਨਿ ਕੀ ਮੀਰੀ।
ਦੂਸਰ ਤੇ ਪੀਰਨ ਕੀ ਪੀਰੀ।
ਮੀਰੀ ਪੀਰੀ ਦੋਨਹੁ ਧਰੈਂ।
ਬਚਹਿ ਸ਼ਰਨਿ, ਨਤੁ ਜੁਗ ਪਰਹਰੈ।

[ਗੁ. ਪ੍ਰ. ਸੂ., ਰਾਸ ੪, ਅੰਕ ੪੩]

ਇੱਥੇ ਵਿਚਾਰ ਗੋਚਰੀ ਗੱਲ ਇਹ ਹੈ, ਕਿ ਇਹ ਤਾਂ ਸਾਰਾ ਸੰਸਾਰ ਜਾਣਦਾ ਹੈ ਕਿ ਤਲਵਾਰ ਮੀਰੀ ਜਾਂ ਬਾਦਸ਼ਾਹਾਂ ਦਾ ਚਿੰਨ੍ਹ ਤਾਂ ਹੈ ਪਰ ਇਹ ਪੀਰੀ ਜਾਂ ਫ਼ਕੀਰੀ ਦਾ

ਚਿੰਨ੍ਹ ਕਿਵੇਂ ਹੈ ? ਮੀਰੀ ਤੇ ਪੀਰੀ ਦਾ ਇਹ ਸਾਂਝਾ ਚਿੰਨ੍ਹ ਤਲਵਾਰ ਕਿਵੇਂ ਹੋ ਸਕਦਾ ਹੈ ? ਕੀ ਮੀਰੀ ਤੇ ਪੀਰੀ ਵਿਚ ਕੋਈ ਫ਼ਰਕ ਹੀ ਨਹੀਂ; ਜੋ ਦੋਹਾਂ ਦਾ ਚਿੰਨ੍ਹ ਤਲਵਾਰ ਹੋ ਸਕਦਾ ਹੈ ? ਕੀ ਮੀਰੀ ਤੇ ਪੀਰੀ ਇਕੋ ਕੁਝ ਹਨ ? ਕੀ ਮੀਰੀ ਤੇ ਪੀਰੀ ਇਕੱਠੇ ਰਹਿ ਸਕਦੇ ਹਨ ? ਆਦਿ ।

ਸਿੱਖ ਸਿਧਾਂਤ ਅਨੁਸਾਰ ਮੀਰੀ ਤੇ ਪੀਰੀ ਇਕੱਠੇ ਰਹਿ ਸਕਦੇ ਹਨ । ਪੂਰਨ 'ਤਖ਼ਤ ਲਾਇਕ' ਮੀਰ ਹੋਵੇ ਤਾਂ ਪੀਰ ਹੀ ਹੈ ਅਤੇ ਜੇ ਪੂਰਨ ਪੀਰ ਫ਼ਕੀਰ ਹੋਵੇ ਤਾਂ ਉਹ ਮੀਰ ਹੀ ਹੈ । ਜਿਥੇ ਪੂਰਣਤਾ ਹੈ, ਉਥੇ ਮੀਰੀ ਤੇ ਪੀਰੀ ਵਿਚ ਭੇਦ ਕੋਈ ਨਹੀਂ ਹੈ । ਸਿੱਖ ਆਦਰਸ਼ ਹੀ 'ਰਾਜ-ਜੋਗ' ਦਾ ਹੈ; 'ਸੰਤ-ਸਿਪਾਹੀ' ਦਾ ਹੈ । ਗੁਰੂ ਨਾਨਕ ਸਾਹਿਬ ਨੂੰ ਰਾਜ-ਜੋਗੀ ਮੰਨਿਆ ਗਿਆ ਹੈ ।

ਸਵਈਏ ਮਹਲੇ ਪਹਿਲੇ ਕੇ ੧ ॥

ਗਾਵਉ ਗੁਨ ਪਰਮ ਗੁਰੂ ਸੁਖ ਸਾਗਰ
ਦੁਰਤ ਨਿਵਾਰਣ ਸਬਦ ਸਰੇ ॥
ਗਾਵਹਿ ਗੰਭੀਰ ਧੀਰ ਮਤਿ ਸਾਗਰ
ਜੋਗੀ ਜੰਗਮ ਧਿਆਨੁ ਧਰੇ ॥
ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਕ
ਆਤਮ ਰਸ ਜਿਨਿ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ
ਰਾਜੁ ਜੋਗੁ ਜਿਨਿ ਮਾਣਿਓ ॥ ੨ ॥

* * *

ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥
ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ ॥
ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ ॥
ਧੰਨਿ ਧੰਨਿ ਗੁਰ ਧੰਨਿ ਜਨਮੁ ਸਕਯਥੁ ਭਲੌ ਜਗਿ ॥
ਪਾਤਾਲਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ ॥
ਹਰਿ ਨਾਮ ਰਸਿਕ ਨਾਨਕ ਗੁਰ
ਰਾਜੁ ਜੋਗੁ ਤੈ ਮਾਣਿਓ ॥ ੬ ॥

ਗੁਰੂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਰਮਾ ਵੀ ਸਭ ਨੇ ਮੰਨਿਆ ਹੈ—

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥ ੧੯੪ ॥
(ਸਲੋਕ ਕਬੀਰ ਜੀ)

ਸਿੱਖ ਵੀ ਸੂਰਮਾ ਹੈ :—

ਸੇਈ ਸੁੰਦਰ ਸੋਹਣੇ ॥
ਸਾਧ ਸੰਗਿ ਜਿਨ ਬੈਹਣੇ ॥

ਹਰਿ ਧਨੁ ਜਿਨੀ ਸੰਜਿਆ
ਸੇਈ ਗੰਭੀਰ ਅਪਾਰ ਜੀਉ ॥
ਹਰਿ ਅਮਿਉ ਰਸਾਇਣੁ ਪੀਵੀਐ ॥
ਮੁਹਿ ਡਿਠੇ ਜਨ ਕੇ ਜੀਵੀਐ ॥
ਕਾਰਜ ਸਭਿ ਸਵਾਰਿ ਲੈ
ਨਿਤ ਪੂਜਹੁ ਗੁਰ ਕੇ ਪਾਵ ਜੀਉ ॥
ਜੋ ਹਰਿ ਕੀਤਾ ਆਪਣਾ ॥
ਤਿਨਹਿ ਗੁਸਾਈ ਜਾਪਣਾ ॥
ਸੋ ਪੂਰਾ ਪਰਧਾਨੁ ਸੋ
ਮਸਤਕਿ ਜਿਸਦੈ ਭਾਗ ਜੀਉ ॥ ੫ ॥
(ਮਾਝ ਮ: ੫)

ਗੁਰੂ ਸੂਰਮਾ ਹੈ ਅਤੇ ਸਿੱਖ ਨੂੰ ਸੂਰਮਾ ਬਣਾ ਦੇਂਦਾ ਹੈ।

ਆਪੇ ਸਤਿਗੁਰੁ ਮੇਲੇ ਪੂਰਾ ॥
ਸਚੇ ਸਬਦਿ ਮਹਾਬਲ ਸੂਰਾ ॥
ਆਪੇ ਮੇਲੇ ਦੇ ਵਡਿਆਈ
ਸਚੇ ਸਿਉ ਚਿਤੁ ਲਾਇਦਾ ॥
(ਮਾਰੂ ਮ: ੩)

ਸਿੱਖ ਦੀ ਸੂਰਬੀਰਤਾ ਇਹ ਹੈ :—

ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ ॥
ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥ ੧ ॥
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ
ਸੋ ਪੂਰਾ ਇਹ ਕਲੀ ਰੇ ॥ ੧ ॥ ਰਹਾਉ ॥
ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥
ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧ ਸੰਗਤਿ ਕੈ ਝਲੀ ਰੇ ॥
(ਆਸਾ ਮ: ੪)

੪.

ਭਗਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਭਗਤਾਂ ਤੇ ਗੁਰੂਆਂ ਨੇ ਤਲਵਾਰ ਦਾ ਮਾਰਗ ਹੀ ਮੰਨਿਆ ਹੈ। ਇਹ ਮਾਰਗ ਖੰਡੇਧਾਰ ਹੈ, ਇਸ ਤੇ ਤੁਰਨਾ ਕਠਨ ਹੈ। ਤਲਵਾਰ ਜਿੱਤ ਦੀ ਨਿਸ਼ਾਨੀ ਹੈ। ਜੋ ਭਗਤ ਆਪਣੇ ਆਪ ਨੂੰ ਪੂਰੀ ਤਰ੍ਹਾਂ ਜਿੱਤ ਸਕੇ, ਉਸ ਨੂੰ ਤਲਵਾਰ ਦਾ ਚਿੰਨ੍ਹ ਦਿੱਤਾ ਜਾਂਦਾ ਹੈ। ਭਗਤ ਸੂਰਮਾ ਹੈ ਜੋ ਆਪਣੇ ਆਪ ਨਾਲ ਹੀ ਜੁੱਧ ਕਰਦਾ ਹੈ। ਭਗਤੀ ਦਾ ਮਾਰਗ ਤਲਵਾਰ ਵਰਗਾ ਤੇਜ਼ ਹੈ। ਪ੍ਰੇਮ ਦਾ ਮਾਰਗ ਖੰਡੇਧਾਰ ਮਾਰਗ ਹੈ।

ਫ਼ਰੀਦ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਿਥਮ ਲੇਖਕ ਹਨ। ਆਪ ਦਾ ਇਹ ਸ਼ਬਦ (ਗੁਰੂ ਹਰਿਗੋਬਿੰਦ ਸਾਹਿਬ ਦੇ ਤਲਵਾਰ ਮੀਰੀ ਦਾ ਚਿੰਨ੍ਹ ਰੱਖਣ ਤੋਂ ੪੦੦ ਸਾਲ ਪਹਿਲਾਂ) ਭਗਤੀ ਮਾਰਗ ਨੂੰ ਤਲਵਾਰ ਦਾ ਮਾਰਗ ਮੰਨਦਾ ਹੈ :—

ਸੂਹੀ ਫ਼ਰੀਦ ਜੀ

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥ ੧ ॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥
ਜੋਬਨੁ ਖੋਇ ਪਾਛੈ ਪਛੁਤਾਨੀ ॥ ੧ ॥ ਰਹਾਉ ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥ ੨ ॥
ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥ ੩ ॥
ਵਾਟ ਹਮਾਰੀ ਖਰੀ ਉਡੀਣੀ ॥
ਖੰਨਿਅਹੁ ਤਿਖੀ ਬਹੁਤੁ ਪਿਈਣੀ ॥
ਉਸੁ ਊਪਰਿ ਹੈ ਮਾਰਗੁ ਮੇਰਾ ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥ ੪ ॥ ੧ ॥

ਫ਼ਰੀਦ ਜੀ ਦਾ ਮਾਰਗ ਬੰਦਗੀ ਤੇ ਪ੍ਰੇਮ ਦਾ ਹੈ। ਇਸ ਮਾਰਗ ਨੂੰ ਉਹ ਖੰਨਿਅਹੁ ਤਿੱਖਾ ਮੰਨਦੇ ਹਨ।

ਗੁਰੂ ਨਾਨਕ ਸਾਹਿਬ ਨੇ ਪ੍ਰੇਮ ਮਾਰਗ ਨੂੰ ਸਿਰ ਤਲੀ ਤੇ ਧਰਨ ਦਾ ਮਾਰਗ ਦੱਸਿਆ ਹੈ। ਇਹ ਸਿਰ ਦੇਣ ਦਾ ਮਾਰਗ ਹੈ। ਸੋ ਤਲਵਾਰ ਹੀ ਇਸ ਦਾ ਚਿੰਨ੍ਹ ਚਾਹੀਦਾ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

(ਸਲੋਕ ਵਾਰਾਂ ਤੇ ਵਧੀਕ)

ਗੁਰੂ ਅਮਰਦਾਸ ਜੀ ਨੇ ਇਸੇ ਪ੍ਰੇਮ ਮਾਰਗ ਨੂੰ ਤੇ ਭਗਤੀ ਨੂੰ ਫਿਰ ਤਲਵਾਰ ਦਾ ਮਾਰਗ ਹੀ ਕਿਹਾ। ਇਹ ਅਨੰਦ ਹੀ ਤਦ ਪੈਦਾ ਕਰਦਾ ਹੈ ਜੇ ਕੋਈ ਖੰਨਿਅਹੁ ਤਿੱਖੇ

ਮਾਰਗ ਤੇ ਤੁਰ ਪਏ। ਭਗਤ ਸਦਾ ਹੀ ਖੰਡੇਧਾਰ ਮਾਰਗ ਤੇ ਤੁਰਦੇ ਰਹੇ ਹਨ; ਕਠਨ ਮਾਰਗ ਹੈ।

ਭਗਤਾ ਕੀ ਚਾਲ ਨਿਰਾਲੀ ।।
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥

(ਅਨੰਦੁ ਸਾਹਿਬ)

ਸਾਰਾ ਅਨੰਦੁ ਸਾਹਿਬ ਇਸ ਖੰਡੇਧਾਰ ਮਾਰਗ ਦੀ ਵਿਆਖਿਆ ਹੈ। ਇਸ ਪ੍ਰੇਮ ਮਾਰਗ ਦੀ ਮੁੱਖ ਜਿੱਤ ਲਬੁ, ਲੋਭੁ, ਅਹੰਕਾਰ ਤੇ ਜਿੱਤ ਹੈ। ਇਹ ਆਪਣੇ ਆਪ ਦੀ ਜਿੱਤ ਹੈ। ਇਸ ਜਿੱਤ ਦਾ ਚਿੰਨ੍ਹ ਹੀ ਤਲਵਾਰ ਹੈ, ਖੰਡਾ ਹੈ, ਦੋਧਾਰਾ। ਖੰਡਾ ਹੈ ਹੀ ਮੀਰੀ ਤੇ ਪੀਰੀ ਦਾ ਮੇਲ, ਉਸ ਵਿਚ ਦੋ ਤਲਵਾਰਾਂ ਹਨ—ਇਕ ਮੀਰੀ ਦੀ ਤੇ ਇਕ ਪੀਰੀ ਦੀ, ਗਿਆਨ ਦੀ ਤੇ ਇਕ ਜੁੱਧ ਦੀ। ਗੁਰੂ ਅਮਰਦਾਸ ਜੀ ਨੇ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਉੱਤਮ ਵਿਆਖਿਆ ਕੀਤੀ ਹੈ ਕਿ ਪ੍ਰੇਮ ਮਾਰਗ ਜਾਂ ਭਗਤੀ ਮਾਰਗ ਕਿਵੇਂ ਖੰਡੇਧਾਰ ਮਾਰਗ ਹੈ। ਭਗਤੀ ਤਾਂ ਜੁੱਧ ਵਿਚ ਲੜਨ ਵਾਲੇ ਸੂਰਮੇ ਨਾਲੋਂ ਕਿਤੇ ਕਠਨ ਹੈ।

ਗੁਰੂ ਅਰਜਨ ਸਾਹਿਬ ਦਾ ਨਾਅਰਾ ਵੀ ਇਹ ਸੀ ਕਿ ਜੇ ਤੂੰ ਭਗਤੀ ਕਰਨੀ ਹੈ ਤਾਂ ਪਹਿਲਾਂ ਤਲਵਾਰ ਦੀ ਧਾਰ ਸਹਾਰਨੀ ਪਏਗੀ। ਪਹਿਲਾਂ ਮੌਤ ਕਬੂਲਣੀ ਪਏਗੀ—

ਮਹਲਾ ੫ ॥
ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥
ਮਹਲਾ ੫ ॥
ਮੂਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ ॥
ਜਿਨਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ ॥

(ਵਾਰ ਮਾਰੂ ਮ: ੫)

ਪ੍ਰੇਮ ਮਾਰਗ ਦਾ ਪਾਂਧੀ ਸੂਰਮਾ ਹੈ, ਪਰ ਉਸ ਦੇ ਸ਼ਸਤ੍ਰ ਕੈਸੇ ਹਨ—

ਸੋਰਠਿ ਮਹਲਾ ੫ ॥
ਗਰੀਬੀ ਗਦਾ ਹਮਾਰੀ ॥
ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨਾ ਟਿਕੈ ਵੇਕਾਰੀ ॥
ਗੁਰ ਪੂਰੇ ਏਹ ਗਲ ਸਾਰੀ ॥ ੧ ॥
ਹਰਿ ਹਰਿ ਨਾਮੁ ਸੰਤਨ ਕੀ ਓਟਾ ॥
ਜੋ ਸਿਮਰੇ ਤਿਸ ਕੀ ਗਤਿ ਹੋਵੈ
ਉਧਰਹਿ ਸਗਲੇ ਕੋਟਾ ॥ ੧ ॥ ਰਹਾਉ ॥

ਸੰਤ ਸੰਗਿ ਜਸੁ ਗਾਇਆ ॥
ਇਹੁ ਪੂਰਨ ਹਰਿ ਧਨੁ ਪਾਇਆ ॥
ਕਹੁ ਨਾਨਕ ਆਪੁ ਮਿਟਾਇਆ ॥
ਸਭੁ ਪਾਰਬ੍ਰਹਮੁ ਨਦਰੀ ਆਇਆ ॥ ੨ ॥ ੨੬ ॥ ੯੦ ॥

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸੂਰਮਤਾ ਹੀ ਪ੍ਰੇਮ-ਮਾਰਗ ਤੇ ਬ੍ਰਹਮ ਗਿਆਨੀ ਹੋਣ ਦਾ ਪਰਮਾਣ ਮੰਨਿਆ ਹੈ—

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥
ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨਿ ॥ ੧੬ ॥
ਬਲ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ॥
ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮਹੀ ਹੋਤ ਸਹਾਇ ॥ ੫੪ ॥

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜੁੱਧ ਨੂੰ ਪ੍ਰੇਮ-ਮਾਰਗ ਦਾ ਉੱਤਮ ਸਰੂਪ ਮੰਨਿਆ ਹੈ। ਤਲਵਾਰ ਜੁੱਧ ਦਾ ਚਿੰਨ੍ਹ ਹੈ। ਇਸੇ ਰਾਹੀਂ ਸ਼ੁਭ ਕਰਮ ਸੰਭਵ ਹੈ—

ਦੇਹ ਸ਼ਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂ ਨ ਟਰੋਂ ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹਉ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਣ ਮੈ ਤਬ ਜੂਝ ਮਰੋਂ ॥

ਦਸਮ ਪਿਤਾ ਨੇ ਪਰਮਾਤਮਾ ਦਾ ਆਪਣਾ ਸਰੂਪ ਹੀ ਖੜਗ ਦਾ ਮੰਨਿਆ ਹੈ, ਤਲਵਾਰ ਦਾ, ਅਤੇ ਉਸ ਅੱਗੇ ਬੇਨਤੀ ਕੀਤੀ ਹੈ। ਪ੍ਰਭੂ ਯੁੱਧ ਵਿਚ ਰਹਿੰਦਾ ਹੈ—

ਦੋਹਰਾ ॥ ਨਮਸਕਾਰ ਸ੍ਰੀ ਖੜਗ ਕੋ ਕਰੋ ਸੁ ਹਿਤ ਚਿਤੁ ਲਾਇ ॥
ਪੂਰਨ ਕਰੋ ਗ੍ਰੰਥ ਇਹ ਤੁਮ ਮੁਹਿ ਕਰਹੁ ਸਹਾਇ ॥
ਤ੍ਰਿਭੰਗੀ ਛੰਦ ॥
ਖਗਖੰਡ ਬਿਹੰਡੰ ਖਲਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ
ਕਿਲਬਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ ॥ ੨ ॥ (ਬਚਿਤ੍ਰ ਨਾਟਕ)

ਪੰਜ ਪਿਆਰਿਆਂ ਦਾ ਜਨਮ ਤਲਵਾਰ ਵਿਚੋਂ ਹੋਇਆ। ਤਲਵਾਰ ਹੀ ਉਹਨਾਂ ਦੀ ਮਹਾਨਤਾ ਦੀ ਪ੍ਰੀਖਿਆ-ਕਾਰ ਸੀ। ਤਲਵਾਰ ਹੀ ਪ੍ਰੇਮ ਪਰਖ ਸਕਦੀ ਹੈ। ਤਲਵਾਰ ਹੀ ਗਿਆਨ ਪਰਖ ਸਕਦੀ ਹੈ ਕਿਉਂਕਿ ਗਿਆਨ ਹੀ ਸ਼ਹਾਦਤ ਹੈ। ਗਿਆਨੀ ਰਣ ਵਿਚ

ਜੂਝ ਜਾਂਦਾ ਹੈ, ਦੂਜੇ ਭਜ ਜਾਂਦੇ ਹਨ। ਗਿਆਨੀ ਨੂੰ ਜੀਵਨ ਤੇ ਮੌਤ ਇਕ ਸਮਾਨ ਹਨ। ਤਾਂ ਤੇ ਤਲਵਾਰ ਪੀਰੀ ਦਾ ਮਿਆਰ ਹੈ। ਪੀਰੀ ਅਧਿਆਤਮਕ ਉੱਚਤਾ ਹੈ।

ਭਗਤੀ ਦੇ ਮਾਰਗ ਤੇ ਤੁਰਨ ਦੀ ਕਠਨਾਈ ਨੂੰ ਹੀ ਤਲਵਾਰ ਦੀ ਧਾਰ ਜਾਂ ਖੰਡੇਧਾਰ ਨਾਲ ਉਪਮਾ ਦਿਤੀ ਗਈ ਹੈ। ਸੁਚ ਤੇ ਸਚਾਈ ਦਾ ਮਾਰਗ ਤਲਵਾਰ ਦੀ ਧਾਰ ਤੇ ਚੱਲਣ ਤੁਲ ਹੈ। ਆਪਣੇ ਆਪ ਨਾਲ ਹਰ ਸਮੇਂ ਯੁੱਧ ਕਰਨਾ ਪੈਂਦਾ ਹੈ—ਆਪਣੇ ਅੰਦਰ ਵਸਦੇ ਕਾਮਾਦਿਕ ਤੇ ਹੰਕਾਰ ਨਾਲ। ਇਹ ਐਸੇ ਵੈਰੀ ਹਨ ਜੋ ਤਲਵਾਰ ਨਾਲ ਵੀ ਕਾਬੂ ਨਹੀਂ ਆ ਸਕਦੇ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਦਾ ਚਿੰਨ੍ਹ ਵੀ ਤਲਵਾਰ ਹੀ ਮੰਨਿਆ।

ਮੀਰੀ ਦਾ ਚਿੰਨ੍ਹ ਤਾਂ ਤਲਵਾਰ ਸੰਸਾਰਕ ਤੌਰ ਤੇ ਵੀ ਮੰਨਿਆ ਹੋਇਆ ਹੈ ਪਰ ਜਦੋਂ ਗੁਰੂ ਸਾਹਿਬ ਨੇ ਮੀਰੀ ਦਾ ਚਿੰਨ੍ਹ ਤਲਵਾਰ ਕਿਹਾ ਹੈ ਤਾਂ ਉਹਨਾਂ ਦਾ ਭਾਵ ਇਹੀ ਸੀ ਕਿ ਸੱਚਾ ਮੀਰ ਬਣਨਾ ਵੀ ਉਤਨਾ ਹੀ ਕਠਨ ਹੈ ਜਿਤਨਾ ਸੱਚਾ ਪੀਰ ਬਣਨਾ। ਇਹ ਦੋਵੇਂ ਮਾਰਗ ਆਪਣੇ ਆਪ ਨਾਲ ਯੁੱਧ ਕਰਨ ਦੇ ਹਨ। ਰਾਜੇ ਨੂੰ ਵੀ ਸੱਚ, ਨਿਆਂ ਤੇ ਲੋਕ ਭਲਾਈ ਲਈ ਆਪਣਾ ਆਪ ਕੁਰਬਾਨ ਕਰਨਾ ਪੈਂਦਾ ਹੈ। ਸੱਚਾ ਰਾਜਾ ਆਪਣੇ ਸੁਖ ਆਰਾਮ ਦਾ ਤਿਆਗ ਕਰ ਕੇ ਹੀ ਬਣ ਸਕਦਾ ਹੈ—ਇਹ ਵੀ ਸੂਲਾਂ ਦੀ ਸੇਜ ਤੇ ਸੌਣਾ ਹੈ।

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥
ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ ॥
ਨਿਹਚਲੁ ਸਚਾ ਏਕੁ ਹੈ, ਗੁਰਮੁਖਿ ਬੂਝੈ ਸੁ ਨਿਹਚਲ ਹੋਈ ॥
(ਵਾਰ ਮਾਰੂ, ਮਹਲਾ ੩)

ਤਖਤਿ ਬਹੈ ਤਖਤੈ ਕੀ ਲਾਇਕ ॥
ਪੰਚ ਸਮਾਏ ਗੁਰਮਤਿ ਪਾਇਕ ॥
ਆਦਿ ਜੁਗਾਦਿ ਹੈ ਭੀ ਹੋਸੀ,
ਸਹਸਾ ਭਰਮੁ ਚੁਕਾਇਆ ॥ (ਮਾਰੂ ਮਹਲਾ ੧)

ਪਰਮਾਤਮਾ ਆਪ ਤਖ਼ਤ ਦਾ ਮਾਲਕ ਹੈ :

ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥
ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥
ਨਾਨਕ ਰਾਮੁ ਜਪਹੁ ਤਰੁ ਤਾਰੀ
ਹਰਿ ਅੰਤਿ ਸਖਾਈ ਪਾਇਆ ॥ (ਮਾਰੂ ਮ: ੧)

ਮੀਰ ਤਾਂ ਉਤਨਾ ਹੀ ਉੱਚਾ ਹੋਣਾ ਚਾਹੀਦਾ ਹੈ, ਜਿਤਨਾ ਪਰਮਾਤਮਾ। ਮੀਰ ਪਰਮਾਤਮਾ ਹੀ ਹੁੰਦਾ ਹੈ ਜੇ ਉਹ ਸਚਮੁੱਚ ਪੂਰਨ ਮੀਰ ਹੋਵੇ। ਮੱਲਾਂ ਮਾਰਨ ਵਾਲੇ ਅਤੇ ਐਸ਼ਵਰਜ ਵਿਚ ਲੀਨ ਰਹਿਣ ਵਾਲੇ ਲੋਕ ਮੀਰ ਨਹੀਂ ਹਨ। ਹਰ ਇਕ ਰੂਪ ਵਿਚ ਮੀਰ ਤੇ ਪੀਰ ਇਕ ਸਿਖਰ ਹੈ; ਉਹ ਸਿਖਰ ਪੂਰਨਤਾ ਹੈ, ਉਹ ਸਿਖਰ ਪਰਮਾਤਮਾ ਨਾਲ

ਇਕ ਮਿਕ ਹੋਣਾ ਤੇ ਇਕ ਸੁਰ ਹੋਣਾ ਹੈ, ਉਹ ਸਿਖਰ ਪ੍ਰਾਪਤ ਕਰਨੀ ਤਲਵਾਰ ਦੀ ਧਾਰ ਤੇ ਤੁਰਨਾ ਹੈ। ਉਹਨਾਂ ਸਿੱਖਾਂ ਨੂੰ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਤਲਵਾਰਾਂ ਦਾ ਚਿੰਨ੍ਹ ਦਿੱਤਾ ਹੈ।

ਸੋ ਗੁਰੂ ਹਰਿਗੋਬਿੰਦ ਸਾਹਿਬ ਦਾ ਕਰਤੱਵ ਕੋਈ ਨਵਾਂ ਤੇ ਵਿਲੱਖਣ ਨਹੀਂ ਸੀ। ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਮੀਰੀ ਤੇ ਪੀਰੀ ਦੋਹਾਂ ਦਾ ਇਕੋ ਦਰਜਾ ਨਿਸਚਿਤ ਸੀ। ਉਸ ਦਰਜੇ ਦੀ ਪ੍ਰਾਪਤੀ ਲਈ ਘੋਲ ਦਾ ਚਿੰਨ੍ਹ ਹੈ ਤਲਵਾਰ।

ਗੁਰੂ ਸਾਹਿਬ ਨੇ ਪਖੰਡੀ ਪੀਰਾਂ ਨਾਲ ਵੀ ਟੱਕਰ ਲਈ ਅਤੇ ਅਨਿਆਈ ਜਾਬਰ ਮੀਰਾਂ ਨਾਲ ਵੀ। ਇਸ ਟੱਕਰ ਦੀਆਂ ਸੂਚਕ ਵੀ ਤਲਵਾਰਾਂ ਹੀ ਹਨ। ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਧੇ ਤੌਰ ਤੇ ਹਕੂਮਤ ਨਾਲ ਉਸ ਦੇ ਅਨਿਆਈ ਕਾਨੂੰਨ ਤੋੜ ਕੇ ਟੱਕਰ ਲਈ। ਹਕੂਮਤ ਵਲੋਂ ਹਿੰਦੂ ਪਰਾਧੀਨ ਜਨਤਾ ਲਈ ਘੋੜ-ਸਵਾਰ ਹੋਣਾ, ਸ਼ਸਤ੍ਰ-ਬਧ ਹੋਣਾ, ਦਸਤਾਰ ਤੇ ਹੋਰ ਵਰਦੀ ਸਜਾਉਣਾ ਮਨ੍ਹਾ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਬਣਵਾਇਆ, ਫ਼ੌਜ ਰੱਖੀ, ਘੋੜ-ਸਵਾਰੀ ਕੀਤੀ, ਸ਼ਸਤਰ ਰੱਖੇ। ਸ਼ਿਕਾਰ ਲਈ ਜਾਂਦੇ, ਆਪਣੇ ਸਿੱਖਾਂ ਦੇ ਝਗੜਿਆਂ ਦੇ ਫ਼ੈਸਲੇ ਆਪ ਕਰਦੇ। ਇਹ ਸਾਰੇ ਮੀਰ ਦੇ ਕੰਮ ਹਨ। ਆਪ ਨੇ ਇਹ ਸਾਰੇ ਕੀਤੇ। ਪਰ ਉੱਚੇ ਆਦਰਸ਼ਕ ਪੱਧਰ ਤੇ ਰਹਿ ਕੇ ਕੀਤੇ।

ਗੁਰੂ ਹਰਿਗੋਬਿੰਦ ਸਾਹਿਬ ਨੇ ਅਨਿਆਂ ਵਿਰੁੱਧ ਰੋਸ ਪ੍ਰਗਟ ਕਰਨ ਦੇ ਚੌਕੀ ਦੇ ਤਰੀਕੇ ਨਾਲ ਸੰਮਤੀ ਪ੍ਰਗਟ ਕੀਤੀ ਅਤੇ ਕਿਹਾ ਕਿ ਮੈਂ ਸਦਾ ਇਸ ਚੌਕੀ ਵਿਚ ਸ਼ਾਮਲ ਹੋਇਆ ਕਰਾਂਗਾ। ਚੌਕੀ ਸਾਹਿਬ ਦਾ ਤਰੀਕਾ ਉਦੋਂ ਜਾਰੀ ਕੀਤਾ ਗਿਆ ਸੀ ਜਦੋਂ ਗੁਰੂ ਸਾਹਿਬ ਹਕੂਮਤ ਦੇ ਅਨਿਆਂ ਦਾ ਸ਼ਿਕਾਰ ਹੋ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤੇ ਗਏ ਸਨ। ਸਿੱਖਾਂ ਨੇ ਹਕੂਮਤ ਦੇ ਜਬਰ ਵਿਰੁੱਧ ਚੌਕੀ ਸਾਹਿਬ ਦੁਆਰਾ ਰੋਸ ਪ੍ਰਗਟ ਕੀਤਾ। ਹੁਣ ਤੀਕ ਇਹ ਤਰੀਕਾ ਦਰਬਾਰ ਸਾਹਿਬ ਵਿਖੇ ਜਾਰੀ ਹੈ। ਗੁਰੂ ਹਰਿਗੋਬਿੰਦ ਸਾਹਿਬ ਇਸ ਚੌਕੀ ਵਿਚ ਸ਼ਾਮਲ ਹੁੰਦੇ ਹਨ।

ਇਹ ਚੌਕੀ ਸਾਹਿਬ ਸਿੱਖ ਆਚਰਨ ਦੀ ਬੁਨਿਆਦ ਹੈ। ਸਿੱਖ ਸਦਾ ਅਨਿਆਂ, ਜਬਰ ਤੇ ਧੱਕੇ ਵਿਰੁੱਧ ਆਵਾਜ਼ ਉਠਾਉਂਦਾ ਹੈ, ਰੋਸ ਪ੍ਰਗਟ ਕਰਦਾ ਹੈ। ਇਹ ਗੱਲ ਖ਼ਤਰੇ ਵਾਲੀ ਹੈ। ਪਰ ਇਹ ਹਰ ਪ੍ਰਕਾਰ ਦਾ ਖ਼ਤਰਾ ਮੁੱਲ ਲੈ ਕੇ ਇਹ ਕੁਝ ਕਰਦਾ ਹੈ। ਇਹੋ ਤਲਵਾਰ ਦਾ ਮਾਰਗ ਹੈ।

ਸੋ ਦੋਵੇਂ ਤਲਵਾਰਾਂ ਦਾ ਰਹਿਸ ਹੈ। ਦੋਵੇਂ ਆਦਰਸ਼ਾਂ ਦੀਆਂ ਸੂਚਕ ਹਨ। ਸਿੱਖ ਨੇ ਦੋਵੇਂ ਆਦਰਸ਼ ਨਿਭਾਉਣੇ ਹਨ। ਪਹਿਲਾ ਆਦਰਸ਼ ਪੀਰੀ ਹੈ ਤੇ ਦੂਜਾ ਆਦਰਸ਼ ਮੀਰੀ ਹੈ।

———

# ੭. ਦੀਰਘ ਜਾਮਾ ਅਤੇ ਫੁੱਲ

੧.

ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਗ਼ ਦੀ ਸੈਰ ਕਰ ਰਹੇ ਸਨ। ਆਪ ਜੀ ਦੇ ਨਾਲ ਹੋਰ ਸਿੱਖ ਵੀ ਸਨ। ਦੂਰ ਪਿੱਛੇ (ਗੁਰੂ) ਹਰਿ ਰਾਇ ਜੀ ਵੀ ਆ ਰਹੇ ਸਨ। ਹਰਿ ਰਾਇ ਜੀ ਨੇ ਸੋ ਕਲੀਆਂ ਵਾਲਾ ਦੀਰਘ ਜਾਮਾ ਪਾਇਆ ਹੋਇਆ ਸੀ। ਆਪ ਦਾਦਾ ਗੁਰੂ ਜੀ ਨੂੰ ਮਿਲਣ ਲਈ ਕਾਹਲੀ ਕਾਹਲੀ ਤੁਰ ਰਹੇ ਸਨ। ਹਵਾ ਦੇ ਵਰਾਟੇ ਨਾਲ ਆਪ ਦਾ ਦੀਰਘ ਜਾਮਾ ਫੈਲਿਆ ਅਤੇ ਇਕ ਸੋਹਣਾ ਫੁੱਲ ਟੁੱਟ ਕੇ ਹੇਠਾਂ ਡਿੱਗ ਪਿਆ। (ਗੁਰੂ) ਹਰਿ ਰਾਇ ਜੀ ਨੇ ਫੁੱਲ ਨਹੀਂ ਦੇਖਿਆ; ਆਪ ਦਾ ਧਿਆਨ ਸ੍ਰੀ ਗੁਰੂ ਹਰਿਗੋਬਿੰਦ ਜੀ ਵੱਲ ਲੱਗਾ ਹੋਇਆ ਸੀ। ਪਰ ਆਪ ਦੇ ਨਾਲ ਆ ਰਹੇ ਸੇਵਕ ਨੇ ਵੇਖ ਲਿਆ ਕਿ ਫੁੱਲ ਆਪ ਦੇ ਜਾਮੇ ਨਾਲ ਅੜ ਕੇ ਡਿੱਗਾ ਹੈ। ਹਰਿ ਰਾਇ ਜੀ ਸ੍ਰੀ ਗੁਰੂ ਜੀ ਨੂੰ ਜਾ ਮਿਲੇ।

ਇਹ ਟੁੱਟਾ ਫੁੱਲ ਸ੍ਰੀ ਗੁਰੂ ਹਰਿਗੋਬਿੰਦ ਜੀ ਪਹਿਲਾਂ ਸਾਬਤ ਦੇਖ ਚੁਕੇ ਸਨ। ਇਹ ਅਤਿ ਸੁੰਦਰ ਫੁੱਲ ਸੀ। ਸ੍ਰੀ ਗੁਰੂ ਜੀ ਮੁੜਦੀ ਵਾਰੀ ਫਿਰ ਉਸੇ ਰਸਤੇ ਲੰਘੇ ਅਤੇ ਆਪ ਨੇ ਉਹ ਫੁੱਲ ਰਸਤੇ ਵਿਚ ਡਿੱਗਾ ਹੋਇਆ ਦੇਖਿਆ। ਸ੍ਰੀ ਗੁਰੂ ਜੀ ਪੁੱਛਣ ਲੱਗੇ :

ਸ਼ਾਖਾ ਲਗਯੋ ਹੁਤੋ ਹਮ ਹੇਰਾ ॥
ਅਬ ਇਹ ਕਿਹ ਤੋਰਯੋ ਛਿਤ ਗੇਰਾ ?
ਉਪਮਾ ਮੁਖ ਪ੍ਰਸੰਨ ਕੀ ਪਾਵਤਿ ॥
ਖਿਰੀ ਪਾਂਖਰੀ ਹੁਤੋ ਸੁਹਾਵਤਿ।
ਸ਼ਾਖਾ ਸਹਿਤ ਤਰਵਰੁ ਅਵਨੀ।
ਨਿਜ ਛਬਿ ਤੇ ਦਿਖਰਾਵਤਿ ਰਵਨੀ।
ਅਬ ਛਿਨ ਛਿਨ ਪ੍ਰਤਿ ਇਹ ਕੁਮਲਾਵਤਿ।
ਸ਼ੋਕ ਸਹਿਤ ਮੁਖ ਸਮਤਾ ਪਾਵਤਿ।
ਕਾਰਜ ਕਹਾਂ ਸਰਯੋ ਇਸ ਤੋਰੇ।
ਧਰਨੀ ਪਰਯੋ ਭਈ ਦੁਤਿ ਹੋਰੇ।

ਪਰ ਕਿਸੇ ਨੇ ਅੱਗੋਂ ਉੱਤਰ ਨ ਦਿੱਤਾ ਕਿ ਫੁੱਲ ਕਿਸ ਨੇ ਤੋੜਿਆ ਹੈ। ਅੰਤ ਤੇ (ਗੁਰੂ) ਹਰਿ ਰਾਇ ਜੀ ਦਾ ਸੇਵਕ ਕਹਿਣ ਲੱਗਾ :—

ਸ੍ਰੀ ਹਰਿਰਾਇ ਚਲਤਿ ਉਤਲਾਏ।
ਦੀਰਘ ਜਾਮਾ ਅਟਕਯੋ ਯਾ ਸੋਂ।
ਪਰਯੋ ਟੂਟ ਧਰ ਤੂਰਨ ਤ੍ਰਾ ਸੋਂ।

ਇਹ ਸੁਣ ਕੇ ਸ੍ਰੀ ਗੁਰੂ ਜੀ ਨੇ ਇਉਂ ਕਿਹਾ :

ਸੁਨਿ ਸ੍ਰੀ ਮੁਖ ਤੇ ਸੁਮਤਿ ਬਤਾਵੈ ।
ਜੋ ਦੀਰਘ ਜ਼ਾਮਾ ਗਰ ਪਾਵੈ ।
ਕਯੋਂ ਨ ਸੰਕੋਚ ਸੰਭਾਰ ਚਲੰਤੇ ।
ਜਿਹ ਪਰਸਤਿ ਗਨ ਬਿਘਨ ਪਤੰਤੇ ।

ਇਹ ਸੁਣ ਕੇ (ਗੁਰੂ) ਹਰਿ ਰਾਇ ਜੀ ਨੇ ਹਿਰਦੇ ਵਿਚ ਪ੍ਰਣ ਕੀਤਾ :

ਸੁਨੀ ਪਿਤਾਮੇ ਕੀ ਇਮ ਬਾਨੀ ।
ਸ੍ਰੀ ਹਰਿਰਾਇ ਬੰਦਨਾ ਠਾਨੀ ।
ਤੁਰਤ ਸੰਕੋਚਯੋ ਜਾਮਾ ਗਰ ਕੋ ।
ਕਰਯੋ ਸੰਭਾਰਨ ਪਾਇ ਸੁ ਕਰ ਕੋ ।
ਤਬ ਤੇ ਮਾਨਯੋ ਬਚਨ ਭਲੇ ਹੈਂ ।
ਜਬ ਲੌ ਜਿਏ ਨ ਛੋਰ ਚਲੇ ਹੈਂ ।
ਸਤਪਾਲਨ ਕੋ ਜਾਮਾ ਪਾਵੈਂ ।
ਚਲਨ ਸਮੇਂ ਕਰ ਤੇ ਸੁਕਚਾਵੈਂ ।
ਸੀਖ ਪਿਤਾਮੇ ਕੀ ਨ ਬਿਸਾਰੀ ।
ਸ੍ਰੀ ਹਰਿਰਾਇ ਪ੍ਰਤਗਯਾ ਧਾਰੀ ।

(ਗੁ: ਪ੍ਰ: ਸੂ: ਰਾਸ ੮ ਅੰਸ ੪੯)

ਸ੍ਰੀ ਹਰਿ ਰਾਇ ਜੀ ਸਮਾਂ ਪਾ ਕੇ ਗੁਰੂ ਬਣ ਗਏ । ਆਪ ਸਾਰਾ ਜੀਵਨ ਸੈ ਕਲੀਆਂ ਵਾਲਾ ਜਾਮਾ ਪਾਉਂਦੇ ਰਹੇ । ਪਰ ਸਦਾ ਹੀ ਸੰਕੋਚ ਕੇ ਤੁਰਦੇ ਰਹੇ ।

੨.

ਇਹ ਸਾਖੀ ਸਿੱਖ ਧਰਮ ਦੇ ਰਹਿਸ ਨੂੰ ਕਈ ਪੱਖਾਂ ਤੋਂ ਖੋਲ੍ਹਦੀ ਹੈ ।

ਪਹਿਲਾ ਪੱਖ ਇਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਚਿੰਨ੍ਹਾਂ ਦੁਆਰਾ ਇਹ ਸੰਕੇਤ ਦਿੱਤਾ ਸੀ ਕਿ ਉਹ ਮੀਰੀ ਤੇ ਪੀਰੀ ਦੇ ਦੋਵੇਂ ਗੁਣ ਧਾਰਨ ਕਰਨਗੇ । ਆਪ ਨੇ ਦੋ ਤਲਵਾਰਾਂ ਸਜਾਈਆਂ ਹਨ । ਇਹੋ ਸਿੱਖ ਧਰਮ ਦਾ ਪਹਿਲਾ ਰਹਿਸ ਹੈ ਕਿ 'ਰਾਜ ਤੇ ਜੋਗ' 'ਜੋਗ ਤੇ ਭੋਗ' 'ਸੰਤ ਤੇ ਸਿਪਾਹੀ' ਨੇ ਇਕ ਥਾਂ ਰਹਿਣਾ ਹੈ । ਗੁਰੂ ਜੀ 'ਦੁਸ਼ਟ ਦਮਨ' ਵੀ ਸਨ ਪਰ 'ਬੰਦੀ ਛੋੜ' ਵੀ ਸਨ, ਆਪ 'ਮਹਾਂ ਕਾਲ' ਵੀ ਸਨ ਜਦੋਂ ਦੁਸ਼ਟਾਂ ਦੇ ਦਮਨ ਦਾ ਸਮਾਂ ਹੁੰਦਾ ਸੀ, ਪਰ ਬੜੀ ਵਚਿੱਤਰ ਗੱਲ ਕਿ ਆਪ ਇਤਨੇ 'ਦਇਆਲ' ਵੀ ਸਨ ਕਿ ਫੁੱਲ ਦੇ ਟੁੱਟਣ ਨਾਲ ਆਪ ਦ੍ਰਵ ਗਏ । ਆਪ ਨੇ ਜਦੋਂ ਫੁੱਲ ਦੀ ਸੁੰਦਰਤਾ ਕੁਮਲਾਈ ਵੇਖੀ ਤਾਂ ਆਪ ਨੇ ਉਸ ਲਈ ਆਪਣੇ ਪੋਤੇ ਨੂੰ ਕਰੜੀ ਤਾੜਨਾ ਕੀਤੀ ।

ਦੂਜਾ ਪੱਖ ਇਸ ਸਾਖੀ ਦਾ ਇਹ ਹੈ ਕਿ ਸਿੱਖ ਧਰਮ ਨੇ 'ਜਾਮਾ' ਭਾਵੇਂ 'ਦੀਰਘ' (ਵੱਡਾ—ਸੈ ਕਲੀਆਂ ਵਾਲਾ) ਪਾਉਣਾ ਹੈ ਪਰ ਫੁੱਲਾਂ ਦੀ ਸਦਾ ਰੱਖਿਆ ਕਰਨੀ ਹੈ । ਸੁੰਦਰਤਾ, ਖੇੜੇ, ਸ਼ਰਾਫ਼ਤ, ਫ਼ਕੀਰੀ, ਮਿਠਾਸ ਦੀ ਰੱਖਿਆ ਸਿੱਖ ਧਰਮ ਦਾ ਉਦੇਸ਼ ਹੈ । ਉਹ ਬਾਦਸ਼ਾਹੀ ਵੀ ਕਰਨਗੇ ਪਰ ਆਤਮ-ਸੰਕੋਚ ਵਿਚ ਵੀ ਰਹਿਣਗੇ । ਉਹਨਾਂ ਦੀ

ਬਾਦਸ਼ਾਹੀ ਵੀ ਇਸ ਪ੍ਰਕਾਰ ਦੀ ਹੋਵੇਗੀ ਕਿ 'ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ' ਹੋਵੇਗੀ। ਉਹਨਾਂ ਦੇ ਰਾਜ ਵਿਚ ਕਿਸੇ ਨੂੰ ਭੈ ਨਹੀਂ ਹੈ, ਕੋਈ ਨਿਰਦੋਸ਼ ਨਹੀਂ ਮਾਰਿਆ ਜਾਏਗਾ।

੩.

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਸਾਰਾ ਜੀਵਨ ਫੁੱਲਾਂ ਦੀ ਰੱਖਿਆ ਕੀਤੀ। ਆਪ ਨੇ ਸਾਰਾ ਜੀਵਨ ਜਾਮਾ ਵਿਸ਼ਾਲ ਤੇ ਮਹਾਨ ਰੱਖਿਆ ਪਰ ਸਾਰਾ ਜੀਵਨ ਆਪ ਨੇ ਫੁੱਲਾਂ ਦੀ ਰੱਖਿਆ ਵੀ ਕੀਤੀ। ਇਸ ਰਹਿਸ ਨੂੰ ਸਮਝਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਫੁੱਲ ਕਾਹਦਾ ਚਿੰਨ੍ਹ ਹੈ। ਫੁੱਲ ਦਾ ਰਹਿਸ ਕੀ ਹੈ? ਇਹ ਭੇਤ ਲੱਭਣ ਦਾ ਯਤਨ ਕਰਦੇ ਹਾਂ।

(੧) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰ-ਗੱਦੀ ਸ੍ਰੀ ਹਰਿ ਰਾਇ ਸਾਹਿਬ ਜੀ ਨੂੰ ਦੇ ਦਿੱਤੀ ਤੇ ਨਾਲ ਹੀ ਕਿਹਾ ਕਿ ਆਪ ਨੇ ੨੨੦੦ ਫ਼ੌਜ ਸਦਾ ਰੱਖਣੀ ਪਰ ਲੜਨਾ ਨਹੀਂ—

ਸਤਿਗੁਰ ਪੋਤਰੇ ਕੋ ਮੁਖ ਦੇਖਿ।
ਹੋਇ ਪ੍ਰਸੰਨ ਸੁ ਬੀਰ ਪਰੇਖ।
ਕਹਯੋ ਤਬੈ ਤੁਮ ਕਬਹੁ ਨ ਲਰਹੁ।
ਸਤ੍ਰਨ ਦਿਸਿ ਤੇ ਸ਼ਾਂਤੀ ਧਰਹੁ।
ਕਿਸ ਬਿਧਿ ਤੇ ਨਹਿ ਕਰਹੁ ਬਖੇਰਾ।
ਨਹੀਂ ਸੰਭਾਰਹੁ ਬੈਰ ਬਡੇਰਾ।
ਸੈਨਾ ਦੋ ਸੈ ਦੋਇ ਹਜ਼ਾਰ।
ਰਾਖੋ ਸੰਗ ਸੁਚੇਤੀ ਧਾਰਿ।
ਨਹੀਂ ਕਦਾਚਿਤ ਰਣ ਕੋ ਚਾਹੋ।
ਭੋਗਹੁ ਅਨੰਦ ਬੈਠ ਘਰ ਮਾਹੋਂ। [ਰਾਸ ੯੧ ਅੰਸ ੫੭]

ਇਹ ਸੁਣ ਕੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ—

ਸੁਨਿ ਕਰਿ ਸ੍ਰੀ ਹਰਿਰਾਇ ਅਨੰਦੇ।
ਚਰਨ ਪਿਤਾਮੇ ਕੇ ਜੁਗ ਬੰਦੇ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਅਨੋਖੇ ਤਰੀਕੇ ਨਾਲ ਸਿੱਖਾਂ ਦੀ ਬੀਰਤਾ ਦੀ ਰਾਖੀ ਕੀਤੀ। ਆਪ ਰੋਜ਼ ਸ਼ਿਕਾਰ ਲਈ ਜਾਂਦੇ ਸਨ। ਜੀਵ ਤੇ ਪੰਛੀ ਪਕੜ ਕੇ ਲੈ ਆਉਂਦੇ ਸਨ। ਉਹਨਾਂ ਨੂੰ ਮਾਰਦੇ ਖਾਂਦੇ ਨਹੀਂ ਸਨ, ਸਗੋਂ ਉਹਨਾਂ ਦੀ ਕੋਮਲਤਾ ਤੇ ਪਿਆਰ ਨਾਲ ਪਾਲਣਾ ਹੁੰਦੀ ਸੀ—

ਹਾਥ ਸਰਾਸਰ ਧਾਰਿ ਕਠੋਰ,
ਕਸ ਕਟਿ ਕੋ ਘਰ ਪੋਰ ਮੈਂ ਆਵੈਂ।
ਚੰਚਲ ਅੰਗ ਤੁਰੰਗ ਅਰੂਢਤਿ,
ਜਾਤਿ ਸ਼ਿਕਾਰ ਬਿਸਾਲ ਕੁਦਾਵੈਂ।

ਕਾਨਨ ਕੇ ਪਸੁ ਬ੍ਰਿਦ ਬਿਹੰਗਮ,
ਆਇਸੁ ਦੀਨਿ ਨਹੀਂ ਤਿਨ ਘਾਵੈਂ ।
ਦੇ ਕਰਿ ਖੇਦ ਗਹੈ ਗਨ ਜੀਵਤਿ,
ਲਯਾਵਤਿ ਪਾਲਨ ਕੋ ਕਰ ਲਾਵੈਂ ।
ਸੰਗ ਚਢੈਂ ਭਟ ਆਯੁਧ ਕੌ ਧਰਿ,
ਬਿਦੁੰ ਚਮੂ ਮਹਿੰ ਰਾਜਤਿ ਹੈਂ ।
ਬੋਲਤਿ ਅੱਗ੍ਰ ਨਕੀਬ ਚਲੈ,
ਬਡਿ ਧੁੰਕਤਿ ਦੁੰਦਭਿ ਬਾਜਤਿ ਹੈਂ ।
ਕਾਨਨ ਤੇ ਗਹਿ ਜੀਵਨ ਕੋ,
ਗ੍ਰਿਹ ਲਯਾਇ ਤਿਨੈ ਸੁਖ ਸਾਜਤਿ ਹੈਂ ।
ਬਾਘ, ਬਿਲਾਉ, ਸਸੇ, ਮ੍ਰਿਗ, ਰੋਝ,
ਡੰਖਾਰਨਿ ਬ੍ਰਿੰਦ ਜਿ ਭਾਜਤਿ ਹੈਂ ।
[ਰਾਸ ੯ ਅੰਸ ੧੪]

ਸੋ ਪਹਿਲਾ ਫੁੱਲ ਤਾਂ ਇਹ ਰੱਬ ਦੇ ਜੀਵ ਹਨ । ਗੁਰੂ ਜੀ ਇਹਨਾਂ ਪਸ਼ੂ-ਪੰਛੀਆਂ ਤੇ ਜੀਵਾਂ ਦੀ ਪਾਲਣਾ ਕਰਦੇ ਅਤੇ ਆਪਣਾ ਬੀਰਤਾ ਦੀ ਸਿਖਲਾਈ ਦਾ ਮੰਤਵ ਵੀ ਪੂਰਾ ਕਰ ਲੈਂਦੇ । ਸਾਰਾ ਜੀਵਨ ਆਪ ਦਾ ਇਹੋ ਵਿਹਾਰ ਰਿਹਾ । ਇਹ ਸੰਤ-ਸਿਪਾਹੀ ਦਾ ਜੀਵਨ ਹੈ ।

(੨) ਦੂਜੇ ਫੁੱਲ ਹਨ 'ਬੀਮਾਰ' । ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਬੀਮਾਰ ਸੇਵਾ ਵਿਚ ਕਮਾਲ ਕੀਤਾ ਹੈ । ਆਪ ਨੇ ਦਵਾਈਆਂ ਦਾ ਬੜਾ ਪੱਕਾ ਪ੍ਰਬੰਧ ਕੀਤਾ ਅਤੇ ਰੋਗੀਆਂ ਦੀ ਸੇਵਾ, ਦੇਖ ਰੇਖ ਅਤੇ ਇਲਾਜ ਲਈ ਪੂਰਾ ਯਤਨ ਕੀਤਾ । ਆਪ ਦਾ ਦਵਾਈਖ਼ਾਨਾ ਕਿਤਨਾ ਮਹਾਨ ਹੋਣਾ ਹੈ, ਇਸ ਦਾ ਅਨੁਮਾਨ ਇਸ ਇਤਿਹਾਸਕ ਘਟਨਾ ਵਿਚੋਂ ਲੱਗ ਸਕਦਾ ਹੈ ਕਿ ਸ਼ਾਹਜਹਾਨ ਵਰਗੇ ਸ਼ਹਿਨਸ਼ਾਹ ਨੂੰ ਵੀ ਵਿਸ਼ੇਸ਼ ਪ੍ਰਕਾਰ ਦੀ ਹਰੀੜ ਅਤੇ ਲੌਂਗ ਆਪ ਦੇ ਦਵਾਈਖ਼ਾਨੇ ਵਿਚੋਂ ਪਰਵਾਨ ਕਰਨੇ ਪਏ । ਦਾਰਾਸ਼ਕੋਹ ਬੀਮਾਰ ਹੋ ਗਿਆ । ਔਰੰਗਜ਼ੇਬ ਨੇ ਉਸ ਨੂੰ ਚੋਲਾਂ ਵਿਚ ਸ਼ੇਰ ਦੀ ਮੁੱਛ ਦਾ ਵਾਲ ਖੁਆ ਦਿੱਤਾ । ਇਸ ਬੀਮਾਰੀ ਤੋਂ ਖ਼ਲਾਸੀ ਲਈ ਇਹ ਨੁਸਖ਼ਾ ਦੱਸਿਆ—

ਗਨ ਹਕੀਮ ਪਾਤਿਸਾਹ ਕੇ ਨਹਿੰ ਚਲਯੋ ਉਪਾਈ ।
ਤਬ ਸਭਿ ਹੂੰਨਿ ਬਿਚਾਰਕੈ ਇਮ ਗਿਰਾ ਅਲਾਈ ।
ਹਿਰੜ ਆਇ ਬਡਿ ਤੋਲ ਕੀ ਚੋਦੈਂ ਸਿਰਸਾਹੀ ।
ਇਕ ਮਾਸੇ ਕੋ ਲੌਂਗ ਹੁਇ ਅਨਵਾਵਹੁ ਪਾਹੀ ।
ਇਸ ਅੰਤਰ ਮੁਛ ਸ਼ੇਰ ਕੀ ਬਾਹਰ ਨਿਕਸੈ ਹੈ ।
ਤਬ ਬਿਮਾਰੀ ਜਾਇ ਹੈ, ਜਬ ਤਿਸ ਕੋ ਖੈ ਹੈ ।

ਸ਼ਾਹਜਹਾਨ ਦੇ ਦੂਤ ਸਾਰੇ ਪਾਸੇ ਖੋਜ ਕਰ ਚੁਕੇ, ਪਰ ਇਸ ਵਜ਼ਨ ਦੇ ਹਰੜ ਤੇ ਲੌਂਗ ਨਾ ਮਿਲੇ । ਉਹ ਅੰਤ ਗੁਰੂ ਜੀ ਪਾਸ ਆਏ ਤੇ ਇਹ ਵਸਤਾਂ ਮੰਗੀਆਂ, ਕਾਰਨ ਦੱਸਿਆ—

ਸੁਨਿਕੈ ਸ੍ਰੀ ਹਰਿਰਾਇ ਤਬ ਥੋਰੇ ਮੁਸਕਾਏ ।
ਚਮਕਤਿ ਹੈਂ ਸੁੰਦਰ ਦਸਨ ਕੇਤਕਿ ਦਰਸਾਏ ।
ਬੋਲੇ ਸਭਿਨਿ ਸੁਨਾਇਕੈ ਤੁਰਕੇਸੁਰ ਭਾਰੋ ।
ਇਮ ਜੇ ਪ੍ਰੀਤਿ ਪ੍ਰਤੀਤ ਹੈ ਤਿਸ ਰਿਦੈ ਮਝਾਰੋ ।
ਉਚਿਤ ਦੇਨਿ ਵਸਤੂ ਦੁਲਭ ਪੁਨ ਸੁਤ ਬੀਮਾਰੀ ।
ਹੁਇ ਲਚਾਰ ਜਾਚਨ ਕਰੀ ਸ਼ਰਧਾ ਉਰਧਾਰੀ ।
ਦਾਰਾ-ਸ਼ਕੋਹ ਸੁ ਭਲੋ ਹੈ ਪਰਮੇਸ਼ਰ ਪਯਾਰੋ ।
ਸਤਿਸੰਗ ਅਭਿਲਾਖਤੋ ਪਰਹਰਹਿ ਬਿਕਾਰੋ ।

ਅਤੇ ਸਾਰੀਆਂ ਚੀਜ਼ਾਂ ਮੰਗਵਾ ਕੇ—

'ਸ਼ਾਹਜਹਾਂ ਪਾਤਸ਼ਾਹ ਕੋ ਕਾਰਜਿ ਇਹ ਕੀਜੈ ।'

ਸੋ ਇਹ 'ਰੋਗੀ' ਵੀ ਫੁੱਲ ਹਨ । ਸ੍ਰੀ ਗੁਰੂ ਜੀ ਨੇ ਇਹਨਾਂ ਦੀ ਰੱਖਿਆ ਵੀ ਕੀਤੀ ।

(੩) ਸੰਸਾਰ ਵਿਚ ਫ਼ਕੀਰਾਂ ਤੇ ਭਗਤਾਂ ਤੁਲ ਹੋਰ ਕੋਈ ਸੁੰਦਰ ਤੇ ਕੋਮਲ ਫੁੱਲ ਨਹੀਂ । ਇਹਨਾਂ ਫੁੱਲਾਂ ਦੀ ਰੱਖਿਆ ਲਈ ਹੀ ਤਾਂ ਸਿੱਖ ਧਰਮ ਦੀ ਸਥਾਪਨਾ ਹੋਈ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਤੇ ਅਕਾਲ ਉਸਤਤ ਵਿਚ ਇਸ ਸਿਧਾਂਤ ਨੂੰ ਦ੍ਰਿੜ੍ਹਾਇਆ ਹੋਇਆ ਹੈ । ਪਰ ਪਹਿਲਾਂ ਵੀ ਇਹੋ ਸਿਧਾਂਤ ਹੀ ਪਰਵਾਨ ਸੀ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭੀ ਐਸੇ 'ਨਗਰ' ਦਾ ਵਰਨਣ ਕੀਤਾ ਹੋਇਆ ਹੈ, 'ਹਲੇਮੀ ਰਾਜ' ਦਾ । ਰਵਿਦਾਸ ਜੀ ਨੇ ਵੀ ਇਸੇ ਨੂੰ 'ਬੇਗਮਪੁਰੇ' ਦਾ ਸ਼ਹਿਰ ਮੰਨਿਆ ਹੈ । ਸੰਤਾਂ ਨੂੰ ਮੰਨਣਾ ਅਤੇ ਦੁਸ਼ਟਾਂ ਨੂੰ ਡੰਡਣਾ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਹੈ । ਗੁਰੂ ਜੀ ਨੇ ਇਹੋ ਸਿਧਾਂਤ ਦਿੱਤਾ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੰਗਾਰਿਆ—

ਹਮ ਇਹ ਕਾਜ ਜਗਤ ਮੋ ਆਏ ।
ਧਰਮ ਹੇਤ ਗੁਰਦੇਵ ਪਠਾਏ ।
ਜਹਾ ਤਹਾ ਤੁਮ ਧਰਮ ਬਿਥਾਰੋ ।
ਦੁਸਟ ਦੋਖੀਅਨ ਪਕਰਿ ਪਛਾਰੋ ।
ਯਾਹੀ ਕਾਜ ਧਰਾ ਹਮ ਜਨਮੰ ।
ਸਮਝ ਲੇਹੁ ਸਾਧੂ ਸਭ ਮਨਮੰ ।
ਧਰਮ ਚਲਾਵਨ ਸੰਤ ਉਬਾਰਨ ।
ਦੁਸਟ ਸਭਨ ਕੋ ਮੂਲ ਉਪਾਰਨ । (ਬਚਿਤ੍ਰ ਨਾਟਕ)

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਵੀ ਇਸੇ ਫੁੱਲ ਦੀ ਰੱਖਿਆ ਕੀਤੀ । ਆਪ ਨੇ ਜਦੋਂ ਦਾਰਾਸ਼ਕੋਹ ਲਈ ਵੀ ਬਹੁ-ਮੁੱਲੀਆਂ ਵਸਤਾਂ ਦਿੱਤੀਆਂ ਤਾਂ ਆਪ ਨੇ ਸਿਧਾਂਤ ਇਹ ਹੀ ਪੇਸ਼ ਕੀਤਾ ਕਿ—

ਦਾਰਾਸ਼ਕਹ ਸੁ ਭਲੋ ਹੈ ਪਰਮੇਸੁਰ ਪਯਾਰੋ ।
ਸੰਤ ਸੰਗ ਅਭਿਲਾਖਤੋ ਪਰਹਰਹਿ ਬਿਕਾਰੋ ।

ਦਾਰਾ-ਸ਼ਕੋਹ ਸੰਤ-ਫ਼ਕੀਰ ਬੰਦਾ ਸੀ । ਗੁਰੂ ਜੀ ਉਸ ਦਾ ਸਤਿਕਾਰ ਕਰਦੇ ਸਨ ।

ਮਗਰੋਂ ਜਦੋਂ ਸ਼ਾਹਜਹਾਨ ਦੇ ਬੰਦੀ ਬਣਾਏ ਜਾਣ ਉਤੇ ਔਰੰਗਜ਼ੇਬ ਨੇ ਦਾਰਾਸ਼ਕੋਹ ਨੂੰ ਭਜਾਇਆ ਤਾਂ ਦਾਰਾਸ਼ਕੋਹ ਤੇ ਗੁਰੂ ਜੀ ਦਾ ਮੇਲ ਹੋਇਆ। ਗੁਰੂ ਜੀ ਉਸ ਨੂੰ ਉਪਦੇਸ਼ ਦੇਂਦਿਆਂ ਵੀ ਇਹ ਹੀ ਕਹਿੰਦੇ ਹਨ ਕਿ ਦਾਰਾ ਸੰਤ ਹੈ—

ਸ੍ਰੀ ਸਤਿਗੁਰ ਹਰਿ ਰਾਇ ਜੀ ਭੁਗਤਿ ਮੁਕਤਿ ਕੇ ਦਾਨ।
ਰਿਦਾ ਸ਼ੁਧ ਦੇਖਤ ਕਰਯੋ ਦਾਰਾਸ਼ਕੋਹ ਸੁਜਾਨ।
ਤੁਰਕੇਸਨ ਕੇ ਬੰਸ ਮਝਾਰੇ।
ਸ਼ੁਭ ਮਤਿ ਉਪਜਯੋ ਗੁਣ ਬੀਚਾਰੇ।
ਮਰੂ ਦੇਸ਼ ਜਿਮ ਸੁਰਤਰ ਹੋਵਾ।
ਜਿਮ ਕਾਕਨਿ ਕੇ ਕੋਕਿਲ ਜੋਵਾ।
ਬਕਨਬੰਸ ਕਲ ਹੰਸ ਉਪੰਨਾ।
ਕੋ ਖੁਦਾਇ ਦਰਵੇਸ ਪ੍ਰਸੰਨਾ।
ਪਰਮਾਰਥ ਮਹਿੰ ਸੁਮਤਿ ਲਗਾਈ।
ਜਨਮ ਮਰਨ ਕੀ ਖੈ ਦੁਚਿਤਾਈ।
ਬਿਖੈ ਬਾਸੁਨਾ ਦੁਰਮਤਿ ਨਾਸੀ।
ਕਰੀ ਨਿਕੰਦ ਸ਼ਰ੍ਹਾ ਗਰ ਫਾਸੀ।
ਉਤਮ ਪੰਥ ਚਲਨ ਚਿਤ ਚਹਯੋ।
ਪੂਰਨ ਬਡਭਾਗਨਿ ਤੇ ਲਹਯੋ। (ਰਾਸ ੯, ਅੰ: ੭੬)

ਆਪ ਕਹਿੰਦੇ ਹਨ ਕਿ ਦਾਰਾਸ਼ਕੋਹ ਦਾ ਜਨਮ ਤੁਰਕਬੰਸ ਵਿਚ ਇਸ ਤਰ੍ਹਾਂ ਅਚੰਭਾ ਤੇ ਸੁਖਦਾਈ ਹੈ ਜਿਵੇਂ ਰੇਤਲੇ ਮਾਰੂਥਲ ਵਿਚ ਬ੍ਰਿਛ ਦਿੱਸ ਪਵੇ, ਕਾਂਵਾਂ ਵਿਚ ਕੋਇਲ ਦਿੱਸ ਪਵੇ, ਅਤੇ ਬਗਲਿਆਂ ਵਿਚ ਹੰਸ ਦਿੱਸ ਆਵੇ, ਇਹ ਖ਼ੁਦਾ ਦਾ ਬੰਦਾ ਤੁਰਕਾਂ ਵਿਚੋਂ ਉਪਜਿਆ ਹੈ। ਆਪ ਨੇ ਇਸੇ ਲਈ, ਇਸ ਫੁੱਲ ਨੂੰ ਹੋਰ ਪ੍ਰਫੁੱਲਤ ਕਰਨ ਲਈ ਇਸ ਨੂੰ ਉਪਦੇਸ਼ ਦਿੱਤਾ, ਇਸ ਦੀ ਰੱਖਿਆ ਲਈ ਸ਼ੁੱਭ ਭਾਵਨਾ ਕੀਤੀ, ਆਪਣੇ ਆਪ ਨੂੰ ਖ਼ਤਰੇ ਵਿਚ ਪਾ ਲਿਆ।

ਸੋ ਸੰਤ ਦਾ ਕਦਰ ਵੀ ਫੁੱਲ ਦਾ ਕਦਰ ਹੈ। ਗੁਰੂ ਹਰਿ ਰਾਇ ਜੀ ਨੇ ਇਹ ਰੱਖਿਆ ਵੀ ਕੀਤੀ। ਆਪ ਨੇ ਮਸਜਦ ਲਈ ਵੀ ਭਾਵਨਾ ਰੱਖੀ, ਆਪ ਨੇ ਉਹਨਾਂ ਮੰਦਰਾਂ ਲਈ ਵੀ ਭਾਵਨਾ ਰਖੀ ਜਿਨ੍ਹਾਂ ਨੂੰ ਡੇਗ ਕੇ ਮਸਜਦਾਂ ਬਣਾਈਆਂ ਜਾ ਰਹੀਆਂ ਸਨ।

(੪) ਇਕ ਫੁੱਲ ਬੱਚਾ ਹੈ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਦੀਰਘ ਜਾਮੇ ਨੇ ਸਦਾ ਇਹਨਾਂ ਫੁੱਲਾਂ ਦੀ ਵੀ ਸੰਭਾਲ ਕੀਤੀ ਹੈ। ਉਨ੍ਹਾਂ ਨੇ ਯਤੀਮ ਬੱਚਿਆਂ ਨੂੰ ਰਾਜੇ ਬਣਾ ਦਿੱਤਾ—ਦਇਆ ਦੇ ਘਰ ਵਿਚ ਆ ਕੇ।

ਲੋਹੀਆਂ ਦੂਸਰ ਸੰਧਲੀ ਬਾਲ ਅਵਸਥਾ ਮਾਂਹਿ।
ਕਾਲੇ ਕੇਰ ਭਤੀਜ ਦ੍ਵੈ ਪਿਤਾ ਮਾਤ ਮ੍ਰਿਤੁ ਤਾਂਹਿ।
ਅਲਪ ਬੈਸ ਮਹਿ ਦੋਨਹੁ ਰਹੇ।
ਮਾਤਾ ਪਿਤਾ ਮ੍ਰਿਤੂ ਪਦ ਲਹੇ।

ਕਾਲੇ ਤੁਬ ਹਿਤ ਕਰਿ ਪ੍ਰਤਿਪਾਰੇ ।
ਨਿਜ ਪੁੱਤ੍ਰਨਿ ਸਮ ਤਿਨਹੁ ਨਿਹਾਰੇ ।
ਇਕ ਦਿਨ ਦੋਨਹੁ ਕੋ ਲੇ ਸੰਗ ।
ਇਕ ਉਠਾਇ ਲਿਯੋ ਅੰਕ ਉਤੰਗ ।
ਦੁਤੀਏ ਕੋ ਅੰਗੁਰੀ ਗਹਿਵਾਈ ।
ਆਵਤਿ ਭਾ ਸਮੀਪ ਸੁਖਦਾਈ ।

ਕਾਲਾ ਦੋਹਾਂ ਭਤੀਜਿਆਂ ਨੂੰ ਗੁਰੂ ਜੀ ਪਾਸ ਲੈ ਆਇਆ । ਦੋਵੇਂ ਬੱਚੇ ਭੁੱਖੇ ਹੋਣ ਦਾ ਸੰਕੇਤ ਦੇਣ ਲਈ ਢਿੱਡ ਵਜਾ ਰਹੇ ਸਨ । ਗੁਰੂ ਜੀ ਨੇ ਪੁੱਛਿਆ 'ਇਹ ਬਾਲਿਕ ਦੋਨਹੁ ਕਯਾ ਕਰਿਹੀ' ਤਾਂ ਕਾਲੇ ਨੇ ਉਨ੍ਹਾਂ ਦੀ ਸਾਰੀ ਅਵਸਥਾ ਦੱਸੀ । ਗੁਰੂ ਜੀ ਦਾ ਦੀਰਘ ਜਾਮਾ ਫੈਲਿਆ ਅਤੇ ਇਹਨਾਂ ਨਿਆਸਰੇ ਬਾਲਕਾਂ (ਫੁੱਲਾਂ) ਤੇ ਬਖ਼ਸ਼ਸ਼ ਹੋਈ :

ਸੁਨਿ ਕੇ ਸ੍ਰੀ ਹਰਿ ਰਾਇ ਬਖਾਨਾ ।
ਇਹ ਮਹਾਨ ਤੇ ਬਨਹਿਂ ਮਹਾਨਾ ।
ਜੋ ਤੈਂ ਉਪਰ ਗਹਯੋ ਉਠਾਇ ।
ਇਸ ਕੋ ਬੰਸ ਬਧਹਿ ਅਧਿਕਾਇ ।
ਮਹਿ ਪਾਲਕ ਬਡ ਸੈਨ ਸਮੇਤਾ ।
ਸਕਲ ਪਦਾਰਥ ਹੋਹਿਂ ਨਿਕੇਤਾ ।
ਜਮਨਾ ਮਹਿਂ ਜਲ ਪਾਨ ਕਰਾਵੈ ।
ਚਢਿ ਤੁਰੰਗ ਨਿਜ ਓਜ ਜਨਾਵੈ ।
ਬਹੁ ਪੁਸ਼ਤਨ ਲੌ ਰਾਜ ਕਮਾਵਹਿ ।
ਗੁਰ ਸੇਵਕ ਬਨ ਜਗਤ ਸੁਹਾਵਹਿ ।
ਨੀਚੇ ਬਾਲਿਕ ਜੋ ਅਬ ਖਰੋ ।
ਇਸ ਕੋ ਬੰਸ ਹੋਹਿ ਜਗ ਖਰੋ ।
ਰਾਜ ਸਹਿਤ ਚੌਧਰਤਾ ਕਰੇ ।
ਨਾਮ ਚੌਧਰੀ ਸਭਿ ਮਹਿ ਧਰੇ । (ਰਾਸ ੧੦, ਅੰ: ੯)

ਇਹੋ ਬੱਚੇ ਫੂਲਬੰਸੀ ਰਾਜੇ ਹੋਏ ।

(੫) ਸੰਸਾਰ ਦੇ ਫੁੱਲਾਂ ਵਿਚੋਂ ਮਹਾਨ ਤੇ ਉੱਤਮ ਫੁੱਲ 'ਸੱਚੀ ਬਾਣੀ' ਹੈ । ਸਾਰੇ ਸਿੱਖ ਗੁਰੂ ਸਾਹਿਬਾਨ ਨੇ ਯਤਨ ਕੀਤਾ ਹੈ ਕਿ ਗੁਰਬਾਣੀ ਨੂੰ ਪੂਰਨ ਸ਼ੁੱਧ ਸਰੂਪ ਵਿਚ ਸੁਰੱਖਿਅਤ ਕੀਤਾ ਜਾਏ । ਗੁਰੂ ਨਾਨਕ ਸਾਹਿਬ ਆਪਣੀ ਬਾਣੀ ਸੰਭਾਲਦੇ ਰਹੇ, ਗੁਰੂ ਅਮਰਦਾਸ ਜੀ ਨੇ ਬਾਣੀ ਦੀਆਂ ਪੋਥੀਆਂ ਬਣਵਾਈਆਂ, ਗੁਰੂ ਰਾਮਦਾਸ ਜੀ ਨੇ ਆਪ ਬਾਣੀ ਨਕਲ ਕੀਤੀ ਤੇ ਕਰਾਈ, ਗੁਰੂ ਅਰਜਨ ਸਾਹਿਬ ਨੇ ਬਾਣੀ ਦੀ ਪਰਮਾਣੀਕਤਾ ਨੂੰ ਕਾਇਮ ਰੱਖਣ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਧੀ । ਗੁਰੂ ਹਰਿਗੋਬਿੰਦ ਸਾਹਿਬ ਜਪੁਜੀ ਦੇ ਸ਼ੁੱਧ ਪਾਠ ਸੁਣਨ ਤੇ ਗੁਰ-ਗੱਦੀ ਦੇਣ ਲਈ ਤਿਆਰ ਹੋ ਗਏ ।

ਪਰ ਗੁਰੂ ਹਰਿ ਰਾਇ ਸਾਹਿਬ ਨੇ ਹੱਦ ਮੁਕਾ ਦਿੱਤੀ ਜਦੋਂ ਆਪ ਨੇ ਬਾਣੀ ਵਿਚ ਇਕ ਲਫ਼ਜ਼ ਦੀ ਤਬਦੀਲੀ ਲਈ ਆਪਣੇ ਪੁੱਤਰ ਰਾਮ ਰਾਇ ਜੀ ਨੂੰ ਤਿਆਗ ਦਿੱਤਾ। ਇਹ ਕਮਜ਼ੋਰੀ ਕਿ ਰਾਮ ਰਾਇ ਨੇ 'ਮਿਟੀ ਮੁਸਲਮਾਨ' ਦੀ ਥਾਂ 'ਮਿਟੀ ਬੇਈਮਾਨ' ਕਹਿ ਦਿੱਤਾ—ਗੁਰੂ ਜੀ ਨੇ ਉਸ ਨੂੰ ਤਿਆਗ ਦਿੱਤਾ ਅਤੇ ਹੁਕਮ ਦਿੱਤਾ :

ਬਡ ਐਸ਼੍ਵਰਜ ਹੇਰ ਕਰਿ ਫੂਲਾ।
ਆਸ਼ੈ ਸਤਿਗੁਰ ਉਰ ਤੇ ਭੂਲਾ।
ਅਬ ਹਮਰੇ ਮੁਖ ਲਾਗਹਿ ਨਾਹੀ।
ਰਹਹੁ ਆਪ ਤੁਰਕੇਸ਼ਰ ਪਾਹੀ।
ਛੋਰਦਿ ਅਬ ਤੇ ਮੇਲ ਹਮਾਰੋ।
ਕਰਿ ਐਸ਼੍ਵਰਜ ਕੋ ਰਹੋ ਸੁਖਾਰੋ।
ਦਰਸਹਿ ਨਹਿ ਦਰਸਾਵਹਿ ਦਰਸ਼ਨ।
ਕਰਹੁ ਤੁਰਕ ਲਛਮੀ ਜੁ ਸਪਰਸ਼ਨ।
ਇਤਿ ਮੁਖ ਕਰਿ ਇਸ ਦੇਸ਼ ਨ ਆਵਹੁ।
ਉਤ ਹੀ ਬਸ ਕਰਿ ਬੈਸ ਬਿਤਾਵਹੁ।
ਅਪਰਾਧੀ ਸ੍ਰੀ ਨਾਨਕ ਕੇਰ।
ਹਮ ਸੋ ਨੇਰ ਹੋਗਿ ਕਿਮ ਫੇਰ। (ਰਾਸ ੯, ਅੰਸੂ ੫੮)

ਬਾਣੀ ਹੀ ਸਿੱਖ ਧਰਮ ਦਾ ਉੱਤਮ ਫੁੱਲ ਹੈ। ਇਹੋ ਹੀ ਸਾਡਾ ਸਿੱਖ ਧਰਮ ਦਾ ਸੰਸਾਰ ਨੂੰ ਢੋਆ ਹੈ। ਇਸ ਦੇ ਸ਼ੁੱਧ ਰੂਪ ਦੀ ਰੱਖਿਆ ਦੀਰਘ ਜਾਮੇ ਵਾਲੇ ਨੇ ਕਰਨੀ ਸਿਖਲਾਈ। ਬਾਣੀ ਹੀ ਤਾਂ ਗੁਰੂ ਹੈ।

(੬) ਸ੍ਰੀ ਰਾਮ ਰਾਇ ਜੀ ਦੀ ਇਹ ਕਮਜ਼ੋਰੀ ਐਸੀ ਸੀ ਜੋ ਬਿਲਕੁਲ ਹੀ ਸਿੱਖ ਆਚਰਨ ਦੇ ਉਲਟ ਸੀ। ਸਿੱਖ ਵਿਚ ਆਪਣੇ ਵਿਚਾਰ ਲਈ ਸਾਹਸ ਹੈ ਅਤੇ ਆਪਣੇ ਆਦਰਸ਼ ਲਈ ਸਾਹਸ ਹੈ। ਸ੍ਰੀ ਰਾਮ ਰਾਇ ਜੀ ਨੇ ਸਮੁੱਚੇ ਸਿੱਖ ਆਚਰਨ ਦੀ ਤੌਹੀਨ ਕੀਤੀ, ਜਦੋਂ ਆਪ ਨੇ ਗੁਰਵਾਕ ਨੂੰ ਲਾਲਚ ਤੇ ਰੋਹਬ ਵਿਚ ਆ ਕੇ ਬਦਲ ਦਿੱਤਾ। ਸਹਵਨ ਗਲਤੀਆਂ ਬਾਣੀ ਪੜ੍ਹਦਿਆਂ ਕਈ ਵਾਰੀ ਹੋ ਜਾਂਦੀਆਂ ਹਨ, ਪਰ ਇਹ ਇਸ ਤਰ੍ਹਾਂ ਦੀ ਉਕਾਈ ਨਹੀਂ ਸੀ। ਇਹ ਤਾਂ ਜਾਣ ਬੁੱਝ ਕੇ ਲਾਲਚ ਤੇ ਡਰ ਵਿਚ ਆ ਕੇ ਕੀਤੀ ਗੁਰੂ ਦੀ ਨਿਰਾਦਰੀ ਸੀ। ਇਸ ਲਈ ਇਸ ਦੀ ਸਜ਼ਾ ਇਹੋ ਹੀ ਹੋ ਸਕਦੀ ਸੀ। ਉਹ ਸਿੱਖ ਨਹੀਂ ਹੈ ਜਿਸ ਵਿਚ Courage of Convictions ਨਹੀਂ ਹੈ। ਗੁਰੂ ਸਾਹਿਬ ਨੇ ਇਸ ਹਿਰਦੇ ਕਮਲ ਦੀ ਵੀ ਇਸ ਤਰ੍ਹਾਂ ਰੱਖਿਆ ਕੀਤੀ; ਹਿਰਦੇ ਦੇ ਬਲ ਦੀ ਰੱਖਿਆ ਕੀਤੀ, ਸਿੱਖੀ ਸਾਹਸ ਦੀ ਰੱਖਿਆ ਕੀਤੀ। ਹਿਰਦੇ ਕਮਲ ਨੂੰ ਬਿਗਾਸ ਦਿੱਤਾ। ਹਿਰਦਾ ਹੀ ਉੱਤਮ ਫੁੱਲ ਬਾਣੀ ਨੇ ਮੰਨਿਆ ਹੈ। ਸਿੱਖ ਦੇ ਆਦਰਸ਼ ਹਨ ਅਤੇ ਉਹਨਾਂ ਆਦਰਸ਼ਾਂ ਲਈ ਉਸ ਅੰਦਰ ਸਾਹਸ ਹੈ। ਉਹ ਸਾਹਸ ਹੀ ਉਸ ਦੀ ਸ਼ਕਤੀ ਹੈ। ਇਸ ਸਾਹਸ ਦੀ ਰੱਖਿਆ ਉੱਤਮ ਰੱਖਿਆ ਹੈ ਅਤੇ ਦੀਰਘ ਜਾਮੇ ਵਾਲੇ ਗੁਰੂ ਜੀ ਨੇ ਇਸ 'ਹਿਰਦੇ ਕਮਲ' ਦੀ ਰਖਿਆ ਕਰ ਕੇ ਦੱਸੀ।

(੭) ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ ਦੀਰਘ ਸੂਝ ਸਦਕਾ ਹੀ ਆਪਣੇ ਗੁਰਤਾ

ਸਮੇਂ ਵਿਚ ਸਿੱਖ ਕੌਮ ਨੂੰ ਮੁਗਲਾਂ ਨਾਲ ਲੜਾਈਆਂ ਤੋਂ ਪਰੇ ਰੱਖਿਆ। ਇਸ ਤਰ੍ਹਾਂ ਕੌਮ ਵਿਚ ਮੁੜ ਉਹ ਬਲ ਪੈਦਾ ਹੋ ਗਿਆ ਜੋ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਲੜਾਈਆਂ ਵਿਚ ਕਮਜ਼ੋਰ ਪੈ ਗਿਆ ਸੀ। ਇਸੇ ਤਰ੍ਹਾਂ ਹੀ ਮੁੜ ਕੌਮ ਤਿਆਰ ਹੋ ਸਕੀ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮੁਗਲਸ਼ਾਹੀ ਨਾਲ ਐਸੀ ਟੱਕਰ ਲਈ ਕਿ ਉਸ ਦੀਆਂ ਜੜ੍ਹਾਂ ਕੱਢ ਦਿੱਤੀਆਂ। 'ਕੌਮ' ਹੀ ਸਭ ਤੋਂ ਉੱਤਮ ਫੁੱਲ ਹੈ।

੪.

ਸਪਸ਼ਟ ਹੈ ਕਿ 'ਦੀਰਘ ਜਾਮੇ ਤੇ ਫੁੱਲ' ਦੀ ਸਾਖੀ ਹੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਜੀਵਨ ਤੇ ਗੁਰਤਾ ਦੀ ਅਸਲ ਸ਼ਿਲਾ ਬਣੀ। ਇਸੇ ਸਾਖੀ ਨੇ ਆਪ ਦੀ ਗੁਰਤਾ ਨੂੰ ਸਾਰੀ ਸੇਧ ਦਿੱਤੀ। ਇਹੋ ਹੀ ਆਪ ਦੇ ਬਚਪਨ ਦੀ ਮਹਾਨ ਘਟਨਾ ਹੈ, ਇਹੋ ਹੀ ਆਪ ਨੂੰ ਆਪਣੇ ਦਾਦਾ-ਗੁਰੂ ਦੀ ਛੋਹ ਹੈ, ਇਸੇ ਛੋਹ ਕਾਰਨ ਹੀ ਆਪ ਗੁਰੂ ਬਣੇ ਤੇ ਇਸੇ ਛੋਹ ਨੇ ਆਪ ਦੀ ਗੁਰਤਾ ਨੂੰ ਮਹਾਨਤਾ ਪ੍ਰਦਾਨ ਕੀਤੀ।

ਆਪ ਅਤਿਅੰਤ ਕਠਨ ਹਾਲਾਤ ਵਿਚ ਕੌਮ ਨੂੰ ਫੁੱਲ ਦੀ ਤਰ੍ਹਾਂ ਬਚਾ ਕੇ ਰੱਖ ਸਕੇ। ੧੬੪੪ ਤੋਂ ੧੬੬੧ ਤੀਕ ਆਪ ਗੁਰ-ਗੱਦੀ ਤੇ ਬਿਰਾਜਮਾਨ ਰਹੇ ਅਤੇ ਇਹ ਬਹੁਤ ਹੀ ਕਠਨ ਸਮਾਂ ਸੀ ਜਦੋਂ ਔਰੰਗਜ਼ੇਬੀ ਅਤਿਆਚਾਰ ਜੋਬਨ ਤੇ ਸੀ। ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਨੇ ਆਪ ਦੀ ਗੁਰਤਾ ਸਮੇਂ ਦੇ ਹਾਲਾਤ ਵਿਚ ਹੀ ਔਰੰਗਜ਼ੇਬੀ ਧੱਕੇ ਦਾ ਜ਼ਿਕਰ ਕੀਤਾ ਹੈ ਜਦੋਂ 'ਸਰਮਦ' ਕਤਲ ਕੀਤਾ ਗਿਆ, ਸੂਫ਼ੀ ਫ਼ਕੀਰਾਂ ਨਾਲ ਧੱਕਾ ਕੀਤਾ ਗਿਆ, ਦਾਰਾ ਸ਼ਕੋਹ ਨੂੰ ਮਾਰਿਆ ਗਿਆ ਅਤੇ ਬੇਨਵਾ ਫ਼ਕੀਰਾਂ ਨਾਲ ਜ਼ੁਲਮ ਹੋਇਆ। ਇਸ ਸਮੇਂ ਮਥੁਰਾ, ਜੈਪੁਰ, ਪੁਸ਼ਕਰ, ਅਜਮੇਰ, ਤੇ ਕਾਂਸ਼ੀ ਦੇ ਮੰਦਰ ਤਬਾਹ ਕੀਤੇ ਗਏ। (ਵੇਖੋ ਰਾਸ ੯, ਅੰਸ਼ ੨੧ ਤੋਂ ੩੩)। ਸ੍ਰੀ ਗੁਰੂ ਜੀ ਨੇ ਕਮਾਲ ਤਰੀਕੇ ਨਾਲ ਸਿੱਖ ਲਹਿਰ ਦੇ ਫੁੱਲ ਦੀ ਰੱਖਿਆ ਕੀਤੀ।

---

# ੮. ਅੰਮ੍ਰਿਤ ਦ੍ਰਿਸ਼ਟਿ

੧.

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਜਿੱਥੇ ਹੋਰ ਉਪਦੇਸ਼ ਦਿੱਤੇ ਹਨ ਉਥੇ ਅਸ਼ਟਪਦੀ ੧੮ ਵਿਚ ਇਹ ਵੀ ਦੱਸਿਆ ਹੈ ਕਿ ਗੁਰੂ-ਛੋਹ ਅਨੇਕ ਤਰੀਕਿਆਂ ਨਾਲ ਪ੍ਰਾਪਤ ਹੋ ਸਕਦੀ ਹੈ ਅਤੇ ਹਰ ਤਰੀਕਾ ਆਪਣਾ ਪੂਰਨ ਆਤਮਕ ਪ੍ਰਭਾਵ ਰੱਖਦਾ ਹੈ। ਹਰ ਤਰੀਕੇ ਨਾਲ ਸਿੱਖ ਦੀ ਕਲਿਆਣ ਹੋ ਸਕਦੀ ਹੈ, ਭਾਵ ਗੁਰੂ-ਛੋਹ ਹਰ ਤਰੀਕੇ ਨਾਲ ਸਫਲ ਹੈ। ਗੁਰੂ-ਛੋਹ 'ਦਰਸਨ' ਨਾਲ ਮਿਲਦੀ ਹੈ, ਚਰਨ-ਛੋਹ ਨਾਲ ਵੀ ਮਿਲਦੀ ਹੈ, ਮੰਤਰ ਲੈਣ ਨਾਲ ਵੀ ਗੁਰੂ-ਛੋਹ ਮਿਲਦੀ ਹੈ। ਪਰ ਜੇ ਗੁਰੂ ਕਿਸੇ ਵਲ ਸੁਤੇਸਿਧ ਹੀ ਦੇਖੇ ਤਾਂ ਵੀ ਛੋਹ ਪ੍ਰਾਪਤ ਹੋ ਜਾਂਦੀ ਹੈ ਅਤੇ ਮਨੁੱਖ ਨੂੰ ਕਲਿਆਣ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਦੀ ਅੰਮ੍ਰਿਤ-ਦ੍ਰਿਸ਼ਟਿ ਜੀਵ ਨੂੰ ਸੰਤ ਬਣਾ ਦਿੰਦੀ ਹੈ :—

ਸਫਲ ਦਰਸਨੁ ਪੇਖਤ ਪੁਨੀਤ ॥
ਪਰਸਤ ਚਰਨ ਗਤਿ ਨਿਰਮਲ ਰੀਤਿ ॥
ਭੇਟਤ ਸੰਗਿ ਰਾਮ ਗੁਨ ਰਵੇ ॥
ਪਾਰਬ੍ਰਹਮ ਕੀ ਦਰਗਹ ਗਵੇ ॥
ਸੁਨਿ ਕਰਿ ਬਚਨ ਕਰਨ ਆਘਾਨੇ ॥
ਮਨਿ ਸੰਤੋਖੁ ਆਤਮ ਪਤੀਆਨੇ ॥
ਪੂਰਾ ਗੁਰੁ ਅਖ੍ਹਉ ਜਾ ਕਾ ਮੰਤ੍ਰ ॥
ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥
ਗੁਣ ਬਿਅੰਤ ਕੀਮਤਿ ਨਹੀ ਪਾਇ ॥
ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥ ੪ ॥

ਇਹਨਾਂ ਵਿਚੋਂ ਕਿਸੇ ਤਰ੍ਹਾਂ ਵੀ ਗੁਰੂ-ਛੋਹ ਪ੍ਰਾਪਤ ਹੋ ਜਾਏ, ਸਿੱਖ ਦੀ 'ਪ੍ਰਤਿਪਾਲ' ਹੁੰਦੀ ਹੈ। ਉਸ ਦੀ 'ਦੁਰਮਤਿ' ਨਾਸ਼ ਹੁੰਦੀ ਹੈ, ਉਸ ਦੇ 'ਬੰਧਨ' ਕੱਟੇ ਜਾਂਦੇ ਹਨ, ਉਹ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ, ਉਸ ਨੂੰ ਨਾਮ ਧਨ ਦੀ ਅਮੀਰੀ ਪ੍ਰਾਪਤ ਹੁੰਦੀ ਹੈ ਅਤੇ ਉਸ ਦਾ 'ਹਲਤੁ ਪਲਤੁ' ਸਉਰਦਾ ਹੈ।

ਹਰ ਗੁਰੂ ਸਾਹਿਬ ਵਿਚ ਹਰ ਪ੍ਰਕਾਰ ਦੀ ਛੋਹ ਸਫਲ ਸੀ। ਭਾਵ ਹਰ ਗੁਰੂ ਸਾਹਿਬ ਦੇ ਦਰਸ਼ਨ, ਚਰਨ-ਛੋਹ, ਸੰਗਤ, ਬਚਨ, ਮੰਤਰ, ਦ੍ਰਿਸ਼ਟੀ—ਸਾਰੇ ਸਾਧਨ ਸਫਲ ਸਨ, ਪਰ ਹਰ ਸਿੱਖ ਦੀ ਸਮਰੱਥਾ ਸੀਮਤ ਸੀ। ਕਿਸੇ ਸਿਖ ਨੂੰ ਦਰਸ਼ਨ ਵਿਚੋਂ ਸਫਲਤਾ ਮਿਲ ਗਈ, ਕਿਸੇ ਨੂੰ ਦਰਨ ਪਰਸਨ ਵਿਚੋਂ ਕਲਿਆਣ ਮਿਲ ਗਈ ਅਤੇ ਕਿਸੇ ਦਾ ਕਿਰਪਾ ਦ੍ਰਿਸ਼ਟੀ ਦੁਆਰਾ ਨਿਸਤਾਰਾ ਹੋ ਗਿਆ।

ਬੀਬੀ ਨਾਨਕੀ, ਰਾਏ ਬੁਲਾਰ ਆਦਿ ਨੂੰ ਗੁਰੂ ਦਰਸ਼ਨ ਵਿਚੋਂ ਹੀ ਸਫ਼ਲਤਾ ਪ੍ਰਾਪਤ ਹੋ ਗਈ, ਕਿਉਂਕਿ ਉਹਨਾਂ ਦਾ ਵਿਸ਼ਵਾਸ ਸੁਤੇਸਿਧ ਹੀ ਬੱਝ ਗਿਆ ਅਤੇ ਉਹਨਾਂ ਦੀ ਸ਼ਰਧਾ ਟਿਕ ਗਈ; ਸੱਜਣ, ਬਾਬਰ ਤੇ ਭੂਮੀਏ ਨੂੰ ਗੁਰੂ ਨਾਨਕ ਦੇ ਬਚਨਾਂ ਵਿਚੋਂ ਸਫ਼ਲਤਾ ਮਿਲ ਗਈ, ਬਚਨ ਸੁਣਨ ਨਾਲ ਇਹਨਾਂ ਦਾ ਭਰੋਸਾ ਬੱਝਾ ਅਤੇ ਇਹਨਾਂ ਨੂੰ ਕਲਿਆਣ ਮਿਲੀ। ਲਹਿਣਾ ਜੀ ਨੂੰ ਚਰਨ-ਪਰਸਨ ਨਾਲ ਮਹਾਨਤਾ ਦਾ ਭੇਦ ਪ੍ਰਾਪਤ ਹੋਇਆ। ਜੋਗੀਆਂ, ਬ੍ਰਾਹਮਣਾਂ ਤੇ ਮੁਲਾਣਿਆਂ ਨੂੰ ਗੁਰ-ਸ਼ਬਦ ਜਾਂ ਮੰਤਰ ਵਿਚੋਂ ਮਹਾਨਤਾ ਪ੍ਰਗਟ ਹੋਈ। ਸਰਪਾਂ ਨੂੰ ਗੁਰੂ-ਨਾਨਕ ਦ੍ਰਿਸ਼ਟੀ ਵਿਚੋਂ ਹੀ ਰੱਬ ਦਿੱਸ ਪਿਆ।

੨.

ਭਾਵੇਂ ਹਰ ਗੁਰੂ ਦੀ ਹਰ ਪ੍ਰਕਾਰ ਦੀ ਛੋਹ ਸਫ਼ਲ ਸੀ, ਪਰ ਗੁਰੂ ਨਾਨਕ ਜੀ ਦਾ ਵਿਸ਼ੇਸ਼ ਬਲ ਸ਼ਬਦ-ਮੰਤਰ ਵਿਚ ਸੀ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦਾ ਵਿਸ਼ੇਸ਼ ਬਲ ਸੰਗਤ ਤੇ ਚਰਨ ਪਰਸਨ ਵਿਚ ਸੀ, ਗੁਰੂ ਅਰਜਨ ਸਾਹਿਬ ਦਾ ਬਾਣੀ (ਬਚਨ) ਵਿਚ ਸੀ, ਗੁਰੂ ਹਰਿਗੋਬਿੰਦ ਸਾਹਿਬ ਦਾ 'ਦਰਸ਼ਨ' ਵਿਚ ਹੀ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਹਰ ਗੁਰੂ ਸਾਹਿਬ ਦੇ ਆਰਾਧਣ ਦਾ ਤਰੀਕਾ ਵੀ ਦੱਸਿਆ ਹੈ—

ਧਿਆਣਾ ਹੈ—ਗੁਰੂ ਨਾਨਕ ਲਈ ਧਿਆਇ।

ਪੁਕਾਰਨਾ—ਬੇਨਤੀ ਹੈ 'ਹੋਈ ਸਹਾਇ'—ਫਿਰ ਅੰਗਦ ਤੇ ਗੁਰ ਅਮਰਦਾਸੁ ਰਾਮਦਾਸੈ ਹੋਈ ਸਹਾਇ।

ਸਿਮਰਨਾ ਹੈ—

ਅਰਜਨ, ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ।

ਧਿਆਣਾ ਤੇ ਦਰਸ਼ਨ—

ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ।

ਸਿਮਰਨਾ ਹੈ—

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ।

ਬੜੇ ਸੂਖਮ ਜਿਹੇ ਫ਼ਰਕ ਹਨ ਧਿਆਣਾ, ਪੁਕਾਰਨਾ, ਸਿਮਰਨਾ, ਦੇਖਣਾ ਆਦਿ ਵਿਚ ਪਰ ਹਨ ਅਵੱਸ਼। ਉਪਰ ਇਹਨਾਂ ਭੇਦਾਂ ਵੱਲ ਕੁਝ ਸੰਕੇਤ ਹੈ।

ਜਿਥੋਂ ਤੀਕ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਸੰਬੰਧ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਇਹ ਨਿਰਨਾ ਕੀਤਾ ਹੈ ਕਿ ਆਪ ਦਾ ਵਿਸ਼ੇਸ਼ ਸਫ਼ਲ ਰੂਪ 'ਅੰਮ੍ਰਿਤ ਦ੍ਰਿਸ਼ਟਿ' ਸੀ—ਜਿਸ ਵਲ ਵੀ ਆਪ ਦੇਖਦੇ ਉਸ ਦੇ 'ਸਭਿ ਦੁਖ' ਕੱਟ ਦਿੰਦੇ—ਆਧੀਆਂ, ਬਿਆਧੀਆਂ ਤੇ ਉਪਾਧੀਆਂ ਸਾਰੀਆਂ ਮਿਟਾ ਦਿੰਦੇ। ਆਪ ਸ੍ਰੀ 'ਹਰਿਕ੍ਰਿਸ਼ਨ' ਸਨ! ਇਹਨਾਂ ਦਾ ਧਿਆਨ ਤੇ ਦਰਸ਼ਨ ਸਫ਼ਲ ਸਨ।

੩.

ਇਤਿਹਾਸ ਵੀ ਸ੍ਰੀ ਹਰਿਕ੍ਰਿਸ਼ਨ ਜੀ ਦੀ ਇਸ ਗੁਰੂ-ਡੋਹ ਦੀ ਸਮਰੱਥਾ ਦੀ ਸਾਖੀ ਭਰਦਾ ਹੈ।

(੧) ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਆਪ ਹੀ (ਸ੍ਰੀ ਗੁਰੂ) ਹਰਿਕ੍ਰਿਸ਼ਨ ਜੀ ਦੀ ਦ੍ਰਿਸ਼ਟੀ ਦੇ ਸੁਖਾਵੇਂ ਸਰੂਪ ਨੂੰ ਵਿਦਮਾਨ ਕਰ ਦਿੱਤਾ ਸੀ। ਇਹ ਇਸ ਤਰ੍ਹਾਂ ਹੋਇਆ ਕਿ ਕਿਸੇ ਸਿੱਖ ਨੇ ਇਕ ਵਾਰੀ ਸ੍ਰੀ ਗੁਰੂ ਹਰਿ ਰਾਇ ਜੀ ਤੋਂ ਯਾਚਨਾ ਕੀਤੀ ਕਿ ਆਪ ਦੋਹਾਂ ਪੁੱਤਰਾਂ ਵਿਚੋਂ ਕਿਸ ਨੂੰ ਵਧੇਰੇ ਪਸੰਦ ਕਰਦੇ ਹੋ—

"ਪੁਤ੍ਰ ਆਪ ਕੇ ਦੋਇਨ ਮਾਹੀ।
ਜਿਹ ਸੋਂ ਪ੍ਰੀਤਿ ਬ੍ਰਿਧੈ ਇਮ ਚਾਹੀ।
ਮਨ ਮਹਿਂ ਸਿਮਰਹਿਂ ਸ਼ਰਧਾ ਧਾਰਹਿਂ।
ਬਿਘਨ ਬਿਸ਼ਾਲ ਅਨੇਕਨਿ ਟਾਰਹਿ॥" (ਰਾ: ੯ ਅੰਸ਼ੂ ੫੯)

ਸ੍ਰੀ ਗੁਰੂ ਜੀ ਨੇ ਉਸ ਸਿੱਖ ਨੂੰ ਆਗਿਆ ਕੀਤੀ ਕਿ :—

"ਦ੍ਵੈ ਸਾਹਿਬਜ਼ਾਦੇ ਇਕ ਥਾਨੀ।
ਪਠਹਿਂ ਗ੍ਰੰਥ ਸਾਹਿਬ ਬਰ ਬਾਨੀ।
ਏਕ ਸੂਚਨਾ ਨਿਜ ਕਰ ਲੇਹੁ।
ਜਾਹੁ ਤਹਾਂ ਤੁਮ ਦਰਸ ਕਰੇਹੁ।
ਬੰਦਨ ਕਰਿ ਬੈਠਹੁ ਤਿਨ ਤੀਰ।
ਬਾਨੀ ਸੁਨਹੁ ਪਠਹਿਂ ਜੁਗ ਬੀਰ।
ਸ੍ਰੀ ਗ੍ਰੰਥ ਸਾਹਿਬ ਤਰੇ ਰੁਚਿਰ ਪੰਘੂਰੇ ਜੇਯ।
ਤਿਨ ਪਾਵੇ ਬਿਚ ਸੂਚਕਾ ਸਚਰਾਵਹੁ ਕਰ ਲੇਯ।
ਜਿਸ ਪਾਵੇ ਬਿਚ ਸੰਚਰ ਜਾਇ।
ਸ਼ਬਦਿ ਪਠਤਿ ਕਾਸ਼ਟ ਨਰਮਾਇ।
ਪਾਹਨ ਆਦਿ ਮੋਮ ਸਮ ਹੋਇ।
ਗੁਰਤਾ ਦੀ ਲਾਇਕ ਲਖ ਸੋਇ।" (ਰਾਸ ੯, ਅੰਸ਼ ੫੯)

ਜਿਸ ਸਾਹਿਬਜ਼ਾਦੇ ਦੇ ਪਾਠ ਕਰਦੇ ਗ੍ਰੰਥ ਸਾਹਿਬ ਦੇ ਤਲੇ ਪਾਵੇ ਵਿਚ ਸੂਈ ਖੁੱਭ ਜਾਏ, ਉਹ ਹੀ ਗੁਰ-ਗੱਦੀ ਲਾਇਕ ਹੈ।

ਉਸ ਸਿੱਖ ਨੇ ਇਵੇਂ ਹੀ ਕੀਤਾ। ਪਹਿਲਾਂ ਉਸ ਨੇ ਸ੍ਰੀ ਰਾਮ ਰਾਇ ਜੀ ਦੇ ਪਾਸ ਬੈਠ ਕੇ ਪਾਵੇ ਵਿਚ ਸੂਈ ਖਭੋਈ, ਪਰ

'ਜਬ ਸੂਚੀ ਸੰਚਰਾਵਨਿ ਲਾਗੋ।
ਨਹਿਂ ਪਾਵੇ ਮਹਿਂ ਪ੍ਰਵਿਸ਼ਹਿ ਆਗੋ।
ਪਰਖਤਿ ਕੇਤਕਿ ਚਿਰ ਤਹਿ ਰਹਯੋ।
ਗੁਰਤਾ ਪਦ ਨਹਿ ਲਾਇਕ ਲਹਯੋ।'

ਫਿਰ ਉਸ ਨੇ ਸੂਈ ਸ੍ਰੀ ਹਰਿਕ੍ਰਿਸ਼ਨ ਜੀ ਪਾਸ ਬੈਠ ਕੇ ਪਾਵੇ ਵਿਚ ਧਸਾਈ ਅਤੇ :—

'ਹੁਤੋ ਮੋਮ ਸਮ, ਸਭਿ ਗਡ ਗਈ।
ਰਹਯੋ ਨਿਕਾਸ ਬੀਚ ਲੈ ਭਈ।
ਤੂਸ਼ਨ ਰਹਯੋ ਨ ਕਛੂ ਬਖਾਨਾ।
ਗੁਰਤਾ ਕੇ ਲਾਇਕ ਪਹਿਚਾਨਾ।'

'ਕਾਸ਼ਟ ਹੋਯਹੁ ਮੈਨ ਸਮਾਨਾ'—ਲੱਕੜ ਵੀ ਮੋਮ ਸਮਾਨ ਹੋ ਗਈ ਸੀ। ਇਹੋ ਗੁਰੂ-ਛੋਹ ਤੇ ਗੁਰੂ ਦਰਸ਼ਨ ਤੇ ਗੁਰੂ-ਬਚਨ ਵਿਚ ਸਮਰੱਥਾ ਹੈ। ਗੁਰੂ ਹਰਿਕ੍ਰਿਸ਼ਨ ਜੀ ਵਿਚ ਇਹ ਸਮਰੱਥਾ ਸੀ :—

'ਗੁਰ ਪਰਸਾਦਿ ਪਰਮਪਦੁ ਪਾਇਆ
ਸੂਕੇ ਕਾਸਟ ਹਰਿਆ।'

ਗੁਰੂ ਜੀ ਸੁੱਕਿਆਂ ਨੂੰ ਹਰਾ ਕਰਦੇ ਸਨ। ਸਾਰੇ ਗੁਰੂ ਇਵੇਂ ਕਰਦੇ ਸਨ। ਸੁੱਕਾ ਹਿਰਦਾ ਤੋਂ ਭਾਵ ਨਿਰਦਈ, ਸੋਗੀ, ਉਦਾਸਿਆ, ਰੋਗੀ ਹਿਰਦਾ ਹੈ। ਐਸੇ ਕਾਸਟ ਸਮਾਨ ਹਿਰਦੇ ਨੂੰ ਗੁਰੂ ਦ੍ਰਿਸ਼ਟੀ ਹਰਾ ਭਰਾ ਕਰ ਸਕਦੀ ਹੈ।

(੨) ਅੰਮ੍ਰਿਤ-ਦ੍ਰਿਸ਼ਟਿ ਦਾ ਇਕ ਵਿਸ਼ੇਸ਼ ਕੌਤਕ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਪੰਜੋਖਰੇ ਪਿੰਡ (ਅੰਬਾਲੇ ਦੇ ਨੇੜੇ) ਵਿਚ ਵਰਤਾਇਆ। ਗੁਰੂ ਦੀ ਅੰਮ੍ਰਿਤ-ਦ੍ਰਿਸ਼ਟਿ ਮਨੁੱਖ ਨੂੰ ਸੰਤ, ਬ੍ਰਹਮ ਗਿਆਨੀ ਤੇ ਬ੍ਰਹਮ-ਵੇਤਾ ਬਣਾ ਦੇਂਦੀ ਹੈ।

ਸ੍ਰੀ ਗੁਰੂ ਜੀ ਦਿੱਲੀ ਜਾਂਦੇ ਹੋਏ ਇਸ ਪਿੰਡ ਵਿਚ ਰਾਤ ਰਹੇ। ਇਕ ਬ੍ਰਾਹਮਣ ਨੇ ਆਪ ਦਾ ਡੇਰਾ ਕਿਸੇ ਸਿੱਖ ਤੋਂ ਪੁੱਛਿਆ—

'ਉਤਰਯੋ ਆਨਿ ਕੌਣ ਇਸ ਜਾਗਾ ?
ਕਿਸ ਥਾਨ ਤੇ ਆਯੋ ਕਿਤ ਜਾਤਿ ?
ਕੌਣ ਨਾਮ ਹੈ ਕਹੁ ਸਭਿ ਬਾਤ ?'

ਅੱਗੋਂ ਸਿੱਖ ਨੇ ਉੱਤਰ ਦਿੱਤਾ—

'ਕਹਯੋ ਸਿਖ ਨੇ 'ਸਤਿਗੁਰ' ਅਹੈ।
ਸ੍ਰੀ ਹਰਿਕ੍ਰਿਸ਼ਨ ਨਾਮ ਜਗ ਕਹੈ।
ਸ੍ਰੀ ਨਾਨਕ ਗਾਦੀ ਪਰ ਸਿਥਤ ਹੈਂ।
ਹਰਿ ਅਵਤਰੇ ਸੁਭਤਿ ਸਮ ਚਿਤ ਹੈਂ।'

ਪਰ ਉਸ ਬ੍ਰਾਹਮਣ ਨੇ ਖੁਣਸ ਕੀਤੀ ਤੇ ਕਿਹਾ ਕਿ ਅੱਗੇ ਕ੍ਰਿਸ਼ਨ ਜੀ ਅਵਤਾਰ ਹੋਏ ਹਨ, ਉਹਨਾਂ 'ਗੀਤਾ' ਰਚੀ ਹੈ। ਇਹਨਾਂ ਦਾ ਨਾਮ ਕ੍ਰਿਸ਼ਨ ਜੀ ਤੋਂ ਵੀ ਮਹਾਨ ਹੈ। ਪਰ ਮੈਨੂੰ ਸ਼ੱਕ ਹੈ ਕਿ ਇਨ੍ਹਾਂ ਨੇ ਤਾਂ ਉਸ ਕ੍ਰਿਸ਼ਨ ਦੀ ਗੀਤਾ ਦੇ ਅਰਥ ਵੀ ਨਹੀਂ ਦੱਸ ਸਕਣੇ, ਰਚਨਾ ਕਰਨੀ ਤਾਂ ਕਿਤੇ ਰਹੀ।

ਕਹਿ ਦਿਜ ਭੇ ਸ੍ਰੀ ਕ੍ਰਿਸ਼ਨ ਮਹਾਨੇ।
ਧਰ ਅਵਤਰੇ ਸਰਬ ਜਗ ਜਾਨੇ।

ਤਿਨ ਤੇ ਭੀ ਨਿਜ ਨਾਮ ਬਡੇਰਾ।
ਸ੍ਰੀ ਹਰਿਕ੍ਰਿਸ਼ਨ ਰਖਾਇ ਬਖੇਰਾ।
ਤਿਨਹੁ ਕਰੀ ਗੀਤਾ ਸੁਭ ਗਰੰਥ।
ਜਿਹ ਪਠਿ ਸੁਨਿ ਨਰ ਚਲਹਿੰ ਸੁ ਪੰਥ।
ਤਿਤ ਸਲੋਕ ਕੈ ਅਰਥ ਮਹਾਨੇ।
ਇਨ ਤੇ ਸੋ ਪਿ ਨ ਜਾਹਿੰ ਬਖਾਨ।
ਨਾਮ ਧਰਾਵਹਿ ਅਹੈ ਸੁਖੇਨ।
ਤਿਨ ਕੇ ਗੁਣ ਸੁਭ ਕਿਸ ਮਹਿ ਹੈਨ।
ਜੇ ਸਾਰਥ ਇਹ ਨਾਮ ਧਰਾਵਹੁ।
ਕਰਿ ਗੀਤਾ ਕੇ ਅਰਥ ਸੁਨਾਵਹੁ।

ਉਸ ਸਿੱਖ ਨੇ ਸਾਰੀ ਵਾਰਤਾ ਜਾ ਗੁਰੂ ਜੀ ਨੂੰ ਦੱਸੀ। ਗੁਰੂ ਜੀ ਨੇ ਬ੍ਰਾਹਮਣ ਨੂੰ ਅੰਦਰ ਬੁਲਾ ਲਿਆ ਅਤੇ ਉਸ ਨੂੰ ਕਿਹਾ ਕਿ—'ਤੂੰ ਆਪਣੇ ਪਿੰਡ ਦੇ ਕਿਸੇ ਮੂਰਖ ਮੂੜ੍ਹ ਨੂੰ ਲੈ ਆ, ਮੈਂ ਉਸ ਤੋਂ ਗੀਤਾ ਦੇ ਅਰਥ ਕਰਾ ਦੇਵਾਂਗਾ।'

ਬ੍ਰਾਹਮਣ ਆਪਣੇ ਪਿੰਡ ਦੇ ਮੂਰਖ ਤੋਂ ਮੂਰਖ ਝੀਵਰ ਨੂੰ ਲੈ ਆਇਆ। ਗੁਰੂ ਜੀ ਨੇ ਉਸ ਵਲ 'ਅੰਮ੍ਰਿਤ-ਦ੍ਰਿਸ਼ਟਿ' ਨਾਲ ਤੱਕਿਆ—

'ਸ੍ਰੀ ਹਰਿਕ੍ਰਿਸ਼ਨ ਜਾਨਿ ਮਨ ਕੇਰੀ।
ਕ੍ਰਿਪਾ ਦ੍ਰਿਸ਼ਟਿ ਝੀਵਰ ਦਿਸਿ ਹੇਰੀ।
ਮੁਖ ਮੁਸ਼ਕਾਵਹਿ ਬਾਕ ਬਖਾਨਾ :
ਬਿਪ ਮਨੋਰਥ ਜਿਮ ਉਰ ਠਾਨਾ।
ਸੋ ਤੈਂ ਬੂਝਨਿ ਕਰਿ ਹੈ ਅਬ ਹੂੰ।
ਸੰਕਤਿ ਕੋ ਉਤਰ ਦਿਹੁ ਸਭਿ ਹੂੰ।
ਸਮਾਧਾਨ ਕਰਿ ਨੀਕੇ ਯਾਂਕੋ।
ਸੂਧੋ ਹੋਇ ਸੁਨਤਿ ਮਨ ਬਾਂਕੋ।'

ਬਸ ! ਫਿਰ ਕੀ ਸੀ ?

ਸ਼ਾਸਤ੍ਰਗਯ ਝੀਵਰ ਬਨਯੋ ਸੁਰਬਾਨੀ ਕਹਿ ਤਾਂਹਿ।
ਕਸਮਿਨ ਸ਼ਾਸਤ੍ਰ ਪ੍ਰਬ੍ਰਿਤ ਦਿਜ। ਕਹੁ ਪੂਰਬ ਮੁਝ ਪਾਹਿ।

* * *

ਸ਼ੰਕਾ ਦਸਕ ਹੁਤੀ ਦਿਜ ਮਨ ਮੈਂ।
ਤਿਨ ਬੀਸਕ ਭਾਖੀ ਤਿਹ ਛਿਨ ਮੈਂ।
ਬ੍ਰਿੰਦ ਮਸੰਦ ਸੁਭਟ ਸਭਿ ਜੋਵਹਿ।
ਹੇਰ ਹੇਰ ਬਿਸਮਤਿ ਚਿਤ ਹੋਵਹਿ।
ਇਹ ਬਡ ਪਠਤਿ ਬੇਦ ਕੀ ਬਾਤ।
ਤਨ ਮਲੀਨ ਕੋ ਜਾਤਿ ਸਨਾਤ।

ਨਹਿ ਦਿਜਬਰ ਕੋ ਬੋਲਨਿ ਦਿਯੋ ।
ਸੁਨਤਿ ਬਿਲੋਕਤਿ ਤੂਸ਼ਨ ਭਯੋ ।
ਨਹੀਂ ਪ੍ਰਸ਼ਨ ਭੀ ਕਛੂ ਉਚਾਰਾ ।
ਬਿੱਦਯਾ ਮਦ ਜਿਸ ਬਡੋ ਅਫਾਰਾ ।
(ਗੁ: ਪ੍ਰ: ਸੂ: ਗਰੰਥ, ਰਾਸ ੧੦, ਅੰਸੂ ੩੯)

ਝੀਵਰ ਦੇ ਸਾਰੇ ਰੋਗ ਗੁਰੂ-ਦ੍ਰਿਸ਼ਟਿ ਨਾਲ ਮਿਟ ਗਏ—

'ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ।'

ਬ੍ਰਾਹਮਣ ਦੇ ਵੀ ਸਾਰੇ ਰੋਗ ਮਿਟ ਗਏ, ਉਸ ਦੀ ਕਿਸਮਤ ਖੁਲ੍ਹ ਗਈ, ਉਹ ਸਿੱਖ ਹੋਇਆ ।

ਜਾਗੇ ਪੂਰਬ ਭਾਗ ਬਿਸਾਲਾ ।
ਭਯੋ ਨੰਮ੍ਰ ਮਨ ਤੇ ਤਿਸ ਕਾਲਾ ।
ਹਾਥ ਜੋਰਿ ਪਰਯੋ ਅਗਾਰੀ ।
ਕਰੀ ਡੰਡੌਤ ਪ੍ਰੇਮ ਕਰਿ ਭਾਰੀ ।

ਅਤੇ ਸ੍ਰੀ ਹਰਿਕ੍ਰਿਸ਼ਨ ਜੀ ਦੀ 'ਗਹੀ ਮੈ ਸਰਨ ਤੁਮਾਰੀ' ਸ਼ਰਨ ਨੂੰ ਪ੍ਰਾਪਤ ਹੋਇਆ ।

੪.

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਇਸ ਗੁਰ-ਦ੍ਰਿਸ਼ਟਿ ਨਾਲ ਹੀ ਗੁਰਤਾ ਦੇ ਸਾਰੇ ਕਰਤੱਵ ਨਿਭਾਉਣੇ ਸਨ । ਉਮਰ ਨਿੱਕੀ ਵੱਡੀ ਦਾ ਕੋਈ ਅਰਥ ਹੀ ਗੁਰਤਾ ਵਿਚ ਨਹੀਂ ਹੈ । ਗੁਰੂ ਦਾ ਦਰਸ਼ਨ, ਬਚਨ, ਪ੍ਰਸ਼ਨ, ਦ੍ਰਿਸ਼ਟ, ਸਭ ਸਫ਼ਲ ਹਨ । ਸ੍ਰੀ ਹਰਿਕ੍ਰਿਸ਼ਨ ਜੀ ਦੀ ਸਫਲ ਦ੍ਰਿਸ਼ਟਿ ਦੇ ਅਨੇਕ ਪਰਮਾਣ ਦਿੱਲੀ ਨਿਵਾਸੀਆਂ ਨੇ ਵੇਖੇ । ਅਨੇਕ ਰੋਗੀ ਆਪ ਦੀ ਕਿਰਪਾ-ਦ੍ਰਿਸ਼ਟਿ ਨਾਲ ਠੀਕ ਹੋਏ । ਆਪ ਦੀ ਦ੍ਰਿਸ਼ਟਿ ਨੇ ਹੀ ਗੋਲੀਆਂ ਵਿਚੋਂ ਪਟਰਾਣੀ ਨੂੰ ਪਛਾਣਿਆ—

ਪਟਰਾਨੀ ਸਭਿ ਕੇ ਪਸ਼ਚਾਤੀ ।
ਬੈਠੀ ਮਲਿਨ ਬੇਸ ਹਰਖਾਤੀ ।
ਭੌਨ ਕੋਨ ਮਹਿ ਮੌਨ ਮਹਾਨੀ ।
ਆਸਨ ਹੀਨ, ਆਸ ਗੁਰ ਠਾਨੀ ।
ਚਲਤਿ ਚਲਤਿ ਤਿਸ ਨਿਕਟ ਪਹੂਚੇ ।
ਤਊ ਨ ਪਿਖਤ ਨੈਨ ਕਰ ਊਚੇ ।
ਉਤਲਾਵਤ ਗੁਰ ਤਹਿ ਚਲ ਗਏ ।
ਦਾਰ ਮਹੀਪ ਸਮੀਪੀ ਭਏ ।
ਖਰੇ ਹੋਇ ਕਹਿ ਸ੍ਰੀ ਮੁਖਬਾਨੀ ।
'ਸਭਿਨਿ ਸ਼ਿਰੋਮਣੀ ਤੂੰ ਪਟਰਾਨੀ ।'

ਆਪ ਦੇ ਨੇਤਰਾਂ ਵਿਚ ਅਥਾਹ ਸ਼ਕਤੀ ਸੀ। ਗੁਰਤਾ ਆਪ ਦੇ ਨੇਤਰਾਂ ਵਿਚੋਂ ਝਲਕਦੀ ਸੀ।

ਆਪ ਦੀ ਦ੍ਰਿਸ਼ਟਿ ਨਾਲ ਅਨੇਕ ਲੋਗ ਅਰੋਗ ਹੋਏ ਪਰ ਆਪ ਨੇ ਆਪਣੇ ਸਰੀਰ ਤੇ ਅਜਬ ਲੀਲ੍ਹਾ ਵਰਤਾਈ ਤੇ ਸੀਤਲਾ ਦੇ ਰੋਗ ਨਾਲ ਜੋਤੀ ਜੋਤਿ ਸਮਾ ਗਏ।

ਹਾਥ ਬੰਦ ਮਹਿਪਾਲ ਬਖਾਨੇ।
ਮਹਾਰਾਜ ਕੈਸੀ ਕ੍ਰਿਤ ਠਾਨੇ।
ਦਰਸ ਆਪ ਕੇ ਨਾਸਹਿੰ ਰੋਗ।
ਭਏ ਨਗਰ ਗਨ ਲੋਗ ਅਰੋਗ।
ਕਿਆ ਲੀਲ੍ਹਾ ਦਿਖਲਾਵਨਿ ਲਾਗੇ।
ਤੁਮਰੇ ਨਾਮ ਲੇਤਿ ਦੁਖ ਭਾਗੇ।
ਸਰਬ ਸ਼ਕਤਿ ਪੂਰਨ ਸਮਰਥ।
ਭੰਜਨ ਗੜਨ ਆਪ ਕੇ ਹਥ।

(ਗੁ: ਪ੍ਰ: ਸੂ: ਗਰੰਥ, ਰਾਸ ੧੦, ਅੰ: ੪੯)

ਗੁਰੂ-ਦ੍ਰਿਸ਼ਟਿ ਵਿਚ ਅਥਾਹ ਬਲ ਹੈ—

'ਏਕ ਦ੍ਰਿਸਟਿ ਤਾਰੇ ਗੁਰ ਪੂਰਾ ॥'

(ਆਸਾ ਮ: ੧)

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਗੁਰਤਾ ਦਾ ਕਰਤੱਵ ਗੁਰੂ-ਦ੍ਰਿਸ਼ਟਿ ਦੁਆਰਾ ਨਿਭਣਾ ਸੀ।

# ੯. ਜਹਾਜ਼ ਉਦਾਰਨ

੧.

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੋਤੀ ਜੋਤਿ ਸਮਾਉਣ ਲੱਗੇ ਤਾਂ ਸਾਰੇ ਸਿੱਖਾਂ ਅਰਦਾਸ ਕੀਤੀ—

ਯਾਂਤੇ ਸੰਗਤਿ ਕਿਸ ਲੜ ਲਾਵਹੁ ।
ਗੁਰਤਾ ਉਚਿਤ ਜਾਂਹਿ ਲਖ ਪਾਵਹੁ ॥

ਗੁਰੂ ਜੀ ਨੇ ਫ਼ੁਰਮਾਇਆ—

ਨੇਤ੍ਰ ਉਘਾਰ ਕਹੀ ਮੁਖ ਬਾਨੀ ।
'ਬਾਬਾ ਬਸਹਿ ਜਿ ਗ੍ਰਾਮ ਬਕਾਲੇ ।
ਬਨਿ ਗੁਰ, ਸੰਗਤਿ ਸਕਲ ਸਮਾਲੇ ।'

ਗੁਰੂ ਜੀ ਨੇ ਉਤਰਾਧਿਕਾਰੀ ਦਾ ਨਾਮ ਨਹੀਂ ਲਿਆ, ਇਸ ਲਈ ਸੰਗਤ ਨੇ ਵਿਚਾਰ ਕੀਤੀ—

ਇਮ ਸੁਨਾਇ ਸਭਿਹਿਨਿ ਸੋਂ ਕਹਯੋ ।
ਸਿਖਨਿ ਉਰ ਨਿਸਚੈ ਤਬ ਲਹਯੋ ।
ਨਹੀ ਨਾਮ ਲੀਨਸਿ ਤਿਸ ਬੇਰਾ ।
ਤਉ ਲਖਯੋ ਸਭਿ ਗੁਰੂ ਬਡੇਰਾ ।
ਬਿਦਤਹਿ ਆਪ ਛਪਯੋ ਨਹਿ ਰਹੈ ।
ਇਮ ਵਿਚਾਰ ਕਰਿ ਕੋਇ ਨ ਕਹੈ ।

(ਗੁ: ਪ੍ਰ: ਸੂ: ਗਰੰਥ, ਰਾ: ੧੦, ਅੰ: ੫੨)

ਗੁਰੂ ਜੀ ਦੇ ਵਾਕਾਂ ਦੀ ਸੋ ਬਕਾਲੇ ਪੁੱਜੀ । ਬਕਾਲੇ ਦੇ ਸਾਰੇ ਸੋਢੀ ਆਪਣੀਆਂ ਗੱਦੀਆਂ ਲਗਾ ਕੇ ਬੈਠ ਗਏ ਅਤੇ ਹਰ ਕੋਈ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗਾ । ਹਰ ਇਕ ਨੇ ਆਪਣੇ ਮਸੰਦ ਰੱਖ ਲਏ ਅਤੇ ਸਿੱਖਾਂ ਪਾਸੋਂ ਕਾਰ-ਭੇਟਾ ਉਗਰਾਹੁਣ ਲੱਗਾ ।

ਸਿੱਖ ਸੰਗਤ ਬੜੀ ਪਰੇਸ਼ਾਨ ਹੋ ਰਹੀ ਸੀ ਕਿਉਂਕਿ ਕਿਸ ਨੂੰ ਉਹ ਗੁਰੂ ਮੰਨਣ ਅਤੇ ਕਿਸ ਨੂੰ ਨਾ ਮੰਨਣ । ਬਾਈ ਗੁਰੂ ਮੰਜੀਆਂ ਤੇ ਗੱਦੀਆਂ ਲਗਾ ਕੇ ਬੈਠੇ ਸਨ ।

੨.

ਉਧਰ 'ਮਖਣ ਸ਼ਾਹੁ ਏਕ ਸਿਖ ਭਾਰਾ' ਚਿੰਤਾ ਵਿਚ ਫਸ ਗਿਆ । ਉਹ 'ਕਰਿ ਸੌਦਾ ਬਹੁ ਚਢਯੋ ਜਹਾਜ਼', ਪਰ ਜਹਾਜ਼ ਬਰੇਤੇ ਵਿਚ ਫਸ ਗਿਆ ਹੈ ।

ਟਾਪੂ ਨਿਕਟ ਹੁਤੋ ਬਡ ਬਾਰੂ ।
ਨਹਿੰ ਮਾਨੁਖ ਜਹਿੰ ਪਿਖਿਯ ਉਜਾਰੂ ।
ਬਿਬਸਿ ਜਹਾਜ਼ ਪ੍ਰੇਰਕਨਿ ਭਇਊ ।
ਬਨ ਕਰਿ ਰਹੇ ਸਥੰਭ ਨ ਗਇਊ ।
ਅਧਿਕ ਬੇਗ ਵਾਯੂ ਕੋ ਪਾਇ ।
ਸਿਕਤਾ ਥਲ ਪਰ ਗਾ ਅਟਕਾਇ ।
ਪੁਨ ਸਾਗਰ ਕੀ ਲਗੈ ਤਰੰਗ ।
ਕੂਡਕ ਗਯੋ ਚਢਿ ਜਾਹਿ ਥਲ ਤੁੰਗ ।

ਜਦੋਂ ਜਹਾਜ਼ ਅਟਕ ਗਿਆ ਤਾਂ ਮੱਖਣ ਸ਼ਾਹ ਨੇ ਗੁਰੂ ਜੀ ਦੀ ਅਰਾਧਨਾ ਕੀਤੀ—

ਅਬ ਸਤਿਗੁਰੂ ਹੀ ਬਨਹਿ ਸਹਾਈ ।
ਨਹਿ ਅਪਰਨ ਕੀ ਗਤਿ ਜਿਹ ਥਾਈਂ ।
ਇਸ ਪਰਕਾਰ ਸਿਖ ਨਿਸਚੈ ਧਰਿ ਕੈ ।
ਕਰ ਪਗ ਨੀਰ ਪਖਾਰਨਿ ਕਰਿ ਕੈ ।
ਜੋਤੀ ਰੂਪ ਗੁਰੂ ਕੋ ਧਯਾਨ ।
ਅਚਲ ਠਾਂਢਿ ਭਾ ਅੰਜੁਲ ਠਾਨਿ ।

* * *

ਮੈਂ ਸਦੀਵ ਕੋ ਦਾਸ ਤੁਮਾਰੋ ।
ਅਬ ਜਹਾਜ਼ ਕੋ ਪਾਰ ਉਤਾਰੋ ।

ਇਧਰ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੇ ਵਿਚਾਰਿਆ ਕਿ ਇਸ ਦੀ ਸਹਾਇਤਾ ਜ਼ਰੂਰ ਕਰਨੀ ਪੈਣੀ ਹੈ, ਕਿਉਂਕਿ—

............ਜੇ ਨਾ ਕਰੈਂ ਅਬ ।
ਗੁਰ ਘਰ ਕੀ ਮਹਿਮਾ ਸੁ ਘਟੈ ਤਬ ।
ਹੋਨਿ ਸਹਾਇਕ ਹੀ ਬਨਿ ਆਵੈ ।
ਜਿਸ ਤੇ ਸਿਖ ਸ਼ਰਧਾ ਅਧਿਕਾਵੈ ।

ਬਸ ! ਫਿਰ ਕੀ ਸੀ—

ਪਹੁੰਚੇ ਨਿਮਖ ਬਿਖੈ ਗੁਰ ਪੂਰੇ ।
ਕਰਨਿ ਸਿਖ ਕੋ ਕਾਰਜ ਰੂਰੇ ।

ਅਤੇ ਜਹਾਜ਼ ਪਾਰ ਕਰ ਦਿੱਤਾ । ਮੱਖਣ ਸ਼ਾਹ ਦਾ ਵਿਸ਼ਵਾਸ ਪੂਰਨ ਸੀ । ਜਹਾਜ਼ ਪਾਰ ਹੋਣ ਤੇ ਨਿਸਚਾ ਹੋ ਗਿਆ ਕਿ ਇਹ ਸਹਾਇਤਾ ਗੁਰੂ ਜੀ ਨੇ ਹੀ ਕੀਤੀ ਹੈ । ਉਹ ਗੁਰੂ ਦਰਸ਼ਨ ਲਈ ਅਤੇ 'ਦਰਬ ਦੇਉਗੋਂ ਰਾਸ' ਦੀ ਭੇਟਾ ਲਈ ਵਿਆਕੁਲ ਹੋ ਰਿਹਾ ਸੀ । ਉਹ ਸਿੱਧਾ 'ਬਕਾਲੇ' ਆਇਆ । ਉਸ ਨੇ ਆ ਗੁਰੂ ਜੀ ਨੂੰ ਪ੍ਰਗਟ ਕੀਤਾ ਤੇ ਢੰਢੋਰਾ ਦਿੱਤਾ ।

ਭੁਲੀਏ ਸੰਗਤਿ ! ਸੁਨਹੁ ਸੁ ਕਾਨ ।
ਸਤਿਗੁਰੂ ਲਧਾ ਮਹਦ ਮਹਾਨ ।
ਸੰਸੈ ਭਰਮ ਰਿਦੈ ਕੋ ਤਜਿ ਕੈ ।
ਜਨਮ ਸੁਧਾਰਹੁ ਸ੍ਰੀ ਗੁਰੁ ਭਜਿ ਕੈ ।

ਸਾਰੀ ਸੰਗਤ ਨੂੰ ਨਿਸਚਾ ਹੋ ਗਿਆ :—

ਪਤਾ ਜਹਾਜ਼ ਬਤਾਵਨਿ ਕੀਨਿ ।
ਅੰਤਰ ਕੀ ਗਤਿ ਸਭਿ ਲਖਿ ਲੀਨਿ ।
ਸ੍ਰੀ ਹਰਿਕ੍ਰਿਸ਼ਨ ਪਿਤਾਮਹਿ ਏਹੁ ।
ਬਾਬਾ ਕਹਨਿ ਪਤਾ ਇਨ ਦੇਹੁ ।

ਸੋ ਜਹਾਜ਼ ਉਦਾਰਨ ਵਾਲਾ ਗੁਰੂ ਮਿਲ ਗਿਆ ।

੩.

ਸ੍ਰੀ ਗੁਰੁ ਤੇਗ ਬਹਾਦਰ ਸਾਹਿਬ ਜੀ ਨੇ ਮੱਖਣ ਸ਼ਾਹ ਦਾ ਜਹਾਜ਼ ਪਾਰ ਕੀਤਾ। ਇਹ ਇਕ ਇਤਿਹਾਸਕ ਘਟਨਾ ਹੈ ਜੋ ਸਚਮੁੱਚ ਵਾਪਰੀ ਹੈ। ਪਰ ਇਹ ਘਟਨਾ ਆਪਣੇ ਆਪ ਵਿਚ ਹੀ ਗੁਰੁ-ਪਦ ਦੀ ਵੀ ਵਿਆਖਿਆ ਹੈ। ਗੁਰੂ ਜੀ ਨੇ ਸਾਰੇ ਸੰਸਾਰ ਦੇ ਜਹਾਜ਼ ਨੂੰ ਪਾਰ ਲਗਾਉਣਾ ਹੈ। ਗੁਰ ਜੀ ਨੇ ਹਰ ਸਿੱਖ ਦਾ ਬੇੜਾ ਪਾਰ ਕਰਨਾ ਹੈ। ਬੇੜਾ ਤੇ ਜਹਾਜ਼ ਇਕੋ ਗੱਲ ਹੈ। ਜਹਾਜ਼ ਉਦਾਰਨਾ ਹੀ ਗੁਰੂ-ਪਦ ਦਾ ਫ਼ਰਜ਼ ਹੈ। ਇਸ ਵਿਚ ਸਾਗਰ, ਜਹਾਜ਼ ਤੇ ਪਾਰ ਸਾਰੇ ਸੰਕੇਤ ਹਨ। ਗੁਰਬਾਣੀ ਵਿਚ ਇਹਨਾਂ ਸੰਕੇਤਾਂ ਦੀ ਪੂਰੀ ਵਿਆਖਿਆ ਕੀਤੀ ਹੋਈ ਹੈ—

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥

(ਸੂਹੀ ਫਰੀਦ, ਪੰਨਾ ੭੯੪)

ਇਸ ਰਚਨਾ ਵਿਚ ਵੀ ਬੇੜਾ ਤੇ ਸਰਵਰ ਦੋਵੇਂ ਸੰਕੇਤਕ ਸ਼ਬਦ ਹਨ—

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥
ਤੇਰਾ ਏਕੋ ਨਾਮੁ ਮੰਜੀਠੜਾ
ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥

(ਗੁਰੂ ਨਾਨਕ ਸਾਹਿਬ, ਸੂਹੀ ੭੨੯)

ਇਸ ਰਚਨਾ ਵਿਚ ਵੀ ਉਸੇ ਬੇੜੇ ਜਾਂ ਜਹਾਜ਼ ਦਾ ਵਰਨਣ ਹੈ ਜਿਸ ਦਾ ਫ਼ਰੀਦ ਜੀ ਨੇ ਵਰਨਣ ਕੀਤਾ ਹੈ।

ਕੁਝ ਇਹੋ ਹੀ ਸਰੂਪ ਹੈ 'ਰਥ' ਦਾ, ਜੋ ਬੇੜੇ ਦਾ ਹੈ। ਜੋ ਗੁਰੂ ਜੀ ਨੇ ਫ਼ੁਰਮਾਇਆ ਹੈ—

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥
(ਆਸਾ ਦੀ ਵਾਰ ਮ: ੧)

ਰਥ ਵੀ ਬੇੜਾ ਹੀ ਹੈ। ਭਾਵ ਇਹ ਹੈ ਕਿ ਮਨੁੱਖੀ ਸਰੀਰ ਤੇ ਆਤਮਾ ਮਿਲ ਕੇ ਮਨੁੱਖ ਦੀ ਸ਼ਖ਼ਸੀਅਤ ਉਤਪੰਨ ਕਰਦੇ ਹਨ। ਇਹ ਸ਼ਖ਼ਸੀਅਤ ਜਪੁ, ਤਪੁ, ਸੰਜਮ, ਸਿਮਰਨ ਨਾਲ ਪੈਦਾ ਹੁੰਦੀ ਹੈ। ਜੇ ਇਹ ਪੈਦਾ ਹੋ ਜਾਏ ਤਾਂ ਬੇੜਾ ਤਰ ਗਿਆ। ਜੇ ਇਹ ਸ਼ਖ਼ਸੀਅਤ ਉਸਰ ਜਾਏ ਤਾਂ ਬੇੜਾ ਪਾਰ ਹੋ ਗਿਆ। ਗੁਰੂ ਸਿੱਖ ਵਿਚ ਇਹ ਸ਼ਖ਼ਸੀਅਤ ਪੈਦਾ ਕਰਦਾ ਹੈ ਤੇ ਇਸ ਤਰ੍ਹਾਂ ਉਸ ਦੇ ਜਹਾਜ਼ ਨੂੰ ਪਾਰ ਕਰਦਾ ਹੈ।

ਇਸ ਜਪੁ ਤਪੁ ਵਾਲੀ ਸ਼ਖ਼ਸੀਅਤ ਦਾ ਪੈਦਾ ਕਰਨਾ ਇਸ ਵਾਸਤੇ ਕਠਨ ਕੰਮ ਹੈ ਕਿਉਂਕਿ ਸਾਗਰ ਭਿਆਨਕ ਹੈ ਜਿਸ ਵਿਚ ਇਸ ਬੇੜੇ ਨੇ ਤਰਨਾ ਹੈ। ਉਸ ਸਾਗਰ ਦਾ ਸਰੂਪ ਇਹ ਦਿੱਤਾ ਹੋਇਆ ਹੈ—

ਤਿਤੁ ਸਰਵਰੜੈ ਭਈਲੇ ਨਿਵਾਸਾ
ਪਾਣੀ ਪਾਵਕੁ ਤਿਨਹਿ ਕੀਆ ॥
ਪੰਕਜੁ ਮੋਹ ਪਗੁ ਨਹੀ ਚਾਲੈ
ਹਮ ਦੇਖਾ ਤਹ ਡੂਬੀਅਲੇ ॥
ਮਨ ਏਕੁ ਨ ਚੇਤਸਿ ਮੂੜ ਮਨਾ
ਹਰਿ ਬਿਸਰਤ ਤੇਰੇ ਗੁਣ ਗਲਿਆ ॥
(ਆਸਾ ਮਹਲਾ ੧)

ਇਹ ਸਾਗਰ ਹੈ, ਇਹ ਸਾਗਰ ਮਨੁੱਖੀ ਮਨ ਹੀ ਹੈ। ਇਸ ਮਨ ਵਿਚ ਅਨੇਕ ਪ੍ਰਕਾਰ ਦੇ ਤਰੰਗ ਹਨ। ਇਸ ਵਿਚ ਕਾਮਾਦਿਕ ਦੇ ਸਾਰੇ ਤਰੰਗ ਹਨ, ਮੋਹ ਹੈ। ਇਹਨਾਂ ਮਨ ਦੀਆਂ ਕਮਜ਼ੋਰੀਆਂ ਦੇ ਕਾਰਨ ਹੀ ਸ਼ਖ਼ਸੀਅਤ ਉਸਰਦੀ ਨਹੀਂ ਹੈ। ਸੋ ਇਸ ਸਾਗਰ ਵਿਚੋਂ ਸ਼ਖ਼ਸੀਅਤ ਦੇ ਬੇੜੇ ਨੂੰ ਸਫ਼ਲਤਾ ਨਾਲ ਪਾਰ ਕੇਵਲ ਗੁਰੂ-ਮਲਾਹ ਹੀ ਕਰ ਸਕਦਾ ਹੈ। ਗੁਰੂ, ਸਿੱਖ ਨੂੰ ਮੌਕਾ ਦੇਂਦਾ ਹੈ—

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
ਗੁਰਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥
(ਸੁਖਮਨੀ ਸਾਹਿਬ, ਪੰਨਾ ੨੮੧)

ਅੱਗ ਦਾ ਸਾਗਰ ਹੈ (ਚਾਰੇ ਨਦੀਆਂ ਅਗਿ)—

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥
(ਵਾਰ ਮਾਝ, ਪੰਨਾ ੧੪੭)

ਇਹ ਸਾਗਰ ਮਨੁੱਖੀ ਮਨ ਵਿਚ ਹੀ ਹੈ ਜਾਂ ਮਨੁੱਖੀ ਮਨ ਹੀ ਇਹ ਸਾਗਰ ਹੈ, ਜਿਸ ਵਿਚ ਹਿੰਸਾ, ਲੋਭ ਤੇ ਗੁੱਸੇ ਦੀਆਂ ਨਦੀਆਂ ਚਲ ਰਹੀਆਂ ਹਨ। ਇਸ ਸਾਗਰ ਵਿਚ ਮਨੁੱਖੀ ਸ਼ਖ਼ਸੀਅਤ ਦਾ ਬੇੜਾ ਜਾਂ ਜਹਾਜ਼ ਚਲ ਰਿਹਾ ਹੈ। ਇਹ ਜਹਾਜ਼ ਕਦੇ ਹਿੰਸਾ ਕਾਰਨ, ਕਦੇ ਲੋਭ ਕਾਰਨ, ਕਦੇ ਕੋਪ ਕਾਰਨ ਬਰੇਤੇ ਵਿਚ ਜਾ ਫਸਦਾ ਹੈ। ਉਦੋਂ ਗੁਰੂ ਹੀ ਸਹਾਇਕ ਹੁੰਦਾ ਹੈ ਤੇ ਇਸ ਜਹਾਜ਼ ਨੂੰ ਬਰੇਤੇ ਅਤੇ ਅੱਗ ਵਿਚੋਂ ਬਚਾਉਂਦਾ ਹੈ। ਉਸ ਦੀ ਬਾਣੀ ਸਹਾਇਕ ਹੁੰਦੀ ਹੈ। ਸੋ ਗੁਰੂ-ਪਦ ਹੀ ਇਹ ਹੈ—

ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ ॥
ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ ॥
ਨਾ ਬੇੜੀ ਨ ਤੁਲਹੜਾ ਨਾ ਪਾਈਐ ਪਿਰੁ ਦੂਰਿ ॥
ਮੇਰੇ ਠਾਕੁਰ ਪੂਰੈ ਤਖਤਿ ਅਡੋਲੁ ॥
ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ ॥

* * *

ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥
ਗੁਰੁ ਸਰੁ ਸਾਗਰ ਬੋਹਿਥੋ ਗੁਰੁ ਤੀਰਥੁ ਦਰੀਆਉ ॥
ਜੇ ਤਿਸੁ ਭਾਵੈ ਊਜਲੀ ਸਤਸਰਿ ਨਾਵਣ ਜਾਉ ॥
(ਸਿਰੀ ਰਾਗ ਮਹਲਾ ੧—੧੭)

ਗੁਰੂ ਹੀ ਸਭ ਕੁਝ ਹੈ। ਉਹ ਆਪ ਹੀ ਸਾਗਰ ਹੈ ਅਤੇ ਆਪ ਹੀ ਬੋਹਿਥ ਹੈ। ਆਪ ਹੀ ਪਾਰ ਲਗਦਾ ਹੈ ਅਤੇ ਆਪ ਹੀ ਪਾਰ ਲਗਾਉਂਦਾ ਹੈ।

ਇਸ ਬੇੜੇ ਤੇ ਸਾਗਰ ਦੇ ਮਹਾਨ ਰਹਿਸ ਨੂੰ ਗੁਰੂ ਤੇਗ ਬਹਾਦਰ ਸਾਹਿਬ ਨੇ ਖੋਲ੍ਹਿਆ ਤੇ ਇਹੋ ਆਪ ਦੇ ਗੁਰੂ-ਪਦ ਧਾਰਨ ਕਰਨ ਦਾ ਪਰਮਾਣ ਸੀ।

੪.

ਫਿਰ ਸਮਾਂ ਆਇਆ ਜਦੋਂ ਆਪ ਨੇ ਭਾਰਤ ਦੇ ਸਮੁੱਚੇ ਕੌਮੀ ਜਹਾਜ਼ ਨੂੰ ਪਾਰ ਕੀਤਾ। ਕੌਮ ਵੀ ਉਸੇ ਤਰ੍ਹਾਂ ਇਕ ਬੇੜਾ ਹੈ ਜਿਵੇਂ ਹਰ ਵਿਅਕਤੀ ਇਕ ਬੇੜਾ ਹੈ। ਹਿੰਦੂ ਧਰਮ ਔਰੰਗਜ਼ੇਬ ਦੇ ਹੱਥੋਂ ਨਾਸ ਹੋਣ ਲੱਗਾ ਸੀ। ਕਸ਼ਮੀਰੀ ਪੰਡਤਾਂ ਨੂੰ ਜਬਰਨ ਮੁਸਲਮਾਨ ਕੀਤਾ ਜਾਣਾ ਸੀ। ਅਨੇਕ ਹਿੰਦੂ, ਮੁਸਲਮਾਨ ਬਣਾਏ ਜਾ ਚੁੱਕੇ ਸਨ, ਅਨੇਕਾਂ ਮੰਦਰ, ਮਸੀਤਾਂ ਦੇ ਰੂਪ ਵਿਚ ਬਦਲੇ ਜਾ ਚੁੱਕੇ ਸਨ। ਕਸ਼ਮੀਰੀ ਪੰਡਤ ਆਪਣੇ ਜਹਾਜ਼ ਨੂੰ ਭੰਵਰ ਵਿਚ ਵੇਖ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਸ਼ਰਨ ਲੈਂਦੇ ਹੋਏ, ਬੇਨਤੀ ਕਰ ਰਹੇ ਹਨ—

ਜਗ ਤੇ ਬਿਨਸਨਿ ਲਗਹਿ ਧਰਮ ਜਬ।
ਪ੍ਰਭੁ ਅਵਿਤਾਰ ਸੁ ਧਾਰਿ ਤੁਰਤ ਤਬ।

ਬਨਹਿ ਸਹਾਇਕ ਲੇਹਿ ਉਬਾਰ ।
ਸੁਨੀਯਤਿ ਕਥਾ ਪੁਰਾਨ ਮਝਾਰ ।
ਅਬ ਅਵਿਤਾਰ ਆਪ ਕੋ ਹੋਵਾ ।
ਮਹਾਂ ਪ੍ਰਤਾਪ ਜਗਤ ਮੈ ਜੋਵਾ ।
ਸ੍ਰੀ ਨਾਨਕ ਤੇ ਆਦਿਕ ਭਏ ।
ਚਿਤ੍ਰ ਪਵਿਤ੍ਰ ਚਲਿਤ੍ਰਨ ਕਿਏ ।
ਰਾਖਹੁ ਅਬ ਹਿੰਦੁਨ ਕੀ ਟੇਕ ।
ਨਾਹਿਤ ਜਗ ਮਹਿ ਰਹੈ ਨਾ ਏਕ ।
ਧਰਮ ਭ੍ਰਿਸ਼ਟ ਜਬ ਸਗਰੇ ਹੋਇ ।
ਪੁਜਹਿੰ ਸੁਰ ਆਦਿਕ ਨਹਿੰ ਕੋਇ ।
ਯਾਂ ਤੇ ਅਬ ਹੀ ਬਨਹੁ ਸਹਾਇ ।
ਹਿੰਦੂ ਧਰਮ ਕੋ ਲੇਹੁ ਬਚਾਇ ।
ਸੁਰ ਆਦਿਕ ਕੀ ਰਛਾ ਹੋਇ ।
ਰਹੈ ਜਗਤ ਮਿਰਜਾਦਾ ਜੋਇ ।

(ਗੁ: ਪ੍ਰ: ਸੂ: ਗਰਥ, ਰਾਸ ੧੨, ਅੰ: ੨੯)

ਗੁਰੂ ਜੀ ਜਹਾਜ਼ ਨੂੰ ਮੌਢਾ ਦੇਣ ਲਈ ਤਿਆਰ ਹੋ ਗਏ। ਬ੍ਰਾਹਮਣਾਂ ਜਾ ਕੇ ਔਰੰਗਜ਼ੇਬ ਅਗੇ ਸ਼ਰਤ ਰੱਖ ਦਿੱਤੀ ਕਿ ਉਹ ਸ਼ਰ੍ਹਾ ਵਿਚ ਆ ਜਾਣਗ ਜ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਸ਼ਰ੍ਹਾ ਵਿਚ ਆ ਜਾਣ—

ਯਾਂ ਤੇ ਜਗਤ ਗੁਰੂ ਪਦ ਭਾਰੇ ।
ਹਿੰਦੂ ਨਾਮ ਤਿਨ ਕੇ ਅਨੁਸਾਰੇ ।
ਭਏ ਸਭਿਨਿ ਮਹਿੰ ਅਤਿ ਪਰਧਾਨੁ ।
ਧਰਹਿੰ ਸੁ ਧਰਮ ਜੁ ਕਰਹਿ ਬਖਾਨੁ ।
ਯਾਂ ਤੇ ਤਿਨ ਪੀਛੈ ਹਿੰਦਵਾਇਨ ।
ਸਭਿ ਕੇ ਅੱਗ੍ਰੀ ਪ੍ਰਭੂ ਪਰਾਇਨ ।
ਤਿਨ ਕੋ ਪ੍ਰਥਮ ਸ਼ਰ੍ਹਾ ਮਹਿੰ ਲਯਾਵਹੁ ।
ਨਿਜ ਮਤ ਕੋ ਈਮਾਨ ਰਖਾਵਹੁ ।
ਬਹੁਰ ਨ ਤੁਮ ਕਿਸ ਕੋ ਕੁਛ ਕਹੀਯਹਿ ॥
ਬਨਹਿੰ ਤੁਰਕ ਹਿੰਦੂ ਸਭਿ ਲਹੀਯਹਿ ।
ਪਿਖ ਕਰਿ ਇਮ ਸ੍ਰੀ ਤੇਗ਼ ਬਹਾਦਰ ।
ਸ਼ਰ੍ਹਾ ਸਰਬ ਮਾਨਹਿੰ ਤਬ ਸਾਦਰ । (ਰਾ: ੧੨, ਅੰ: ੩੦)

ਆਪ ਨੇ ਕੁਰਬਾਨੀ ਦੇ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕੁਰਬਾਨੀ ਤੇ ਫ਼ਖ਼ਰ ਕੀਤਾ ਹੈ—

ਹਰਿਗੋਬਿੰਦ ਪ੍ਰਭ ਲੋਕ ਸਿਧਾਰੇ ॥
ਹਰੀ ਰਾਇ ਤਿਹ ਠਾਂ ਬੈਠਾਰੇ ॥

ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ ॥
ਤਿਨ ਕੇ ਤੇਗ ਬਹਾਦਰ ਭਏ ॥
ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨਿ ਹੇਤਿ ਇਤੀ ਜਿਨਿ ਕਰੀ ॥
ਸੀਸ ਦੀਆ ਪਰ ਸੀ ਨਾ ਉਚਰੀ ॥
ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁ ਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥

ਦੋਹਰਾ ॥ ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥ (ਬਚਿਤ੍ਰ ਨਾਟਕ)

ਗੁਰੂ ਜੀ ਨੇ ਹਿੰਦੂ ਧਰਮ ਨੂੰ ਉਸੇ ਤਰ੍ਹਾਂ ਮੋਢਾ ਦੇ ਕੇ ਰੱਖਿਆ, ਜਿਵੇਂ ਆਪ ਨੇ ਮੱਖਣ ਸ਼ਾਹ ਦੇ ਜਹਾਜ਼ ਨੂੰ ਮੋਢਾ ਦੇ ਕੇ ਉਦਾਰਿਆ ਸੀ। ਇਹੋ ਗੁਰੂ-ਪਦ ਦਾ ਕਰਤੱਵ ਹੈ।

੫.

ਜਦੋਂ ਤੀਕ ਸੰਸਾਰ ਕਾਇਮ ਹੈ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਹ ਬਚਨ ਸਾਰੇ ਸੰਸਾਰ ਨੂੰ ਬਲ ਦੇਂਦੇ ਰਹਿਣਗੇ ਅਤੇ ਮਨੁੱਖੀ ਜੀਵਨ ਨੂੰ ਵਧੇਰੇ ਸਾਰਥਕ ਤੇ ਗ਼ੈਰਤ ਵਾਲਾ ਬਣਾਉਂਦੇ ਰਹਿਣਗੇ। ਇਹੋ ਗੁਰੂ-ਬੇੜੀ ਹੈ। ਇਸ ਬੇੜੀ ਵਿਚ ਸਾਰਾ ਸੰਸਾਰ ਸਵਾਰ ਹੈ।

ਹਰਖ ਸੋਗ ਜਾ ਕੈ ਨਹੀ, ਬੈਰੀ ਮੀਤ ਸਮਾਨ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ ॥ ੧੫ ॥
ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ ॥
ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਹਿ ਬਖਾਨਿ ॥ ੧੬ ॥
ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥
ਕਹੁ ਨਾਨਕ ਸੁਨ ਰੇ ਮਨਾ ਤਿਹ ਨਰ ਮਾਥੈ ਭਾਗ ॥ ੧੭ ॥
ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮ ॥
ਨਿਸਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥ ੨੦ ॥
... ... ...
ਬਲ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ॥
ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥ ੫੪ ॥

ਇਹ ਅੰਦਰਲਾ ਬਲ ਹੀ ਅਸਲ ਜਹਾਜ਼ ਹੈ ਜਿਹੜਾ ਮਨੁੱਖ ਨੂੰ ਪਾਰ ਕਰ ਸਕਦਾ ਹੈ। ਇਹ ਸਾਰੇ ਸੰਸਾਰ ਲਈ ਬੇੜਾ ਹੈ। ਗੁਰਬਾਣੀ ਹੀ ਬੇੜਾ ਹੈ, ਸੰਸਾਰ ਸਾਗਰ ਵਿਚੋਂ ਇਸ ਨੇ ਮਨੁੱਖ ਨੂੰ ਪਾਰ ਕਰਨਾ ਹੈ। ਸੋ ਗੁਰੂ ਤੇਗ਼ ਬਹਾਦਰ ਜੀ ਦਾ ਜਹਾਜ਼ ਉਦਾਰਨ ਹੀ ਗੁਰੂ-ਪਦ ਨਿਰਣੇ ਹੈ। □

# ੧੦. ਬਚਿਤ੍ਰ ਨਾਟਕ

੧.

ਨਾਟਕ ਸਦਾ ਹੀ ਰਮਜ਼ ਵਾਲੀ ਘਟਨਾ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੇਅੰਤ ਨਾਟਕ ਦੇਖੇ। ਆਪ ਨੇ ਅਨੰਤ ਸਮੇਂ ਵਿਚ ਨਾਟਕ ਬ੍ਰਿਤਾਂਤ ਵੇਖੇ। ਆਪ ਨੇ ਆਪਣੇ ਤੋਂ ਪਹਿਲਾਂ ਹੋ—ਵਾਪਰ ਚੁੱਕੇ—ਬੇਅੰਤ ਯੁੱਗਾਂ ਦੇ ਨਾਟਕ ਦੇਖੇ ਅਤੇ ਅੱਗੋਂ ਆਉਣ ਵਾਲੇ ਵੀ ਕਈ ਨਾਟਕ ਵੇਖੇ। ਆਪ ਨੇ ਆਤਮ-ਕਥਾ ਨੂੰ ਵੀ ਨਾਟਕ ਦੇ ਰੂਪ ਵਿਚ ਹੀ ਵੇਖਿਆ। ਪਰ ਇਸ ਸਭ ਕੁਝ ਨੂੰ ਆਪ ਨੇ ਬਚਿਤ੍ਰ ਨਾਟਕ ਮੰਨਿਆ ਤੇ ਵੇਖਿਆ। ਆਪ ਨੇ ਜੀਵਨ-ਸਾਰ ਨੂੰ 'ਬਚਿਤ੍ਰ ਨਾਟਕ' ਦਾ ਨਾਮ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' ਦੀ ਆਦਿ ਜੁਗਾਦਿ ਤੋਂ ਤੁਰੀ ਆ ਰਹੀ ਲੜੀ ਨੂੰ ਵੇਖਿਆ। 'ਜਾਪ' ਤੇ 'ਅਕਾਲ ਉਸਤਤਿ' ਵਿਚ ਅਦ੍ਵੈਤ ਬ੍ਰਹਮ ਦੇ ਬਚਿਤ੍ਰ ਨਾਟਕ ਨੂੰ ਦਰਸਾਇਆ। ਬਚਿਤ੍ਰ ਨਾਟਕ ਵਿਚ ਸੂਰਜਬੰਸੀ ਤੇ ਚੰਦਰਬੰਸੀ ਰਾਜਿਆਂ ਦੇ ਬਚਿਤ੍ਰ ਨਾਟਕ ਨੂੰ ਦਰਸਾਇਆ। ਫਿਰ ਬੇਦੀ ਤੇ ਸੋਢੀ ਬੰਸ ਦੀ ਕਥਾ ਸੁਣਾਈ। ਫਿਰ ਆਤਮ-ਕਥਾ ਦਾ ਬਚਿਤ੍ਰ ਨਾਟਕ ਦਰਸਾਇਆ। ਬ੍ਰਹਮ ਦੇ ਸੱਤ ਅਤੇ ਰੁਦਰ ਦੇ ਦੋ ਅਵਤਾਰਾਂ ਦਾ ਰੂਪ ਨਾਟਕ ਦਰਸਾਇਆ ਹੈ, ਚੰਡੀ ਚਰਿਤ੍ਰ ਦੇ ਮਹਾਨ ਬਚਿਤ੍ਰ ਨਾਟਕ ਨੂੰ 'ਦਸਮ ਗ੍ਰੰਥ' ਵਿਚ ਪੰਜ ਵਾਰੀ ਸਾਕਾਰ ਕੀਤਾ ਹੈ। 'ਗਿਆਨ ਪ੍ਰਬੋਧਿ' ਵਿਚ ਬੇਅੰਤ ਰਾਜਿਆਂ ਦੀ ਜਗ-ਕਥਾ ਦੇ ਬਚਿਤ੍ਰ ਨਾਟਕ ਨੂੰ ਰੂਪਮਾਨ ਕੀਤਾ ਹੈ। ਤ੍ਰਿਆ ਚਰਿਤ੍ਰ ਵੀ ੪੦੪ ਬਚਿਤ੍ਰ ਨਾਟਕ ਹੀ ਹਨ। ਆਪ ਦੀ ਪ੍ਰਤਿਭਾ ਪ੍ਰਮੁਖ ਤੌਰ ਤੇ ਨਾਟਕੀ ਸੀ। ਸਾਰੇ ਜੀਵਨ ਨੂੰ ਆਪ ਨੇ ਬਚਿਤ੍ਰ ਨਾਟਕ ਸਮਝ ਕੇ ਜੀਵਿਆ ਹੈ।

ਬਚਿਤ੍ਰ ਨਾਟਕ ਦਾ ਭਾਵ ਇਹੋ ਹੈ ਕਿ ਹਰ ਕਥਾ ਵਿਚ ਕੋਈ ਗੋਹਜ-ਭੇਦ ਹੈ। ਘਟਨਾ ਸਥਾਨਕ ਤੇ ਸਮਈ ਵੀ ਹੈ ਪਰ ਅਨੰਤ ਕਾਲ ਲਈ ਉਸ ਵਿਚ ਕੋਈ ਸੰਦੇਸ਼ ਵੀ ਹੁੰਦਾ ਹੈ।

ਜਿਵੇਂ ਪਹਿਲੇ ਸਾਰੇ ਗੁਰੂ ਸਾਹਿਬ 'ਬਚਿਤ੍ਰ ਨਾਟਕ' ਖੇਡ ਖੇਡ ਕੇ ਜੀਵਨ-ਜਾਚ ਸਿਖਾਉਂਦੇ ਰਹੇ ਸਨ, ਤਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਅਨੇਕ ਬਚਿਤ੍ਰ ਨਾਟਕ ਖੇਡਦੇ ਰਹੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਪਾਂਧੇ, ਮੁੱਲਾਂ, ਸਜਣ, ਭੂਮੀਏ ਨਾਲ ਨਾਟਕ ਖੇਡੇ। ਹਰਦੁਆਰ, ਕੁਰੂਕਸ਼ੇਤਰ ਤੇ ਕਾਮਰੂਪ ਵਿਚ ਬਚਿਤ੍ਰ ਨਾਟਕ ਖੇਡੇ, ਸ਼ਿਵਨਾਭ ਤੇ ਕੌਡੇ ਨਾਲ ਨਾਟਕ ਖੇਡੇ। ਮੱਕੇ ਤੇ ਬਗ਼ਦਾਦ ਵਿਖੇ ਨਾਟਕ ਖੇਡੇ। ਹਸਨ-ਅਬਦਾਲ ਵਿਚ ਵਲੀ ਕੰਧਾਰੀ ਨਾਲ, ਅਚਲ ਵਿਚ ਜੋਗੀਆਂ ਨਾਲ, ਮੁਲਤਾਨ ਵਿਚ ਪੀਰਾਂ ਨਾਲ ਬਚਿਤ੍ਰ ਨਾਟਕ ਦਾ ਵਿਵਹਾਰ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਲਹਿਣਾ ਜੀ ਦੀ ਪ੍ਰੀਖਿਆ ਕਰਦਿਆਂ ਬਚਿਤ੍ਰ ਨਾਟਕ ਖੇਡੇ, ਜਿਨ੍ਹਾਂ ਵਿਚ ਰਮਜ਼ਾਂ ਸਨ

ਅਤੇ ਉਹ ਰਮਜ਼ਾਂ ਸਦਾ ਲਈ ਸਾਰਥਕ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰੀਖਿਆ ਕਰਦਿਆਂ ਕੁਝ ਬਚਿਤ੍ਰ ਨਾਟਕ ਖੇਡੇ ਜਿਨ੍ਹਾਂ ਦੀਆਂ ਰਮਜ਼ਾਂ ਸਦਾ ਲਈ ਸਾਰਥਕ ਹਨ। ਫਿਰ ਸ੍ਰੀ ਗੁਰੂ ਅਮਰਦਾਸ ਜੀ ਨੇ ਬਨ੍ਹੇ ਬਣਵਾ ਕੇ ਤਖ਼ਤ ਦੇ ਦਿੱਤਾ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਤੱਤੀ ਲੋਹ ਤੇ ਬਚਿਤ੍ਰ ਨਾਟਕ ਖੇਡ ਕੇ ਦੱਸਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ ਪਾ ਕੇ ਬਚਿਤ੍ਰ ਨਾਟਕ ਦਰਸਾਏ ਅਤੇ ੫੨ ਰਾਜਿਆਂ ਨੂੰ ਬੰਦੀ ਵਿਚੋਂ ਕੱਢ ਕੇ ਬੰਦੀ-ਛੋੜ ਦਾ ਨਾਟਕ ਰਚਿਆ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਸਾਰਾ ਜੀਵਨ ਦੀਰਘ ਜਾਮੇ ਦਾ ਨਾਟਕ ਖੇਡਦੇ ਰਹੇ। ਸ੍ਰੀ ਗੁਰ ਹਰਿਕ੍ਰਿਸ਼ਨ ਮਹਾਰਾਜ ਜੀ ਦ੍ਰਿਸ਼ਟਿ ਨਾਲ ਖਲ-ਮੂਰਖਾਂ ਨੂੰ ਪੰਡਤ ਕਰਦੇ ਰਹੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 'ਵੱਡਾ ਸਾਕਾ' ਕਰਕੇ ਸੰਸਾਰ ਦਾ ਅਲੌਕਿਕ ਨਾਟਕ ਖੇਡਿਆ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਸਾਰਾ ਜੀਵਨ-ਨਾਟਕ ਵੇਖਦੇ ਤੇ ਖੇਡਦੇ ਰਹੇ ਅਤੇ ਮਨੁੱਖਤਾ ਨੂੰ ਬੜੀਆਂ ਡੂੰਘੀਆਂ ਰਮਜ਼ਾਂ ਸਮਝਾਉਂਦੇ ਰਹੇ। ਅਸੀਂ ਉਹਨਾਂ ਨਾਟਕਾਂ ਦਾ ਮੁੜ ਅਭਿਨੈ ਕਰਦੇ ਹਾਂ।

੨.

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਪੀਰ ਭੀਖਣਸ਼ਾਹ 'ਪਸਚਮ ਦਿਸਿ ਕੋ ਦ੍ਰਿਸਟੀ ਫੇਰ' ਨੇ ਨਮਾਜ਼ ਅਦਾ ਕੀਤੀ ਅਤੇ ਸਣੇ ਆਪਣੇ ਮੁਰੀਦਾਂ ਦੇ ਗੁਰੂ ਦਰਸ਼ਨ ਲਈ ਤੁਰ ਪਿਆ :—

ਲਈ ਕੁਰਾਨ ਮੁਸੱਲਾ ਧਾਰੇ।
ਦ੍ਵੈ ਮੁਰੀਦ ਸੋ ਚਲੇ ਪਿਛਾਰੇ।
ਸਨੇ ਸਨੇ ਗਮਨ ਮਗ ਜਾਹਿਂ।
ਨਿਸ ਬਿਸਰਾਮਹਿ ਦਿਵਸ ਚਲਾਹਿਂ।

(ਗੁ: ਪ੍ਰ: ਸੂ: ਗ੍ਰੰਥ, ਰਾ: ੧੨, ਅੰਸੂ ੧੪)

ਅਤੇ—'ਪੁਰਿ ਪਟਣੇ ਦੇ ਪਹੁੰਚੇ ਪਾਸ।'

ਬੜੇ ਜਤਨ ਮਗਰੋਂ ਗੁਰ-ਦਰਸ਼ਨ ਪ੍ਰਾਪਤ ਹੋਇਆ ਤੇ ਇਹ ਨਾਟਕ ਰਚਿਆ ਗਿਆ। ਉਸ ਨੇ ਦੋ ਘੜੇ ਚੁੱਕੇ ਹੋਏ ਸਨ।

ਸ਼ਾਹਿ ਭੀਖ ਘਟਕਾ ਜਬ ਦੋਨੋਂ।
ਕਰੀ ਸਮੀਪ ਹੋਇ ਕਰ ਨਮੋਂ।

ਸ੍ਰੀ ਗੁਰ ਦੋਨਹੁ ਹਾਥ ਪਸਾਰੇ।
ਘਟੀ ਸਪਰਸ਼ਨ ਕੋ ਤਿਸ ਬਾਰੇ।

ਤਊ ਨ ਪਹੁੰਚੇ ਜਾਇ ਤਹਾਂ ਲੌਂ।
ਪਰੇ ਅੰਕੁ ਮੈਂ ਛ੍ਵੈਂ ਕਹਾਂ ਲੌਂ।

ਸ਼ਾਹੁ ਭੀਖ ਕੇ ਮਨ ਕੀ ਜਾਨਿ।
ਕਰੀ ਵਧਾਵਨ ਬਾਹੁ ਮਹਾਨ।

ਦੋਨੋਂ ਦ੍ਵੈ ਘਟ ਕਾ ਪਰ ਲਾਏ ।
ਸੰਗਤਿ ਖਰੀ ਨ ਕਿਨਹੁ ਲਖਾਏ ।
(ਰਾ: ੧੨, ਅੰਸੁ ੧੬)

ਬਾਲਮ ਗੁਰੂ ਜੀ ਨੇ ਭੀਖਣਸ਼ਾਹ ਨੂੰ ਇਸ ਨਿੱਕੇ ਜਿਹੇ ਬਚਿਤ੍ਰ ਨਾਟਕ ਦੁਆਰਾ ਰਮਜ਼ ਸਮਝਾ ਦਿੱਤੀ ਅਤੇ ਉਸ ਨੂੰ ਰਮਜ਼ ਸਮਝ ਆਈ । ਗੁਰੂ ਆਪਣਾ ਪੰਥ ਚਲਾਵੇਗਾ ਅਤੇ ਨਾ ਹੀ ਹਿੰਦੂ ਮਤ ਨਾਸ ਹੋਵੇਗਾ, ਨਾ ਹੀ ਇਸਲਾਮ । ਗੁਰੂ ਦੋਹਾਂ ਦੀ ਰੱਖਿਆ ਕਰੇਗਾ ।

੩.

ਉਪਰ ਦੱਸੇ ਨਾਟਕ ਦੀ ਭਾਵਨਾ ਨੂੰ ਸਾਖਿਆਤ ਕਰਨ ਲਈ ਆਪ ਨੇ ਇਕ ਬਚਿਤ੍ਰ ਨਾਟਕ ਦਾ ਰੂਪ ਧਾਰਨ ਕੀਤਾ । ਐਸਾ ਨਾਟਕ ਕਿਸੇ ਨਹੀਂ ਸੀ ਦੇਖਿਆ । ਆਪ ਨੇ ਨੀਲੇ ਘੋੜ ਦੀ ਸਵਾਰੀ ਕੀਤੀ । ਚਿੱਟਾ ਬਾਜ ਹੱਥ ਤੇ ਬਿਠਾਇਆ ਅਤੇ ਸੋਹਣੀ ਕਲਗੀ ਸਿਰ ਤੇ ਸਜਾਈ । ਸੰਸਾਰ ਦੇ ਬਚਿਤ੍ਰ ਨਾਟਕੀ ਬ੍ਰਹਿਮੰਡ ਤੇ ਇਹ ਨਾਇਕ-ਸਰੂਪ ਬੜਾ ਹੀ ਬਚਿਤ੍ਰ ਸੀ । ਪਰ ਇਸ ਵਿਚ ਸਦਾ ਲਈ ਡੂੰਘੀ ਰਮਜ਼ ਸੀ । ਆਪ ਦਾ ਘੋੜਾ ਸ਼ਕਤੀ ਦਾ ਪ੍ਰਤੀਕ ਹੈ ਜਿਸ ਦੁਆਰਾ ਸਾਰ ਯੱਧੇ ਅਨਿਆ ਦਾ ਨਾਸ਼ ਕਰਦੇ ਰਹੇ ਹਨ । ਪਰ ਆਪ ਦੀ ਨਿਰਵੈਰਤਾ ਦਾ ਸਾਖੀ ਨੀਲਾ ਰੰਗ ਹੈ । ਆਪ ਦਾ ਨੀਲਾ ਘੋੜਾ ਵਿਸ਼ਾਲਤਾ ਤੇ ਨਿਰਵੈਰਤਾ ਦਾ ਸ਼ਕਤੀਮਾਨ ਚਿੰਨ੍ਹ ਹੈ । ਨੀਲਾਹਟ ਵਿਚ ਸਾਗਰ ਤੇ ਗਗਨ ਦੀ ਵਿਸ਼ਾਲਤਾ ਦਮਕਦੀ ਹੈ, ਇਹ ਬ੍ਰਹਮ ਗਿਆਨੀ ਦੀ ਨੀਲਾਹਟ ਹੈ । ਇਹ ਨੀਲਾਹਟ ਹੀ 'ਅਕਾਲ ਉਸਤਤਿ' ਵਿਚ ਸਾਖਿਆਤ ਕੀਤੀ ਹੈ ਜਿਸ ਦੁਆਰਾ ਆਪ ਨੇ ਸਾਰੇ ਸੰਸਾਰ ਦੇ ਧਰਮਾਂ ਤੇ ਸਾਰੀਆਂ ਕੋਮਾਂ ਨੂੰ ਇਕੋ ਜਿੰਨਾ ਪਿਆਰ ਤੇ ਸਤਿਕਾਰ ਦਿੱਤਾ ਹੈ । ਇਸ ਰੰਗ ਨੇ ਸਿੱਖਾਂ ਨੂੰ ਛੋਹਿਆ ਤੇ ਗੁਰੂ-ਮੁਖ ਵਿਚੋਂ ਇਹ ਮਾਨਵੀ ਰੰਗਤਿ ਦਾ ਸੁਨੇਹਾ ਨਿਕਲਿਆ—

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
(ਅਕਾਲ ਉਸਤਤਿ ੮੫)

ਅਤੇ—

ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
(ਅਕਾਲ ਉਸਤਤਿ ੮੬)

ਆਪ ਦਾ 'ਚਿੱਟਾ ਬਾਜ਼' ਵੀ ਇਸੇ ਰਮਜ਼ ਦਾ ਲਖਾਇਕ ਸੀ ਜਿਸ ਦਾ ਲਖਾਇਕ 'ਨੀਲਾ ਘੋੜਾ' ਸੀ—ਬਾਜ 'ਸ਼ਕਤੀ' ਦੀ ਸਿਖਰ ਅਤੇ ਚਿੱਟਾ ਰੰਗ ਉਸ ਸ਼ਕਤੀ ਦੀ ਸੁਲ੍ਹਾ ਕੁਲ ਵਰਤੋਂ ਦਾ ਲਖਾਇਕ ਹੈ। ਆਪ ਜੀ ਦੀ ਕਲਗੀ ਵਿਚ ਮੀਰੀ ਤੇ ਪੀਰੀ ਦਾ ਸੁਮੇਲ ਹੈ। ਇਹਨਾਂ ਚਿੰਨ੍ਹਾਂ ਵਿਚ ਜੋ ਨਾਟਕ ਆਪ ਨੇ ਖੇਡਿਆ, ਉਸ ਨੇ ਹੀ ਖ਼ਾਲਸੇ ਨੂੰ ਮੀਰੀ-ਪੀਰੀ, ਰਾਜ-ਜੋਗ ਤੇ ਸੰਤ-ਸਿਪਾਹੀ ਦਾ ਚਿੰਨ੍ਹ ਬਣਾ ਦਿੱਤਾ। ਖਾਲਸਾ ਆਪਣਾ ਬਚਿਤ੍ਰ ਨਾਟਕ ਦਿਖਾਉਣ ਲੱਗਾ। ਸੰਸਾਰ ਦੇ ਰੰਗ-ਮੰਚ ਤੇ ਉਸ ਦੇ ਬਚਿਤ੍ਰ ਨਾਟਕ ਨੂੰ ਅਨੇਕ ਥਾਈਂ ਸੰਸਾਰ ਨੇ ਦੇਖਿਆ ਤੇ ਹੁਣ ਤੀਕ ਇਸ ਨਾਟਕ ਨੂੰ ਸੰਸਾਰ ਦੇਖ ਰਿਹਾ ਹੈ। ਸਾਰਾ ਸਿੱਖ ਇਤਿਹਾਸ ਇਸ ਨਾਟਕ ਦਾ ਅਭਿਨੈ ਹੈ।

ਸੰਸਾਰ ਦਾ ਅਤਿਅੰਤ ਬਚਿਤ੍ਰ ਨਾਟਕ ਆਪ ਨੇ ੧੬੯੯ ਈ: ਨੂੰ ਖੇਡਿਆ। ਭਾਰੀ ਸੰਗਤ ਕੇਸਗੜ੍ਹ ਸਜੀ ਹੋਈ ਸੀ। ਗੁਰੂ ਜੀ ਨੇ ਤਲਵਾਰ ਖਿੱਚ ਲਈ—

ਖੜਗ ਖੈਂਚ ਕਰ ਲੀਨਸਿ ਚਮਕਤਿ।
ਬਹਿਰਤਿ ਮਨਹੁ ਦਾਮਨੀ ਦਮਕਤਿ।
ਘਨਸੁਰ ਸਮ ਬੋਲੇ ਗੁਨਖਾਨੀ।
ਸਭਿ ਸੰਗਤਿ ਗੁਰ ਪ੍ਰਿਯਾ ਮਹਾਨੀ।
ਅਤਿ ਪ੍ਰਿਯ ਸਿਖ ਅਹੈ ਕੋ ਮੇਰਾ?
ਅਪਨੋ ਸੀਸ ਦੇਹਿ ਇਸ ਬੇਰਾ।
ਕਾਰਜ ਪਰਯੋ ਅਟਕ ਇਸ ਕਾਲਾ।
ਪੂਰਬਹਿ ਸਿਰ ਦੇ ਅਬਹਿ ਬਿਸਾਲਾ।

(ਗੁ: ਪ੍ਰ: ਸੂ: ਗ੍ਰੰਥ, ਰੁਤ ੩, ਅੰਸੂ ੨੦)

ਪੰਜ ਸਿੱਖਾਂ ਨੇ ਵਾਰੋ ਵਾਰੀ ਸਿਰ ਪੇਸ਼ ਕਰ ਦਿੱਤਾ। ਹਰ ਇਕ ਨੂੰ ਤੰਬੂ ਵਿਚ ਲੈ ਗਏ ਤੇ ਅੱਗੇ ਇਹ ਨਾਟਕ ਰਚਿਆ—

ਇਮ ਕਹਿ ਗਹੀ ਬਾਹੁ ਤਿਸ ਕੇਰੀ।
ਤੰਬੂ ਮਹਿਂ ਲੇ ਗੇ ਬਿਨ ਦੇਰੀ।
ਹੁਤੋ ਫਰਸ਼ ਬਿਚ ਦਯੋ ਬਿਠਾਈ।
ਕਹਯੋ ਬੈਠ ਕਿਮ ਹੂੰ ਨ ਲਖਾਈ।
ਇਕ ਬਕਰੇ ਪਰ ਖੜਗ ਚਲਾਯੋ।
ਸੀਸ ਜੁਦਾ ਕਰਿ ਰਕਤ ਬਹਾਯੋ।
ਲੋਚਨ ਸ੍ਰਵਨ ਕਰੇ ਸਾਵਧਾਨਾ।
ਗੁਰ ਦਿਸਿ ਪਿਖਹਿ ਸਭਨਿ ਡਰ ਮਾਨਾ।

(ਰੁਤ ੩, ਅੰਸੂ ੧੨)

ਉਹ ਤਾਂ ਨਾਟਕ ਸੀ ਬਚਿਤ੍ਰ। ਆਪ ਅੰਤ ਤੇ ਉਹਨਾਂ ਪੰਜਾਂ ਨੂੰ ਹੀ ਸਜਾ ਕੇ, ਨੀਲਾ ਬਾਣਾ ਪੁਆ ਕੇ ਬਾਹਰ ਲੈ ਆਏ ਤੇ ਕਿਹਾ—

ਮਮ ਸਰੂਪ ਤੁਮ ਅਬ ਭਏ
ਹੌਂ ਭਾ ਤੁਮਹਿ ਸਰੂਪ।

ਬ੍ਰਹਮ ਗਿਆਨ ਦਿਢ ਰਿਦੈ ਹ੍ਵੈ
ਪਦ ਅਤਿ ਲੀਨਿ ਅਨੂਪ।

ਤੇ ਉਹਨਾਂ ਨੂੰ ਕਿਹਾ ਕਿ—

'ਸਭਿ ਕੀ ਰਾਖ ਲੀਨਿ ਪਤਿ ਮਹਾ।
ਧਰਿ ਧੀਰਜ ਊਚੋ ਪਦ ਲਹਾ।'

ਇਹ ਸਿੱਖ ਦੀ ਪਰਖ ਦਾ ਬਚਿਤ੍ਰ ਨਾਟਕ ਹੈ। ਇਸ ਤਰ੍ਹਾਂ ਆਪ ਨੇ ਚੰਡੀ ਵਿਚੋਂ ਖ਼ਾਲਸਾ ਪੈਦਾ ਕਰ ਦਿੱਤਾ। ਇਹੋ ਰਮਜ਼ ਹੈ ਖ਼ਾਲਸੇ ਦੀ।

ਇਸ ਨਾਟਕ ਨੂੰ ਜਾਰੀ ਰਖਦਿਆਂ, ਆਪ ਨੇ ਅੰਮ੍ਰਿਤ ਤਿਆਰ ਕੀਤਾ। ਪੰਜਾਂ ਪਿਆਰਿਆਂ ਨੂੰ ਛਕਾਇਆ ਤੇ ਫਿਰ ਆਪ ਛਕਿਆ। ਇਹ ਵੀ ਕਿੰਨੀ ਵੱਡੀ ਰਮਜ਼ ਹੈ।

ਤਿਹ ਛਿਨ ਇਕ ਬਾਸਨ ਮੰਗਵਾਵਾ।
ਸਤੁਦ੍ਰਵ ਕੇ ਜਲ ਸੁਚਿ ਅਨੁਵਾਵਾ।
ਨਿਜ ਆਗੇ ਰਖਵਾਰਨਿ ਕੀਯੋ।
ਜੋ ਕ੍ਰਿਪਾਨ ਸ੍ਰੀ ਦੇਵੀ ਦੀਯੋ।
ਤਾਂ ਮੈਂ ਲਗੇ ਫੇਰਨੇ ਸੁਆਮੀ।
ਬਦਨ ਬਦਤਿ ਬਾਨੀ ਅਭਿਰਾਮੀ।
ਦਇਆ ਸਿੰਘ ਤੇ ਆਦਿਕ ਜੇਈ।
ਪੰਚਹੁ ਖਰ ਅਗਰੇ ਕਰਿ ਤੇਈ।

(ਰੁਤ ੩, ਅੰਸੂ ੧੯)

ਮਾਤਾ ਜੀ ਨੇ ਉਸ 'ਨੀਰ ਬਿਖੈ ਪਾਈ ਮਧੁਰਾਈ' ਪਤਾਸੇ ਪਾ ਕੇ ਖ਼ਾਲਸੇ ਨੂੰ ਮਿੱਠਾ ਬਣਾ ਦਿੱਤਾ, ਇਹ ਵੀ ਨਾਟਕ ਹੈ।

ਖ਼ਾਲਸਾ ਪ੍ਰਗਟ ਹੋ ਗਿਆ—

ਵਾਹਿਗੁਰੂ ਜੀ ਕਾ ਭਯੋ ਖਾਲਸਾ ਸੁ ਨੀਕਾ,
ਵਾਹਿਗੁਰੂ ਜੀ ਕੀ ਮਿਲ ਫਤੇ ਸੋ ਬੁਲਾਈ ਹੈ।
ਪੀਰ ਪਾਤਿਸ਼ਾਹ ਕਰਾਮਾਤੀ ਜੇ ਅਪਰ ਪੰਥ,
ਹਿੰਦੂ ਕਿ ਤੁਰਕ ਹੂ ਕੀ ਕਾਨ ਕੋ ਮਿਟਾਈ ਹੈ।
ਤੀਸਰਾ ਮਜਬ ਜਗ ਦੇਖ ਕੇ ਅਜਬ ਮਹਾਂ,
ਬੈਰੀ ਕੇ ਗਜਬ ਪਰਯੋ ਛੀਨੈ ਠਕੁਰਾਈ ਹੈ।
ਧਰਮ ਸਥਾਪਨੇ ਕੋ ਪਾਪਨ ਕੇ ਖਾਪਨੇ ਕੋ
ਗੁਰੂ ਜਾਪਨੇ ਕੋ ਨਈ ਰੀਤਿ ਯੋਂ ਚਲਾਈ ਹੈ।

(ਗੁ: ਪ੍ਰ: ਸੂ: ਗ੍ਰੰਥ)

ਗੁਰੂ ਜੀ ਨੇ ਇਸੇ ਖ਼ਾਲਸੇ ਨੂੰ 'ਖਾਲਸਾ ਗੁਰੂ ਹੈ, ਗੁਰੂ ਖਾਲਸਾ ਕਹੋਂ ਮੈਂ' ਆਪਣਾ ਇਸ਼ਟ ਗੁਰੂ ਸਥਾਪਨ ਕਰ ਦਿੱਤਾ। ਇਹ ਹੀ ਤਾਂ ਬਚਿਤ੍ਰ ਨਾਟਕ ਹੈ।

ਸਤਿਗੁਰ ਜੀ ਨੇ ਪੰਜ ਪਿਆਰੇ ਸਜਾਏ। ਕਾਮ, ਕਰੋਧ, ਲੋਭ, ਮੋਹ, ਹੰਕਾਰ ਮਾਰ ਦਿੱਤੇ ਅਤੇ ਦਇਆ, ਧਰਮ, ਮੋਹਕਮ, ਹਿੰਮਤ ਤੇ ਸਾਹਿਬੀ ਦੇ ਗੁਣ ਪਰਵੇਸ਼ ਕਰਕੇ ਸਿੱਖਾਂ ਨੂੰ ਸਿੰਘ (ਸ਼ੇਰ) ਬਣਾ ਦਿੱਤਾ। ਪੰਜ ਰੁਸਾ ਦਿੱਤੇ ਅਤੇ ਪੰਜ ਮਨਾ ਲਏ। ਕਾਇਰਤਾ ਤੇ ਬੇਗੈਰਤੀ ਨੂੰ ਆਪ ਨੇ ਮਾਰ ਦਿੱਤਾ ਅਤੇ ਬੀਰਤਾ ਤੇ ਗੈਰਤ ਨੂੰ ਜਨਮ ਦਿੱਤਾ।

'ਸਿੰਘ' ਦੇ ਘਰ ਚਾਰ ਪੁੱਤਰ ਜਨਮੇ, ਅਜੀਤ, ਜੁਝਾਰ, ਜ਼ੋਰਾਵਰ, ਫ਼ਤਿਹ। 'ਸਿੰਘ' ਦੇ ਪੰਜ ਹੀ ਸਾਥੀ ਹਨ—'ਦਇਆ. ਧਰਮ, ਮੋਹਕਮ, ਸਾਹਿਬ ਤੇ ਹਿੰਮਤ'। ਫ਼ਤਿਹ ਤੇ ਸਾਹਿਬੀ ਫਲ ਰੂਪ ਹਨ, ਪਹਿਲੇ ਗੁਣਾਂ ਦੇ। ੪੦ ਮੁਕਤੇ ਉਹ ਹੀ ਦੋ ਫ਼ੌਜਾਂ ਹਨ ਜਿਨ੍ਹਾਂ ਦਾ ਗੁਰੂ ਜੀ ਨੇ ਅਬਿਬੇਕ ਅਤੇ ਬਿਬੇਕ ਦੀਆਂ ਫ਼ੌਜਾਂ ਦੇ ਤੌਰ ਤੇ ਰੁਦਰ-ਅਵਤਾਰ ਵਿਚ ਬਿਆਨ ਕੀਤਾ ਹੋਇਆ ਹੈ। ਅਬਿਬੇਕ ਹੀ ਬੰਦਾਵਾ ਹੈ ਅਤੇ ਬਿਬੇਕ ਹੀ ਮੁਕਤੀ ਹੈ।

੫.

ਗੁਰੂ ਜੀ ਨੇ ਖ਼ਾਲਸੇ ਨੂੰ ਅੰਮ੍ਰਿਤ ਪਾਨ ਕਰਾ ਦਿੱਤਾ ਅਤੇ ਰਹਿਤ ਸਮਝਾ ਦਿੱਤੀ—

ਧਰੇ ਸਦਾ ਸਿੰਘ ਮਨ. ਵੇਸਵਾ ਸੋਂ ਰਮਨ ਨਹਿੰ
ਕੀਜੈ ਕਬਿ ਸ਼ੰਕ ਕਰਿ।
ਸੁਚ ਸੋਂ ਰਹਨਿ ਉਠ ਪ੍ਰਾਤਿ ਮੇਂ ਸੁਨਾਨੋ ਤਨ
ਸ਼ਸਤ੍ਰਨ ਤੇ ਛੂਛੇ ਨਹੀਂ ਰਹੁ ਰਿਪੁ ਭੰਗ ਕਰਿ।
ਕੇਸ ਕੱਛ ਕਰਦ ਗੁਰੂ ਕੀ ਤੀਨ ਮੁਦ੍ਰਾ ਇਹ
ਪਾਸ ਤੇ ਨ ਦੂਰ ਕਰਹੁ, ਸਦਾ ਅੰਗ ਸੰਗ ਧਰਿ।
(ਰ: ੩, ਅੰ: ੨੦)

ਖ਼ਾਲਸੇ ਨੂੰ ਸੰਤ-ਸਿਪਾਹੀ ਦਾ ਆਚਰਣ ਸਮਝਾ ਦਿੱਤਾ। ਹਦਾਇਤ ਕਰ ਦਿੱਤੀ ਕਿ ਉਸ ਨੇ ਅੰਮ੍ਰਿਤ ਵਰਗਾ. ਮਿੱਠਾ, ਪਵਿੱਤਰ, ਸੀਤਲ ਤੇ ਸਵੱਛ ਹੋਣਾ ਹੈ। ਅੰਮ੍ਰਿਤ ਲੱਛਣ ਹੀ ਖ਼ਾਲਸੇ ਦੇ ਲੱਛਣ ਹੋਣੇ ਚਾਹੀਦੇ ਹਨ।

ਪਰ ਨਾਲ ਇਕ ਬਚਿੱਤਰ ਨਾਟਕ ਕਰਕੇ ਦੱਸਿਆ। ਕਿਸੇ ਗਧੇ ਨੂੰ ਸ਼ੇਰ ਦੀ ਖੱਲ ਪੁਆ ਦਿੱਤੀ ਅਤੇ ਖੇਤਾਂ ਵਿਚ ਛੱਡ ਦਿੱਤਾ। ਪਹਿਲਾਂ ਤਾਂ ਲੋਕੀਂ ਬੜੇ ਡਰੇ, ਕੋਈ ਖੇਤ ਵਲ ਜਾਵੇ ਨਹੀਂ, ਪਰ ਕੁਝ ਸਮੇਂ ਮਗਰੋਂ ਖੋਤਾ ਕੁਮਿਹਾਰ ਦੇ ਘਰ ਅੱਗੇ ਆ ਖੜੋਤਾ। ਉਸ ਦੀ ਜ਼ਾਤ ਪਛਾਣੀ ਗਈ। ਲੋਕਾਂ ਨੇ ਮਾਰ ਮੁਕਾਇਆ। ਇਹ ਨਾਟਕ ਖੇਡ ਕੇ ਖ਼ਾਲਸੇ ਨੂੰ ਦੱਸਿਆ ਕਿ ਜਦੋਂ ਤੀਕ ਤੁਸੀਂ ਨਿਆਰੇ ਰਹੋਗੇ ਤੁਹਾਨੂੰ ਸਾਰਾ ਤੇਜ ਪ੍ਰਾਪਤ ਰਹੇਗਾ, ਜਦੋਂ ਤੀਕ ਤੁਹਾਡੇ ਵਿਚ ਅੰਮ੍ਰਿਤ-ਆਚਰਨ ਰਹੇਗਾ, ਤਦੋਂ ਤੀਕ ਤੁਹਾਡਾ ਸਤਿਕਾਰ ਰਹੇਗਾ, ਪਰ ਜਦੋਂ ਤੁਸੀਂ ਪਾਖੰਡੀ ਰਹਿ ਗਏ ਤਦ ਨਾ ਮੈਂ ਤੁਹਾਡਾ ਇਤਬਾਰ ਕਰਾਂਗਾ ਅਤੇ ਨਾ ਲੋਕ ਤੁਹਾਡਾ ਸਤਿਕਾਰ ਕਰਨਗੇ। ਤੁਹਾਡਾ ਹਾਲ ਇਸੇ ਖੋਤੇ ਵਾਲਾ ਹੋਵੇਗਾ, ਜਿਸ ਨੇ ਸ਼ੇਰ ਦੀ ਖੱਲ ਪਾਈ ਹੋਈ ਸੀ ਪਰ ਜਿਸ ਪਾਸ ਸ਼ੇਰ ਦਾ ਆਚਰਨ ਨਹੀਂ ਸੀ।

ਇਹ ਦ੍ਰਿਸ਼ਟਾਂਤ ਤੁਮਹਿੰ ਦਿਖਰਾਯੋ।
ਜਾਤਿ ਪਾਤਿ ਮਹਿ ਰਾਸਭ ਜੈਸੇ।

ਬਸੀ ਕੁਲਾਲ ਲਾਜ ਮੇਂ ਤੈਸੇ ।
ਤਿਸ ਤੇ ਸਤਿਗੁਰ ਲਏ ਨਿਕਾਸ ।
ਬਖਸ਼ੇ ਸਗਲ ਪਦਾਰਥ ਪਾਸ ।
ਸ੍ਰੀ ਅਸਧੁਜ ਕੋ ਦੇ ਕਰਿ ਬਾਣਾ ।
ਸਭਿ ਤੇ ਊਚੇ ਕਰੇ ਸੁ ਤਾਣਾ ।
ਹਲਤਿ ਬਿਖੇ ਸੁਭ ਭੋਗ ਬਿਸਾਲੇ ।
ਪਲਤ ਬਿਖੇ ਮੈਂ ਕਰੋਂ ਸੰਭਾਲੇ ।
ਉੱਤਮ ਪਦ ਮੈਂ ਤਬ ਪਹੁੰਚਾਊਂ ।
ਜਮ ਬਸ ਪਰਬੇ ਤੇ ਛੁਟਕਾਊਂ ।
ਜਿਮ ਰਾਸ਼ਭ ਪਰਿ ਕੇਹਰਿ ਖਾਨਾ ।
ਬਿਨ ਡਰ ਕਰਯੋ ਖੇਤ ਗਨ ਬਾਨਾ ।
ਪੁਨ ਹੁਲਾਲ ਕੇ ਪ੍ਰਵਿਸ਼ਯੋ ਜਾਈ ।
ਲਾਦ ਗੁਨ ਕੇ ਲਸ਼ਟ ਲਗਾਈ ।
ਤਿਮ ਹੁਇ ਸਿੰਘ ਜਾਤਿ ਮੈ ਪਰੈ ।
ਤਜਹਿ ਸ਼ਸਤ੍ਰ ਭੈ ਕੋਇ ਨ ਧਰੈ ।
ਹਲਤ ਕਾਰ ਕੋ ਕਰਤਿ ਗਵਾਵੈ ।
ਪਲਤਿ ਸਹਾਇਕ ਕੋਇ ਨ ਪਾਵੈ ।
ਤਜਹਿ ਸ਼ਸਤ੍ਰ ਭੈ ਕਰਹਿ ਨ ਕੋਈ ।
ਭਯੋ ਗਧੇ ਕੋ ਗਧਾ ਸੋਈ ।
ਯਾਂ ਤੇ ਸ੍ਰੀ ਅਕਾਲ ਕੋ ਬਾਨਾ ।
ਦੇ ਮੈਂ ਕੀਨੇ ਸਿੰਘ ਸਮਾਨਾ ।
ਇਸ ਕੇ ਧਰੇ ਸਦਾ ਸੁਖ ਹੋਈ ।
ਤਯਾਗੇ ਦੋਨਹੁ ਲੋਕ ਨ ਢੋਈ ।

(ਗੁ: ਪ੍ਰ: ਸੂ: ਗ੍ਰੰਥ, ਰੁਤ ੩ ਅੰਸੂ ੨)

੬.

ਸ੍ਰੀ ਗੁਰੂ ਜੀ ਨੇ ਸਾਰਾ ਜੀਵਨ **ਬੜੇ ਅਲੌਕਿਕ ਤੇ** ਬਚਿੱਤਰ ਨਾਟਕ ਖੇਡੇ । ਹੋਲੇ ਮਹੱਲੇ ਦੇ ਨਾਟਕ ਦਿਖਾਏ, ਕੜਾਹ ਪ੍ਰਸ਼ਾਦ ੲ। ੲਗ ਲੁਟਵਾਈ । ਆਪ ਤਾਂ ਉਦੋਂ ਵੀ ਨਾਟਕ ਹੀ ਖੇਡਦੇ ਰਹੇ ਜਦੋਂ ਬਾਹਰ ਮੁਗਲ ਸੈਨਾ ਨ ਘੇਰੇ ਘੱਤੇ ਹੋਏ ਸਨ, ਬਲਦਾਂ ਤੇ ਛਿੱਤਰ ਤੇ ਲਿੱਦ ਲੱਦ ਕੇ ਕਿਲ੍ਹੇ ਵਿਚੋਂ ਬਾਹਰ ਕੱਢ ਦਿੱਤੇ ਅਤੇ ਸ਼ਾਹੀ ਸੈਨਾ ਨੇ ਲੁੱਟ ਲਏ । ਕੀ ਪ੍ਰਾਪਤ ਹੋਇਆ ? ਆਪ ਨੇ ੪੦ ਮੁਕਤਿਆਂ ਦਾ ਨਾਟਕ ਵੇਖਿਆ ਤੇ ਵਿਖਾਇਆ, ਆਪ ਉੱਚ ਦੇ ਪੀਰ ਹੋ ਕੇ ਨਾਟਕ ਖੇਡਿਆ ਆਦਿ । ਬਚਿੱਤਰ ਨਾਟਕ ਹੀ ਆਪ ਦੇ ਜੀਵਨ ਦਾ ਸਾਰ ਹੈ । ਆਪ ਨੇ ਗੰਗਾ ਦੇ ਕੰਢੇ ਤੇ ਜਨਮ ਧਾਰਿਆ ਤੇ ਸ਼ਿਵਜੀ ਦੀਆਂ ਜਟਾਵਾਂ ਤੋਂ ਆ ਰਹੀ ਗੰਗਾ ਨੂੰ ਗ੍ਰਹਿਣ ਕੀਤਾ, ਫਿਰ ਆਪ ਜਮਨਾ ਦੇ ਕੰਢੇ ਤੇ ਰਹੇ ਅਤੇ ਸ੍ਰੀ ਦਸਮ ਗ੍ਰੰਥ ਜੀ ਦੀ ਸਾਹਿੱਤ ਰਚਨਾ ਕੀਤੀ— ਜਮਨਾ ਦੇ ਤਟ ਤੇ ਕ੍ਰਿਸ਼ਨ

ਜੀ ਨੇ ਖੇਡਾਂ ਕੀਤੀਆਂ ਸਨ। ਫਿਰ ਆਪ ਗੋਦਾਵਰੀ ਦੇ ਤਟ ਤੇ ਜਾ ਰਹੇ, ਜਿੱਥੇ ਸ੍ਰੀ ਰਾਮ ਚੰਦਰ ਜੀ ਨੇ ਬਨਵਾਸ ਦਾ ਸਮਾਂ ਗੁਜ਼ਾਰਿਆ ਸੀ। ਇਹ ਤ੍ਰਿਬੇਣੀ ਦਾ ਵਾਸ ਵੀ ਇਕ ਬਚਿੱਤਰ ਨਾਟਕ ਹੈ। ਜੋ ਆਪ ਨੂੰ ਸ਼ਿਵ, ਕ੍ਰਿਸ਼ਨ, ਤੇ ਰਾਮ ਜੀ ਦੀ ਤ੍ਰਿਬੇਣੀ ਸਿੱਧ ਕਰਦਾ ਹੈ। ਆਪ ਨੇ ਸਮੇਂ ਸਿਰ ਸ਼ਿਵ ਤੇ ਬਿਸ਼ਨ ਦੇ ਨਾਟਕ ਖੇਡੇ ਸਨ। ਆਪ ਹੀ ਕ੍ਰਿਸ਼ਨ ਤੇ ਰਾਮ ਰਹਿ ਚੁੱਕੇ ਸਨ। ਜੁਗਾਂ ਜੁਗਾਂਤਰਾਂ ਤੋਂ ਆਪ ਬਚਿੱਤਰ ਨਾਟਕ ਖੇਡ ਰਹੇ ਸਨ, ਕਦੇ ਕ੍ਰਿਸ਼ਨ ਬਣਦੇ, ਕਦੇ ਬਿਸ਼ਨ ਬਣਦੇ, ਕਦੇ ਸ਼ਿਵ ਬਣਦੇ, ਕਦੇ ਰਾਮ ਬਣਦੇ, ਇਹ ਸਾਰੀ ਕਥਾ ਆਪ ਦੀ ਹੀ ਕਥਾ ਹੈ।

—੭—

ਜਦੋਂ ਕੁਝ ਸਾਲ ਦੇਹਧਾਰੀ ਜੀਵਨ ਰਹਿ ਗਿਆ, ਆਪ ਦੱਖਣ ਵਿਚ ਜਾ ਬਿਰਾਜੇ ਤੇ ਬੰਦੇ ਨੂੰ ਜਾ ਘੱਲਿਆ। ਨਾਂਦੇੜ ਆਪ ਦਾ ਹੀ ਕਿਸੇ ਜੁਗ ਦਾ ਪੁਰਾਤਨ ਅਸਥਾਨ ਸੀ। ਆਪ ਭਾਰਤ ਦੇ ਚੱਪੇ ਚੱਪੇ ਵਿਚ ਫਿਰ ਰਹੇ ਸਨ, ਉਥੇ ਜਿੱਥੇ ਪੰਡ ਰਾਜਿਆਂ ਨੇ ਯੋਗ ਕਮਾਇਆ ਸੀ, ਉਥੇ ਵੀ ਆਪ ਹੀ ਵਿਚਰੇ ਸਨ—ਆਪ ਹੀ ਪਾਂਡਵ ਸਨ, ਫਿਰ ਆਪ ਉਥੇ ਗੋਦਾਵਰੀ ਤੱਟ ਤੇ ਜਾ ਬਿਰਾਜੇ ਜਿੱਥੇ ਰਾਮ ਜੀ ਨੇ ਬਨਬਾਸ ਗੁਜ਼ਾਰਿਆ ਸੀ। ਦੱਖਣ ਵਿਚ ਗਏ ਅਤੇ ਗੁਰਦੁਆਰਾ ਮਾਲਟੇਕਰੀ ਤੋਂ ਆਪਣੇ ਹੀ ਪੁਰਾਣੇ ਦੱਬੇ ਹੋਏ ਖ਼ਜ਼ਾਨੇ ਜਾ ਕੱਢੇ ਅਤੇ ਪਠਾਣਾਂ ਨੂੰ ਤਨਖ਼ਾਹ ਬਖ਼ਸ਼ੀ। ਸੋ ਇਹ ਸਾਰਾ ਦੇਸ਼ ਪਿਛਲੇ ਕਈ ਰੂਪਾਂ ਤੇ ਜਨਮਾਂ ਵਿਚ ਆਪ ਫਿਰ ਚੁਕੇ ਸਨ, ਆਪ ਆਪਣੇ ਪੁਰਾਣੇ ਥਹੁ ਮੁੜ ਵੇਖਦੇ ਫਿਰਦੇ ਸਨ। ਇਹ ਬਚਿੱਤਰ ਲੀਲ੍ਹਾ ਸੀ—ਹੋਰ ਕੀ?

ਆਪ ਦਾ ਸਸਕਾਰ ਕੀ ਹੋਣਾ ਸੀ, ਆਪ ਸਣ-ਦੇਹ ਤੁਰ ਗਏ, ਜਿਵੇਂ ਈਸਾ ਦੇ ਰੂਪ ਵਿਚ, ਫਿਰ ਗੁਰੂ ਨਾਨਕ ਦੇਵ ਦੇ ਰੂਪ ਵਿਚ, ਫਿਰ ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ, ਆਪ ਸਣ-ਦੇਹ ਹੀ (Resurrection) ਉਠ ਸਿਧਾਂਦੇ ਰਹੇ ਸਨ। ਪਰਮਾਤਮਾ ਦੀ ਦੇਹ ਕਿਹੜੀ ਹੁੰਦੀ ਹੈ ਅਤੇ ਉਸਦਾ ਸਸਕਾਰ ਕੀ ਹੋਣਾ ਹੁੰਦਾ ਹੈ। ਪਰਮਾਤਮਾ ਤਾਂ ਬਸ ਇਹੋ ਹੈ—ਕਦੇ ਦ੍ਰਿਸ਼ਟਮਾਨ ਹੋ ਜਾਂਦਾ ਹੈ, ਕਦੇ ਅਦ੍ਰਿਸ਼ਟ ਹੋ ਜਾਂਦਾ ਹੈ, ਨਾ ਜੰਮਦਾ ਹੈ, ਨਾ ਮਰਦਾ ਹੈ।

ਇਹੋ ਹੀ ਹਾਲ ਥਾਵਾਂ ਦਾ ਵੀ ਹੈ। ਜਿੱਥੇ ਪੰਜਾ ਸਾਹਿਬ ਹੈ ਇੱਥੇ ਹੀ ਪਹਿਲਾਂ ਬੋਧੀ ਮੰਦਰ ਰਿਹਾ ਸੀ; ਜਿੱਥੇ ਅੰਮ੍ਰਿਤਸਰ ਹੈ ਇਥੇ ਹੀ ਪਹਿਲਾਂ ਖੀਰ ਮੰਥਨ ਹੋ ਕੇ ਅੰਮ੍ਰਿਤ ਨਿਕਲਿਆ ਸੀ। ਹੋਰ ਕੋਈ ਕੀ ਜਾਣਦਾ ਹੈ ਕਿ ਇਹ ਛਪੜੀਆਂ ਜਿਹੜੀਆਂ ਅੰਮ੍ਰਿਤ ਸਰੋਵਰ ਬਣੀਆਂ, ਪਹਿਲਾਂ ਕਿੰਨੀ ਵਾਰੀ ਅੰਮ੍ਰਿਤ ਸਰੋਵਰ ਬਣ ਚੁਕੀਆਂ ਸਨ, ਕਿੰਨੀ ਵਾਰੀ ਅਲੋਪ ਹੋਈਆਂ ਸਨ ਅਤੇ ਅਗੋਂ ਕਿੰਨੀ ਵਾਰੀ ਉਪਜਣ ਅਤੇ ਅਲੋਪ ਹੋਣਗੀਆਂ।

ਕੁਝ ਵੀ ਸੰਸਾਰ ਵਿਚ ਪਹਿਲੀ ਵਾਰੀ ਨਹੀਂ ਹੋ ਰਿਹਾ। ਬੇਅੰਤ ਵਾਰੀ ਹੋ ਚੁਕਾ ਹੈ ਅਤੇ ਬੇਅੰਤ ਵਾਰੀ ਹੋਵੇਗਾ। ਖ਼ਾਲਸਾ ਬੇਅੰਤ ਵਾਰੀ ਗੁਰੂ ਗੋਬਿੰਦ ਸਿੰਘ ਜੀ ਪਹਿਲਾਂ ਸਾਜ ਚੁਕੇ ਸਨ ਅਤੇ ਬੇਅੰਤ ਵਾਰੀ ਸਾਜਣਗੇ। ਬੇਅੰਤ ਵਾਰੀ ਖ਼ਾਲਸਾ ਅਲੋਪ ਵੀ ਹੋਇਆ ਹੈ ਅਤੇ ਬੇਅੰਤ ਵਾਰੀ ਪ੍ਰਗਟ ਹੋਇਆ ਹੈ। ਇਹੋ ਹੈ ਵਿਆਖਿਆ ਸਾਰੇ ਦਸਮ ਗ੍ਰੰਥ

ਦੇ ਚੰਡੀ ਚਰਿੱਤਰਾਂ ਦੀ ਅਤੇ ਇਹੋ ਹੈ ਕਥਾ ਅਵਤਾਰਾਂ ਦੀ। (ਬਿਸ਼ਨ ਦੇ ੨੪, ਬ੍ਰਹਮਾ ਦੇ ੭ ਅਤੇ ਰੁਦਰ ਦੇ ੨)। ਇਹ ਸਾਰੇ ਇਕੋ ਦੇ ਹੀ ਅਵਤਾਰ ਹਨ ਜੋ ਵੱਖ-ਵੱਖ ਰੂਪ ਵਟਾਉਂਦੇ ਰਹੇ।

ਇਹੋ ਅਵਤਾਰਾਂ ਦੇ ਨਾਟਕ ਇਥੋਂ ਅਲੋਪ ਹੋ ਕੇ ਕਿਸੇ ਹੋਰ ਪਾਤਾਲ ਆਕਾਸ਼ ਤੇ ਹੋਣ ਲਗਦੇ ਹਨ। ਚੱਕਰ ਚਲਦਾ ਰਹਿੰਦਾ ਹੈ।

ਬੜੀ ਬਚਿੱਤਰ ਕਥਾ ਹੈ ਸ੍ਰੀ ਦਸਮੇਸ਼ ਜੀ ਦੀ।

———

# ਭਾਗ ਤੀਜਾ

२

# ੧. ਦੇਗ–ਤੇਗ਼

੧.

'ਕੜਾਹ ਪ੍ਰਸ਼ਾਦਿ' ਦੀ ਦੇਗ ਕ੍ਰਿਪਾਨ ਭੇਟ ਕਰਨੀ ਸਿੱਖ ਮਰਯਾਦਾ ਦਾ ਇਕ ਬੜਾ ਵਿਸਮਾਦੀ ਤੇ ਨਾਟਕੀ, ਰਹਿਸਮਈ ਤੇ ਚਿੰਨ੍ਹਾਤਮਕ ਅੰਗ ਹੈ। ਜਿਵੇਂ ਸਿੱਖ ਧਰਮ ਵਿਚ 'ਰਾਜ ਤੇ ਜੋਗ' ਦੀ ਸੰਧੀ ਹੈ, ਜਿਵੇਂ 'ਸੰਤ ਤੇ ਸਿਪਾਹੀ' ਦਾ ਸੁਮੇਲ ਹੈ, ਜਿਵੇਂ ਗਿਆਨ ਤੇ ਕਰਮ' ਦਾ ਮੇਲ ਹੈ, ਜਿਵੇਂ 'ਮੀਰੀ ਤੇ ਪੀਰੀ' ਦੀ ਏਕਤਾ ਹੈ, ਤਿਵੇਂ ਹੀ ਇਸ ਵਿਚ 'ਦੇਗ ਤੇ ਤੇਗ' ਦਾ ਮਿਲਾਪ ਕੀਤਾ ਹੋਇਆ ਹੈ। ਦੇਗ ਨੂੰ ਤੇਗ ਦੀ ਛੋਹ ਦੇ ਕੇ 'ਕੜਾਹ' ਨੂੰ 'ਪ੍ਰਸ਼ਾਦਿ' ਬਣਾ ਦਿੱਤਾ ਜਾਂਦਾ ਹੈ। ਦੇਗ ਨੂੰ ਕ੍ਰਿਪਾਨ ਭੇਟ ਕਰਨਾ ਇਸ ਰਹਿਸ ਦਾ ਲਖਾਇਕ ਹੈ ਕਿ ਜਿਸ 'ਵਾਹਿਗੁਰ ਜੀ ਕੀ ਫ਼ਤਿਹ' ਲਈ ਅਰਦਾਸ ਕੀਤੀ ਜਾ ਰਹੀ ਹੈ, ਉਸ ਦੀ ਪਰਤੀ ਲਈ 'ਦੇਗ ਅਤੇ ਤੇਗ' ਦਾ ਸੁਮੇਲ ਨਾ ਕੇਵਲ ਲੋੜੀਂਦਾ ਹੈ ਸਗੋਂ ਇਸ 'ਸੁਮੇਲ' ਤੋਂ ਬਿਨਾਂ ਉਸ ਕਰਤੱਵ ਦੀ ਪੂਰਤੀ ਸੰਭਵ ਹੀ ਨਹੀਂ, ਜਿਵੇਂ 'ਜੀਵਨ-ਸਹਜ' 'ਮੀਰੀ ਅਤੇ ਪੀਰੀ' ਜਾਂ 'ਰਾਜ ਤੇ ਜੋਗ' ਦੀ ਸੰਧੀ ਤੋਂ ਬਿਨਾਂ ਸੰਭਵ ਨਹੀਂ ਹੈ। 'ਕ੍ਰਿਪਾਨ ਭੇਟ' 'ਦੇਗ ਤੇਗ ਫ਼ਤਿਹ' ਦੀ ਲਖਾਇਕ ਹੈ। 'ਕ੍ਰਿਪਾਨ-ਭੇਟ' ਅਰਦਾਸ ਵੀ ਹੈ; ਅਰਦਾਸ ਦੇ ਪਰਵਾਨ ਹੋਣ ਦੀ ਸੂਚਨਾ ਵੀ ਹੈ, ਪ੍ਰਭੂ ਪ੍ਰਸਾਦਿ (ਕਿਰਪਾ) ਦੀ ਪ੍ਰਾਪਤੀ ਦਾ ਭਰੋਸਾ ਵੀ ਹੈ, 'ਵਾਹਿਗੁਰੂ ਜੀ ਕੀ ਫ਼ਤਿਹ' ਲਈ ਜੂਝਣ ਦਾ ਪ੍ਰਣ ਵੀ ਹੈ। 'ਦੇਗ-ਤੇਗ' ਦੇ ਸੁਮੇਲ ਵਿਚੋਂ ਹੀ ਖ਼ਾਲਸੇ ਦੇ ਉਦੇਸ਼ ਦੀ ਪੂਰਤੀ ਸੰਭਵ ਹੈ। ਗੁਰੂ ਸਾਹਿਬਾਨ ਖ਼ਾਲਸੇ ਨੂੰ ਵਾਹਿਗੁਰੂ ਦੀ ਫ਼ੌਜ ਸਥਾਪਨ ਕਰ ਗਏ ਹਨ—'ਦੇਗ ਤੇ ਤੇਗ' ਵਾਹਿਗੁਰੂ ਵਲੋਂ ਬਖ਼ਸ਼ਸ਼ ਹੈ ਖ਼ਾਲਸੇ ਨੂੰ, ਜਿਵੇਂ ਕਿਸੇ ਸੈਨਾਪਤੀ ਨੂੰ ਬਾਦਸ਼ਾਹ ਵਲੋਂ ਤਲਵਾਰ ਦੀ ਬਖ਼ਸ਼ਸ਼ ਹੁੰਦੀ ਹੈ—ਇਹ ਉਸ ਦੀ ਫ਼ਤਿਹ ਦਾ ਸਾਧਨ ਵੀ ਹੈ ਅਤੇ ਉਸ ਦੀ ਫ਼ਤਿਹ ਦਾ ਤਮਗਾ ਵੀ ਹੈ ਅਤੇ ਉਸ ਦੇ ਫ਼ਰਜ਼ ਦੀ ਚਿਤਾਵਨੀ ਵੀ ਹੈ। 'ਦੇਗ' ਸਰੀਰਕ ਬਲ ਦੀ ਸੂਚਕ ਹੈ ਅਤੇ 'ਤੇਗ' ਆਤਮਕ ਬਲ ਦੀ, ਉਦੇਸ਼ ਦੇ ਕਰਤੱਵ ਦੀ। ਸਰੀਰਕ ਬਲ ਤੋਂ ਬਿਨਾਂ ਕਿਸੇ ਉਦੇਸ਼ ਦੀ ਪੂਰਤੀ ਸੰਭਵ ਨਹੀਂ ਹੈ। ਸਰੀਰਕ ਤੇ ਆਤਮਕ ਬਲ—ਸ਼ਿਵ ਤੇ ਸ਼ਕਤੀ—ਮਿਲ ਕੇ ਹੀ ਉਹ ਪਹਿਰਾ ਦੇ ਸਕਦੇ ਹਨ ਜਿਸ ਪਹਿਰੇ ਤੇ ਖ਼ਾਲਸੇ ਨੂੰ ਲਗਾਇਆ ਗਿਆ ਹੈ। ਖ਼ਾਲਸਾ ਸਦਾ ਲਈ ਸੰਸਾਰ ਦਾ ਪਹਿਰੇਦਾਰ ਹੈ—ਉਸ ਦੀ ਆਜ਼ਾਦੀ ਨਿਆਂ, ਸਚਾਈ ਦੀ ਰਖਵਾਲੀ ਕਰਨ ਵਾਲਾ ਚੌਕੀਦਾਰ। ਖ਼ਾਲਸਾ ਇਹ ਚੌਕੀਦਾਰੀ ਤਦ ਹੀ ਕਰ ਸਕਦਾ ਹੈ ਜੇ ਉਸ ਪਾਸ 'ਦੇਗ ਤੇ ਤੇਗ' ਦੋਵੇਂ ਹੋਣ। ਵਾਹਿਗੁਰੂ ਜੀ ਕੀ ਫ਼ਤਿਹ, ਸਰਬੱਤ ਕਾ ਭਲਾ, ਨਾਮ ਦੀ ਚੜ੍ਹਦੀ ਕਲਾ—ਸਭ ਉਦੇਸ਼ 'ਦੇਗ ਅਤੇ ਤੇਗ' ਦੇ ਸੁਮੇਲ ਦੁਆਰਾ ਹੀ ਪੂਰੇ ਹੋ ਸਕਦੇ ਹਨ। ਸੋ 'ਦੇਗ-ਤੇਗ' ਦਾ ਮਿਲਾਪ ਇਕ ਜੀਵਨ-ਕੋਨ ਹੈ ਅਤੇ ਜੀਵਨ-ਢੰਗ ਹੈ—ਇਹ ਕਿਸੇ ਉਦੇਸ਼ ਦਾ ਜੀਵਨ ਜੀਊਣ ਦਾ ਪ੍ਰਣ ਹੈ ਤੇ ਸੁਗੰਧ (ਕਸਮ) ਹੈ ਕਿ ਇਹ ਦੇਗ ਛਕਣ ਦਾ ਅਧਿਕਾਰੀ ਖ਼ਾਲਸਾ

ਤਦ ਹੀ ਹੈ ਜੇ ਉਹ ਉਸ ਲਲਕਾਰ ਨੂੰ ਸਮਝੇ ਅਤੇ ਉਸ 'ਕਾਜ' ਨੂੰ ਪੂਰਾ ਕਰੇ ਜਿਸ ਲਈ ਗੁਰੂ ਸਾਹਿਬ ਢਾਈ ਸੌ ਸਾਲ ਯਤਨ ਕਰਦੇ ਰਹੇ। 'ਖ਼ਾਲਸਾ' ਤਾਂ ਗੁਰੂ ਸਾਹਿਬਾਨ ਦੀ ਲਲਕਾਰ (Challenge) ਵਿਚੋਂ ਪੈਦਾ ਹੋਇਆ ਹੈ। ਇਹ ਚੈਲੇਂਜ ਗੁਰੂ ਸਾਹਿਬਾਨ ਨੇ ਸਾਰੀ ਦੁਨੀਆ ਨੂੰ ਕੀਤਾ। ਕੁਝ ਮਰਜੀਵੜਿਆਂ ਨੇ ਇਸ ਲਲਕਾਰ ਨੂੰ ਪਰਵਾਨ ਕਰ ਲਿਆ ਅਤੇ 'ਦੇਗ-ਤੇਗ' ਦੇ ਸੁਮੇਲ ਦੇ ਜੀਵਨ-ਦਰਸ਼ਨ (Philosophy) ਨੂੰ ਅਪਣਾ ਲਿਆ ਅਤੇ ਪ੍ਰਣ ਕੀਤਾ ਕਿ ਅਸੀਂ ਰੋਜ਼ ਅਰਦਾਸ ਕਰਦੇ ਰਹਾਂਗੇ ਕਿ ਵਾਹਿਗੁਰੂ ਸਾਨੂੰ ਸਰੀਰਕ (ਦੇਗ) ਅਤੇ ਆਤਮਕ (ਤੇਗ) ਬਲ ਬਖ਼ਸ਼ੇ ਜਿਨ੍ਹਾਂ ਕਰ ਕੇ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਕਰਤੱਵ ਨੂੰ ਪੂਰਾ ਕਰ ਸਕੀਏ। ਇਹ ਹੈ ਕ੍ਰਿਪਾਨ ਭੇਟ ਦਾ ਰਹਿਸ। ਇਸ ਨੂੰ ਹੋਰ ਖੋਲ੍ਹਣ ਦਾ ਯਤਨ ਕਰਦੇ ਹਾਂ।

੨.

ਸਿੱਖ ਗੁਰੂਆਂ ਦੀ ਲਲਕਾਰ ਕੀ ਸੀ? ਖ਼ਾਲਸੇ ਨੇ ਤੇਗ ਫੜ, ਦੇਗ ਛਕ ਕੇ ਉਸ ਲਲਕਾਰ ਦੀ ਪੂਰਤੀ ਲਈ ਸਦਾ ਤਿਆਰ ਰਹਿਣਾ ਹੈ। ਕੋਈ ਪਤਾ ਨਹੀਂ ਕਿਸ ਵੇਲੇ 'ਸ਼ੁੱਭ ਕਰਮ' ਦਾ ਮੌਕਾ ਪੈਦਾ ਹੋ ਜਾਏ ਅਤੇ ਸਰੀਰਕ ਬਲ ਨਾਲ ਆਤਮਕ ਤੇਗ ਵਾਹੁਣ ਦੀ ਲੋੜ ਪੈ ਜਾਏ। ਕਿਸੇ ਵੇਲੇ 'ਗਗਨਿ ਦਮਾਮਾ' ਵੱਜ ਸਕਦਾ ਹੈ—ਜ਼ਮੀਰ ਖੋਲ ਸਕਦੀ ਹੈ ਅਤੇ ਬੀਰਤਾ ਦੀ ਲੋੜ ਪੈ ਸਕਦੀ ਹੈ। ਜਿੱਥੇ ਵੀ ਅਨਿਆਂ, ਧੱਕਾ, ਜਬਰ ਹੈ, ਉਥੇ ਦੇਗ-ਤੇਗ ਦੀ ਵਰਤੋਂ ਦੀ ਲੋੜ ਪੈ ਸਕਦੀ ਹੈ। ਹੁਣ ਖ਼ਾਲਸੇ ਨੇ ਕਬੀਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ਿਆਂ ਨੂੰ ਪੂਰਾ ਕਰਨਾ ਹੈ।

ਮਾਰੂ ਕਬੀਰ ਜੀ

ਸਲੋਕ ॥ ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥ ੧ ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ ੨ ॥ ੨ ॥

'ਦੀਨ' ਦੀ ਰੱਖਿਆ ਹੀ ਗਗਨ ਦਮਾਮੇ ਦੀ ਲਲਕਾਰ ਹੈ। ਇਹ 'ਗਗਨ ਦਮਾਮਾ' ਜ਼ਮੀਰ ਦੀ ਪੁਕਾਰ ਹੈ। ਖ਼ਾਲਸੇ ਦੀ ਆਪਣੀ ਜ਼ਮੀਰ ਹੀ ਦੇਖ ਕੇ ਉਛਲਦੀ ਹੈ ਜਦੋਂ ਅਨਿਆਂ ਤੇ ਧੱਕਾ ਹੁੰਦਾ ਹੈ ਅਤੇ 'ਤੇਗ' ਦੀ ਵਰਤੋਂ ਜ਼ਰੂਰੀ ਹੋ ਜਾਂਦੀ ਹੈ। ਬੁਰਾਈ ਤੇ ਅਨਿਆਂ ਦਾ ਟਾਕਰਾ ਹੀ 'ਤੇਗ' ਦੀ ਵਰਤੋਂ ਹੈ।

ਜਦੋਂ ਵੀ ਜ਼ਮੀਰ ਖੋਲਦੀ ਹੈ, ਖ਼ਾਲਸੇ ਨੇ 'ਸ਼ੁੱਭ ਕਰਮ' ਲਈ ਤਤਪਰ ਹੋ ਜਾਣਾ ਹੈ—

ਸ੍ਵੈਯਾ ॥ ਦੇਹ ਸ਼ਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੌਂ ਅਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ ॥

ਜਬ ਆਵਕੀ ਅਉਧ ਨਿਧਾਨ ਬਨੈ
ਅਤਿ ਹੀ ਰਨ ਮੈਂ ਤਬ ਜੂਝ ਮਰੋਂ ॥ ੨੩੧ ॥

'ਦੇਗ-ਤੇਗ' ਦਾ ਸੁਮੇਲ 'ਸੁਭ ਕਰਮਨ' ਲਈ 'ਜੂਝ' ਮਰਨ ਵਾਸਤੇ ਹੈ। ਕਬੀਰ ਜੀ ਦੇ 'ਗਗਨ ਦਮਾਮੇ' ਦੀ ਪੂਰਤੀ 'ਖ਼ਾਲਸੇ' ਨੇ ਕੀਤੀ ਅਤੇ ਸਦਾ ਲਈ ਇਹ ਕਰਤੱਵ ਆਪਣੇ ਜ਼ੁੰਮੇ ਲੈ ਲਿਆ।

ਇਸੇ ਲਲਕਾਰ ਅਤੇ ਦੀਨਾਂ ਲਈ ਗਗਨ ਦਮਾਮੇ ਦੀ ਚੋਟ ਸਾਰੇ ਗੁਰੂ ਸਾਹਿਬਾਨ ਨ ਆਪਣੇ ਸਿੱਖਾਂ ਨੂੰ ਸੁਣਾਈ।

ਸਲੋਕ ਮ: ੧ ॥ ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥

(ਸਲੋਕ ਵਾਰਾਂ ਤੇ ਵਧੀਕ)

'ਸਿਰੁ ਦੀਜੈ ਕਾਣਿ ਨ ਕੀਜੈ' ਹੀ 'ਪ੍ਰੇਮ ਖੇਲਣ' ਦਾ ਪ੍ਰਣ ਹੈ। ਇਹ ਹੀ 'ਦੇਗ-ਤੇਗ' ਦਾ ਸੁਮੇਲ ਹੈ ਅਤੇ ਖ਼ਾਲਸੇ ਨੇ ਨਿਭਾਉਣਾ ਹੈ, ਸ਼ੁੱਭ ਕਰਮਨ ਲਈ।

ਇਸੇ 'ਦੇਗ-ਤੇਗ' ਦੇ ਸੁਮੇਲ ਨੂੰ ਗੁਰੂ ਅਮਰਦਾਸ ਜੀ ਨੇ ਅਨੰਦ ਪ੍ਰਾਪਤੀ ਦਾ ਮਾਰਗ ਦੱਸਿਆ ਹੈ। ਇਹ ਆਤਮਾ ਨਾਲ ਜੂਝਣ ਦਾ ਵੀ ਮਾਰਗ ਹੈ ਅਤੇ ਬਾਹਰਲੇ ਕਾਮਾਦਿਕ ਨਾਲ ਜੂਝਣ ਦਾ ਵੀ ਪ੍ਰਣ ਹੈ। 'ਖੰਨਿਅਹੁ ਤਿਖੀ ਵਾਲਹੁ ਨਿਕੀ' ਤੇ ਤੁਰਨਾ ਹੈ।

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ, ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥

'ਦੇਗ-ਤੇਗ' ਦੇ ਸੁਮੇਲ ਕਰਕੇ ਹੀ ਸਿੱਖ ਭਗਤਾਂ ਦੀ ਚਾਲ ਨਿਰਾਲੀ ਹੋਣੀ ਹੈ।

ਗੁਰੂ ਰਾਮਦਾਸ ਜੀ ਨੇ ਪ੍ਰੀਤਮ ਪਿਆਰੇ ਦੇ ਮੇਲ ਲਈ ਇਸੇ 'ਦੇਗ-ਤੇਗ' ਦੇ ਜੀਵਨ ਨੂੰ ਅਪਣਾਇਆ—

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ,
ਦੁਖਿ ਭੀ ਤੁਝੈ ਧਿਆਈ ॥ ੨ ॥
ਜੇ ਭੁਖ ਦੇਹਿ ਤ ਇਤ ਹੀ ਰਾਜਾ,
ਦੁਖ ਵਿਚਿ ਸੂਖ ਮਨਾਈ ॥ ੩ ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ,
ਵਿਚਿ ਅਗਨੀ ਆਪੁ ਜਲਾਈ ॥ ੪ ॥

ਇਹ 'ਦੇਗ-ਤੇਗ' ਦਾ ਮਾਰਗ 'ਤਨੁ ਮਨੁ ਕਾਟਿ ਕਾਟਿ ਸਭੁ ਅਰਪੀ' ਦਾ ਮਾਰਗ ਹੈ। ਇਸ ਲਈ ਸਿੱਖ ਨੇ ਤਿਆਰ ਹੋਣਾ ਹੈ। 'ਦੇਗ-ਤੇਗ' ਦਾ ਇਹ ਸੁਮੇਲ ਹੈ।

ਗੁਰੂ ਅਰਜਨ ਸਾਹਿਬ ਨੇ ਲਲਕਾਰ ਕੇ ਸਿੱਖ ਨੂੰ ਸੁਣਾਇਆ ਕਿ ਸਿੱਖ ਮਾਰਗ ਤਾਂ 'ਦੇਗ-ਤੇਗ' ਦਾ ਸੁਮੇਲ ਹੈ।

ਸਲੋਕ ਮ: ੫ (ਵਾਰ ਮਾਰੂ)

ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ ॥

ਮ: ੫ ॥ ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ ॥
ਜਿਨਾ ਮੁਹਬਤਿ ਇਕ ਸਿਉ, ਤੇ ਮਾਣਸ ਪਰਧਾਨ ॥

ਮ: ੫ ॥ ਜਿਸੁ ਮਨਿ ਵਸੈ ਪਾਰਬ੍ਰਹਮੁ ਨਿਕਟਿ ਨ ਆਵੈ ਪੀਰ ॥
ਭੁਖ ਤਿਖ ਤਿਸੁ ਨ ਵਿਆਪਈ, ਜਮੁ ਨਹੀ ਆਵੈ ਨੀਰ ॥

ਇਸੇ 'ਦੇਗ-ਤੇਗ' ਦੇ ਮਾਰਗ ਦੀ ਸੂਝ ਗੁਰੂ ਤੇਗ ਬਹਾਦਰ ਜੀ ਨੇ ਦਿੱਤੀ।

ਸੋਰਠਿ ਮਹਲਾ ੯

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ, ਕੰਚਨ ਮਾਟੀ ਮਾਨੈ ॥
ਨਹ ਨਿੰਦਿਆ ਨਹ ਉਸਤਤਿ ਜਾਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ੧ ॥

ਇਹ ਹੈ 'ਦੇਗ-ਤੇਗ' ਦੇ ਸੁਮੇਲ ਦਾ ਮੰਤਵ। ਪਹਿਲਾਂ ਇਹ ਜੀਵਨ-ਢੰਗ ਸਿੱਖ ਅੰਦਰ ਉਪਜਣਾ ਹੈ, ਫਿਰ ਇਸ ਨੇ ਬਾਹਰ ਉਸ ਦੇ ਕਰਤੱਵ ਵਿਚੋਂ ਪ੍ਰਗਟ ਹੋਣਾ ਹੈ। ਇਹ ਮਾਰਗ ਆਪਣੇ ਆਪ ਨੂੰ ਕਸ਼ਟ ਤੇ ਮੌਤ ਵਿਚ ਪਾ ਕੇ ਦੀਨ ਦੀ ਰੱਖਿਆ ਦੇ ਸ਼ੁੱਭ ਕਰਮ ਲਈ ਸਦਾ ਤਤਪਰ ਰਹਿਣਾ ਹੈ।

੩.

'ਦੇਗ' ਜੋ ਕੁਝ ਹੈ ਉਸ ਨੂੰ ਗੁਰੂ ਅਰਜਨ ਦੇਵ ਜੀ ਨੇ ਸਪਸ਼ਟ ਕੀਤਾ ਹੈ। ਪਰਮਾਤਮਾ ਵਲੋਂ ਸਰੀਰਕ-ਮਾਨਸਕ ਵਰਤੋਂ ਲਈ ਹਰ ਪ੍ਰਾਪਤ ਹੋਈ ਵਸਤ 'ਦੇਗ' ਹੈ। 'ਦੇਗ' ਪ੍ਰਭੂ ਦਾ 'ਪ੍ਰਸ਼ਾਦਿ' ਹੈ ਅਤੇ 'ਦੇਗ' ਭਗਤੀ ਲਈ ਮਨੁੱਖ ਨੂੰ ਤਤਪਰ ਕਰਦੀ ਹੈ। ਖਾਣ-ਪਾਣ ਵਰਤੋਂ-ਵਿਹਾਰ ਦੀ ਹਰ ਚੀਜ਼ 'ਦੇਗ' ਹੈ। 'ਦੇਗ' ਦਾ ਵੇਰਵਾ 'ਸੁਖਮਨੀ' ਵਿਚੋਂ ਸਪਸ਼ਟ ਕਰਦੇ ਹਾਂ। ਦੇਗ ਦੇ ਅਨੇਕ ਰੂਪ ਦੇਖੋ।

(੧) ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ......
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ......
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ......
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ......
ਜਿਹ ਪ੍ਰਸਾਦਿ ਰੰਗ ਰਸ ਭੋਗ......
ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ......
ਜਿਹ ਪ੍ਰਸਾਦਿ ਸੁਖ ਸੇਜ ਸੋਈਜੈ......

* * *

ਜਿਹ ਪ੍ਰਸਾਦਿ ਆਭੂਖਨ ਪਹਿਰੀਜੈ......
ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ......
ਜਿਹ ਪ੍ਰਸਾਦਿ ਬਾਗ ਮਿਲਖ ਧਨਾ......

ਖਾਣ, ਪੀਣ, ਪਹਿਨਣ ਦੀਆਂ ਸਾਰੀਆਂ ਦਾਤਾਂ 'ਦੇਗ' ਹਨ।

(੨) ਵਾਹਿਗੁਰੂ ਦੀ ਕਿਰਪਾ ਨਾਲ ਮਾਨਤਾ, ਧਰਮ, ਮੱਖ ਪ੍ਰਾਪਤ ਹੁੰਦੇ ਹਨ, ਇਹ ਵੀ 'ਬਖ਼ਸ਼ਸ਼' ਜਾਂ 'ਦੇਗ' ਹਨ।

ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ......
ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ......
ਜਿਹ ਪ੍ਰਸਾਦਿ ਤੇਰਾ ਓਲਾ ਰਹਤ......
ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ......

ਸਾਰੀ ਪ੍ਰਭਤਾ ਤੇ ਸੰਸਾਰ ਵਿਚ ਬਣਿਆ ਸਤਿਕਾਰ ਵੀ 'ਦੇਗ' ਹੈ।

(੩) ਸਰੀਰਕ ਅਰੋਗਤਾ, ਸੁੰਦਰਤਾ ਆਦਿ ਵੀ 'ਬਖ਼ਸ਼ਸ਼' ਜਾਂ 'ਦੇਗ' ਹੈ—

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ......
ਜਿਹ ਪ੍ਰਸਾਦਿ ਸੁਨਹਿ ਕਰਨ ਨਾਦ......
ਜਿਹ ਪ੍ਰਸਾਦਿ ਪੇਖਹਿ ਬਿਸਮਾਦ......
ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ......
ਜਿਹ ਪ੍ਰਸਾਦਿ ਹਸਤ ਕਰ ਚਲਹਿ......

ਇਸ ਸਾਰੀ 'ਦੇਗ' ਜਾਂ 'ਬਖ਼ਸ਼ਸ਼' ਨੂੰ ਸਿੱਖ ਨੇ ਭੋਗਣਾ, ਮਾਨਣਾ ਤੇ ਸਤਿਕਾਰਨਾ ਹੈ। ਇਸ ਸਭ ਕੁਝ ਨੂੰ ਵਰਤਣਾ ਹੈ, ਉਹਨਾਂ ਉਦੇਸ਼ਾਂ ਲਈ ਜਿਨ੍ਹਾਂ ਦਾ ਚਿੰਨ੍ਹ 'ਤੇਗ' ਹੈ।

'ਦੇਗ' ਨੂੰ 'ਕ੍ਰਿਪਾਨ-ਭੇਟ' ਦਾ ਭਾਵ ਇਹ ਹੈ ਕਿ ਸਿੱਖ ਨੇ ਹਰ ਚੀਜ਼—ਸਰੀਰ, ਖਾਣਾ, ਸਿਹਤ, ਧਰਮ, ਇਜ਼ਤ—ਕੇਵਲ 'ਤੇਗ' ਦੇ ਉਦੇਸ਼ ਲਈ ਵਰਤਣੀ ਹੈ। ਜਦੋਂ ਕੜਾਹ ਪ੍ਰਸ਼ਾਦਿ ਦੀ ਦੇਗ ਕ੍ਰਿਪਾਨ ਭੇਟ ਹੁੰਦੀ ਹੈ ਤਾਂ ਭਾਵ ਹੈ ਕਿ ਜੋ ਕੁਝ ਸਿੱਖ ਭੋਗਦਾ ਭੁੰਚਦਾ ਹੈ, ਉਹ ਕ੍ਰਿਪਾਨ ਭੇਟ ਹੋਣਾ ਚਾਹੀਦਾ ਹੈ, ਹੁੰਦਾ ਹੈ। ਹਰ ਚੀਜ਼ ਭੋਗਣ ਭੁੰਚਣ ਵੇਲੇ ਸਿੱਖ ਪ੍ਰਣ ਕਰਦਾ ਹੈ ਕਿ ਉਹ 'ਤੇਗ' ਦੇ ਉਦੇਸ਼ ਲਈ ਇਸ ਭੋਗਣ ਭੁੰਚਣ ਵਿਚੋਂ ਪ੍ਰਾਪਤ ਹੋਈ ਸ਼ਕਤੀ ਵਰਤੇਗਾ। ਇਹ ਵਰਤੋਂ ਉਹ ਤਦ ਕਰ ਸਕਦਾ ਹੈ ਜੇ ਉਸ ਵਿਚ 'ਸਿਮਰਨ' ਹੋਵੇ।

...ਤਿਸ ਠਾਕੁਰ ਕਉ ਰਖੁ ਮਨ ਮਾਹਿ ॥
...ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥
...ਤਿਸਹਿ ਧਿਆਇ ਸਦਾ ਮਨ ਅੰਦਰਿ ॥
...ਆਠ ਪਹਰ ਸਿਮਰਹੁ ਤਿਸੁ ਰਸਨਾ ॥
...ਨਾਨਕ ਸਦਾ ਧਿਆਈਐ ਧਿਆਵਨ ਜੋਗ ॥

ਅਤੇ 'ਸਿਮਰਨ' ਸਿੱਖ ਨੂੰ ਸਾਰੇ ਭੋਗ ਭੋਗਦਿਆਂ ਇਥੇ ਪੁਚਾ ਦੇਂਦਾ ਹੈ......

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦਿ ਗੁਰਦੇਵ ॥

'ਦੇਗ' ਸਿੱਖ ਨੇ ਛਕਣੀ ਹੈ, ਹੋਰ ਸਾਰੀਆਂ ਦਾਤਾਂ 'ਦੇਗ' ਹਨ ਅਤੇ ਭੋਗਣੀਆਂ ਹਨ, ਪਰ 'ਤੇਗ' ਦਾ ਮਿਲਾਪ ਸਿੱਖ ਨੂੰ 'ਕਾਮ, ਕ੍ਰੋਧ' ਨਾਲ ਜੁੱਧ ਕਰਨ ਲਈ ਵੀ ਤਤਪਰ ਕਰਦਾ ਹੈ ਅਤੇ 'ਸੁਭ ਕਰਮਨ' ਲਈ ਵੀ ਤਤਪਰ ਕਰਦਾ ਹੈ। 'ਕ੍ਰਿਪਾਨ ਭੇਟ' ਪ੍ਰੇਰਨਾ ਵੀ ਹੈ, ਪ੍ਰਣ ਵੀ ਹੈ।

'ਲੰਗਰ' ਦੇਗ ਹੈ—ਜੋ ਮਨੁੱਖਤਾ ਵਿਚ ਪਵਿੱਤਰਤਾ ਪੈਦਾ ਕਰਦਾ ਹੈ। ਲੰਗਰ ਸੇਵਾ, ਪਰਉਪਕਾਰ, ਏਕਤਾ ਦੇ ਸਿਧਾਂਤਾਂ ਦਾ ਰਖਵਾਲਾ ਹੈ ਅਤੇ ਇਹਨਾਂ ਸਿਧਾਂਤਾਂ ਨੂੰ ਆਪਣੇ ਜੀਵਨ ਵਿਚ ਪ੍ਰਕਾਸ਼ਮਾਨ ਕਰਦਾ ਹੈ।

੪.

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਵਿਚ ਅਨੇਕ ਥਾਈਂ 'ਤੇਗ' ਦਾ ਮੰਤਵ ਸਪਸ਼ਟ ਕੀਤਾ ਹੈ। 'ਦੇਗ-ਤੇਗ' ਦੇ ਸੰਜੋਗ ਨਾਲ ਹੀ ਆਪ ਨੇ ਵਾਹਿਗੁਰੂ ਜੀ ਕੀ 'ਫ਼ਤਿਹ' ਲਈ 'ਪੰਥ' ਤਿਆਰ ਕੀਤਾ ਹੈ। ਆਪ ਨੇ 'ਪੰਥ' ਸਾਜਣ ਦਾ ਇਹ ਮੰਤਵ ਸਪਸ਼ਟ ਕੀਤਾ ਹੈ। ਜਿਸ ਨੇ 'ਦੇਗ ਤੇਗ' ਦੋਵੇਂ ਵਰਤਣੇ ਹਨ ਉਸ ਨੇ ਇਹ ਮੰਤਵ ਪੂਰਾ ਕਰਨਾ ਹੈ—

[ਬਚਿਤ੍ਰ ਨਾਟਕ]

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾ ਤਹਾ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨ ਪਕਰਿ ਪਛਾਰੋ ॥ ੪੨ ॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥ ੪੩ ॥

ਧਰਮ ਬਿਥਾਰਨਾ, ਧਰਮ ਚਲਾਉਣਾ, ਸੰਤ ਉਬਾਰਨਾ, ਦੁਸ਼ਟ ਉਪਾਰਨਾ—ਇਹ ਹੀ 'ਦੇਗ-ਤੇਗ' ਵਾਲੇ ਪੰਥ ਦਾ ਸੰਸਾਰ ਵਿਚ ਪਹਿਰਾ ਹੈ। ਵਾਹਿਗੁਰੂ ਦੀ 'ਖ਼ਾਲਸਾ' ਫ਼ੌਜ ਨੇ ਇਸ ਤਰ੍ਹਾਂ 'ਵਾਹਿਗੁਰੂ ਦੀ ਫ਼ਤਿਹ' ਪ੍ਰਾਪਤ ਕਰਨੀ ਹੈ।

ਤੇਗ ਭੇਟ ਹੋਈ ਦੇਗ ਛਕਣੀ ਹੈ ਅਤੇ ਉਸ ਦੇ ਬਲ ਨਾਲ 'ਤੇਗ' ਦਾ ਕਰਤੱਵ ਪੂਰਾ ਕਰਨਾ ਹੈ, 'ਬਚਿਤ੍ਰ ਨਾਟਕ' ਹੀ ਕਰਨਾ ਹੈ।

[ਬਚਿਤ੍ਰ ਨਾਟਕ]

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥ ੨ ॥

"ਜੈ ਤੇਗੰ"—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, ਕਿਉਂਕਿ ਇਹ 'ਰੱਬੀ ਕਰਮ'

ਕਰਦੀ ਹੈ ਜਦੋਂ ਮੂਰਖਾਂ ਦੇ ਦਲਾਂ ਦੇ ਟੁਕੜੇ ਕਰਦੀ ਹੈ, ਸੰਤਾਂ ਨੂੰ ਸੁਖੀ ਕਰਦੀ ਹੈ; ਕੁਮਤੀਆਂ ਨੂੰ ਦਲ ਸੁਟਦੀ ਹੈ ਅਤੇ ਪਾਪਾਂ ਦਾ ਨਾਸ ਕਰਦੀ ਹੈ ।

ਵਾਹਿਗੁਰੂ ਆਪ ਵੀ ਤੇਗ-ਧਾਰੀ ਹੈ ਤੇ ਇਹੋ ਕਰਤੱਵ 'ਸੁਖ ਸੰਤਾ ਕਰਣੰ' ਤੇ 'ਦੁਰਮਤਿ ਦਰਣੰ' ਦਾ ਕਰਦਾ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਨੂੰ ਨਮਸਕਾਰ ਕਰਦੇ ਹਨ—

ਨਮੋ ਖੜਗ ਪਾਣੰ ॥

ਇਸੇ 'ਤੇਗ' ਜਾਂ 'ਭਗਉਤੀ' ਦੇ ਕਰਤੱਵ ਨੂੰ ਗੁਰੂ ਜੀ ਨੇ 'ਅਕਾਲ ਉਸਤਤਿ' ਵਿਚ ਸਪਸ਼ਟ ਕੀਤਾ ਹੈ—

ਦੁਰਜਨ ਦਲ ਦੰਡਨ ਅਸੁਰ ਬਿਹੰਡਣ
ਦੁਸਟ ਨਿਕੰਦਣ ਆਦਿ ਬ੍ਰਿਤੇ ॥
ਚਛਰਾਸੁਰ ਮਾਰਣ ਪਤਿਤ ਉਧਾਰਣ
ਨਰਕ ਨਿਵਾਰਣ ਗੂੜ੍ਹ ਗਤੇ ॥

ਤਥਾ—

ਆਸੁਰੀ ਬਿਹੰਡਣ ਦੁਸਟ ਨਿਕੰਦਨ
ਪੁਸਟ ਉਦੰਡਣ ਰੂਪ ਅਤੇ ॥
ਚੰਡਾਸੁਰ ਚੰਡਣ ਮੁੰਡ ਬਿਹੰਡਣ
ਧੂਮ੍ਰ ਬਿਧੁੰਸਣ ਮਹਖ ਮਤੇ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਪੰਥ' ਦਾ ਕਰਤੱਵ ਇਨਾ ਹੀ ਰੱਖਿਆ ਹੈ ਕਿ ਦੁਰਜਨ ਦਲ ਦੰਡੇ ਜਾਣ ਅਤੇ ਅਸੁਰ ਨਾਸ ਹੋਣ ਤਾਂ ਜੋ 'ਸੁਖ ਸੰਤਾ ਕਰਣੰ' ਹੋ ਸਕੇ ।

ਤਿੰਨਾਂ ਹੀ ਚੰਡੀ ਚਰਿਤ੍ਰਾਂ ਵਿਚ ਇਹੋ ਧਰਮ ਪ੍ਰਮੁਖ ਮੰਨਿਆ ਹੈ । 'ਤੇਗ' ਨਾਲ ਹੀ 'ਚੰਡੀ'—ਦੁਰਗਾ—ਨੇ ਕਮਾਲ ਕੀਤਾ ਅਤੇ ਇਸੇ ਧਰਮ ਨੂੰ ਨਿਭਾਇਆ । ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਨੇ 'ਤੇਗ' ਨਾਲ ਹੀ ਅਸੁਰਾਂ ਨੂੰ ਨਾਸ ਕੀਤਾ ਅਤੇ 'ਵਾਹਿਗੁਰੂ ਦੀ ਫ਼ਤਿਹ' ਹੋਈ । ਇਸੇ ਲਈ 'ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤ੍ਰਾਂ ਨੂੰ ਹੀ ਪਰਮਾਤਮਾ ਮੰਨਿਆ ਹੈ, ਇਹ 'ਤੇਗ' ਹੀ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਸਨ ।

ਤੁਹੀ ਰਾਮ ਸ੍ਰੀ ਕ੍ਰਿਸ਼ਨ ਤੁਮ ਤੁਹੀ ਬਿਸਨ ਕੋ ਰੂਪ ॥
ਤੁਹੀ ਪ੍ਰਜਾ ਸਭ ਜਗਤ ਕੀ ਤੁਹੀ ਆਪ ਹੀ ਭੂਪ ॥ ੧੭ ॥

ਗੁਰੂ ਜੀ ਸ਼ਸਤ੍ਰਾਂ ਦੀ ਅਰਾਧਨਾ ਕਰਦੇ ਹਨ—

ਸੈਫ ਸਰੋਹੀ ਸਤ੍ਰ ਅਰਿ ਸਾਰੰਧਾਰਿ ਜਿਤ ਨਾਮ ॥
ਸਦਾ ਹਮਾਰੇ ਚਿਤ ਬਸੋ ਸਦਾ ਕਰੋ ਮਮ ਕਾਮ ॥ ੨੭ ॥

'ਯਹੈ ਹਮਾਰੈ ਪੀਰ'—ਗੁਰੂ ਜੀ ਨੇ 'ਤੇਗ' ਤੇ ਸ਼ਸਤ੍ਰਾਂ ਨੂੰ ਹੀ 'ਪੀਰ' ਮੰਨਿਆ ਹੈ —ਇਹ ਹੀ ਰਸਤੇ ਦੀ ਅਗਵਾਈ ਕਰਦੇ ਹਨ ।

'ਤੇਗ' ਵਾਹਿਗੁਰੂ ਅਕਾਲ ਪੁਰਖ ਦਾ ਚਿੰਨ੍ਹ ਹੈ । ਦੇਗ ਨਾਲ ਇਸ ਨੂੰ ਸ਼ਾਮਲ ਕਰਨਾ ਹੈ ।

੫.

ਦੇਗ ਦਾ ਕ੍ਰਿਪਾਨ-ਭੇਟ ਹੀ ਖ਼ਾਲਸਾ ਪੰਥ ਦੇ ਪੂਰਨ ਉਦੇਸ਼ ਨੂੰ ਪ੍ਰਗਟ ਕਰਦਾ ਹੈ।

ਸਿੱਖ ਨੇ ਸੰਸਾਰ ਦੀ ਕਲਿਆਣ ਲਈ ਆਪਣੇ ਉਦੇਸ਼ ਨੂੰ ਨਿਭਾਉਣਾ ਹੈ, ਉਸ ਨੇ ਬਾਣੀ ਦੀ ਦੇਗ ਨੂੰ ਛਕਣਾ ਹੈ ਅਤੇ ਕ੍ਰਿਪਾਨ ਦੀ ਭੇਟ ਨਾਲ ਉਸ ਦੇਗ ਦੇ ਦ੍ਰਿੜ੍ਹਾਏ ਅਸੂਲਾਂ ਤੇ ਪਹਿਰਾ ਦੇਣਾ ਹੈ। ਬਾਣੀ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ 'ਦੇਗ' ਮੰਨਿਆ ਹੈ। 'ਥਾਲ'—ਪਰੋਸਿਆ ਹੋਇਆ ਥਾਲ ਹੀ 'ਦੇਗ' ਹੈ।

ਥਾਲ ਵਿਚਿ ਤਿਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥

ਬਾਣੀ ਦੀ ਦੇਗ ਸਾਰੇ ਸੰਸਾਰ ਲਈ ਹੈ। ਇਸ ਨਾਲ ਆਤਮਕ ਬਲ ਪੈਦਾ ਹੋਣਾ ਹੈ। ਕ੍ਰਿਪਾਨ ਦੀ ਕਿਰਪਾ ਨਾਲ ਇਸ ਬਲ ਨੇ 'ਸੰਸਾਰ ਤਾਰਨ' ਦਾ ਉਦੇਸ਼ ਨਿਭਾਉਣਾ ਹੈ।

ਕ੍ਰਿਪਾਨ ਭੇਟ ਸਾਡਾ ਪ੍ਰਣ ਹੈ ਕਿ ਅਸੀਂ ਪਰਮਾਤਮਾ ਦੀਆਂ ਬਖ਼ਸ਼ੀਆਂ ਦਾਤਾਂ ਨੂੰ ਵਰਤ ਕੇ, ਉਸ ਦੇ ਜ਼ਾਤੀ ਸਿਪਾਹੀ ਹੋਣ ਦੇ ਨਾਤੇ, ਉਸ (ਪਰਮਾਤਮਾ) ਦਾ ਨਮਕ ਹਲਾਲ ਕਰਾਂਗੇ ਅਤੇ ਜਿਥੇ ਅਨਿਆਂ, ਧੱਕਾ ਅਤੇ ਦੰਭ ਹੈ ਉਹਨਾਂ ਦੀ ਜੜ੍ਹ ਪੁੱਟਾਂਗੇ। ਸੰਤਾਂ ਦੀ ਰੱਖਿਆ ਕਰਾਂਗੇ ਅਤੇ ਦੁਸ਼ਟ ਦਾ ਦਮਨ ਕਰਾਂਗੇ।

ਦੇਗ ਤੇਗ ਫ਼ਤਿਹ !
ਸ੍ਰੀ ਸਾਹਿਬ ਜੀ ਸਹਾਇ !!
ਖ਼ਾਲਸੇ ਜੀ ਕੇ ਬੋਲ ਬਾਲੇ !!!

# ੨. ਸਰਬੱਤ ਖ਼ਾਲਸਾ ਜੀ

ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ।
ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ ਵਾਹਿਗੁਰੂ
ਵਾਹਿਗੁਰੂ ਚਿੱਤ ਆਵੇ।
ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ।

੧.

'ਖ਼ਾਲਸਾ' ਸਦਾ ਹੀ 'ਸਰਬੱਤ ਖ਼ਾਲਸਾ ਜੀ' ਹੈ, ਖ਼ਾਲਸਾ ਸਦਾ ਹੀ ਪੰਥ ਹੈ, 'ਸਰਬੱਤ ਖ਼ਾਲਸਾ' ਜੀ ਸਦਾ ਹੀ ਪੰਥ ਹਨ। ਸੈਂਕੜੇ ਵਿਤਕਰੇ ਪਏ ਹੋਣ, ਸੈਂਕੜੇ ਮਤਭੇਦ ਪਏ ਹੋਣ, ਕਈ ਫ਼ਿਰਕੇ ਪਏ ਹੋਣ, ਪਰ 'ਖ਼ਾਲਸਾ ਜੀ' ਸਦਾ ਹੀ 'ਸਰਬੱਤ ਖ਼ਾਲਸਾ ਜੀ' ਹਨ—ਸਾਰੇ ਖ਼ਾਲਸਾ ਜੀ ਅਰਦਾਸ ਜੁ ਸਰਬੱਤ ਖ਼ਾਲਸਾ ਜੀ ਦੀ ਕਰਦੇ ਹਨ। ਸਰਬੱਤ ਖ਼ਾਲਸਾ ਜੀ ਦਾ ਆਤਮਕ ਪੰਥ (ਰਸਤਾ) ਇਕ ਹੈ—ਉਹਨਾਂ ਦਾ ਗੁਰੂ ਇਕ ਹੈ, ਬਾਣੀ ਇਕ ਹੈ ਅਤੇ ਵਿਚਾਰ ਇਕ ਹੈ; ਉਹਨਾਂ ਦੇ ਸਰਬੱਤ ਗੁਰਦੁਆਰੇ ਸਾਂਝੇ ਹਨ ਅਤੇ ਸਰਬੱਤ ਖ਼ਾਲਸਾ ਜੀ ਦੇ ਹਨ; ਚਾਰੇ ਤਖ਼ਤ ਸਰਬੱਤ ਖ਼ਾਲਸਾ ਜੀ ਦੇ ਸਾਂਝੇ ਹਨ; ਸਰਬੱਤ ਖ਼ਾਲਸਾ ਜੀ ਨੇ ਹਠੀ, ਜਪੀ, ਤਪੀ, ਸ਼ਹੀਦ, ਮੁਰੀਦ ਦਿੱਤੇ ਹਨ ਅਤੇ ਇਹ ਇਤਿਹਾਸ ਸਰਬੱਤ ਖ਼ਾਲਸਾ ਜੀ ਦਾ ਸਾਂਝਾ ਹੈ; ਸਰਬੱਤ ਖ਼ਾਲਸਾ ਜੀ ਨੇ ਕਮਾਈ ਕੀਤੀ ਹੈ—ਨਾਮ ਜਪ ਕੇ, ਵੰਡ ਛਕ ਕੇ ਆਦਿ; ਸਰਬੱਤ ਖ਼ਾਲਸਾ ਜੀ ਨਿੱਤ ਗੁਰਧਾਮਾਂ ਦੇ ਦਰਸ਼ਨ ਦੀਦਾਰ ਦੀ ਯਾਚਨਾ ਕਰਦੇ ਹਨ; ਸਰਬੱਤ ਖ਼ਾਲਸਾ ਜੀ ਦੀ ਅਰਦਾਸ ਨਾਮ-ਦਾਨ ਦੀ ਹੈ; ਸਰਬੱਤ ਖ਼ਾਲਸਾ ਜੀ ਰਹਿਤ ਦਾਨ, ਕੇਸ ਦਾਨ, ਬਿਬੇਕ ਦਾਨ ਦੀ ਮੰਗ ਕਰਦੇ ਹਨ, ਸਰਬੱਤ ਖ਼ਾਲਸਾ ਜੀ ਦੀ ਫ਼ਤਿਹ ਸਾਂਝੀ ਹੈ—ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ, ਸਰਬੱਤ ਖ਼ਾਲਸਾ ਜੀ ਅੰਮ੍ਰਿਤਸਰ ਦੇ ਇਸ਼ਨਾਨ ਦੀ ਇੱਛਾ ਕਰਦੇ ਹਨ; ਸਰਬੱਤ ਖ਼ਾਲਸਾ ਜੀ ਪੰਜ-ਪਿਆਰਿਆਂ ਨੂੰ ਆਪਣਾ ਜਥੇਦਾਰ ਮੰਨਦੇ ਹਨ; ਸਰਬੱਤ ਖ਼ਾਲਸਾ ਜੀ ਨੂੰ ਭਗੌਤੀ ਦੀ ਓਟ ਹੈ; ਅਤੇ ਸਰਬੱਤ ਖ਼ਾਲਸਾ ਜੀ ਰੋਜ਼ ਸਰਬੱਤ ਦਾ ਭਲਾ ਮੰਗਦੇ ਹਨ; ਸਰਬੱਤ ਖ਼ਾਲਸਾ ਜੀ ਨਾਮ ਦੀ ਚੜ੍ਹਦੀ ਕਲਾ ਦੇ ਇੱਛਕ ਹਨ।

'ਸਰਬੱਤ ਖ਼ਾਲਸਾ ਜੀ' ਦਾ ਸਿਧਾਂਤ ਇਕ ਬੜਾ ਹੀ ਅਲੌਕਿਕ ਵਿਚਾਰ ਦ੍ਰਿਸ਼ (Vision) ਹੈ, ਕਿਉਂਕਿ ਸਾਰੇ ਇਤਿਹਾਸ ਵਿਚ ਸਰਬੱਤ ਖ਼ਾਲਸਾ ਜੀ ਕਦੇ ਵੀ ਇਕ ਥਾਂ ਇਕੱਠੇ ਨਹੀਂ ਹੋਏ; ਪਰ ਜਿਸ ਆਤਮਕ ਪੱਧਰ ਤੇ ਵਿਚਰਦਿਆਂ ਅਰਦਾਸ ਕੀਤੀ ਜਾਂਦੀ ਹੈ, 'ਸਰਬੱਤ ਖ਼ਾਲਸਾ ਜੀ' ਉਸ ਪੱਧਰ ਤੇ ਕਦੇ ਵੱਖਰੇ ਨਹੀਂ ਹੋਏ। ਇਕੱਲਾ ਸਿੱਖ ਬੱਚਾ ਆਪਣੇ ਨਿੱਕੇ ਜਿੰਨੇ ਘਰ ਵਿਚ ਅਰਦਾਸ ਕਰਦਿਆਂ ਵੀ ਕਹਿਣ ਦਾ ਹੱਕ ਰੱਖਦਾ ਹੈ ਕਿ ਉਹ 'ਸਰਬੱਤ ਖ਼ਾਲਸਾ ਜੀ' ਦਾ ਪ੍ਰਤੀਨਿਧ ਹੋ ਕੇ ਵਾਹਿਗੁਰੂ ਅਗੇ ਅਰਦਾਸ

ਕਰ ਰਿਹਾ ਹੈ, ਉਹ ਵਾਹਿਗੁਰੂ ਨੂੰ 'ਸਰਬੱਤ ਖ਼ਾਲਸਾ ਜੀ' ਵਲੋਂ ਕਹਿ ਸਕਦਾ ਹੈ, 'ਸਰਬੱਤ ਖ਼ਾਲਸਾ ਜੀ' ਦੇ ਨਿਸ਼ਾਨ ਉਸ ਦੇ ਸਰੀਰ ਅਤੇ ਸਿਰ ਤੇ ਝੁੱਲ ਰਹੇ ਹੁੰਦੇ ਹਨ। 'ਸਰਬੱਤ ਖ਼ਾਲਸਾ ਜੀ' ਦਾ ਉਚਾਰਨ ਬੜੀ ਹੀ ਵਿਸਮਾਦੀ ਅਵਸਥਾ ਦਾ ਸੂਚਕ ਹੈ। ਖ਼ਾਲਸਾ ਜੀ ਤਾਂ ਸੰਸਾਰ ਦੇ ਕੋਨੇ ਕੋਨੇ ਤੇ ਹਨ ਪਰ ਵਿਸਮਾਦ ਇਹ ਹੈ ਕਿ ਦਿਨ ਭਰ ਵਿਚ ਕਈ ਵਾਰੀ 'ਸਰਬੱਤ ਖ਼ਾਲਸਾ ਜੀ' ਇਕੱਤਰ ਹੁੰਦੇ ਹਨ; ਇਕੱਠੇ ਪਾਠ ਕਰਦੇ ਹਨ, ਸਰਬੱਤ ਖ਼ਾਲਸਾ ਜੀ ਇਕੱਤਰ ਹੋ ਕੇ ਅਰਦਾਸ ਕਰਦੇ, ਦੇਗ ਭੇਟ ਕਰਦੇ ਅਤੇ ਦੇਗ-ਪ੍ਰਸ਼ਾਦਿ ਛਕਦੇ ਹਨ। ਫਿਰ ਖ਼ਾਲਸਾ ਜੀ ਭਿੰਨ ਭਿੰਨ ਕਿਵੇਂ ਹੋ ਸਕਦੇ ਹਨ; 'ਸਰਬੱਤ ਖ਼ਾਲਸਾ ਜੀ' ਤਾਂ ਰੋਜ਼ ਮਿਲਦੇ ਹਨ।

ਗੁਰੂ ਜੀ ਨੇ ਤੇ 'ਸਰਬੱਤ ਖ਼ਾਲਸਾ ਜੀ' ਨੇ, ਸਾਡੇ ਬਜ਼ੁਰਗਾਂ ਨੇ ਸਾਨੂੰ ਕਿੰਨਾ ਵਚਿਤ੍ਰ ਸਿਧਾਂਤ ਦਿੱਤਾ ਹੈ; ਸਾਡੇ ਵਿਚ ਉਹ ਦਿਬ-ਦ੍ਰਿਸ਼ਟਤਾ ਹੋਵੇ. ਉਹ ਬਿਬੇਕ ਹੋਵੇ ਤਾਂ ਅਸੀਂ 'ਸਰਬੱਤ ਖ਼ਾਲਸਾ ਜੀ' ਦੇ ਚਿਤ੍ਰ ਨੂੰ ਅਨੁਭਵ ਕਰੀਏ। 'ਸਰਬੱਤ ਖ਼ਾਲਸਾ ਜੀ' ਤਾਂ ਅਸੀਂ ਕਹਿ ਦਿੰਦੇ ਹਾਂ, ਪਰ ਬਿਲਕੁਲ ਮੁਰਦਾ ਦਿਲ ਨਾਲ, ਇਸ ਸਿਧਾਂਤ ਦੇ ਜਾਦੂ ਨੂੰ ਅਸੀਂ ਕਦੇ ਅਨੁਭਵ ਨਹੀਂ ਕੀਤਾ, ਇਸ ਦੇ ਰਸ ਨੂੰ ਕਦੀ ਅਸੀਂ ਮਾਣਿਆ ਨਹੀਂ; ਸਾਰੀ ਅਰਦਾਸ ਹੀ ਅਸੀਂ ਰਸਮੀ ਤੌਰ ਤੇ ਕਰ ਦਿੰਦੇ ਹਾਂ, ਨਹੀਂ ਤਾਂ 'ਸਰਬੱਤ ਖ਼ਾਲਸਾ ਜੀ' ਦਾ ਉਚਾਰਨ ਹੁੰਦਿਆਂ ਹੀ ਅਸੀਂ ਮਨ ਤੇ ਨੇਕ-ਨੀਤੀ ਨਾਲ ਚਿੰਨ੍ਹ ਰੂਪ ਵਿਚ ਇਕ ਦੂਜੇ ਨੂੰ ਗਲਵਕੜੀ ਨਾ ਪਾ ਲਈਏ! 'ਸਰਬੱਤ ਖ਼ਾਲਸਾ ਜੀ' ਦੀ ਅਰਦਾਸ ਹੋ ਰਹੀ ਹੁੰਦੀ ਹੈ ਅਤੇ ਅਸੀਂ ਧੜੇ, ਜਥੇ ਤੇ ਫ਼ਿਰਕੇ ਦੀ ਸੋਚ ਰਹੇ ਹੁੰਦੇ ਹਾਂ। 'ਸਰਬੱਤ ਖ਼ਾਲਸਾ ਜੀ' ਵਾਹਿਗੁਰੂ ਜੀ ਦਾ ਹੈ; 'ਸਰਬੱਤ ਖ਼ਾਲਸਾ ਜੀ' ਗੁਰੂ ਗੋਬਿੰਦ ਸਿੰਘ ਜੀ ਦਾ ਹੈ—ਅਸੀਂ ਆਪਣੇ ਧੜਿਆਂ ਦੀ ਸੋਚ ਰਹੇ ਹੁੰਦੇ ਹਾਂ। 'ਸਰਬੱਤ ਖ਼ਾਲਸਾ ਜੀ' ਦਾ ਅਹਿਸਾਸ ਹੋਵੇ ਤਾਂ ਅਸੀਂ ਗੁਰੂ ਅਰਜਨ ਸਾਹਿਬ ਨਾਲ ਵਿਸਮਾਦੀ ਰੰਗ ਵਿਚ ਗਾਈਏ।

ਸੂਹੀ ਮਹਲਾ ੫

ਜੇ ਦੀਸੈ ਗੁਰ ਸਿਖੜਾ  
ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥  
ਆਖਾ ਬਿਰਥਾ ਜੀਅ ਕੀ  
ਗੁਰੁ ਸਜਣੁ ਦੇਹਿ ਮਿਲਾਇ ਜੀਉ ॥  
ਸੋਈ ਦਸਿ ਉਪਦੇਸੜਾ ਮੇਰਾ ਮਨੁ  
ਅਨਤ ਨ ਕਾਹੂ ਜਾਇ ਜੀਉ ॥  
ਇਹੁ ਮਨੁ ਤੈ ਕੂੰ ਡੇਵਸਾ  
ਮੈ ਮਾਰਗੁ ਦੇਹੁ ਬਤਾਇ ਜੀਉ ॥  
ਹਉ ਆਇਆ ਦੂਰਹੁ ਚਲਿ ਕੈ  
ਮੈ ਤਕੀ ਤਉ ਸਰਣਾਇ ਜੀਉ ॥  
ਮੈ ਆਸਾ ਰਖੀ ਚਿਤਿ ਮਹਿ  
ਮੇਰਾ ਸਭੋ ਦੁਖੁ ਗਵਾਇ ਜੀਉ ॥

ਇਤੁ ਮਾਰਗਿ ਚਲੇ ਭਾਈਅੜੇ
ਗੁਰ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇ ਮਨ ਕੀ ਮਤੜੀ
ਵਿਸਾਰੇ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ
ਨਹ ਲਗੈ ਤਤੀ ਵਾਉ ਜੀਉ ॥

'ਸਰਬੱਤ ਖ਼ਾਲਸਾ ਜੀ' ਸਾਡਾ ਆਦਰਸ਼ਕ ਚਿੰਨ੍ਹ ਹੈ। ਇਹ ਤਾਂ 'ਹਰਿ ਦਰਸਾਵੜਾ' ਹੈ। 'ਸਰਬੱਤ ਖ਼ਾਲਸਾ ਜੀ' ਦਾ ਦਰਸ਼ਨ 'ਹਰਿ ਦਰਸਾਵੜਾ' ਹੈ।

੨.

'ਸਰਬੱਤ ਖ਼ਾਲਸਾ ਜੀ' ਭਾਈਆਂ ਦਾ ਪਰਵਾਰ ਹੈ—'ਸਹ ਉਦਰ ਭਾਈਆਂ' ਦਾ, 'ਸੋਦਰ੍ਹ' ਦੇ ਭਾਈਆਂ ਦਾ। ਸਰਬੱਤ ਖ਼ਾਲਸਾ ਜੀ ਨੇ ਸੱਕੇ, ਸਹ ਉਦਰ (ਇਕੋ ਉਦਰ ਤੋਂ ਉਪਜੇ) 'ਵੀਰਾਂ' ਦੀ ਤਰ੍ਹਾਂ ਇਕੋ 'ਬਾਣਾ' ਧਾਰਨ ਕੀਤਾ ਹੋਇਆ ਹੈ। ਇਹ ਸਾਰੇ ਗੁਰੂ ਗੋਬਿੰਦ ਸਿੰਘ ਸਾਹਿਬ ਪਿਤਾ ਤੇ ਮਾਤਾ ਸਾਹਿਬ ਦੇਵਾਂ ਦੇ ਸਪੂਤ ਹਨ, ਇਹ ਸਾਰੇ ਅਨੰਦਪੁਰ ਸਾਹਿਬ ਦੇ ਵਾਸੀ ਹਨ। ਇਹ ਸਾਰੇ ਮਾਤਾ ਸਾਹਿਬ ਦੇਵਾਂ ਦੀ ਸੰਤਾਨ ਹਨ—ਉਹ ਮਾਂ ਜੋ ਅਧਿਆਤਮਕ-ਬੰਧਨ ਵਿਚ ਸਾਰਾ ਜੀਵਨ ਗੁਰੂ-ਜੋਤਿ ਤੋਂ ਨਿਛਾਵਰ ਰਹੀ, ਪਰ ਜੋ ਸਰੀਰਕ ਤੌਰ ਤੇ ਅਡੋਹ ਤੇ ਕੁਆਰੀ ਸੀ। 'ਖ਼ਾਲਸਾ ਜੀ' ਕੁਆਰੀ ਨਿਰਛੋਹ ਪਵਿੱਤਰ ਆਤਮਾ ਦੀ ਸੰਤਾਨ ਹੈ ਜਿਸ ਦਾ ਆਤਮ-ਮੇਲ ਗੁਰੂ ਗੋਬਿੰਦ ਸਿੰਘ ਜੀ ਨਾਲ ਹੈ। ਕਿੰਨੇ ਹੀ ਵਚਿੱਤਰ ਤਰੀਕੇ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਜੀ ਨੂੰ 'ਕੁਆਰੀ-ਆਤਮਾ' ਦਾ ਸਪੂਤ ਬਣਾਇਆ; ਸਾਰੇ ਪੰਥ ਨੂੰ ਇਕੋ 'ਉਦਰ' ਵਿਚੋਂ—'ਆਤਮਾ ਦੇ ਉਦਰ' ਵਿਚੋਂ ਜਨਮ ਦਿੱਤਾ ਅਤੇ ਕੋਈ ਕਾਨੂੰਨ ਕੁਦਰਤ ਭੰਗ ਵੀ ਨਹੀਂ ਕੀਤਾ। ਸਾਰਾ ਪੰਥ ਦੋ ਪਵਿੱਤਰ ਆਤਮਾ ਦੇ ਆਤਮਕ ਸੰਜੋਗ ਦੀ ਸੰਤਾਨ ਹੈ—ਪਿਤਾ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਦੇਵਾਂ ਜੀ।

ਫੇਰ ਸਾਰੇ ਵੀਰਾਂ ਦੀ ਨੁਹਾਰ ਕਿਉਂ ਨਾ ਮਿਲੇ, ਇਕੋ ਉਦਰ ਤੋਂ ਉਪਜੇ ਵੀਰ ਜੁ ਹੋਏ। 'ਸਰਬੱਤ ਖ਼ਾਲਸਾ ਜੀ' ਦੀ ਨੁਹਾਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਨੁਹਾਰ ਹੈ; ਸਭ ਦਾ ਪਹਿਰਾਵਾ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਰਾਵਾ ਹੈ। 'ਖ਼ਾਲਸਾ' ਕਿਸੇ ਰਾਜਸੀ ਮਤ ਜਾਂ ਧਾਰਮਕ ਫ਼ਿਰਕੇ ਦਾ ਹੋਵੇ, ਉਸ ਦੀ ਨੁਹਾਰ 'ਕੇਸ-ਦਾਹੜੇ' ਵਾਲੀ ਹੀ ਹੋਵੇਗੀ। ਹੋਰ ਕਿਸੇ ਨੁਹਾਰ ਦੇ ਖ਼ਾਲਸਾ ਜੀ ਨਹੀਂ ਹੋ ਸਕਦੇ ਅਤੇ ਸਾਰੇ ਵੀਰਾਂ ਦਾ ਹੋਰ 'ਬਾਣਾ' ਵੀ ਇਕਸਾਰ ਹੋਵੇਗਾ। 'ਸਰਬੱਤ ਖ਼ਾਲਸਾ ਜੀ' 'ਸਰਬ ਲੋਹ' ਦਾ ਬਾਣਾ ਧਾਰਨ ਕਰਦੇ ਹਨ—ਕ੍ਰਿਪਾਨ ਤੇ ਕੜਾ। 'ਸਰਬੱਤ ਖ਼ਾਲਸਾ ਜੀ' 'ਕੇਸਗੜ੍ਹ' ਵਾਲੇ ਹਨ, ਇਸ ਲਈ ਕੰਘਾ-ਧਾਰੀ ਵੀ ਹਨ. ਇਹ ਵੀ ਬਾਣਾ ਹੈ; 'ਸਰਬੱਤ ਖ਼ਾਲਸਾ ਜੀ' ਕੱਛ-ਧਾਰੀ ਹਨ। ਸਾਰੇ ਭਾਈਆਂ—ਵੀਰਾਂ ਦਾ 'ਬਾਣਾ' ਤੇ 'ਨੁਹਾਰ' ਇਕੋ ਹੈ।

ਇਹ ਬਾਣਾ ਹੀ ਸਰਬੱਤ ਦੀ ਏਕਤਾ ਦਾ ਚਿੰਨ੍ਹ ਹੈ। ਸਾਰੇ ਸੰਸਾਰ ਨੇ ਬਾਣੇ ਦੀ ਏਕਤਾ (ਯੂਨੀਫਾਰਮ) ਦੀ ਮਹਾਨਤਾ ਨੂੰ ਜਾਣ ਲਿਆ ਹੈ। ਸਾਰੇ ਫ਼ੌਜੀ ਇਕੋ ਬਾਣੇ ਵਾਲੇ ਹੁੰਦੇ ਹਨ, ਸਾਰੀ ਪੁਲਸ ਇਕੋ ਬਾਣੇ ਵਾਲੀ ਹੁੰਦੀ ਹੈ, ਸਾਰੀ ਹਵਾਈ-ਸੈਨਾ ਦਾ ਇਕ

ਬਾਣਾ ਹੈ, ਸਾਰੇ ਐਡਵੋਕੇਟ ਇਕੋ ਬਾਣਾ ਧਾਰਨ ਕਰਦੇ ਹਨ, ਵਿਸ਼ਵ-ਵਿਦਿਆਲੇ ਦੇ ਸਾਰੇ ਅਧਿਆਪਕ ਇਕੋ ਬਾਣੇ ਵਿਚ ਰਹਿੰਦੇ ਹਨ, ਸਾਰੇ ਜੱਜਾਂ ਲਈ ਇਕੋ ਬਾਣਾ ਨਿਸਚਿਤ ਹੈ; ਸਕੂਲਾਂ ਦੇ ਵਿਦਿਆਰਥੀਆਂ ਲਈ ਇਕ ਬਾਣਾ ਹੁੰਦਾ ਹੈ, Scouts ਤੇ Girl guides ਇਕੋ ਬਾਣਾ ਧਾਰਨ ਕਰਦੇ ਹਨ। ਇਹ ਇਕ ਬਾਣਾ ਇਹਨਾਂ ਸਾਰਿਆਂ ਨੂੰ ਜਥੇਬੰਦ ਕਰਦਾ ਹੈ ਅਤੇ ਇਹਨਾਂ ਵਿਚੋਂ ਭੇਦ-ਭਾਵ, ਉਚ-ਨੀਚ ਗ਼ਰੀਬੀ-ਅਮੀਰੀ ਦਾ ਭੇਦ ਖਤਮ ਕਰਦਾ ਹੈ ਅਤੇ ਇਹਨਾਂ ਨੂੰ 'ਭਾਈ' ਬਣਾਉਂਦਾ ਹੈ।

ਸਰਬੱਤ ਖ਼ਾਲਸਾ ਜੀ ਦਾ ਮੁਖ-ਚਿੰਨ੍ਹ 'ਕੇਸਗੜ੍ਹ' ਹੈ ਅਤੇ ਇਹ ਐਸਾ ਬਾਣਾ ਹੈ ਜੋ ਸਾਬਤ ਸੂਰਤ ਹੈ, ਕੁਦਰਤੀ ਤੇ ਨਾ-ਨਿਖੜਨ ਵਾਲਾ ਹੈ, ਜਿਸ ਉਤੇ ਖਰਚ ਕੁਝ ਨਹੀਂ ਹੋਣਾ, ਜੋ ਹਰ ਜੀਵ ਨੂੰ ਆਪਣੇ ਆਪ ਸੁਤੇ-ਸਿਧ ਪ੍ਰਾਪਤ ਹੋ ਜਾਣਾ ਹੈ। ਇਹ ਸਾਂਝਾ ਇਕਸਾਰ ਬਾਣਾ ਹੀ ਤਾਂ ਭਾਈਆਂ ਵੀਰਾਂ ਦੀ ਪਛਾਣ ਹੈ। ਇਹ ਸਰਬੱਤ ਖ਼ਾਲਸਾ ਜੀ ਦੀ ਪਛਾਣ ਹੈ।

ੳ.

'ਸਰਬੱਤ ਖ਼ਾਲਸਾ ਜੀ' ਦੀ ਜਥੇਬੰਦੀ ਦਾ ਮੁੱਖ ਕਰਤੱਵ ਵੀ ਸਦਾ ਇਕੋ ਹੈ, ਇਹ ਅਨਿਆਂ, ਜਬਰ, ਧੱਕੇ ਨੂੰ ਵੰਗਾਰਨ ਵਾਲਿਆਂ ਦੀ ਜਥੇਬੰਦੀ ਹੈ। ਇਹਨਾਂ ਨੇ ਕੇਸਾਂ ਦਾ ਬਾਣਾ ਵੀ ਵੰਗਾਰ ਕੇ ਧਾਰਨ ਕੀਤਾ ਹੈ, ਕ੍ਰਿਪਾਨ ਤੇ ਕਛਹਿਰਾ, ਵੰਗਾਰ ਕੇ ਧਾਰਨ ਕੀਤੇ ਹਨ। ਇਹ Protestants ਹਨ ਜਿਨ੍ਹਾਂ ਬਦੇਸ਼ੀ ਰਾਜ ਵਿਰੁੱਧ ਸਦਾ ਆਵਾਜ਼ ਉਠਾਈ ਹੈ, ਜਿਨ੍ਹਾਂ ਨੇ ਬਦੇਸ਼ੀਆਂ ਦੇ ਅਨਿਆਈ ਤੇ ਜਬਰ ਕਾਨੂੰਨਾਂ ਵਿਰੁੱਧ ਆਵਾਜ਼ ਉਠਾਈ ਹੈ, ਉਹਨਾਂ ਕਾਨੂੰਨਾਂ ਵਿਰੁੱਧ ਜੋ ਭਾਰਤੀ ਸਭਿਆਚਾਰ ਦਾ ਮਲੀਆਮੇਟ ਕਰ ਰਹੇ ਸਨ। ਹੁਣ ਵੀ ਇਹਨਾਂ ਦਾ ਧਰਮ ਇਹੋ ਹੈ। 'ਸਰਬੱਤ ਖ਼ਾਲਸਾ ਜੀ' ਜਥੇਬੰਦ ਹੋ ਕੇ ਇਹ ਆਵਾਜ਼ ਉਠਾਉਂਦੇ ਹਨ।

ਭਾਰਤੀ ਪੁਰਾਤਨ ਸੰਸਕ੍ਰਿਤੀ ਕੇਸਾਧਾਰੀਆਂ ਦੀ ਸੰਸਕ੍ਰਿਤੀ ਸੀ। ਪਰ ਮੁਸਲਮਾਨ ਜੋ ਹਾਕਮ ਆ ਬਣੇ, ਉਹ ਵੀ ਕੇਸਾਧਾਰੀ ਤੇ ਦਾਹੜ੍ਹਾਧਾਰੀ ਸਨ। ਹਾਕਮਾਂ ਨੇ ਆਪਣੇ ਤੇ ਆਪਣੇ ਪਰਾਧੀਨ ਲੋਕਾਂ ਵਿਚ ਭੇਦ ਭਾਵ ਰੱਖਣਾ ਉਚਿਤ ਸਮਝਿਆ, ਇੰਜ ਸਾਰੇ ਹਾਕਮ ਕਰਦੇ ਹੀ ਹਨ। ਬਦੇਸ਼ੀ ਗ਼ੈਰ-ਭਾਰਤੀ ਅਨ-ਧਰਮੀਆਂ ਨੇ ਭਾਰਤੀਆਂ ਦਾ ਕੇਸਗੜ੍ਹ ਤੋੜਨਾ ਉਚਿਤ ਸਮਝਿਆ। ਇਹੋ ਕੁਦਰਤੀ ਚਿੰਨ੍ਹ ਸੀ ਜਿਸ ਤੇ ਸੱਟ ਮਾਰਨ ਨਾਲ ਭਾਰਤੀਅਤਾ ਨਾਸ਼ ਕੀਤੀ ਜਾ ਸਕਦੀ ਸੀ। ਜਬਰ ਥੱਲੇ ਆ ਕੇ ਭਾਰਤੀਆਂ ਦਾ ਕੇਸਗੜ੍ਹ ਤੋੜਿਆ ਗਿਆ, ਇਹਨਾਂ ਦੇ ਕੇਸ ਕਟਾਏ ਗਏ, ਦਾਹੜਾ ਮੁਨਾਇਆ ਗਿਆ। ਕੇਸਾਧਾਰੀ ਹੋਣ ਕਰਕੇ ਇਹ ਦਸਤਾਰਧਾਰੀ ਵੀ ਸਨ, ਪਰ ਦਸਤਾਰ ਤਾਂ ਸਾਰੇ ਸੰਸਾਰ ਵਿਚ ਰਾਜ-ਬਾਣਾ ਹੈ। ਬਦੇਸ਼ੀ ਮੁਸਲਮਾਨ ਵੀ ਦਸਤਾਰਧਾਰੀ ਸਨ। ਭਾਰਤੀਆਂ ਦੇ ਕੇਸ ਉਤਾਰੇ ਗਏ ਤੇ ਦਸਤਾਰ ਵੀ ਉਤਾਰ ਦਿੱਤੀ ਗਈ।

ਸਮੇਂ ਸਿਰ ਆ ਕੇ 'ਸਰਬੱਤ ਖ਼ਾਲਸਾ ਜੀ' ਨੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਮੁੜ 'ਕੇਸਗੜ੍ਹ' ਧਾਰਨ ਕੀਤਾ ਅਤੇ 'ਦਸਤਾਰ' ਦਾ ਬਾਣਾ ਵੀ ਧਾਰਨ ਕੀਤਾ। ਇਹ Protest ਸੀ ਬਦੇਸ਼ੀ ਜਬਰ ਵਿਰੁੱਧ। ਫਿਰ 'ਸਰਬੱਤ ਖ਼ਾਲਸਾ ਜੀ' ਦਾ ਇਹ ਬਾਣਾ Protest ਦਾ ਚਿੱਤਰ ਹੀ ਬਣ ਗਿਆ। ਹੁਣ ਵੀ ਇਹ ਹੈ ਅਤੇ ਕਈਆਂ ਨੂੰ

ਚੁਭਦਾ ਰਹਿੰਦਾ ਹੈ।

ਕ੍ਰਿਪਾਨ, ਕੜਾ (ਸਰਬ ਲੋਹ) ਵੀ ਖ਼ਾਲਸਾ ਜੀ ਨੇ ਇਵੇਂ ਹੀ ਧਾਰਨ ਕੀਤਾ। ਇਹ ਵੀ ਵੰਗਾਰ ਦੇ ਚਿੰਨ੍ਹ ਹਨ। ਮੁਸਲਮਾਨੀ ਹਕੂਮਤ ਨੇ ਭਾਰਤੀਆਂ ਲਈ ਹਥਿਆਰ-ਬੰਦੀ ਦੀ ਮਨਾਹੀ ਕਰ ਦਿੱਤੀ ਸੀ। ਕਿਸੇ ਸਮੇਂ ਕੋਈ ਭਾਰਤੀ ਹਥਿਆਰ ਨਹੀਂ ਸੀ ਰੱਖ ਸਕਦਾ ਅਤੇ ਘੋੜੇ ਦੀ ਸਵਾਰੀ ਨਹੀਂ ਸੀ ਕਰ ਸਕਦਾ। ਰਾਜਸੀ ਕਾਨੂੰਨ ਅਨੁਸਾਰ ਇਹਨਾਂ ਦੀ ਮਨਾਹੀ ਸੀ। ਗੁਰੂ ਹਰਿਗੋਬਿੰਦ ਸਾਹਿਬ ਅਤੇ ਬਾਕੀ ਗੁਰੂਆਂ ਨੇ ਇਸ ਵਿਰੁੱਧ ਆਵਾਜ਼ ਉਠਾਈ, ਖੁੱਲ੍ਹੀ ਬਗ਼ਾਵਤ ਕੀਤੀ, ਹਥਿਆਰਬੰਦੀ ਕੀਤੀ, ਫ਼ੌਜੀ ਬਾਣਾ ਧਾਰਨ ਕੀਤਾ (ਕੱਛ) ਅਤੇ ਘੋੜੇ ਦੀ ਸਵਾਰੀ ਖੁੱਲ੍ਹਮ-ਖੁੱਲ੍ਹੀ ਸ਼ੁਰੂ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਜੀ ਨੂੰ ਸ਼ਸਤਰਧਾਰੀ ਕਰ ਦਿੱਤਾ। ਕ੍ਰਿਪਾਨ ਸਾਰੇ ਸ਼ਸਤ੍ਰਾਂ ਦਾ ਪ੍ਰਤੀਨਿਧ ਸ਼ਸਤ੍ਰ ਹੈ ਅਤੇ ਹੁਣ ਵੀ ਜਦੋਂ ਬੇਅੰਤ ਤਾਕਤਵਾਰ ਸ਼ਸਤ੍ਰ ਸਾਇੰਸ ਨੇ ਬਖ਼ਸ਼ ਦਿੱਤੇ ਹਨ, ਕਿਸੇ ਯੋਧੇ ਨੂੰ ਕ੍ਰਿਪਾਨ ਹੀ ਭੇਟ ਕੀਤੀ ਜਾਂਦੀ ਹੈ! ਇਹ ਸ਼ਸਤ੍ਰ ਧੀਰਤਾ ਤੇ ਬਿਰਤੀ ਦਾ ਚਿੰਨ੍ਹ ਹੈ। ਗੁਰੂ ਸਾਹਿਬ ਨੇ ਸਰਲ 'ਸਰਬੱਤ ਖ਼ਾਲਸਾ ਜੀ' ਨੂੰ ਇਹ ਚਿੰਨ੍ਹ ਬਖ਼ਸ਼ਿਆ ਅਤੇ ਰਾਜਸੀ ਅਨਿਆਂ ਵਿਰੁੱਧ ਬਗਾਵਤ ਕੀਤੀ।

ਖ਼ਾਲਸਾ ਜੀ ਨੇ ਹਲਾਲ ਦੀ ਪਾਬੰਦੀ ਵਿਰੁੱਧ ਬਗਾਵਤ ਕੀਤੀ। ਭਾਰਤੀਆਂ ਦਾ ਖ਼ਾਸ ਮਾਸ ਬਨਾਉਣ ਦਾ ਤਰੀਕਾ ਸੀ, ਉਹ ਝਟਕਾ ਸੀ। ਪਰ ਇਸਲਾਮੀ ਹਾਕਮਾਂ ਨੇ ਇਸ ਤਰੀਕੇ ਦੀ ਖੁੱਲ੍ਹੀ ਵਰਤੋਂ ਦੀ ਮਨਾਹੀ ਕੀਤੀ ਅਤੇ ਭਾਰਤੀਆਂ ਨੂੰ ਮਜਬੂਰ ਕੀਤਾ ਕਿ ਉਹ ਮੁਸਲਮਾਨਾਂ ਤੋਂ ਹੀ ਮਾਸ ਬਣਵਾ ਕੇ ਖਾ ਸਕਦੇ ਹਨ, ਆਪ ਨਹੀਂ ਬਣਾ ਸਕਦੇ। ਕਿਸੇ ਤਰ੍ਹਾਂ ਵੀ ਸ਼ਰਹ ਵਿਰੁੱਧ ਤਰੀਕੇ ਅਨੁਸਾਰ ਮਾਸ ਨਹੀਂ ਬਣਾ ਸਕਦੇ। ਗੁਰੂ ਨਾਨਕ ਸਾਹਿਬ ਜੀ ਨੇ ਬਾਣੇ ਤੇ 'ਅਭਾਖਿਆ ਦਾ ਕੁਠਾ ਬਕਰਾ' ਦੇ ਵਿਰੁੱਧ ਹਿਲਜੁਲ ਕੀਤੀ—

ਨੀਲ ਬਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥

ਅਤੇ ਗੁਰੂ ਗੋਬਿੰਦ ਸਿੰਘ ਜੀ ਨੇ 'ਸਰਬੱਤ ਖ਼ਾਲਸਾ ਜੀ' ਨੂੰ ਹਲਾਲ ਤੋਂ ਵਰਜ ਦਿੱਤਾ। 'ਅਭਾਖਿਆ ਕਾ ਕੁਠਾ ਬਕਰਾ' ਕਦੇ ਨਹੀਂ ਖਾਣਾ। ਇਹ ਹੁਣ ਤੀਕ ਵੀ 'ਕੁਰਹਿਤ' ਹੈ। ਉਸੇ ਖ਼ਾਲਸਈ ਸਪਿਰਟ ਦਾ ਚਿੰਨ੍ਹ ਕਿ ਖ਼ਾਲਸਾ ਕਿਸੇ ਤਰ੍ਹਾਂ ਅਨਿਆਂ ਨਹੀਂ ਬਰਦਾਸ਼ਤ ਕਰ ਸਕਦਾ। ਖ਼ਾਲਸਾ ਕਿਸੇ ਜਾਬਰ ਦੇ ਸਾਹਮਣੇ ਨਹੀਂ ਝੁਕ ਸਕਦਾ।

ਸਰਬੱਤ ਖ਼ਾਲਸਾ ਜੀ ਦੀ ਰਹਿਤ ਉਹਨਾਂ ਦੇ ਬਾਗ਼ੀ ਹੋਣ ਦਾ ਚਿੰਨ੍ਹ ਹੈ, Protestants ਹੋਣ ਦਾ ਚਿੰਨ੍ਹ ਹੈ। ਇਸ ਧਰਮ ਦੀ ਪਾਲਣਾ ਉਹਨਾਂ ਜਥੇਬੰਦੀ ਵਿਚ ਰਹਿ ਕੇ ਕਰਨੀ ਹੈ।

ਇਹ ਬਾਣਾ ਹੀ ਸਾਡਾ ਇਤਿਹਾਸ ਹੈ। ਸਾਡੇ Protest ਦਾ ਇਤਿਹਾਸ ਹੈ। ਇਹ ਬਾਣਾ ਹੀ ਅਸਲ ਸਨਾਤਨ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਦਾ ਚਿੰਨ੍ਹ ਹੈ। ਸਰਬੱਤ ਖ਼ਾਲਸਾ ਜੀ ਦਾ ਇਹ ਸਾਂਝਾ ਅਟੱਲ ਧਰਮ ਹੈ।

## ੪.

'ਗੁਰੂ-ਪੰਥ' (ਸਰਬੱਤ ਖ਼ਾਲਸਾ ਜੀ) ਸਦਾ 'ਗੁਰੂ-ਗ੍ਰੰਥ' ਦੀ ਤਾਬਿਆ ਹੈ। 'ਗੁਰੂ ਪੰਥ' ਪੰਜ 'ਪਿਆਰਿਆਂ' ਦੀ ਤਾਬਿਆ ਹੈ। 'ਗੁਰੂ-ਪੰਥ' 'ਇਕੀ ਵਿਸਵੇ ਸੰਗਤ' ਦੀ ਤਾਬਿਆ ਹੈ। 'ਗੁਰੂ-ਪੰਥ' 'ਚਾਰ ਤਖ਼ਤਾਂ' ਦੀ ਤਾਬਿਆ ਹੈ। 'ਗੁਰੂ ਪੰਥ' 'ਨਿਸ਼ਾਨ ਸਾਹਿਬ' ਦੀ ਤਾਬਿਆ ਹੈ। ਇਹ ਸਭ ਕੁਝ 'ਧੁਰ ਕੀ ਬਾਣੀ' ਦੇ ਤਾਬਿਆ ਹੈ, ਰੱਬੀ ਹੁਕਮ ਹੈ।

'ਸਰਬੱਤ ਖ਼ਾਲਸਾ ਜੀ' 'ਨਿੱਤਨੇਮ' ਦਾ ਪਾਬੰਦ ਹੈ। 'ਨਿੱਤਨੇਮ' ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦਾ ਚਿੰਨ੍ਹ ਰੂਪ ਹੈ। ਇਸ ਤਰ੍ਹਾਂ 'ਗੁਰੂ-ਪੰਥ', 'ਗੁਰੂ ਗ੍ਰੰਥ' ਦੀ ਤਾਬਿਆ ਹੁੰਦਾ ਹੈ। 'ਗੁਰ੍ਹ ਪੰਥ' 'ਨਿੱਤਨੇਮ' ਦੀਆਂ ਬਾਣੀਆਂ ਦੇ ਅਸੂਲਾਂ ਤੋਂ ਪਰੇ ਨਹੀਂ ਜਾ ਸਕਦਾ। 'ਖ਼ਾਲਸਾ ਜੀ' ਨੇ 'ਨਿੱਤਨੇਮ' ਦੀਆਂ ਬਾਣੀਆਂ ਦੇ ਅਸੂਲਾਂ ਦੀ ਤਾਬਿਆ ਰਹਿਣਾ ਹੈ। ਭਾਵ ਗੁਰ੍ਹ ਗ੍ਰੰਥ ਸਾਹਿਬ ਦੇ ਤਾਬਿਆ ਰਹਿਣਾ ਹੈ। ਫਿਰ ਉਹਨਾਂ ਵਿਚ ਕੋਈ ਫ਼ਿਰਕੇ ਜਾਂ ਮਤ-ਭੇਦ ਕਿਵੇਂ ਹੋ ਸਕਦੇ ਹਨ? ਸਮਝਣ ਵਿਚ ਟਪਲਾ ਲੱਗ ਸਕਦਾ ਹੈ, ਪਰ ਅਨੁਭਵੀ ਅਸੂਲ (ਸਰਬੱਤ ਖ਼ਾਲਸਾ ਜੀ) ਰੋਜ ਨਿੱਤਨੇਮ ਕਰਕੇ 'ਸਰਬੱਤ' ਰਹਿਣ ਦਾ ਅਰਦਾਸਾ ਕਰਦੇ ਹਨ, ਫਿਰ ਰਹਿਣਾ ਚਾਹੀਦਾ ਹੈ, ਦਿਆਨਤ-ਦਾਰੀ ਨਾਲ 'ਨਿੱਤਨੇਮ' ਦੇ ਅਸੂਲ ਸਮਝ ਕੇ, ਉਹਨਾਂ ਅਨੁਸਾਰ 'ਸਰਬੱਤ ਖ਼ਾਲਸਾ ਜੀ' ਨੂੰ ਰੋਜ਼ ਤੁਰਨ ਦਾ ਪ੍ਰਣ ਕਰਨਾ ਚਾਹੀਦਾ ਹੈ। ਇਹੋ ਹੀ ਕਾਰਣ ਹੈ ਕਿ 'ਸਰਬੱਤ ਖ਼ਾਲਸਾ ਜੀ' ਅੰਮ੍ਰਿਤ ਦਾ ਪਾਬੰਦ ਹੈ ਅਤੇ ਅੰਮ੍ਰਿਤ ਭਾਵਨਾ ਦੇ ਅਧੀਨ ਹੈ।

'ਸਰਬੱਤ ਖ਼ਾਲਸਾ ਜੀ' ਨੇ ਸੰਗਤ ਵਿਚ ਹਾਜ਼ਰ ਹੋਣਾ ਹੈ ਅਤੇ ਆਪਣੇ ਮਨ ਨੂੰ 'ਆਸਾ ਦੀ ਵਾਰ' ਤੇ 'ਸੁਖਮਨੀ' ਦੀ ਤਾਬਿਆ ਕਰਨਾ ਹੈ। 'ਸੁਖਮਨੀ ਦੀ ਸ਼ਾਂਤੀ' ਅਤੇ 'ਵਾਰ ਆਸਾ ਦੀ ਬਗ਼ਾਵਤ' ਨੇ ਖ਼ਾਲਸਾ ਜੀ ਦੇ ਮਨ ਵਿਚ ਚਲਣਾ ਹੈ। ਇਹ 'ਸੰਗਤ ਦੇ ਨੇਮ' ਹਨ ਅਤੇ 'ਸਰਬੱਤ ਖ਼ਾਲਸਾ ਜੀ' ਨੇ ਇਹਨਾਂ ਵਿਚ ਆਏ ਅਸੂਲਾਂ ਤੇ ਭਾਵਨਾਵਾਂ ਦੀ ਤਾਬਿਆ ਰਹਿਣਾ ਹੈ। 'ਸਰਬੱਤ ਖ਼ਾਲਸਾ ਜੀ' ਨੇ ਰੋਜ਼ ਮਿਲ ਕੇ 'ਵਾਹਿਗੁਰੂ ਜੀ ਕੀ ਫਤਿਹ' ਲਈ ਅਰਦਾਸ ਕਰਨੀ ਹੈ ਅਤੇ ਇਕੱਠੇ 'ਦੇਗ' ਛਕਣੀ ਹੈ। 'ਦੇਗ' ਸਭ ਲਈ 'ਏਕਤਾ' ਦਾ ਚਿੰਨ੍ਹ ਹੈ, ਸਭ ਨੇ ਇਕੋ ਥਾਂ ਬੈਠ ਕੇ ਇਕੋ ਥਾਂ 'ਪ੍ਰਸ਼ਾਦਿ' ਛਕਣਾ ਹੈ। 'ਸਰਬੱਤ ਖ਼ਾਲਸਾ ਜੀ' ਦੀ 'ਦੇਗ' 'ਗੁਰਪ੍ਰਸਾਦਿ' ਦਾ ਚਿੰਨ੍ਹ ਹੈ ਅਤੇ 'ਸਰਬੱਤ ਖ਼ਾਲਸਾ ਜੀ' ਉਸ 'ਪ੍ਰਸ਼ਾਦਿ' ਦੇ ਜਾਚਕ ਹਨ। 'ਦੇਗ' ਸਰਬੱਤ ਖ਼ਾਲਸਾ ਜੀ' ਦੀ ਸਾਂਝੀ ਕਮਾਈ ਦਾ ਚਿੰਨ੍ਹ ਹੈ। ਹਰ ਖ਼ਾਲਸਾ ਤਿਲ ਫੁੱਲ ਪੇਸ਼ ਕਰਦਾ ਹੈ ਅਤੇ 'ਦੇਗ' ਤਿਆਰ ਹੁੰਦੀ ਹੈ। 'ਦੇਗ' ਸਰਬੱਤ ਖ਼ਾਲਸਾ ਜੀ ਦੀ ਹੈ।

'ਸਰਬੱਤ ਖ਼ਾਲਸਾ ਜੀ' 'ਦਸਵੰਧ' ਦਾ ਪਾਬੰਦ ਹੈ। ਖ਼ਾਲਸਾ ਜੀ ਦੀ ਸਾਂਝੀ ਕਮਾਈ ਪੰਥ ਦੇ ਸਾਰੇ ਸਾਂਝੇ ਕਾਰਜਾਂ ਤੇ ਇਕੱਠੀ ਲੱਗੀ ਹੋਈ ਹੈ ਅਤੇ ਸਦਾ ਲੱਗਣੀ ਹੈ। ਖ਼ਾਲਸਾ ਕਿਸੇ ਰਾਜਸੀ ਧੜੇ ਦਾ ਪਿਆ ਹੋਵੇ, ਦਰਬਾਰ ਸਾਹਿਬ ਆ ਕੇ ਦਸਵੰਧ ਪੇਸ਼ ਕਰਦਾ ਹੈ, ਕਿਸੇ ਖ਼ਾਲਸਈ ਵਿਦਿਅਕ ਆਸ਼ਰਮ ਨੂੰ ਆਪਣੇ ਦਸਵੰਧ ਦਾ ਭਾਗ ਪੇਸ਼ ਕਰਦਾ ਹੈ ਅਤੇ ਹਰ ਖ਼ਾਲਸਾ ਆਪਣੇ ਆਸ਼ਰਮ ਦਾ ਸਰਪ੍ਰਸਤ ਹੈ। 'ਸਰਬੱਤ ਖ਼ਾਲਸਾ ਜੀ' ਦੇ ਸਾਂਝੇ ਆਸ਼ਰਮ ਹਨ।

'ਸਰਬੱਤ ਖ਼ਾਲਸਾ ਜੀ' ਸੰਗਤ ਰੂਪ ਵਿਚ ਇਕ ਦੂਜੇ ਵੀਰ ਦੇ ਦੁਖ ਸੁਖ ਦਾ ਭਾਈਵਾਲ ਹੈ। ਸੰਗਤ ਇਕ (Social Mirror) ਸਮਾਜ ਦਰਪਣ ਹੈ। ਸੰਗਤ ਵਿਚ ਇਕ ਦੂਜੇ ਵੀਰ ਦੇ ਦੁਖ ਸੁਖ ਦਾ ਪਤਾ ਲੱਗਦਾ ਰਹਿੰਦਾ ਹੈ। ਇਸ ਤਰ੍ਹਾਂ 'ਸਰਬੱਤ ਖ਼ਾਲਸਾ ਜੀ' ਹਰ ਸਿੱਖ ਦੇ ਦੁਖ ਸੁਖ ਦਾ ਰਾਖਾ ਹੈ। ਇਹ ਭਾਈਆਂ—ਵੀਰਾਂ ਦੀ ਜਥੇਬੰਦੀ ਹੈ।

'ਸਰਬੱਤ ਖ਼ਾਲਸਾ ਜੀ' ਸੰਗਤ ਵਿਚ ਅਰਦਾਸ ਕਰਕੇ 'ਹੁਕਮ' ਸੁਣਦਾ ਹੈ ਅਤੇ ਫਿਰ 'ਕਿਰਤ ਕਰਨੀ' ਨਾਮ ਜਪਣਾ, ਵੰਡ ਛਕਣਾ' ਦੇ ਅਸੂਲ ਨਾਲ ਵਿਹਾਰ ਵਿਚ ਲੱਗ ਜਾਂਦਾ ਹੈ।

੫.

ਸੋ 'ਸਰਬੱਤ ਖ਼ਾਲਸਾ' ਸਚਮੁੱਚ 'ਸਰਬੱਤ' ਹੈ। ਐਵੇਂ ਵਕਤੀ ਭੁਲੇਖੇ ਸਾਨੂੰ ਪਾੜ ਨਹੀਂ ਸਕਦੇ। ਅਰਦਾਸ ਸੱਚੇ ਦਿਲੋਂ 'ਸਰਬੱਤ ਖ਼ਾਲਸਾ ਜੀ' ਦੀ ਜਾਰੀ ਰਹੇ।

---

ਖਾਲਸੇ ਦੀ ਸਿਮਰਨ ਦਾ ਮੰਤਵ:-
ਆਤਮ ਸੰਘਾਰੇ ਹੈ, ਦੁਰਮਤ ਨੂੰ ਮਾਰਦੇ ਹੈ।
ਮੈਨੂੰ ਨਿਵਾਰਦੇ ਹੈ, ਆਤਮਾ ਚਨਾਰੇ ਹੈ॥
੧. ਪਰਮ ਬਿਲਾਵਨ ਸੰਤ ਉਧਾਰਨ॥ ਦੁਸਟ ਸਭਨ ਕੇ ਮੂਲ ਉਪਾਰਨ॥

ਮੇਰੇ ਘਟਿ ਅੰਮ੍ਰਿਤੁ ਸਭੁ ਕੀ ਆਹਿ॥
ਤਾਂਹੂ ਤ੍ਰਿਖਾ ਪਿਆਈ॥

# ੩. ਸਿੱਖੀ ਦਾਨ–ਰਹਿਤ ਦਾਨ

'ਸਿੱਖਾਂ ਨੂੰ ਸਿੱਖੀ ਦਾਨ; ਕੇਸ ਦਾਨ,
ਰਹਿਤ ਦਾਨ, ਬਿਬੇਕ ਦਾਨ, ਵਿਸਾਹ
ਦਾਨ, ਭਰੋਸਾ ਦਾਨ, ਦਾਨਾਂ ਸਿਰ
ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ
ਜੀ ਦੇ ਇਸ਼ਨਾਨ।' (ਅਰਦਾਸ)

੧.

ਸਪਸ਼ਟ ਹੈ ਕਿ ਅਰਦਾਸ ਵਿਚ ਜਿਸ ਸਿੱਖੀ ਦਾ ਦਾਨ ਮੰਗਿਆ ਜਾ ਰਿਹਾ ਹੈ, ਉਹ ਕੇਸ ਤੇ ਰਹਿਤ ਦੀ ਸਿੱਖੀ ਹੈ, ਭਾਵ ਉਹ 'ਖੰਡੇ ਦੇ ਪਾਹੁਲ' ਦੀ ਸਿੱਖੀ ਹੈ।

ਸਾਡੀ ਵਰਤਮਾਨ ਸਮੱਸਿਆ ਇਹ ਹੈ ਕਿ ਜਥੇਬੰਦ ਧਰਮ ਦੇ ਰਹਿਸਾਂ ਨੂੰ ਖੋਲ੍ਹਿਆ ਜਾਏ ਅਤੇ ਜਨ ਸਾਧਾਰਨ ਦੀ ਬੋਲੀ ਵਿਚ ਉਹਨਾਂ ਦੀ ਵਿਆਖਿਆ ਕੀਤੀ ਜਾਏ। 'ਖੰਡੇ ਦੇ ਪਾਹੁਲ' ਦਾ ਕੀ ਭਾਵ ਹੈ, ਇਸ ਰਸਮ ਰਾਹੀਂ ਕੀ ਆਦਰਸ਼ ਸਿੰਘ ਦੇ ਅੰਦਰ ਪਰਵੇਸ਼ ਕਰਾਉਣ ਦਾ ਯਤਨ ਕੀਤਾ ਜਾਂਦਾ ਹੈ, ਉਹਨਾਂ ਆਦਰਸ਼ਾਂ ਦੀ ਪ੍ਰਤਿਨਿਧਤਾ 'ਖੰਡੇ ਦੇ ਪਾਹੁਲ' ਵਿਚ ਕਿਵੇਂ ਹੁੰਦੀ ਹੈ ਆਦਿ—ਦੀ ਵਿਆਖਿਆ ਦੀ ਲੋੜ ਹੈ, ਨਹੀਂ ਤੇ ਸਭ ਕੁਝ ਬਿਲਕੁਲ ਨਿਰਜਿੰਦ ਰਸਮਾਂ ਬਣ ਕੇ ਰਹਿ ਜਾਂਦਾ ਹੈ ਅਤੇ ਰਸਮਾਂ ਵਿਚ ਆਪਣੇ ਆਪ ਕੋਈ ਨਵਾਂ ਉਤਸ਼ਾਹ ਦੇਣ ਦੀ ਸਮਰੱਥਾ ਨਹੀਂ ਹੁੰਦੀ। ਇਹ ਸਮਰੱਥਾ ਰਸਮਾਂ ਵਿਚ ਤਦ ਹੀ ਪੈਦਾ ਹੁੰਦੀ ਹੈ ਜੇ ਹਰ ਸਮੇਂ ਉਹਨਾਂ ਰਸਮਾਂ ਦੇ ਗੁੱਝੇ ਵਿਸ਼ਾਲ ਭਾਵਾਂ ਦੀ ਵਿਆਖਿਆ ਹੁੰਦੀ ਰਹੇ, ਸਗੋਂ ਉਹਨਾਂ ਦੇ ਅਰਥ ਤੇ ਭਾਵ ਸਮੇਂ ਸਮੇਂ ਉਚੇਰੇ ਸਥਾਪਨ ਕੀਤੇ ਜਾਂਦੇ ਰਹਿਣ। ਹਰ ਰਸਮ ਵਿਚ ਬੜੇ ਵਿਸ਼ਾਲ ਭਾਵ ਤੇ ਰਹਿਸ ਲੁੱਕੇ ਹੋਏ ਹਨ ਜੋ ਆਦਰਸ਼ਾਂ ਦੇ ਪ੍ਰਤਿਨਿਧ ਹਨ, ਉਹ ਆਦਰਸ਼ ਲੱਭਦੇ ਰਹਿਣਾ ਚਾਹੀਦਾ ਹੈ।

ਅਸੀਂ 'ਕੇਸ ਦਾਨ' ਮੰਗਦੇ ਹਾਂ। ਇਹ ਨਿਰੇ ਵਾਲਾਂ ਦਾ ਦਾਨ ਨਹੀਂ ਹੈ, ਇਹ ਤਾਂ 'ਕੇਸਗੜ੍ਹ' ਦਾ ਦਾਨ ਹੈ। ਜਿਸ ਸਿੰਘ ਦਾ 'ਕੇਸਗੜ੍ਹ' ਕਾਇਮ ਹੈ, ਉਹ ਗੁਰੂ ਗੋਬਿੰਦ ਸਿੰਘ ਦੇ ਕਿਲ੍ਹੇ ਵਿਚ ਸੁਰੱਖਸ਼ਤ ਬੈਠਾ ਹੈ, ਉਸ ਦੇ ਕਿਲ੍ਹੇ ਉਪਰ ਗੁਰੂ ਗੋਬਿੰਦ ਸਿੰਘ ਦਾ ਨਿਸ਼ਾਨ ਸਾਹਿਬ ਝੂਲ ਰਿਹਾ ਹੈ। 'ਕੇਸਗੜ੍ਹ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਪਹਿਰਾ ਹੈ। 'ਕੇਸਗੜ੍ਹ' ਵਿਚ ਬੈਠਾ ਸਿੱਖ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ-ਹਉਮੈ ਦੇ ਹਮਲਿਆਂ ਤੋਂ ਮਹਿਫੂਜ਼ ਹੈ, ਉਸ ਕਿਲ੍ਹੇ ਵਿਚੋਂ ਉਹ ਇਹਨਾਂ ਸਭ ਵੈਰੀਆਂ ਦਾ ਘਾਤ ਕਰ ਦਿੰਦਾ ਹੈ। ਜਿੰਨੇ ਤੀਕ ਉਸ ਦੇ 'ਕੇਸਗੜ੍ਹ' ਤੇ ਗੁਰੂ ਗੋਬਿੰਦ ਸਿੰਘ ਜੀ ਦਾ ਕੇਸਾਂ ਦਾ ਨਿਸ਼ਾਨ ਸਾਹਿਬ ਝੂਲ ਰਿਹਾ ਹੈ, ਉਹ ਅਡੋਲ ਹੈ, ਉਥੇ ਰਾਜ ਗੁਰੂ

ਖਾਲਸਾ ਸੂਰਤ ਰੂਪ ਦੀ ਤੁਲੈ ਧੋਵੀਆਨ॥
ਖਾਲਸਾ ਸੂਰਤਿ ਦਸਮਗੁਰ ਜਿਵ॥

ਰਸਨਾ ਰਾਮ ਰਸੁ ਪੀਐ ਅੰਤਰੁ ਭੀਜੈ ਸਾਚੁ ਸਬਦਿ ਬੀਚਾਰੀ ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ। ਦੇਹੀ ਮਹਿ ਇਸ ਕਾ ਬਿਸ੍ਰਾਮੁ ॥



ਗੋਬਿੰਦ ਸਿੰਘ ਦਾ ਹੈ; ਇਹ ਕਾਮਾਦਿਕ ਵੈਰੀ ਉਸ ਸਿੰਘ ਦਾ ਕੀ ਵਿਗਾੜ ਸਕਦੇ ਹਨ ? 'ਖ਼ਾਲਸੇ' ਦਾ 'ਗੜ੍ਹ' 'ਕੇਸਗੜ੍ਹ' ਹੈ ਜਿਸ 'ਕੇਸਗੜ੍ਹ' ਵਿਚ 'ਸਾਰੰਗਪਾਣ' ਦਾ 'ਸਿੰਘਾਸਣ' ਹੈ ਤੇ ਜਿਸ ਦੇ 'ਦਸਮ ਦੁਆਰ' ਅੰਦਰ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਦਾ ਸਰੂਪ ਬਿਰਾਜਮਾਨ ਹੈ । ਇਸ ਸਿੰਘਾਸਣ ਤੇ ਜਿਵੇਂ ਗੁਰੂ ਗੋਬਿੰਦ ਸਿੰਘ ਆਗਿਆ ਕਰਦਾ ਹੈ, ਖ਼ਾਲਸਾ ਇਵੇਂ ਕਰਤੱਵ ਕਰਦਾ ਹੈ । 'ਕੇਸਗੜ੍ਹ' ਦਾ ਧਾਰਨੀ ਹੋਣਾ ਤੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੇ ਅਰਪਨ ਕਰਨਾ ਹੈ ।

ਇਸੇ ਤਰ੍ਹਾਂ ਧਰਮ ਤਾਂ ਬਲਵਾਨ 'ਭਰੋਸਾ ਦਾਨ' ਤੇ ਜੀਊਂਦਾ ਹੈ; ਇਹ ਸਮਰੱਥ 'ਬਿਬੇਕ ਦਾਨ' ਦੇ ਆਸਰੇ ਹੈ, ਇਹ 'ਵਿਸਾਹ ਦਾਨ' ਦੇ ਸਹਾਰੇ ਰਹਿੰਦਾ ਹੈ; ਇਹੋ 'ਨਾਮ ਦਾਨ' ਦਾ ਬਲ ਹੈ । ਸਾਰੇ ਧਾਰਮਕ ਚਿੰਨ੍ਹਾਂ ਤੇ ਰਸਮਾਂ ਵਿਚ ਗੰਭੀਰ ਰਹਿਸ ਲੁੱਕੇ ਹੁੰਦੇ ਹਨ ਅਤੇ ਸਮਰੱਥ ਕਲਪਨਾ ਦੇ ਬਲ ਨਾਲ ਉਹਨਾਂ ਨੂੰ ਲੱਭਿਆ ਜਾ ਸਕਦਾ ਹੈ । ਇਹ ਕਵਿਤਾ ਦੀ ਦੁਨੀਆ ਹੈ । ਧਰਮ ਕਵਿਤਾ ਦਾ ਮੰਡਲ ਹੈ—ਹਿਸਾਬੀ ਦਲੀਲ ਦਾ ਨਹੀਂ, ਇਹ ਬੇਅੰਤ (Infinity) ਦਾ ਬ੍ਰਹਮੰਡ ਹੈ, ਅੰਤ (Finite) ਦਾ ਨਹੀਂ ।

ਇਸੇ ਤਰ੍ਹਾਂ ਸਾਨੂੰ 'ਖੰਡੇ ਦੇ ਪਾਹੁਲ' ਵਿਚ ਵਰਤੇ ਜਾ ਰਹੇ ਹਰ ਚਿੰਨ੍ਹ ਦੇ ਰਹਿਸ ਲੱਭ ਕੇ ਦੱਸਣੇ ਉਚਿਤ ਹਨ । ਇਹਨਾਂ ਰਹਿਸਾਂ ਦੀ ਅੰਤਮ ਸੀਮਾ ਨੂੰ ਅਸੀਂ ਕਦੇ ਨਹੀਂ ਛੋਹ ਸਕਾਂਗੇ ਅਤੇ ਕਿਸੇ ਵਿਆਖਿਆ ਦੇ ਪੂਰਨ ਹੋਣ ਦਾ ਵੀ ਕਦੇ ਦਾਅਵਾ ਨਹੀਂ ਹੋਵੇਗਾ, ਪਰ ਇਹ ਯਤਨ ਤਾਂ ਜ਼ਰੂਰੀ ਹੈ । 'ਖੰਡੇ ਦੇ ਪਾਹੁਲ' ਵਿਚ ਖੰਡੇ ਦੀ ਵਰਤੋਂ ਕਿਉਂ ਹੁੰਦੀ ਹੈ, ਸ੍ਰੀ ਸਾਹਿਬ ਦੀ ਕਿਉਂ ਨਹੀਂ ਹੁੰਦੀ; 'ਸਰਬ ਲੋਹ' ਦਾ ਬਾਟਾ ਕਿਉਂ ਵਰਤਦੇ ਹਨ; ਜਲ ਤੇ ਪਤਾਸੇ ਹੀ ਕਿਉਂ ਵਰਤਦੇ ਹਨ, ਹੋਰ ਕਈ ਸਰੇਸ਼ਟ ਚੀਜ਼ਾਂ ਵੀ ਵਰਤੀਆਂ ਜਾ ਸਕਦੀਆਂ ਹਨ; ਪੰਜ ਹੀ ਪਿਆਰੇ ਕਿਉਂ ਹੁੰਦੇ ਹਨ; ਪੰਜਾਂ ਹੀ ਬਾਣੀਆਂ ਦਾ ਪਾਠ ਕੀ ਮਹੱਤਵ ਰੱਖਦਾ ਹੈ, ਪੰਜ ਪੰਜ ਕਰ ਕੇ ੧੫ ਚੁਲੇ ਕਿਉਂ ਦਿੰਦੇ ਹਨ; ਵਾਹਿਗੁਰੂ ਜੀ ਕੀ ਫ਼ਤਿਹ ਦਾ ਕੀ ਭਾਵ ਹੈ; ਪੰਜ ਨਿਸ਼ਾਨ ਕਿਉਂ ਧਾਰਨ ਕਰੀਦੇ ਹਨ; ਆਦਿ ਕਈ ਰਹਿਸ ਖੋਲ੍ਹਣ ਦੀ ਲੋੜ ਹੈ । ਇਹ ਸਭ ਕੁਝ ਅਗੰਮ ਹੈ, ਪਰ ਖ਼ਾਲਸਾ ਜਥੇਬੰਦੀ ਨੂੰ ਯਤਨ ਕਰਦੇ ਰਹਿਣਾ ਚਾਹੀਦਾ ਹੈ ਕਿ ਇਹ ਰਹਿਸ ਖੋਲ੍ਹੇ ਜਾਣ । ਇਥੇ ਸਾਧਾਰਣ ਜਿਹਾ ਯਤਨ ਕਰਦੇ ਹਾਂ ।

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥
—ਵਡਹੰਸ ਮਹਲਾ ੩ ॥

ਪਹਿਲੀ ਵਿਚਾਰ ਗੋਚਰੇ ਗੱਲ ਤਾਂ ਇਹ ਹੈ ਕਿ ਅੰਮ੍ਰਿਤ ਕੋਈ ਪਾਨ ਕਿਉਂ ਕਰੇ ? ਗੁਰੂ ਜੀ ਦਾ ਸਿਧਾਂਤ ਇਹ ਹੈ ਕਿ ਅਸਲ ਅੰਮ੍ਰਿਤ ਦਾ ਖੂਹ ਹਰ ਮਨੁੱਖ ਦੇ ਅੰਦਰ ਭਰਿਆ ਪਿਆ ਹੈ—'ਅੰਤਰਿ ਖੂਹਟਾ ਅੰਮ੍ਰਿਤ ਭਰਿਆ' । ਹਰ ਮਨੁੱਖ ਦੇ ਅੰਦਰ ਅੰਮ੍ਰਿਤ ਦਾ ਖੂਹ ਹੈ ਭਾਵ ਜੀਵਨ ਦੇ ਉੱਚੇ ਤੋਂ ਉੱਚੇ ਆਦਰਸ਼ਾਂ ਦੀ ਪੂਰਤੀ ਲਈ ਮਨੁੱਖ ਦੇ ਧੁਰ ਅੰਦਰ ਸੋਝੀ ਵੀ ਲੁੱਕੀ ਪਈ ਹੈ ਅਤੇ ਉਹਨਾਂ ਦੀ ਪੂਰਤੀ ਲਈ ਬਲ ਵੀ ਲੁੱਕਿਆ ਹੋਇਆ ਹੈ । ਪਰ ਫਿਰ ਵੀ ਮਨੁੱਖ ਬੇ-ਬਸ ਫਿਰਦਾ ਹੈ ।

'ਅੰਮ੍ਰਿਤ' ਜਾਂ 'ਖੰਡੇ ਦਾ ਪਾਹੁਲ' ਦਾ ਫਿਰ ਅਸਲ ਮੰਤਵ ਤਾਂ ਇਹ ਹੋਇਆ ਕਿ ਇਹ ਮਨੁੱਖ ਦੀਆਂ ਹੀ ਸ਼ਕਤੀਆਂ ਨੂੰ ਉਭਾਰਨ ਦਾ ਵਸੀਲਾ ਹੈ । ਜਿਵੇਂ ਕਈ ਵਾਰੀ ਨਲਕੇ ਦਾ ਪਾਣੀ ਥੱਲੇ ਲੱਥ ਜਾਂਦਾ ਹੈ ਤਾਂ ਥੋੜ੍ਹਾ ਜਿਹਾ ਪਾਣੀ ਉਪਰੋਂ ਪਾ ਦਿੰਦੇ ਹਨ,

ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥
ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ ॥

ਫਿਰ ਝੱਟ ਨੇਲਕੇ ਦਾ ਪਾਣੀ ਵੀ ਚੱਲ ਪੈਂਦਾ ਹੈ। ਮਨੁੱਖ ਦੇ ਅੰਦਰ ਅੰਮ੍ਰਿਤ ਹੈ ਪਰ ਉਸ ਅੰਮ੍ਰਿਤ ਨੂੰ ਉਪਰ ਲਿਆਉਣ ਦੀ ਲੋੜ ਹੈ, ਉਹ ਅੰਮ੍ਰਿਤ ਦਸਮ ਦੁਆਰ ਵਿਚ ਬੰਦ ਪਿਆ ਹੈ, ਉਸ ਦੇ ਪਰਵਾਹ ਨੂੰ ਜਾਰੀ ਕਰਨ ਦੀ ਲੋੜ ਹੈ ਤਾਂ ਜੋ ਉਹ ਮਨ, ਚਿਤ, ਬੁੱਧੀ, ਬਲ ਨੂੰ ਪਵਿੱਤਰ ਕਰੇ ਅਤੇ ਮਨੁੱਥ ਦੇ ਕਰਤੱਵ ਵਿਚ ਅੰਮ੍ਰਿਤ ਝਰੇ, ਉਸ ਦੀ ਸ਼ਖ਼ਸੀਅਤ ਵਿਚ ਅੰਮ੍ਰਿਤ ਪਰਵੇਸ਼ ਕਰੇ।

ਸਾਰੀ ਬਾਣੀ ਵਿਚ ਵੀ ਮਨੁੱਖ ਦੇ ਅੰਦਰਲੇ ਅੰਮ੍ਰਿਤ ਨੂੰ ਬਾਹਰ ਕਰਤੱਵ ਵਿਚ ਲੈ ਆਉਣ ਦੇ ਹੀ ਵਸੀਲੇ ਦੱਸੇ ਹੋਏ ਹਨ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਦਾ ਅੰਮ੍ਰਿਤ' ਗੁਰਬਾਣੀ ਦਾ ਨਾਟਕੀ ਚਿੰਨ੍ਹ ਹੈ ਜਿਹੜੀ ਬਾਣੀ ਮਨੁੱਖ ਨੂੰ ਅੰਦਰਲੇ ਅੰਮ੍ਰਿਤ ਨੂੰ ਪਾਨ ਕਰਨ ਦੇ ਵਸੀਲੇ ਦੱਸਦੀ ਰਹੀ ਹੈ। ਗੁਰਬਾਣੀ ਦੱਸਦੀ ਰਹੀ ਹੈ—

(੧) ਭਾਂਡਾ ਧੋਇ ਬੈਸਿ ਧੂਪੁ ਦੇਵਹੁ
ਤਉ ਦੂਧੈ ਕਉ ਜਾਵਹੁ ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ
ਹੋਇ ਨਿਰਾਸ ਜਮਾਵਹੁ ॥
ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥
ਇਹੁ ਮਨੁ ਈਟੀ ਹਾਥਿ ਕਰਹੁ
ਫੁਨਿ ਨੇਤ੍ਰਉ ਨੀਦ ਨ ਆਵੈ ॥
ਰਸਨਾ ਨਾਮੁ ਜਪਹੁ ਤਬੁ ਮਥੀਐ
ਇਨ ਬਿਧ ਅੰਮ੍ਰਿਤੁ ਪਾਵਹੁ ॥

'ਅੰਮ੍ਰਿਤ' ਤਾਂ ਆਪਣੀ ਸ਼ਖ਼ਸੀਅਤ ਨੂੰ ਰਿੜਕਣਾ ਹੈ ਅਤੇ ਆਪਣੇ ਉੱਤਮ ਤੋਂ ਉੱਤਮ ਪੱਖ ਤੇ ਭਾਗ ਨੂੰ ਸਾਕਾਰ ਕਰਨਾ ਹੈ ਅਤੇ ਉਸ ਨੂੰ ਪ੍ਰਯੋਗ ਵਿਚ ਲਿਆਉਣਾ ਹੈ। ਮਨੁੱਖ ਅੰਦਰ ਦਇਆ, ਧਰਮ, ਸੁੱਚ ਦਾ ਦੁੱਧ ਹੈ—ਇਹ ਨਾਮ ਨਾਲ ਰਿੜਕਿਆ ਜਾਣਾ ਹੈ। ਇਸ ਰੇੜਕੇ ਵਿਚੋਂ ਹੀ ਅੰਮ੍ਰਿਤ ਨਿਕਲਣਾ ਹੈ। ਇਹ ਮਨੁੱਖ ਦਾ ਉੱਚਤਮ ਤੱਤ ਜਾਂ ਸਾਰ ਹੈ, ਉਸ ਦੀ ਸ਼ਖਸੀਅਤ, ਮਾਨਸਕ ਤੇ ਆਤਮਕ ਸ਼ਕਤੀ ਦਾ ਸਰੇਸ਼ਟਤਮ ਪੱਖ ਹੈ। ਸ਼ਖ਼ਸੀਅਤ ਨਾਲ ਇਸ ਦਾ ਉਹ ਸੰਬੰਧ ਹੈ ਜੋ ਦੁੱਧ ਨਾਲ ਮੱਖਣ ਦਾ ਹੈ।

(੨) ਜਤੁ ਪਾਹਾਰਾ ਧੀਰਜੁ ਸੁਨਿਆਰ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ ॥

ਜਤ, ਧੀਰਜ, ਮਤਿ, ਵੇਦ, ਭਉ, ਤਪ ਤੇ ਭਾਉ ਦੇ ਭਾਂਡੇ ਵਿਚ ਅੰਮ੍ਰਿਤ ਰੱਖਿਆ ਜਾ ਸਕਦਾ ਹੈ—ਇਹ ਗੁਣ ਹੀ ਮਨੁੱਖੀ ਸ਼ਕਤੀ ਦਾ ਸਰੇਸ਼ਟਤਮ ਪੱਖ ਹਨ ਅਤੇ ਇਹੋ ਅੰਮ੍ਰਿਤ ਹਨ। 'ਖੰਡੇ ਦਾ ਪਾਹੁਲ' ਇਹਨਾਂ ਗੁਣਾਂ ਨੂੰ ਹਰਕਤ ਦਿੰਦਾ ਹੈ। ਇਹ ਗੁਣ ਮਨੁੱਖ ਦੇ ਅੰਦਰ ਹਨ, ਉਸ ਦੇ ਅੰਦਰ ਇਹਨਾਂ ਦਾ ਖੂਹ ਭਰਿਆ ਪਿਆ ਹੈ। ਪਰ ਕਿਸੇ ਤਰ੍ਹਾਂ ਹੀ ਖੂਹ ਵਿਚੋਂ ਵੀ ਪਾਣੀ ਕੱਢਿਆ ਜਾ ਸਕਦਾ ਹੈ। '[illegible] ਕਾਢਿ ਪੀਏ ਪਨਿਹਾਰੀ' ਹੈ। 'ਖੰਡੇ ਦਾ ਅੰਮ੍ਰਿਤ' ਉਹ ਲੱਜ ਹੈ, ਉਹ 'ਗਾਗਰ' ਹੈ ਜੋ ਅੰਦਰਲੇ

ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਦੀ ਮਿਠਿਆਈ॥ ਰਤਨ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ॥੪॥ - ਸੋਰਠਿ ਮਹਲਾ ੫॥



ਅੰਮ੍ਰਿਤ ਦੇ ਖੂਹ ਵਿਚੋਂ ਅੰਮ੍ਰਿਤ ਕੱਢ ਕੇ ਮਨੁੱਖ ਨੂੰ ਦੇ ਸਕਦੀ ਹੈ।

(੩) ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ
ਸਚਾ ਮਨਿ ਵਸਾਇਆ ॥
ਜੀਅ ਜੰਤ ਸਭਿ ਤੁਧੁ ਉਪਾਏ
ਇਕਿ ਵੇਖਿ ਪਰਸਣਿ ਆਇਆ ॥
ਲਬੁ ਲੋਭੁ ਅਹੰਕਾਰੁ ਚੂਕਾ
ਸਤਿਗੁਰੂ ਭਲਾ ਭਾਇਆ ॥
ਕਹੈ ਨਾਨਕੁ ਜਿਸ ਨੋ ਆਪਿ ਤੁਠਾ
ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥

ਸਲੋਕ ਮਹਲਾ ੨॥
ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥
ਤਿਨੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ॥੧॥

'ਅੰਮ੍ਰਿਤ' ਦੇ 'ਖਹਟਾ' ਤੀਕ ਪਹੁੰਚ ਤਾਂ ਤਦ ਹੁੰਦੀ ਹੈ ਜਦੋਂ 'ਲਬੁ ਲੋਭੁ ਅਹੰਕਾਰ' ਚੁੱਕ ਜਾਣ। 'ਖੰਡੇ ਦਾ ਅੰਮ੍ਰਿਤ' 'ਲਬੁ ਲੋਭੁ ਅਹੰਕਾਰ' ਨੂੰ ਜਿੱਤਣ ਦਾ ਵਸੀਲਾ ਹੈ।

ਅੰਮ੍ਰਿਤ ਵਾਲਾ ਮਨੁੱਖ ਕਦੇ ਗੁੱਝਾ ਲੁੱਕਿਆਂ ਨਹੀਂ ਰਹਿ ਸਕਦਾ ਕਿਉਂਕਿ ਜਦੋਂ ਕਿਸੇ ਦੇ ਅੰਦਰ ਅੰਮ੍ਰਿਤ ਦਾ ਖੂਹਟਾ ਪ੍ਰਗਟ ਹੋ ਜਾਏ, ਤਾਂ ਉਹ ਅੰਮ੍ਰਿਤ ਬਾਹਰ ਪਤਾ ਲਗਦਾ ਹੈ। ਉਸ ਮਨੁੱਖ ਨੂੰ ਵੇਖ ਕੇ ਹੋਰਾਂ ਦਾ ਅੰਮ੍ਰਿਤ ਵੀ ਉਛਾਲੇ ਮਾਰਨ ਲਗਦਾ ਹੈ। ਉਸ ਮਨੁੱਖ ਦੇ ਦਰਸ਼ਨ ਇਸ ਤਰ੍ਹਾਂ ਹੁੰਦੇ ਹਨ :—

ਹਰਿ ਅੰਮ੍ਰਿਤ ਭਿੰਨੇ ਲੋਇਣਾ
ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ ॥
ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥
ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ॥

'ਖੰਡੇ ਦਾ ਅੰਮ੍ਰਿਤ ਮਨੁੱਖ ਦੇ ਅੰਦਰਲੇ 'ਅੰਮ੍ਰਿਤ ਖੂਹਟੇ' ਨੂੰ ਉਭਾਰਨ ਦਾ ਵਸੀਲਾ ਹੈ। ਇਹ ਚਿੰਨ੍ਹ ਹੈ ਮਨੁੱਖ ਨੂੰ ਵਿਸ਼ਵਾਸ ਦਿਵਾਉਣ ਲਈ ਕਿ ਉਸ ਦੇ ਅੰਦਰ ਅੰਮ੍ਰਿਤ-ਰਸ ਜਾਂ ਖੂਹਟਾ ਹੈ। ਉਹ ਤਕੜਾ ਹੋਵੇ ਅਤੇ ਜੀਵਨ-ਰਸ ਨੂੰ ਪ੍ਰਾਪਤ ਕਰੇ। ਅਸਲ ਅੰਮ੍ਰਿਤ ਮਨੁੱਖ ਦੀ ਅੰਦਰਲੀ ਮਾਨਸਕ ਤੇ ਆਤਮਕ ਸ਼ਕਤੀ ਵਿਚ ਹੈ। 'ਖੰਡੇ ਦੇ ਅੰਮ੍ਰਿਤ' ਨੇ ਇਹਨਾਂ ਸ਼ਕਤੀਆਂ ਨੂੰ ਉਭਾਰਨਾ ਹੈ। ਇਹ ਮਨੋਵਿਗਿਆਨਕ ਸਾਧਨ ਹੈ—ਇਹ 'ਬਿਬੇਕ' ਭਰੋਸੇ ਤੇ ਵਿਸਾਹ ਦਾ ਦਾਨ ਹੈ। ਭਰੋਸਾ ਅਤੇ ਵਿਸਾਹ ਨਿਰੋਲ ਮਨੋਵਿਗਿਆਨਕ ਹਨ। ਖੰਡੇ ਦਾ ਅੰਮ੍ਰਿਤ ਮਨੁੱਖ ਨੂੰ ਭਰੋਸਾ ਅਤੇ ਵਿਸਾਹ ਦਿੰਦਾ ਹੈ ਕਿ ਉਸ ਦੇ ਅੰਦਰ ਸਾਰੇ ਰਸਾਂ (ਅੰਮ੍ਰਿਤ) ਦਾ ਖੂਹ ਹੈ।

### ੩.

(੧) 'ਖੰਡੇ ਦੇ ਅੰਮ੍ਰਿਤ' ਦੇ ਦਾਨ ਪਰਦਾਨ ਵਿਚ ਸਭ ਤੋਂ ਪਹਿਲੀ ਚੀਜ਼ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਹੈ ਜੋ ਆਪ ਸਾਰੇ ਅੰਮ੍ਰਿਤ ਦਾ ਸੋਮਾ ਹੈ ਅਤੇ ਜਿਸ ਦਾ ਇਕ-ਇਕ ਸ਼ਬਦ ਅੰਮ੍ਰਿਤ ਦਾ ਸੋਮਾ ਹੈ ਅਤੇ ਜਿਸ ਦੇ ਇਕ ਇਕ ਸ਼ਬਦ ਵਿਚੋਂ

ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥ ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥

ਅੰਮ੍ਰਿਤ ਝਰਦਾ ਹੈ। ਇਸ ਅੰਮ੍ਰਿਤ-ਸੋਮੇ ਤੋਂ ਹੀ ਕੇਵਲ ਕਿਸੇ ਨੂੰ ਅੰਮ੍ਰਿਤ ਪ੍ਰਾਪਤ ਹੋ ਹੋ ਸਕਦਾ ਹੈ। ਇਹ ਸਾਡਾ ਆਦਰਸ਼ ਤੇ ਇਸ਼ਟ ਹੈ। ਇਸ ਦੀ ਸਿੱਖਿਆ ਨੂੰ ਛੋਹਣਾ ਹੀ ਅੰਮ੍ਰਿਤ-ਜੀਵਨ ਨੂੰ ਪੁੱਜਣਾ ਹੈ। ਇਸ ਇਸ਼ਟ ਦੇ ਸਨਮੁਖ ਅੰਮ੍ਰਿਤ ਅਭਿਲਾਖੀ ਪ੍ਰਣ ਕਰਦਾ ਹੈ ਕਿ ਮੈਂ ਜੀਵਨ ਦੇ ਅੰਮ੍ਰਿਤ-ਮਾਰਗ ਨੂੰ ਚੁਣਦਾ ਹਾਂ ਅਤੇ ਇਸ ਨੂੰ ਕੇਸਾਂ-ਸੁਆਸਾਂ ਨਾਲ ਨਿਭਾਵਾਂਗਾ। ਅੰਮ੍ਰਿਤ ਪਾਨ ਗੁਰੂ ਦੀ ਹਜ਼ੂਰੀ ਵਿਚ ਪ੍ਰਣ ਹੈ—ਨਵੇਂ ਜੀਵਨ-ਰਾਹ ਤੇ ਦ੍ਰਿੜ੍ਹਤਾ ਨਾਲ ਤੁਰਨ ਦਾ।

(੨) 'ਪੰਜ-ਪਿਆਰੇ' ਗੁਰੂ-ਰੂਪ ਹੋ ਕੇ ਅੰਮ੍ਰਿਤ ਤਿਆਰ ਕਰਦੇ ਹਨ ਅਤੇ ਇਹ ਦਾਤ ਬਖਸ਼ਦੇ ਹਨ। ਇਹ ਪੰਜ ਮਿਲ ਕੇ ਗੁਰੂ-ਤੁਲ ਹਨ; ਇਹ ਉਸ ਪੱਧਰ ਦੇ ਹਨ ਜਿਸ ਬਾਰੇ ਗੁਰੂ ਨਾਨਕ ਸਾਹਿਬ ਜੀ ਨੇ ਦੱਸਿਆ ਹੈ :

ਪੰਚ ਪਰਵਾਣ ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥

ਇਹ ਸਰੇਸ਼ਟ ਅਤੇ ਉੱਤਮ ਪੁਰਸ਼ ਹਨ।

(੩) 'ਸਰਬ ਲੋਹ' ਦੇ ਬਾਟੇ ਵਿਚ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ। 'ਅਕਾਲ ਪੁਰਖ' ਦਾ ਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ 'ਸਰਬ ਲੋਹ' ਦਾ ਮੰਨਿਆ ਹੈ; ਸ੍ਰੀ ਸਾਹਿਬ ਦਾ ਸਰੂਪ 'ਸਰਬ ਲੋਹ' ਦਾ ਮੰਨਿਆ ਹੈ, ਰੱਬੀ-ਹੁਕਮ ਦਾ ਸਰੂਪ 'ਸਰਬ-ਲੋਹ' ਦਾ ਮੰਨਿਆ ਹੈ। ਇਸ 'ਸਰਬ-ਲੋਹ ਦੀ ਰੱਛਿਆ ਗੁਰੂ ਜੀ ਨੇ ਮੰਗੀ ਹੈ। ਦ੍ਰਿੜ੍ਹਤਾ ਤੇ ਅਟੱਲਤਾ 'ਸਰਬ-ਲੋਹ' ਦੇ ਰੂਪ ਹਨ।

ਜੀਵ ਦਾ ਹਿਰਦਾ ਹੀ ਇਹ ਬਾਟਾ ਹੈ ਜਿਸ ਭਾਂਡੇ ਨੂੰ ਧੋਣਾ ਹੈ ਅਤੇ ਵਿਚ ਅੰਮ੍ਰਿਤ ਚੋਣਾ ਹੈ। 'ਦਸਮ ਦੁਆਰ' ਹੀ ਇਹ ਭਾਂਡਾ ਹੈ ਜਿਸ ਵਿਚ ਅੰਮ੍ਰਿਤ ਚੋਣਾ ਹੈ। 'ਦਸਮ ਦੁਆਰ' ਹੀ ਇਹ ਭਾਂਡਾ ਹੈ ਜਿਸ ਵਿਚ ਅੰਮ੍ਰਿਤ ਝਰਦਾ ਹੈ।

(੪) 'ਸਰਬ ਲੋਹ' ਦੇ ਬਾਟੇ ਵਿਚ 'ਸੁਛ ਜਲ' ਤੋਂ ਅੰਮ੍ਰਿਤ ਤਿਆਰ ਹੋਣਾ ਹੈ। 'ਜਲ' ਪਵਿੱਤਰਤਾ ਦਾ ਚਿੰਨ੍ਹ ਹੈ, ਜਲ ਸੀਤਲ ਹੈ। ਅੰਮ੍ਰਿਤ ਨੇ ਮਨੁੱਖ ਨੂੰ ਜਲ ਵਾਂਗ ਸੀਤਲ ਕਰਨਾ ਹੈ। ਜਲ ਹੀ ਯੋਗ ਵਸਤੂ ਹੈ, ਦੁੱਧ ਵੀ ਜਲ ਦੀ ਥਾਂ ਨਹੀਂ ਲੈ ਸਕਦਾ। 'ਜਲ' ਚਿੰਨ੍ਹ ਹੈ ਪਵਿੱਤਰਤਾ, ਸੀਤਲਤਾ ਤੇ ਮਿਠਾਸ ਦਾ। 'ਜਲ' ਇਸ਼ਨਾਨ ਦਾ ਚਿੰਨ੍ਹ ਹੈ ਅਤੇ ਇਸ਼ਨਾਨ ਪਵਿੱਤਰਤਾ ਦਾ। ਜਲ ਭਾਰਤੀ ਸੰਸਕ੍ਰਿਤੀ ਵਿਚ 'ਗਤੀ' ਦਾ ਚਿੰਨ੍ਹ ਹੈ—ਜਲ ਬਿਨਾਂ ਗਤੀ ਨਹੀਂ ਹੈ। ਜਲ ਹੀ ਜੀਵਨ ਹੈ, ਜਲ ਬਿਨਾਂ ਜੀਵਨ ਸੰਭਵ ਨਹੀਂ ਹੈ।

(੫) 'ਪਤਾਸੇ' ਖੰਡ ਜਾਂ ਗੁੜ ਜਾਂ ਮਿੱਠੇ ਦੇ ਕਿਸੇ ਹੋਰ ਰੂਪ ਨਾਲੋਂ ਇਸ ਪੱਖ ਵਿਚ ਉੱਤਮ ਹਨ ਕਿ ਇਹ 'ਮਿਠਾਸ' ਦਾ ਚਿੰਨ੍ਹ ਹੁੰਦਿਆਂ, ਨਿੱਕੇ ਵੱਡੇ ਦੀ ਬਰਾਬਰੀ ਦਾ ਵੀ ਚਿੰਨ੍ਹ ਹਨ। 'ਖੰਡ' ਸ਼ੱਕਰ ਦਾ ਰੂਪ ਇਕਸਾਰ ਹੈ; 'ਗੁੜ' ਦਾ ਰੂਪ ਬਹੁਤ ਹੀ ਇਕਸਾਰਤਾ ਰਹਿਤ ਹੈ। ਪਤਾਸੇ ਵੱਡੇ ਵੀ ਹਨ, ਨਿੱਕੇ ਵੀ ਹਨ। ਇਹ ਮਨੁੱਖਤਾ ਦੀ ਬਰਾਬਰੀ ਨੂੰ ਪ੍ਰਗਟ ਕਰਦੇ ਹਨ ਜਦੋਂ ਨਿੱਕੇ ਮੋਟੇ ਰਲ ਮਿਲ ਕੇ ਜਲ ਵਿਚ ਘੁਲ ਜਾਂਦੇ ਹਨ।

(੬) 'ਖੰਡਾ' ਸਾਰੀ ਤਿਆਰੀ ਵਿਚ ਬਹੁਤ ਵਿਸ਼ੇਸ਼ਤਾ ਵਾਲੀ ਚੀਜ਼ ਹੈ। ਇਹ 'ਮੀਰੀ' ਅਤੇ 'ਪੀਰੀ' ਦੇ ਜੀਵਨ ਸੁਮੇਲ ਦਾ ਚਿੰਨ੍ਹ ਹੈ, ਇਹ 'ਸੰਤ-ਸਿਪਾਹੀ', 'ਰਾਜ-ਜੋਗ', 'ਗ੍ਰਹਿਸਤ-ਉਦਾਸ', 'ਭਗਤੀ-ਸ਼ਕਤੀ' ਦਾ ਵਾਚਕ ਹੈ। 'ਖੰਡੇ' ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਮੀਰੀ ਤੇ ਪੀਰੀ ਦੀਆਂ ਦੋਵੇਂ ਤਲਵਾਰਾਂ ਮਿਲੀਆਂ ਹੋਈਆਂ ਹਨ। ਅੰਮ੍ਰਿਤਧਾਰੀ ਸਿੰਘ ਨੇ ਸਦਾ ਸਾਵਾਂ-ਪੱਧਰਾ ਰਹਿਣਾ ਹੈ, ਕਦੇ ਗ੍ਰਹਿਸਤ ਜਾਂ ਉਦਾਸ ਵਲ ਉਲਾਰ ਨਹੀਂ ਹੋਣਾ। ਇਹ ਵਿਚਾਲੇ ਮਾਰਗ ਦਾ ਚਿੰਨ੍ਹ ਹੈ ਅਤੇ ਦ੍ਰਿੜ੍ਹਤਾ ਤੇ ਸਰਬ ਲੋਹ ਦੀ ਸ਼ਕਤੀ ਦਾ ਸੂਚਕ ਹੈ।

'ਖੰਡੇ' ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਅਕਾਲ ਪੁਰਖੁ' ਦੀ ਪਹਿਲੀ ਰਚਨਾ ਮੰਨਿਆ ਹੈ। ਇਸ ਵਿਚੋਂ ਹੀ ਇਸ ਸੰਸਾਰ ਦੀ ਉਤਪਤੀ ਮੰਨੀ ਹੈ।

ਖੰਡਾ ਪ੍ਰਿਥਮੈ ਸਾਜਿ ਕੈ
ਜਿਨ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨੁ ਮਹੇਸ ਸਾਜਿ
ਕੁਦਰਤਿ ਦਾ ਖੇਲੁ ਰਚਾਇ ਬਣਾਇਆ।

'ਖੰਡੇ' ਵਿਚ ਹੀ 'ਭਗੌਤੀ' ਵੀ ਮਿਲੀ ਹੋਈ ਹੈ।

(੭) 'ਪੰਜ ਬਾਣੀਆਂ' ਦੇ ਅਸੂਲ ਹੀ 'ਅੰਮ੍ਰਿਤ' ਜੀਵਨ ਹਨ : ਬਾਕੀ ਤਾਂ ਅੰਮ੍ਰਿਤ ਤਿਆਰੀ ਦਾ ਸਭ ਕੁਝ ਛੇਤੀ ਮੁਕੰਮਲ ਹੋ ਜਾਂਦਾ ਹੈ, 'ਬਾਣੀ' ਦੇ ਪਾਠ ਤੇ ਹੀ ਸਮਾਂ ਲਗਦਾ ਹੈ। ਬਸ ਇਹ ਅਸੂਲ ਜੋ ਇਹਨਾਂ ਬਾਣੀਆਂ ਵਿਚ ਬਖ਼ਸ਼ੇ ਹਨ, ਹੀ ਅੰਮ੍ਰਿਤ ਸੋਮੇ ਤੀਕ ਪਹੁੰਚੇ ਹਨ।

ਇਹਨਾਂ ਬਾਣੀਆਂ ਦਾ ਰੋਜ਼ ਸਿੱਖ ਨੇ ਪਾਠ ਕਰਨਾ ਹੈ ਅਤੇ ਇਸ ਤਰ੍ਹਾਂ ਉਸ ਨੇ ਰੋਜ਼ ਹੀ ਅੰਮ੍ਰਿਤ ਵੇਲੇ ਸਵੱਛ-ਪਵਿੱਤਰ ਹੋ ਕੇ ਅੰਮ੍ਰਿਤ ਤਿਆਰ ਕਰਨਾ ਹੈ। ਇਹ ਅੰਮ੍ਰਿਤ ਉਸ ਦੇ ਦਸਮ ਦੁਆਰ ਦੇ ਬਾਟੇ ਵਿਚ ਤਿਆਰ ਹੋਣਾ ਹੈ। ਇਹਨਾਂ ਅਸੂਲਾਂ ਨੂੰ ਹੀ ਉਸ ਨੇ ਰੋਜ਼ ਦੇ ਜੀਵਨ ਵਿਚ ਵਰਤਣਾ ਹੈ। ਬਾਣੀ ਦੀ ਇਹ ਸਿੱਖਿਆ ਹੀ ਸ਼ੁੱਧ ਪਵਿੱਤਰ ਅੰਮ੍ਰਿਤ ਰੂਪ ਹੈ।

ਅੰਮ੍ਰਿਤ-ਜੀਵਨ ਜਾਂ ਅੰਮ੍ਰਿਤ ਰਹਿਣੀ ਹੈ : ਨਿੱਤਨੇਮ ਦੇ ਅਸੂਲਾਂ ਅਧੀਨ ਜੀਵਨ ਗੁਜ਼ਾਰਨਾ। ਗੁਰਮਤਿ ਦੇ ਸਭ ਸਿਧਾਂਤ ਤੇ ਸਭ ਅਸੂਲ ਨਿੱਤਨੇਮ ਦੀਆਂ ਬਾਣੀਆਂ ਵਿਚ ਆਏ ਹੋਏ ਹਨ। ਨਿੱਤਨੇਮ ਦਾ ਤਾਂ ਪਾਠ ਚਿੰਨ੍ਹ ਰੂਪ ਵਿਚ ਆਦਿ ਗੁਰੂ ਗ੍ਰੰਥ ਸਾਹਿਬ ਦਾ, ਦਸਮ ਗ੍ਰੰਥ ਸਾਹਿਬ ਦਾ ਪਾਠ ਹੈ, ਜਿਵੇਂ '੧ੴ ਸਤਿਗੁਰ ਪ੍ਰਸਾਦਿ' ਸਾਰੇ ਮੂਲ ਮੰਤ੍ਰ ਦਾ ਪਾਠ ਹੈ। ਇਹ ਬਾਣੀਆਂ ਗੁਰੂ ਸਾਹਿਬ ਨੇ ਆਪ ਦੋਹਾਂ ਗੁਰੂ ਗ੍ਰੰਥ ਸਾਹਿਬਾਨ ਦਾ ਪ੍ਰਤੀਨਿਧ ਸਰੂਪ ਕਰ ਕੇ ਸਥਾਪਨ ਕੀਤੀਆਂ ਹਨ। ਅੰਮ੍ਰਿਤ-ਧਾਰੀ ਰੋਜ਼ ਦੋਹਾਂ ਗੁਰੂ ਗ੍ਰੰਥ ਸਾਹਿਬਾਨ ਦਾ ਪਾਠ ਕਰਦਾ ਹੈ।

ਨਿੱਤਨੇਮ ਦੇ ਅਸੂਲ ਹੀ ਅੰਮ੍ਰਿਤ-ਜੀਵਨ ਦੇ ਸਕਦੇ ਹਨ। ਸੰਕੇਤ ਮਾਤਰ ਇਹਨਾਂ ਅਸੂਲਾਂ ਦੀ ਰੂਪ-ਰੇਖਾ ਇਥੇ ਦਿੰਦੇ ਹਾਂ। ਜਦੋਂ ਵੀ ਅਸੀਂ ਇਹਨਾਂ ਅਸੂਲਾਂ ਦਾ ਅੰਮ੍ਰਿਤ ਛਕ ਕੇ ਨਿਭਾ ਲਵਾਂਗੇ ਉਦੋਂ ਹੀ ਕੌਮੀ ਜੀਵਨ ਉੱਚਾ ਤੇ ਮਿੱਠਾ ਹੋ ਜਾਏਗਾ। ਅਸੂਲ ਇਹ ਹਨ :—

(ਜਪੁਜੀ ਵਿਚੋਂ)

(੧) 'ਸਤਿ ਸੁਹਾਣ ਸਦਾ ਮਨਿ ਚਾਉ'—ਪਰਮਾਤਮਾ ਸਚਾਈ ਹੈ, ਸੁੰਦਰਤਾ ਹੈ ਅਤੇ ਖ਼ੁਸ਼ੀ ਭਰਪੂਰ ਉਤਸ਼ਾਹ ਹੈ—ਇਹ ਤਿੰਨੇ ਹੀ ਗੁਣ ਸਾਡਾ ਆਦਰਸ਼ ਹੈ। ਇਹੋ ਹੀ ਪੁਰਾਤਨ ਭਾਰਤੀ ਆਦਰਸ਼ ਹੈ—ਸਤਯਮ, ਸੁੰਦਰਮ ਸ਼ਿਵਮ। ਅਸਾਂ ਸਚਾਈ ਤੇ ਪਹਿਰਾ ਦੇਣਾ ਹੈ, ਸੁੰਦਰਤਾ ਦੀ ਪਹਿਚਾਨ ਕਰਨੀ ਹੈ ਅਤੇ ਇਹਨਾਂ ਦੋਹਾਂ ਦੇ ਸਹਾਰੇ ਜੀਵਨ ਨੂੰ ਮਾਣਨਾ ਹੈ, ਉਤਸ਼ਾਹ ਭਰਪੂਰ ਚਾਉ ਨਾਲ। ਜੀਵਨ ਖ਼ੁਸ਼ੀ ਦਾ ਸੋਮਾ ਸਚਾਈ ਤੇ ਸੁੰਦਰਤਾ ਹੀ ਹਨ। ਸੱਚੇ ਤੇ ਸੁੰਦਰ ਵਿਚਾਰ, ਕਥਨੀ ਤੇ ਵਿਹਾਰ ਹੀ ਜੀਵਨ ਨੂੰ 'ਸਦਾ ਮਨ ਚਾਉ' ਦੇ ਸਕਦੇ ਹਨ।

(੨) 'ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥' ਇਕ ਹੋਰ ਮਹਾਨ ਅਸੂਲ ਹੈ, ਭਾਵ ਸੰਸਾਰ ਦਾ ਸਹਾਰਾ ਧਰਮ ਹੈ, ਧਰਮ ਦੀ ਉਤਪਤੀ ਸਾਥੀਆਂ ਤੇ ਹੋਰ ਮਨੁੱਖਾਂ ਨਾਲ ਦਇਆ ਤੇ ਪਿਆਰ ਕਰਨ ਵਿਚੋਂ ਹੈ। ਅਸੀਂ ਸਾਥੀਆਂ ਨਾਲ ਪਿਆਰ ਤਦ ਕਰ ਸਕਦੇ ਹਾਂ ਜੇ ਸਾਡਾ ਜੀਵਨ ਸੰਤੋਖੀ ਹੋਵੇ। ਦਇਆ ਤੇ ਪਿਆਰ ਦਾ ਭਾਵ ਗੱਲਾਂ ਨਾਲ ਪਰਚਾਉਣਾ ਨਹੀਂ ਹੈ, ਵੰਡ-ਛਕਣਾ ਹੈ। ਕੋਈ ਵੰਡ ਕੇ ਤਦ ਹੀ ਛਕ ਸਕਦਾ ਹੈ ਜੇ ਉਸ ਨੂੰ ਆਪ ਕੋਈ ਸੰਤੋਖ ਹੋਵੇ।

(੩) ਅੰਮ੍ਰਿਤ-ਜੀਵਨ ਦਾ ਆਧਾਰ ਇਹ ਗੁਣ ਜਾਂ ਇਹ ਜੀਵਨ ਜਾਚ ਹੈ :

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥

ਜਤੁ, ਧੀਰਜੁ, ਮਤਿ, ਵੇਦ, ਭਉ, ਤਪ ਤੇ ਭਾਉ—ਅੰਮ੍ਰਿਤ ਜੀਵਨ ਦੀਆਂ ਜ਼ਰੂਰੀ ਸਿਫ਼ਤਾਂ ਹਨ। ਇਹਨਾਂ ਸਿਫ਼ਤਾਂ ਨਾਲ ਜੋ ਜੀਵਨ ਬਣਦਾ ਹੈ ਉਹ ਹੀ ਮਨੁੱਖ ਨੂੰ ਪਰਮਾਤਮਾ ਦੇ ਨੇੜੇ ਲੈ ਜਾਂਦਾ ਹੈ।

(ਜਾਪੁ ਸਾਹਿਬ)

(੧) ਜਾਪੁ ਸਾਹਿਬ ਦਾ ਪ੍ਰਮੁੱਖ ਸਿਧਾਂਤ ਇਹ ਹੈ ਕਿ ਸੱਚ ਜਾਂ ਪਰਮਾਤਮਾ ਉੱਚਤਮ ਆਦਰਸ਼-ਵਾਦੀ ਅਸੂਲਾਂ ਦਾ ਪ੍ਰਤੀਕ ਹੈ। ਉਹ ਹਰ ਤਰ੍ਹਾਂ ਦੇ ਵਿਤਕਰੇ ਤੇ ਵੰਡੀਆਂ ਤੋਂ ਉੱਚਾ ਹੈ ਅਤੇ ਸਰਬ ਵਿਆਪਕ ਤੇ ਸਰਬ-ਪ੍ਰਵਾਨ ਹੈ। ਪਰਮਾਤਮਾ ਹਰ ਚਕ੍ਰ ਚਿਹਨ, ਬਰਨ ਜਾਤਿ, ਰੂਪ ਰੰਗ, ਰੇਖ ਭੇਖ ਵਿਚ ਇਕੋ ਤਰ੍ਹਾਂ ਵਿਆਪਕ ਹੈ। ਸਚਾਈ ਸਭ ਧਰਮਾਂ, ਦੇਸ਼ਾਂ, ਕੌਮਾਂ ਪਾਸ ਮੌਜੂਦ ਹੈ। ਇਹ ਦੱਸਿਆ ਹੈ :—

ਚੱਕ੍ਰ ਚਿਹਨੁ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨੁਭਵ ਪ੍ਰਕਾਸ ਅਮਿਤੋਜਿ ਕਹਿਜੈ ॥

ਜਿਉਂ ਜਿਉਂ ਮਨੁੱਖਤਾ ਵਿਤਕਰੇਬਾਜ਼ੀ ਤੇ ਵੰਡ-ਵੰਡਾਰੇ ਵਿਚੋਂ ਨਿਕਲ ਕੇ 'ਏਕਤਾ' ਵੱਲ ਆ ਰਹੀ ਹੈ, ਉਹ ਪਰਮਾਤਮਾ ਦੇ ਨੇੜੇ ਪੁੱਜ ਰਹੀ ਹੈ। 'ਅਦ੍ਵੈਤ' ਹੀ ਪਰਮਾਤਮਾ ਰੂਪ ਹੈ।

(੨) ਜਾਪੁ ਦਾ ਕਰਮ-ਨਾਮ ਪਰਮਾਤਮਾ ਇਸ ਤਰ੍ਹਾਂ ਦਾ ਮਾਨਵੀ ਆਦਰਸ਼ ਹੈ :—

ਸਮਸਤੁਲ ਕਲਾਮ ਹੈਂ ॥
ਕਿ ਸਾਹਿਬ ਦਿਮਾਗ ਹੈਂ ॥
ਕਿ ਹੁਸਨਲ ਚਰਾਗ ਹੈਂ ॥
ਕਿ ਕਾਮਲ ਕਰੀਮ ਹੈਂ ॥
ਕਿ ਰਾਜ਼ਕ ਰਹੀਮ ਹੈਂ ॥
ਕਿ ਰੋਜ਼ੀ ਦਹਿੰਦ ਹੈਂ ॥
ਕਿ ਰਾਜ਼ਕ ਰਹਿੰਦ ਹੈਂ ॥
ਕਰੀਮੁਲ ਕਮਾਲ ਹੈਂ ॥
ਕਿ ਹੁਸਨਲ ਜਮਾਲ ਹੈਂ ॥
ਗ਼ਨੀਮੁਲ ਖ਼ਿਰਾਜ ਹੈਂ ॥
ਗ਼ਰੀਬੁਲ ਨਿਵਾਜ ਹੈਂ ॥
ਹਰੀਫੁਲ ਸ਼ਿਕੰਨ ਹੈਂ ॥
ਹਿਰਾਸੁਲ ਫਿਕੰਨ ਹੈਂ ॥
ਕਲੰਕੰ ਪ੍ਰਣਾਸ ਹੈਂ ॥
ਸਮਸਤੁਲ ਨਿਵਾਸ ਹੈਂ ॥

ਇਹ ਖ਼ੂਬੀਆਂ ਹੀ ਉੱਤਮ ਮਨੁੱਖਤਾ ਦੀਆਂ ਖ਼ੂਬੀਆਂ ਹਨ। ਇਹਨਾਂ ਦੀ ਪ੍ਰਾਪਤੀ ਨਾਲ ਹੀ 'ਜੁਰਅਤਿ ਜਮਾਲ' ਆ ਜਾਂਦੀ ਹੈ ਅਤੇ ਮਨੁੱਖ 'ਸਮਸਤੁਲ ਅਜ਼ੀਜ਼' ਹੋ ਜਾਂਦਾ ਹੈ। ਇਹੋ ਅੰਮ੍ਰਿਤ-ਜੀਵਨ ਦੇ ਲੱਛਣ ਹਨ।

(ਸਵੱਯੇ)

ਜਦੋਂ ਵੀ ਮਨੁੱਖਤਾ ਇਥੇ ਪਹੁੰਚ ਜਾਏਗੀ ਕਿ :—

ਪੁੰਨ ਪ੍ਰਤਾਪਨ ਬਾਢ ਜੈਤਧੁਨ
ਪਾਪਨ ਕੇ ਬਹੁ ਪੁੰਜ ਖਪੈਂਗੇ ॥
ਸਾਧ ਸਮੂਹ ਪ੍ਰਸੰਨ ਫਿਰੈ ਜਗ
ਸੱਤ੍ਰ ਸਭੈ ਅਵਲੋਕ ਚਪੈਂਗੇ ॥

ਖ਼ਾਲਸਾ ਰਾਜ ਸਥਾਪਨ ਹੋ ਜਾਏਗਾ। ਅੰਮ੍ਰਿਤ ਆਦਰਸ਼ ਇਹ ਹੈ ਕਿ ਜਹਾਲਤ ('ਮਾਤੇ ਮਤੰਗ' 'ਜੀਤ ਫਿਰੈ ਸਭ ਦੇਸ਼ ਦਿਸਾਨ' 'ਸੂਧ ਸਿਪਾਹ ਦੁਰੰਤ ਦੁਬਾਹ' 'ਦੋਊ ਲੋਚਨ ਮੂੰਦ ਕੇ ਬੈਠਿ ਰਹਿਓ') ਖ਼ਤਮ ਹੋ ਜਾਵੇ ਅਤੇ ਸਾਧ ਸਮੂਹ—ਸਾਰੇ ਭਲੇ ਤੇ ਸ਼ਰੀਫ਼ ਲੋਕ—ਪ੍ਰਸੰਨ ਹੋਣ ਅਤੇ ਪਾਪੀ ਨਾਸ਼ ਹੋਣ। ਇਹ ਅੰਮ੍ਰਿਤ ਜੀਵਨ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ 'ਬਚਿਤ੍ਰ ਨਾਟਕ' ਦਾ ਇਹੋ ਕਰਤੱਵ ਸੀ—ਆਪ ਨੇ 'ਸਾਧ ਸਮੂਹ ਪ੍ਰਸੰਨ ਫਿਰੈ' ਦਾ ਰਾਜ ਸਥਾਪਨ ਕਰਨਾ ਸੀ। ਇਹ ਹੈ 'ਪ੍ਰੇਮ ਕਰਨਾ।'

## (ਚੌਪਈ)

'ਚੌਪਈ' ਵਿਚ ਇਸੇ ਉਪਰਲੇ ਆਦਰਸ਼ ਨੂੰ ਸਪਸ਼ਟ ਕੀਤਾ ਹੈ ਅਤੇ ਇਸ ਦੀ ਪੂਰਤੀ ਲਈ ਅਰਦਾਸ ਕੀਤੀ ਹੈ। ਪਰਮਾਤਮਾ ਇਹਨਾਂ ਆਦਰਸ਼ਾਂ ਦਾ ਹੀ ਨਾਮ ਹੈ :—

(੧) ਦੀਨ ਬੰਧ, ਦੁਸਟਨ ਕੇ ਹੰਤਾ ॥
(੨) ਸਕਲ ਪ੍ਰਜਾ ਜਿਨ ਆਪ ਸਵਾਰੀ ॥
(੩) ਭਲੇ ਬੁਰੇ ਕੀ ਪੀਰ ਪਛਾਨਤ ॥
(੪) ਸੰਤਨ ਦੁਖ ਪਾਏ ਤੇ ਦੁਖੀ ॥
ਸੁਖ ਪਾਏ ਸਾਧਨ ਕੇ ਸੁਖੀ ॥

ਖ਼ਾਲਸੇ ਨੇ ਇਹਨਾਂ ਭਾਵਾਂ ਅਨੁਸਾਰ ਜੀਵਨ ਜੀਊਣਾ ਹੈ, ਦੀਨਾਂ ਦੀ ਰੱਛਾ ਕਰਨੀ ਹੈ, ਦੁਸ਼ਟਾਂ ਦੀ ਦੁਸ਼ਟਤਾ ਖ਼ਤਮ ਕਰਨੀ ਹੈ।

## (ਅਨੰਦੁ)

ਅਨੰਦੁ ਸਾਹਿਬ ਵੀ ਅੰਮ੍ਰਿਤ ਦੀ ਬਾਣੀ ਹੈ। ਇਸ ਵਿਚ ਜੀਵਨ ਖ਼ੁਸ਼ੀ ਦੀ ਪ੍ਰਾਪਤੀ ਦੇ ਪਉੜੀਆਂ ਦੇ ਕ੍ਰਮ ਅਨੁਸਾਰ ਇਹ ਅਸੂਲ ਦ੍ਰਿੜ੍ਹ ਕਰਾਏ ਹਨ :—ਰਾਗਮਈ ਸ਼ਖ਼ਸੀਅਤ, ਇਖ਼ਲਾਕੀ ਜੁਰਅਤ, ਸ਼ੁੱਭ ਚਿਤਵਨਾ, ਰੁਝੇਵਾਂ, ਸਵੈ-ਕਾਬੂ, ਲਿਵ, ਸੁਲਝੀ ਹੋਈ ਜੀਵਨ ਜਾਚ, ਸ੍ਵੈ-ਅਰਪਨ, ਭੋਲਾ ਭਾਵ, ਲੰਮੀ ਨਦਰ, ਜੀਵਨ ਖੇਲ ਵਿਚ ਸੰਤੁਸ਼ਟਤਾ, ਮਾਨਵ ਭਗਤੀ, ਆਪਾ ਵਾਰਨਾ, ਅੰਤਸ਼ਕਰਣ ਦੀ ਅਨੁਸਾਰਤਾ, ਆਤਮ ਸੰਤੁਸ਼ਟਤਾ, ਪਵਿੱਤਰਤਾ, ਬਿਬੇਕ, ਸੱਚ ਗ੍ਰਹਿਣ, ਅੰਦਰੋਂ ਬਾਹਰੋਂ ਇਕ ਹੋਣਾ, ਸਨਮੁਖਤਾ, ਮੁਕਤੀ, ਸ਼ੁੱਭ ਪ੍ਰੇਰਨਾ, ਸ਼ਿਵਮ, ਸੱਚ ਦਾ ਪਿਆਰ, ਹੁਕਮ ਦੀ ਪਹਿਚਾਣ, ਸਾਵਾਂਪਨ, ਕ੍ਰਿਤਗਯਤਾ, ਮਾਇਆ ਵਿਚ ਉਦਾਸੀ, ਅਸਲੇ ਦੀ ਪਹਿਚਾਣ, ਰੋਜ਼ਾਨਾ ਉੱਨਤੀ, ਜੀਭ ਦਾ ਜ਼ਬਤ, ਅੰਦਰਲੀ ਜੋਤ ਦਾ ਗਿਆਨ, ਅੰਤਰ ਆਤਮੇ ਪ੍ਰਭੂ ਨਿਵਾਸ, ਸਫ਼ਲ ਸਰੀਰ, ਦਿਬ ਦ੍ਰਿਸ਼ਟਤਾ, ਪਵਿੱਤਰ ਸਰਵਣ, ਆਤਮ ਸੂਝ, ਸੱਚ ਪ੍ਰਾਇਣਤ, ਮਨੋਰਥ ਦੀ ਪ੍ਰਾਪਤੀ। ਇਹਨਾਂ ਅਸੂਲਾਂ ਤੇ ਪਹਿਰਾ ਦੇਣਾ ਅੰਮ੍ਰਿਤ ਜੀਵਨ ਹੈ।

ਸੋ ਇਹਨਾਂ ਜੀਵਨ ਅਸੂਲਾਂ ਦਾ ਨਾਮ ਅੰਮ੍ਰਿਤ ਹੈ। ਸਿੱਖ ਰੋਜ਼ ਨਿੱਤਨੇਮ ਵਿਚ ਇਹ ਅੰਮ੍ਰਿਤ ਛਕਦਾ ਹੈ ਅਤੇ ਇਹਨਾਂ ਅਸੂਲਾਂ ਨੂੰ ਨਿਭਾਉਣ ਦਾ ਪ੍ਰਣ ਕਰਦਾ ਹੈ। ਇਸ ਅੰਮ੍ਰਿਤ ਦੀ ਸਮਰੱਥਾ ਨੂੰ ਖ਼ਾਲਸਾ ਇਤਿਹਾਸ ਦ੍ਰਿੜ੍ਹ ਕਰਾਉਂਦਾ ਹੈ।

(੮) 'ਪੰਜ ਚੁਲੇ' ਅੰਮ੍ਰਿਤ ਦੇ ਮੂੰਹ ਵਿਚ ਬਖ਼ਸ਼ੇ ਜਾਣੇ ਹਨ; ਇਹ ਸਿੱਖ ਨੂੰ ਨਵਾਂ ਦਿਲ ਬਖ਼ਸ਼ਦੇ ਹਨ, ਸਿੰਘ ਦਾ ਦਿਲ, ਸ਼ੇਰ ਦੀ ਦਲੇਰੀ ਤੇ ਜੁਰਅਤ: ਸ਼ੇਰ ਵਰਗਾ ਹਿਰਦਾ ਤੇ ਬੀਰਤਾ। 'ਪੰਜ ਛੱਟੇ' ਅੰਮ੍ਰਿਤ ਦੇ 'ਨੇਤ੍ਰਾਂ' ਵਿਚ ਦਿੱਤੇ ਜਾਣੇ ਹਨ ਜੋ ਉਸ ਦੀ ਅੱਖ ਵਿਚ ਗੈਰਤ ਤੇ ਸ਼ਰਮ ਦਾ ਚਿੰਨ੍ਹ ਬਣਦੇ ਹਨ। ਅੰਮ੍ਰਿਤ ਵਾਲੀ ਅੱਖ ਵਿਚੋਂ ਅੰਮ੍ਰਿਤ ਝਰਦਾ ਹੈ, ਉਸ ਵਿਚ ਕਾਮ ਦੀ ਸ਼ੋਖ਼ੀ ਨਹੀਂ ਹੁੰਦੀ, ਉਨ੍ਹਾਂ ਵਿਚ ਗ਼ੈਰਤ ਹੁੰਦੀ ਹੈ। 'ਪੰਜ ਬੂੰਦਾਂ' ਸਿੱਖ ਦੇ ਕੇਸਾਂ ਵਿਚ ਪਾਈਆਂ ਜਾਂਦੀਆਂ ਹਨ। ਇਹ ਉਸ ਦੀ ਦਿਮਾਗੀ ਗ਼ੁਲਾਮੀ ਨੂੰ ਕੱਢਦੀਆਂ ਹਨ ਅਤੇ ਉਸ ਵਿਚ ਪਵਿੱਤਰ ਸੱਚ ਪੈਦਾ ਕਰਦੀਆਂ ਹਨ।

(੯) ਫਿਰ 'ਪੰਜ ਨਿਸ਼ਾਨ' ਸਿੰਘ ਨੂੰ ਧਾਰਨ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ

ਜਿਵੇਂ ਕਿਸੇ ਨੂੰ ਵਿਸ਼ਵ ਵਿਦਿਆਲੇ ਵਲੋਂ ਡਿਗਰੀ ਮਿਲਣ ਸਮੇਂ ਕੋਈ ਨਿਸ਼ਾਨ ਧਾਰਨ ਕਰਨ ਦੀ ਆਗਿਆ ਮਿਲਦੀ ਹੈ। ਬਸ ਇਹ ਨਿਸ਼ਾਨ ਸਾਹਿਬ ਹਨ। ਖ਼ਾਲਸੇ ਦਾ ਮੁੱਖ ਨਿਸ਼ਾਨ ਕੇਸਗੜ੍ਹ ਸਾਹਿਬ ਹੀ ਹੈ। ਇਹ ਸਾਰੇ ਨਿਸ਼ਾਨ (ਕੱਕਾਰ) ਮਾਨਵਤਾ ਦੀਆਂ ਆਦਰਸ਼ਕ ਕੀਮਤਾਂ ਨੂੰ ਪ੍ਰਗਟ ਕਰਦੇ ਹਨ। ਇਹ ਸਿੰਘਾਂ ਦੀ ਜਥੇਬੰਦੀ ਦੇ ਵੀ ਸੂਚਕ ਹਨ ਅਤੇ ਇਸ ਤਰ੍ਹਾਂ ਜਥੇਬੰਦੀ ਵਿਚ ਸ਼ਕਤੀ ਪੈਦਾ ਕਰਦੇ ਹਨ। ਇਹ ਸਿੰਘ ਦੇ ਖ਼ਾਲਸ ਦਰਜੇ ਦੇ ਚਿੰਨ੍ਹ ਹਨ ਜਿਵੇਂ ਫ਼ੌਜੀ ਤੇ ਪੁਲਸ ਦੇ ਅਫ਼ਸਰਾਂ ਦੀ ਪਦਵੀ ਦੇ ਚਿੰਨ੍ਹ ਉਹਨਾਂ ਦੇ ਮੋਢਿਆਂ ਤੇ ਲੱਗੇ ਹੁੰਦੇ ਹਨ। ਇਹ ਨਿਸ਼ਾਨ ਖ਼ਾਲਸੇ ਨੂੰ ਉਸ ਦੇ ਆਪਣੇ ਹੀ ਆਚਰਨ ਤੇ ਕਰਤੱਵ ਦੀ ਯਾਦ ਦਿਵਾਉਂਦੇ ਹਨ। ਇਹ ਖ਼ਾਲਸੇ ਦੇ ਇਸ਼ਟ ਸਰੂਪ ਦੇ ਸੂਚਕ ਹਨ। ਇਹ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਜੋਤਿ ਹਨ। ਗੁਰੂ ਗੋਬਿੰਦ ਸਿੰਘ ਦਾ ਸਪੁੱਤਰ ਇਹਨਾਂ ਨਿਸ਼ਾਨਾਂ ਨੂੰ ਵੇਖਦਾ ਹੈ ਅਤੇ ਆਪਣੇ ਗੌਰਵ ਤੋਂ ਜਾਣੂ ਹੁੰਦਾ ਹੈ। ਉਸ ਦਾ ਵਤੀਰਾ ਵਿਸ਼ੇਸ਼ ਪੱਧਰ ਤੋਂ ਥੱਲੇ ਨਹੀਂ ਆ ਸਕਦਾ। ਇਹ ਨਿਸ਼ਾਨ ਉਸ ਵਿਚ ਸ਼ਰਮ-ਧਰਮ ਨੂੰ ਨਿਭਾਉਣ ਦੀ ਪ੍ਰੇਰਨਾ ਪੈਦਾ ਕਰਦੇ ਹਨ। ਇਹਨਾਂ ਦੇ ਆਖ਼ਰੀ ਅਰਥ ਤਾਂ ਸਤ, ਸੰਤੋਖ, ਦਇਆ, ਧਰਮ ਅਤੇ ਸੁੱਚ ਦੇ ਧਰਮ ਨੂੰ ਨਿਭਾਉਣਾ ਹੈ। ਇਹਨਾਂ ਦਾ ਆਦਰਸ਼ ਸਰਬ-ਲੋਹ ਦੇ ਧਰਮ ਨੂੰ ਨਿਭਾਉਣਾ ਹੈ।

ਇਹ ਨਿਸ਼ਾਨ ਹੀ ਸੁਚੇਤ ਕਰਦੇ ਹਨ ਕਿ ਖ਼ਾਲਸੇ ਦਾ ਧਰਮ ਇਹ ਹੈ :—

ਜਾਗਤ ਜੋਤਿ ਜਪੈ ਨਿਸ ਬਾਸਰ
ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰੀ ਮੜ੍ਹੀ ਮਠ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ
ਤਬ ਖ਼ਾਲਸ ਤਾਹਿ ਨਿਖ਼ਾਲਸ ਜਾਨੈ ॥ ੧ ॥

(੧੦) 'ਅੰਮ੍ਰਿਤ' ਦੇ ਨਾਲ

'ਵਾਹਿਗੁਰ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ' ਦਾ ਜਾਪ ਹੈ। 'ਖ਼ਾਲਸੇ' ਨੇ ਵਾਹਿਗੁਰੂ ਜੀ ਕੀ ਫ਼ਤਿਹ ਲਈ ਹੀ ਯਤਨ ਕਰਨਾ ਹੈ।

ਵਾਹਿਗੁਰ ਉਸ ਦਾ ਗੁਰਮੰਤ੍ਰ ਹੈ, ਵਾਹਿਗੁਰੂ ਦਾ ਉਸ ਨੇ ਜਾਪ ਕਰਨਾ ਹੈ।

'ਵਾਹਿਗੁਰੂ' ਦਾ ਹੀ ਵਿਸਥਾਰ ਰੂਪ ਮੂਲ-ਮੰਤ੍ਰ ਹੈ। ਇਸੇ ਸਰੂਪ ਵਿਚ ਖ਼ਾਲਸੇ ਨੇ ਜਾ ਕੇ ਸਥਿਰ ਹੋਣਾ ਹੈ। ਇਹ ਖ਼ਾਲਸੇ ਦਾ ਆਦਰਸ਼ ਰੂਪ ਹੈ।

ਇਹ ਅੰਮ੍ਰਿਤ-ਰਸਮ ਦੇ ਚਿੰਨ੍ਹਾਂ ਦੇ ਰਹਿਸ ਹਨ।

੪.

ਅੰਮ੍ਰਿਤ ਜੀਵਨ ਨਵਾਂ ਨਰੋਇਆ ਜੀਵਨ ਜੀਉਣ ਦਾ ਯਤਨ ਹੈ ਜਿਸ ਵਿਚ; (੧) ਅੰਮ੍ਰਿਤ ਵੇਲੇ ਜਾਗਣਾ ਹੈ; (੨) ਇਸ਼ਨਾਨ ਕਰਨਾ ਹੈ, (੩) ਬਾਣੀ ਦਾ ਰੋਜ਼ਾਨਾ

੩



ਅੰਮ੍ਰਿਤ ਮਥਣਾ ਹੈ, (੪) ਗੁਰੂ ਸੰਗਤ ਵਿਚ ਹਾਜ਼ਰ ਹੋਣਾ ਹੈ; (੫) ਗੁਰੂ ਗ੍ਰੰਥ ਸਾਹਿਬ ਦਾ ਪਾਠ-ਦੀਦਾਰ ਕਰਨਾ ਹੈ; (੬) ਦਿਨ ਭਰ ਸੁੱਚੀ ਕਿਰਤ ਕਰਨੀ ਹੈ; (੭) ਕਮਾਈ ਵਿਚੋਂ ਦਸਵੰਧ ਦੇਣਾ, ਕੁਰਬਾਨੀ ਤਿਆਗ ਦਾ ਜੀਵਨ ਜੀਉਣਾ ਹੈ, (੮) ਨਸ਼ੇ ਵਿਕਾਰਾਂ ਤੋਂ ਬਚਣਾ ਹੈ; (੯) ਪਰ-ਇਸਤ੍ਰੀ, ਪਰ-ਮਰਦ ਦੀ ਸੰਗਤ ਤੋਂ ਬਚਣਾ ਹੈ; ਰਾਜਸੀ ਪਰਾਧੀਨਤਾ, ਸਭਿਆਚਾਰਕ ਪਰਾਧੀਨਤਾ; ਧਾਰਮਕ ਪਰਾਧੀਨਤਾ (ਕੁੱਠਾ ਚਿੰਨ੍ਹ ਹੈ ਇਹਨਾਂ ਦਾ) ਤੋਂ ਬਚਣਾ ਹੈ।

ਸ਼ੁੱਭ ਕਰਨੀ ਦਾ ਜੀਵਨ ਅੰਮ੍ਰਿਤ ਜੀਵਨ ਹੈ। ਆਪਣੇ ਬਾਣ ਦੀ ਲਾਜ ਪਾਲਣੀ ਹੈ। ਸਾਡਾ ਬਾਣਾ ਗੁਰੂ ਗੋਬਿੰਦ ਸਿੰਘ ਜੀ ਦਾ ਹੈ, ਸਾਡੇ ਪੰਜੇ ਕੱਕਾਰ ਉਹ ਹਨ; ਸਾਡਾ ਬਾਣਾ ਸਿੰਘ (ਪਰਮ ਪਦ ਵਿਚ ਪੁੱਜੀ ਆਤਮਾ) ਦਾ ਹੈ, ਉਸ ਦੀ ਲਾਜ ਰੱਖਣੀ ਹੈ; ਜਥੇਬੰਦ ਹੋ ਕੇ ਰਹਿਣਾ ਹੈ ਅਤੇ ਸੰਸਾਰ ਲਈ ਸਿਪਾਹੀ ਦਾ ਕਰਤੱਵ ਪੂਰਾ ਕਰਨਾ ਹੈ। ਖ਼ਾਲਸਾ ਸੰਸਾਰ ਦੇ ਭਲੇ ਲਈ ਪ੍ਰਭੂ ਦੀ ਆਪਣੀ ਫ਼ੌਜ ਹੈ।

ਅੰਮ੍ਰਿਤ-ਪਾਨ ਤਾਂ ਇਸ ਜੀਵਨ ਲਈ ਪ੍ਰਣ ਹੈ, ਪਹਿਲਾ ਕਦਮ ਹੈ—ਇਕ ਚਿੰਨ੍ਹ ਹੈ। ਇਹ ਸੰਸਾਰ ਤੇ ਜੀਵਨ ਦੀ ਹਰ ਘੜੀ ਵਿਚ ਨਿਭਾ ਕੇ ਦੱਸਣਾ ਪਏਗਾ। ਜੀਵਨ ਦੀ ਹਰ ਘੜੀ ਅੰਮ੍ਰਿਤਮਈ ਬਨਾਉਣੀ ਹੈ।

ਜਿਸ ਨੋ ਸਾਹਿਬ ਕ੍ਰਿਪਾ ਕਰੇ ਸੋ ਏਹੋ ਸਿਧ ਗਤ ਜਾਣੈ ॥
ਸਦ ਰਸਣ ਪੀਵੈ ਨਿਸਿ ਕ੍ਰਿਪਤਿਆ ਫਿਰਿ ਭੂਖ ਨ ਜਾਣੈ ॥
— [illegible]

3 ਗੁਰ, ਤਖਤ, ਨਿਸ਼ਾਨ ਤੇ ਦੀਵਾਨ ਖਾਲਸੇ ਤੋਂ ਇਨਕਾਰ ਕਿਸੇ ਕੀਮਤ ਤੇ ਨਹੀਂ ਹੋਊ।

# ੪. ਝੰਡੇ ਜੁਗੋ ਜੁਗ ਅਟੱਲ

੧.

ਖ਼ਾਲਸਾ ਪੰਥ ਰੋਜ਼ ਅਰਦਾਸ ਕਰਦਾ ਹੈ ਕਿ ਸਾਡੇ ਝੰਡੇ (ਨਿਸ਼ਾਨ ਸਾਹਿਬ) ਜੁਗੋ ਜੁਗ ਅਟੱਲ ਝੂਲਦੇ ਰਹਿਣ। ਸੂਝਵਾਨ ਸਿੱਖ ਵਿਸ਼ੇਸ਼ ਧਰਮ ਅਸਥਾਨਾਂ ਤੇ ਨਿਸ਼ਾਨ ਸਾਹਿਬ ਦੀ ਉਸੇ ਤਰ੍ਹਾਂ ਪਰਕਰਮਾ ਕਰਦੇ ਹਨ, ਜਿਵੇਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਕਰਦੇ ਹਨ ਜਾਂ ਸ੍ਰੀ ਦਰਬਾਰ ਸਾਹਿਬ ਜਾਂ ਹੋਰ ਕਿਸੇ ਗੁਰਧਾਮ ਦੀ ਪਰਕਰਮਾ ਕਰਦੇ ਹਨ। ਬੇਅੰਤ ਸਿੱਖ ਗੁਰੂ ਸਾਹਿਬਾਨ ਦੇ ਵਿਅਕਤੀਤਵ ਸਰੂਪਾਂ ਦੀ ਵੀ ਪਰਕਰਮਾ ਕਰਦੇ ਰਹੇ ਹੋਣੇ ਹਨ। 'ਲਾਵਾਂ' ਵਿਚ ਵਰ-ਕੰਨਿਆਂ ਦੋਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਕਰਮਾ ਕਰਦੇ ਹਨ। ਆਰਤੀ ਵੀ ਪਰਕਰਮਾ ਦਾ ਹੀ ਇਕ ਸਰੂਪ ਹੈ।

ਨਿਸ਼ਾਨ ਸਾਹਿਬ ਦੀ ਪਰਕਰਮਾ ਦਾ ਭਾਵ ਤਾਂ ਉਹ ਹੀ ਹੈ ਜੋ 'ਝੰਡੇ' ਦੀ ਸਲਾਮੀ ਦਾ ਹੈ। ਹਰ ਕੌਮ ਵਿਸ਼ੇਸ਼ ਕੌਮੀ ਦਿਨਾਂ ਦੀ ਮਹਾਨਤਾ ਨੂੰ ਪ੍ਰਗਟ ਕਰਨ ਲਈ ਆਪਣੇ ਕੌਮੀ ਨਿਸ਼ਾਨ ਦੀ ਸਲਾਮੀ ਉਤਾਰਦੀ ਹੈ। ਖ਼ਾਸ ਮੌਕਿਆਂ ਤੇ ਹਰ ਕੌਮ ਦਾ ਝੰਡਾ ਲਹਿਰਾਇਆ ਜਾਂਦਾ ਹੈ। ਹਰ ਫ਼ੌਜੀ ਯੂਨਿਟ ਦਾ ਆਪਣਾ ਝੰਡਾ ਵੀ ਹੁੰਦਾ ਹੈ ਅਤੇ ਬੜੇ ਸਤਿਕਾਰ ਨਾਲ ਉਸ ਨੂੰ ਸਵੇਰੇ ਸਮੇਂ ਸਿਰ ਲਹਿਰਾਇਆ ਜਾਂਦਾ ਹੈ ਅਤੇ ਸ਼ਾਮ ਨੂੰ ਪੂਰੇ ਰਸਮੀ ਤਰੀਕੇ ਨਾਲ ਉਤਾਰਿਆ ਜਾਂਦਾ ਹੈ, ਪੂਰੀ ਸਲਾਮੀ ਦਿੱਤੀ ਜਾਂਦੀ ਹੈ, ਗਾਰਦ ਹਾਜ਼ਰ ਹੋ ਕੇ ਸਲਾਮੀ ਦੇਂਦੀ ਹੈ। ਬੈਂਡ ਵੱਜਦਾ ਹੈ ਅਤੇ ਜਿੱਥੇ ਵੀ ਕੋਈ ਉਸ ਦਸਤੇ ਦਾ ਫ਼ੌਜੀ ਉਸ ਵਿਸ਼ੇਸ਼ ਧੁਨੀ ਨੂੰ ਸੁਣਦਾ ਹੈ, ਉਹ ਸਤਿਕਾਰ ਵਜੋਂ ਖੜ੍ਹਾ ਹੋ ਜਾਂਦਾ ਹੈ। ਇਸ 'ਸਲਾਮੀ' ਦਾ ਭਾਵ ਹੀ ਵਿਸ਼ੇਸ਼ ਸਮੇਂ ਜਾਂ ਰੋਜ਼ਾਨਾ ਜੀਵਨ ਵਿਚ ਪਰਕਰਮਾ ਤੋਂ ਲਿਆ ਜਾਂਦਾ ਹੈ।

ਪਰਕਰਮਾ ਦਾ ਸਿਧਾਂਤ, ਪਤਾ ਨਹੀਂ ਕਦੋਂ ਤੋਂ ਮਨੁੱਖ ਨੇ ਵਿਸ਼ਵ-ਆਰਤੀ ਤੋਂ ਲਿਆ ਹੈ, ਜਿਸ ਦਾ ਸਰੂਪ ਗੁਰੂ ਨਾਨਕ ਜੀ ਨੇ ਪ੍ਰਗਟ ਕੀਤਾ ਹੈ—

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ, ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥
ਕੈਸੀ ਆਰਤੀ ਹੋਇ
ਭਵਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥

ਸਾਰਾ ਵਿਸ਼ਵ ਪ੍ਰਭੂ ਦੀ ਮਹਾਨ ਆਰਤੀ ਉਤਾਰ ਰਿਹਾ ਹੈ, ਸਾਰਾ ਵਿਸ਼ਵ ਪ੍ਰਭੂ ਦੀ ਪਰਕਰਮਾ ਕਰ ਰਿਹਾ ਹੈ। ਪ੍ਰਭੂ ਕੇਂਦਰ ਹੈ ਅਤੇ ਗਗਨ, ਰਵਿ, ਚੰਦ, ਤਾਰਿਕਾ ਮੰਡਲ, ਪਵਣ ਆਦਿ ਉਸ ਦੇ ਦੁਆਲੇ ਘੁੰਮੀ ਜਾ ਰਹੇ ਹਨ।

ਇਸੇ ਖ਼ਿਆਲ ਦਾ ਹੀ ਇਕ ਚਿਤ੍ਰ 'ਸੋਦਰੁ' ਦਾ ਚਿਤ੍ਰ ਹੈ ਜਿਥੇ ਆਰਤੀ ਕਰਦੇ ਹਨ, ਗਾਇਨ ਕਰ ਕੇ—

ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ
ਗਾਵੈ ਰਾਜਾ ਧਰਮੁ ਦੁਆਰੇ ॥
ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ
ਲਿਖਿ ਲਿਖਿ ਧਰਮੁ ਬੀਚਾਰੇ ॥
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ
ਸੋਹਨਿ ਤੇਰੇ ਸਦਾ ਸਵਾਰੇ ॥
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ
ਦੇਵਤਿਆ ਦਰਿ ਨਾਲੇ ॥

... ... ...

ਇਹ ਸਾਰੇ ਤੱਤ ਤੇ ਸ਼ਕਤੀਆਂ ਪ੍ਰਭ ਦੀ ਪਰਕਰਮਾ ਕਰਦੇ ਗਾਇਨ ਕਰਦੇ ਹਨ।

ਇਸ ਸਾਰੀ ਆਰਤੀ, ਪਰਕਰਮਾ ਤੇ ਗਾਇਕੀ ਦਾ ਭਾਵ ਪ੍ਰਭੂ-ਹੁਕਮ ਦੀ ਅਧੀਨਗੀ ਵਿਚ ਤੁਰਨਾ ਹੈ। ਉਸ ਦੇ ਹੁਕਮ ਨੂੰ ਸਿਰ ਮੱਥੇ ਪ੍ਰਵਾਨ ਕਰਨਾ ਹੈ। ਪਰਕਰਮਾ ਇਸ ਪ੍ਰਵਾਨਗੀ ਦਾ ਚਿੰਨ੍ਹ ਹੈ। ਇਹ ਪਰਕਰਮਾ ਦਾ ਗੌਹਜ ਅਰਥ ਹੈ। ਪਰਕਰਮਾ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਨੂੰ ਪ੍ਰਵਾਨ ਕਰਨ ਦਾ ਚਿੰਨ੍ਹ ਹੈ। ਪਰਕਰਮਾ ਇਹ ਬਣਦੀ ਹੈ ਜਦੋਂ ਕਿ ਅਸੂਲ ਇਹ ਹੈ :—

'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ' ॥

ਗੁਰੂਦੁਆਰੇ ਪਰਕਰਮਾ ਦਾ ਭਾਵ ਵੀ ਇਹ ਹੈ ਕਿ ਮੈਂ ਗੁਰ-ਸਿੱਖਿਆ ਨੂੰ ਪ੍ਰਵਾਨ ਕਰਦਾ ਹਾਂ ਅਤੇ ਪ੍ਰਣ ਕਰਦਾ ਹਾਂ ਕਿ ਸਦਾ ਇਸ ਸਿੱਖਿਆ ਦੇ ਆਸ਼ਿਆਂ ਅਨੁਸਾਰ ਜੀਵਨ ਬਤੀਤ ਕਰਾਂਗਾ। 'ਲਾਵਾਂ' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਦੇ ਅਰਥ ਵੀ ਇਹੋ ਹਨ ਕਿ ਵਰ-ਕੰਨਿਆ ਇਹ ਪ੍ਰਣ ਕਰਦੇ ਹਨ ਕਿ ਉਹ ਸਾਰਾ ਦੰਪਤੀ ਜੀਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਅਨੁਸਾਰ ਜੀਊਣਗੇ।

ਇਹੋ ਹੀ ਭਾਵ ਹੈ ਜਦੋਂ ਗੁਰਸਿੱਖ ਨਿਸ਼ਾਨ ਸਾਹਿਬ ਦੀ ਪਰਕਰਮਾ ਕਰਦੇ ਹਨ ਕਿ ਅਸੀਂ ਨਿਸ਼ਾਨ ਸਾਹਿਬ ਦੇ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਾਂਗੇ।

## ੨.

ਨਿਸ਼ਾਨ ਸਾਹਿਬ ਸਿੱਖ ਆਦਰਸ਼ਾਂ ਨੂੰ ਪ੍ਰਗਟ ਕਰਨ ਵਾਲਾ, ਨਿਸਾਨ ਹੈ, ਜਿਵੇਂ ਸਾਡੇ ਕੱਕਾਰ ਸਾਡੇ ਆਦਰਸ਼ਾਂ ਦੇ ਨਿਸ਼ਾਨ ਹਨ। ਸਾਡੇ ਕੇਸ ਵੀ ਨਿਸ਼ਾਨ ਸਾਹਿਬ ਹੀ ਹਨ। ਇਹ ਸਾਡੇ ਆਦਰਸ਼ਾਂ ਦੀ ਸਾਨੂੰ ਵੀ ਸੂਚਨਾ ਦੇਂਦੇ ਹਨ ਅਤੇ ਹੋਰ ਲੋਕਾਂ ਨੂੰ

ਵੀ ਸੂਚਨਾ ਦੇਂਦੇ ਹਨ। ਸਾਡੇ ਕੇਸ ਕੇਸਗੜ੍ਹ ਤੇ ਝੂਲਦੇ ਨਿਸ਼ਾਨ ਹਨ ਜੋ ਅੰਮ੍ਰਿਤ-ਆਦਰਸ਼ਾਂ ਦੀ ਸੂਚਨਾ ਦੇਂਦੇ ਹਨ ਕਿ ਖ਼ਾਲਸੇ ਨੇ ਵਾਹਿਗੁਰੂ ਜੀ ਕੀ ਫ਼ਤਿਹ ਲਈ ਸਦਾ ਯਤਨ ਕਰਨਾ ਹੈ। ਨਿਸ਼ਾਨ ਹੀ ਸਾਡੀ ਜਥੇਬੰਦੀ ਵੀ ਹਨ; ਜਿਵੇਂ ਨਿੱਕੇ ਮੋਟੇ ਚਿੰਨ੍ਹ ਫ਼ੌਜ ਅਤੇ ਪੁਲੀਸ ਦੀ ਜਥੇਬੰਦੀ ਨੂੰ ਪ੍ਰਗਟ ਕਰਦੇ ਹਨ। ਨਿਸ਼ਾਨਾਂ ਜਾਂ ਚਿੰਨ੍ਹਾਂ ਤੋਂ ਬਿਨਾਂ ਤਾਂ ਕਿਸੇ ਤਰ੍ਹਾਂ ਆਦਰਸ਼ਾਂ ਨੂੰ ਪ੍ਰਗਟਾਇਆ ਹੀ ਨਹੀਂ ਜਾ ਸਕਦਾ। 'ਕੇਸ' ਸਾਡਾ ਵਿਸ਼ੇਸ਼ ਨਿਸ਼ਾਨ ਹਨ ਪਰ ਬਾਕੀ ਚਿੰਨ੍ਹ ਵੀ ਉਸੇ ਤਰ੍ਹਾਂ ਸਾਡੇ ਆਦਰਸ਼ਾਂ ਦੇ ਲਖਾਇਕ ਹਨ।

ਸਾਰੇ ਕੱਕਾਰ ਅੰਮ੍ਰਿਤ ਆਦਰਸ਼ਾਂ ਦੇ ਲਖਾਇਕ ਹਨ ਤਾਂ ਨਿਸ਼ਾਨ ਸਾਹਿਬ ਵੀ ਅੰਮ੍ਰਿਤ ਆਦਰਸ਼ ਦਾ ਲਖਾਇਕ ਹੈ। ਇਹ ਹੈ, 'ਅੰਮ੍ਰਿਤ' :—

੧—ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ ॥

੨—ਅੰਮ੍ਰਿਤ ਆਦਰਸ਼ ਕੁਝ ਇਹੋ ਜਿਹੇ ਮਨੁੱਖ ਦਾ ਲਖਾਇਕ ਹੈ—
ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥
ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥

੩—ਅੰਮ੍ਰਿਤ-ਆਦਰਸ਼ਾਂ ਵਾਲਾ ਮਨੁੱਖ ਤਾਂ ਦਸਮ ਪਿਤਾ ਦੇ ਇਸ ਸਰੂਪ ਵਾਲਾ ਹੁੰਦਾ ਹੈ—
ਕਿ ਸਾਹਿਬ ਦਿਮਾਗ ਹੈਂ ॥
ਕਿ ਹੁਸਨਲ ਚਰਾਗ ਹੈਂ ॥
ਕਿ ਕਾਮਲ ਕਰੀਮ ਹੈਂ ॥
ਕਿ ਰਾਜ਼ਕ ਰਹੀਮ ਹੈਂ ॥ ੧੫੧ ॥
ਕਿ ਰੋਜ਼ੀ ਦਿਹਿੰਦ ਹੈਂ ॥
ਕਿ ਰਾਜ਼ਕ ਰਹਿੰਦ ਹੈਂ ॥
ਕਰੀਮੁਲ ਕਮਾਲ ਹੈਂ ॥
ਕਿ ਹੁਸਨਲ ਜਮਾਲ ਹੈਂ ॥ ੧੫੨ ॥

ਗ਼ਨੀਮੁਲ ਖ਼ਿਰਾਜ ਹੈਂ ॥
ਗ਼ਰੀਬੁਲ ਨਿਵਾਜ਼ ਹੈਂ ॥
ਹਰੀਫੁਲ ਸ਼ਿਕੰਨ ਹੈਂ ॥
ਹਿਰਾਸੁਲ ਫਿਕੰਨ ਹੈਂ ॥ ੧੫੩ ॥

ਕਲੰਕ ਪ੍ਰਣਾਸ ਹੈਂ ॥
ਸਮਸਤੁਲ ਨਿਵਾਸ ਹੈਂ ॥
ਅਗੰਜੁਲ ਗ਼ਨੀਮ ਹੈਂ ॥
ਰਜ਼ਾਇਕ ਰਹੀਮ ਹੈਂ ॥ ੧੫੪ ॥

ਸਮਸਤੁਲ ਜ਼ੁਬਾਂ ਹੈਂ ॥
ਕਿ ਸਾਹਿਬ ਕਿਰਾਂ ਹੈਂ ॥
ਕਿ ਨਰਕੰ ਪ੍ਰਣਾਸ ਹੈਂ ॥
ਬਹਿਸ਼ਤੁਲ ਨਿਵਾਸ ਹੈਂ ॥ ੧੫੫ ॥

ਕਿ ਸਰਬੁਲ ਗਵੰਨ ਹੈਂ ॥
ਹਮੇਸੁਲ ਰਵੰਨ ਹੈਂ ॥
ਤਮਾਮੁਲ ਤਮੀਜ਼ ਹੈਂ ॥
ਸਮਸਤੁਲ ਅਜ਼ੀਜ਼ ਹੈਂ ॥ ੧੫੬ ॥

ਇਹ ਹਨ, ਸਾਡੇ ਆਦਰਸ਼ ਅਤੇ ਇਨ੍ਹਾਂ ਦਾ ਲਖਾਇਕ ਹੈ, ਸਾਡਾ ਨਿਸ਼ਾਨ ਸਾਹਿਬ ! ਇਹ ਨਿਸ਼ਾਨ ਸਾਹਿਬ ਹੈ, ਉਹਨਾਂ ਫ਼ੌਜਾਂ ਦਾ ਜਿਨ੍ਹਾਂ ਦਾ ਮੰਤਵ ਹੈ—

ਗ਼ਨੀਮੁਲ ਖ਼ਿਰਾਜ ਹੈਂ ॥
ਗ਼ਰੀਬੁਲ ਨਿਵਾਜ਼ ਹੈਂ ॥
ਹਰੀਫੁਲ ਸ਼ਿਕੰਨ ਹੈਂ ॥
ਹਿਰਾਸੁਲ ਫਿਕੰਨ ਹੈਂ ॥

ਇਹ 'ਗ਼ਰੀਬੁਲ ਨਿਵਾਜ਼' ਦੇ ਬਿਰਦ ਦੀ ਘਾਲਣਾ ਕਰਨ ਵਾਲਾ ਨਿਸ਼ਾਨ ਸਾਹਿਬ ਹੈ ਅਤੇ 'ਹਰੀਫੁਲ ਸ਼ਿਕੰਨ' ਹੈ।

ਨਿਸ਼ਾਨ ਸਾਹਿਬ ਜਦ ਸਾਡੇ ਆਦਰਸ਼ ਦਾ ਲਖਾਇਕ ਹੈ, ਤਾਂ ਨਿਸਚੇ ਹੀ ਨਿਸ਼ਾਨ ਸਾਹਿਬ ਸਾਡਾ ਮਾਟੋ ਹੈ। ਅਸਲ ਮਾਟੋ ਤਾਂ ਸਾਡਾ ਵਾਹਿਗੁਰੂ ਆਪ ਹੈ, ਵਾਹਿਗੁਰੂ ਦਾ ਸਰੂਪ ਹੀ ਉੱਚਤਮ ਆਦਰਸ਼ ਹੈ। ਨਿਸ਼ਾਨ ਸਾਹਿਬ ਸਾਡਾ 'ਜ਼ਾਹਰਾ ਜ਼ਹੂਰ' ਅਤੇ 'ਹਾਜ਼ਰਾ ਹਜ਼ੂਰ' ਰੱਬ ਹੈ।

ਨਿਸ਼ਾਨ ਸਾਹਿਬ ਸਾਡੇ 'ਅਕਾਲ ਪੁਰਖ' ਦੇ ਸਰੂਪ ਦਾ ਲਖਾਇਕ ਹੈ। ਇਹ ਉਸ

ਜਥੇਬੰਦੀ—ਖ਼ਾਲਸਾ ਫ਼ੌਜ—ਦਾ ਝੰਡਾ ਹੈ, ਜੋ ਸਦਾ—

(੧) ੧ਓ
(੨) ਸਤਿਨਾਮੁ
(੩) ਕਰਤਾ ਪੁਰਖੁ
(੪) ਨਿਰਭਉ
(੫) ਨਿਰਵੈਰੁ
(੬) ਅਕਾਲ ਮੂਰਤਿ
(੭) ਅਜੂਨੀ ਸੈਭੰ
(੮) ਗੁਰਪ੍ਰਸਾਦਿ

ਦੇ ਆਦਰਸ਼ਾਂ ਲਈ ਜੂਝਦਾ ਰਹੇਗਾ। ਇਹ ਆਦਰਸ਼ ਹਨ—

(੧) ਬ੍ਰਹਮੰਡ ਦੀ ਏਕਤਾ, ਸੰਸਾਰ ਦੀ ਏਕਤਾ, ਮਾਨਵ-ਏਕਤਾ, ਜਾਤ-ਪਾਤ ਦੀ ਏਕਤਾ, ਦੇਸ਼-ਕੌਮ ਦੀ ਏਕਤਾ, ਰਜੋ ਤਮੋ ਸਤੋ ਦੀ ਏਕਤਾ, ਮੀਰੀ ਪੀਰੀ ਦੀ ਏਕਤਾ, ਗਿਆਨ ਤੇ ਕਰਮ ਦੀ ਏਕਤਾ, ਮਾਇਆ ਤੇ ਪ੍ਰਕ੍ਰਿਤੀ ਦੀ ਏਕਤਾ, ਆਤਮਾ ਤੇ ਪ੍ਰਕ੍ਰਿਤੀ ਦੀ ਏਕਤਾ, ਪੂਰਨ ਬ੍ਰਹਮ ਏਕਤਾ।

(੨) ਸਤਿ ਦੀ ਸੂਝ ਅਤੇ ਸਤਿ ਨਿਆਂ ਦਾ ਜੀਵਨ ਵਿਚ ਪ੍ਰਯੋਗ ਅਤੇ ਹਰ ਹਾਲਾਤ ਤੇ ਥਾਂ ਵਿਚ ਇਹਨਾਂ ਦੀ ਰਾਖੀ।

(੩) ਹਰ ਸਮੇਂ, ਹਰ ਥਾਂ ਤੇ ਹਰ ਇਕ ਲਈ ਉਸਾਰੂ, ਕਰਤਾਰੀ ਤੇ ਉਤਸ਼ਾਹੀ ਸਿੱਧ ਹੋਣਾ।

(੪) ਸੱਚ, ਨਿਆਂ ਤੇ ਦ੍ਰਿੜ੍ਹ ਹੋਣ ਕਰਕੇ ਨਿਰਭੈਤਾ ਵਿਚ ਵਿਚਰਨਾ। ਨਾ, ਦੇਣਾ ਤੇ ਨਾ ਭੈ ਮੰਨਣਾ।

(੫) ਵਿਤਕਰਾ ਨਾ ਕਰਨਾ, ਕਿਸੇ ਵੀ ਗੱਲ ਤੇ ਵਿਤਕਰਾ ਕਿਸੇ ਨਾਲ ਨਹੀਂ, ਧੜਾ ਕੇਵਲ ਨਿਆਂ-ਸੱਤ ਦਾ ਹੈ।

(੬) ਜੋ ਕੁਝ ਸਦੀਵੀ ਤੌਰ ਤੇ ਸੁੰਦਰ ਹੈ, ਉਹ ਸੱਚ ਹੈ, ਉਸ ਦੀ ਰੱਖਿਆ ਕਰਨਾ।

(੭) ਪਰਾਧੀਨ ਨ ਹੋਣਾ, ਸਗੋਂ ਸਦਾ ਸੁਤੰਤਰ ਰਹਿਣਾ, ਜਿਵੇਂ ਸੱਚ ਸਦਾ ਸੁਤੰਤਰ ਹੈ।

(੮) ਅਤੇ ਆਪਣੇ ਵਤੀਰੇ ਵਿਚ ਗੁਰਕਾ ਗਿਆਨ (Light) ਅਤੇ ਪ੍ਰਸਾਦਿ (Grace) ਦੇ ਗੁਣ ਧਾਰਨ ਕਰਨਾ।

ਨਿਸ਼ਾਨ ਸਾਹਿਬ ਇਹਨਾਂ ਖ਼ਾਲਸਈ ਆਦਰਸ਼ਾਂ ਦਾ ਲਖਾਇਕ ਹੈ।

੩.

ਨਿਸ਼ਾਨ ਸਾਹਿਬ ਵਿਚ ਭੂਮੀ ਕੇਸਰੀ ਰੰਗ ਦੀ ਹੈ ਅਤੇ ਉਤੇ ਉਕਰੇ ਚਿੰਨ੍ਹ ਨੀਲ ਰੰਗ ਵਿਚ ਹਨ। ਨੀਲਾ ਰੰਗ ਗੁਰੂ ਗੋਬਿੰਦ ਸਿੰਘ ਜੀ ਦੀ ਦਾਤ ਹੈ ਅਤੇ ਕੇਸਰੀ ਰੰਗ ਪੁਰਾਤਨ ਭਾਰਤੀ ਸਭਿਆਚਾਰ ਵਿਚ ਵਿਜੈ ਪ੍ਰਭਤਾ, ਬਾਦਸ਼ਾਹਤ ਪ੍ਰਾਪਤੀ ਦਾ ਚਿੰਨ੍ਹ ਹੈ। ਕੇਸਰ ਦੀ ਬਖ਼ਸ਼ਸ਼ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਕੀਤੀ ਅਤੇ ਚਿੱਕੜ ਵਾਲਾ ਨਦੀਨ ਚੁਕਾ ਕੇ ਉਹਨਾਂ ਨੂੰ ਗੁਰ-ਗੱਦੀ ਤੇ ਬਿਠਾ ਦਿੱਤਾ। ਕੇਸਰੀ ਰੰਗ ਭਾਰਤੀ ਸਭਿਆਚਾਰ ਵਿਚ ਸ਼ੁੱਭ-ਸ਼ਗਨ ਦਾ ਰੰਗ ਹੈ, ਇਸੇ ਨੂੰ ਖ਼ਾਲਸੇ ਨੇ ਧਾਰਨ ਕਰ ਲਿਆ ਅਤੇ ਇਹ 'ਵਾਹਿਗੁਰੂ ਜੀ ਕੀ ਫ਼ਤਿਹ' ਦਾ ਰੰਗ ਹੋ ਨਿਬੜਿਆ, ਇਹ 'ਵਾਹਿਗੁਰੂ ਜੀ ਕੀ ਫ਼ਤਿਹ' ਦਾ ਚਿੰਨ੍ਹ ਹੈ। ਇਸੇ ਰੰਗ ਨੂੰ ਖ਼ਾਲਸੇ ਨੇ ਦਸਤਾਰ ਵਿਚ ਲਿਆਂਦਾ। ਇਸੇ ਨੂੰ ਉਹਨਾਂ ਸਿਰੋਪਾਓ ਵਿਚ ਵਰਤਿਆ ਤੇ ਇਹ ਖ਼ਾਲਸ ਦਾ ਇਕ ਪ੍ਰਧਾਨ ਰੰਗ ਹੋ ਗਿਆ। ਨਿਸ਼ਾਨ ਸਾਹਿਬ ਵਿਚ ਵੀ ਇਸ ਨੇ ਜਾਣਾ ਹੀ ਸੀ।

ਨੀਲਾ ਰੰਗ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਧਾਰਨ ਕੀਤਾ। ਅੰਮ੍ਰਿਤ ਪਰਚਾਰ ਦੇ ਸਮੇਂ ਆਪ ਸਾਰੇ ਬਸਤਰ ਨੀਲੇ ਪਾਏ, ਪੰਜ ਪਿਆਰਿਆਂ ਨੂੰ ਨੀਲੇ ਰੰਗ ਦੇ ਬਸਤਰ ਪੁਆਏ। ਨੀਲਾ ਰੰਗ ਫਿਰ ਖ਼ਾਲਸੇ ਦੀ ਦਸਤਾਰ ਵਿਚ ਆਇਆ। ਇਹ ਨੀਲਾ ਰੰਗ ਬ੍ਰਹਮ ਗਿਆਨੀ ਦਾ ਰੰਗ ਹੈ, ਜਿਸ ਵਿਚ ਆਕਾਸ਼ ਅਤੇ ਸਾਗਰ ਦੀ ਵਿਸ਼ਾਲਤਾ ਭਰਪੂਰ ਹੈ। ਇਹੋ ੧ਓ ਵਾਲੀ ਵਿਸ਼ਾਲ ਵਿਤਕਰੇ ਰਹਿਤ ਹਮਦਰਦੀ ਦਾ ਰੰਗ ਹੈ, ਇਸ ਵਿਚ ਗਗਨ ਦੀ ਨਿਰਮਾਇਲਤਾ ਚਮਕਦੀ ਹੈ, ਇਹ ਦੂਰ ਦਿਸਹੱਦੇ ਦਾ ਰੰਗ ਹੈ, ਜਿਥੇ ਖ਼ਾਲਸੇ ਨੇ ਪੁੱਜਣਾ ਹੈ। ਇਹ ਉੱਚ ਆਦਰਸ਼, ਗਗਨ ਜਿੰਨੇ ਉੱਚੇ ਆਦਰਸ਼ਾਂ ਦਾ ਸੂਚਕ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸਮਰੱਥ ਘੋੜੇ ਦਾ ਰੰਗ ਹੈ ਜੋ ਖ਼ਾਲਸੇ ਦੀ ਤੇਜ਼ ਰਫ਼ਤਾਰ ਅਤੇ ਸ਼ਕਤੀ ਦਾ ਸੂਚਕ ਸੀ।

ਇਨ੍ਹਾਂ ਦੋਹਾਂ ਰੰਗਾਂ ਨਾਲ ਨਿਸ਼ਾਨ ਸਾਹਿਬ ਤੇ ਕੁਝ ਚਿੰਨ੍ਹ ਹਨ—ਚਕ੍ਰ ਹੈ, ਦੋ ਸ੍ਰੀ ਸਾਹਿਬ ਹਨ, ਵਿਚਾਲੇ ਖੰਡਾ ਹੈ। ਇਹ ਇਕ ਰੂਪ ਵਿਚ ਸਾਰੀ ਸਿੱਖ ਫ਼ਿਲਾਸਫ਼ੀ ਦੇ ਲਖਾਇਕ ਹਨ। ਚਕ੍ਰ ਗੁਰੂ ਨਾਨਕ ਸਾਹਿਬ ਦੀ ਦਾਤ ਹੈ ਜੋ ੧ਓ ਜਾਂ ਬ੍ਰਹਮ ਚਕ੍ਰ ਦਾ ਲਖਾਇਕ ਹੈ, ਸਾਰੇ ਬ੍ਰਹਮੰਡ ਦੀ ਏਕਤਾ ਚਕ੍ਰ ਹੈ—ਗੋਲ ਚਕ੍ਰ। ਦੋ ਸ੍ਰੀ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਦੀ ਬਖ਼ਸ਼ਸ਼ ਹਨ—ਇਹ ਮੀਰੀ ਤੇ ਪੀਰੀ ਦੀਆਂ ਲਖਾਇਕ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਹੀ ਦੋ ਸ੍ਰੀ ਸਾਹਿਬਾਂ ਨੂੰ ਬਿਲਕੁਲ ਇਕ ਜਾਨ ਕਰ ਦਿੱਤਾ ਤੇ ਖੰਡਾ ਉਤਪੰਨ ਹੋ ਗਿਆ। ਖੰਡਾ ਮੀਰੀ-ਪੀਰੀ, ਸੰਤ-ਸਿਪਾਹੀ, ਦੇਗ-ਤੇਗ ਦਾ ਲਖਾਇਕ ਹੈ।

ਖ਼ਾਲਸਾ ਸਾਰੇ ਵਿਸ਼ਵ ਲਈ ਹੈ, ਸਾਰੇ ਬ੍ਰਹਮੰਡ ਲਈ ਉਸ ਨੇ ਜੀਊਣਾ ਹੈ, ਉਹ ਕਿਸੇ ਇਕ ਟੁਕੜੇ ਜਾਂ ਖੰਡ ਲਈ ਨਹੀਂ ਬਣਾਇਆ ਗਿਆ, ਉਹ ਸੰਸਾਰ ਲਈ ਹੈ। ਇਸ ਦਰਸ਼ਨ ਦੀ ਲਖਤਾ ਚਕ੍ਰ ਵਿਚ ਹੈ। ਸਾਰਾ ਬ੍ਰਹਮੰਡ ਤੇ ਇਸ ਦਾ ਸਭ ਕੁਝ 'ਏਕਤਾ' ਹੈ, 'ਦੂਈ' ਹੈ ਹੀ ਕਿਧਰੇ ਨਹੀਂ। ਜੋ ਕੁਝ ਵੀ ਦਿਸਦਾ ਹੈ, ਉਸ ਦਾ ਬਾਹਰਲਾ ਰੂਪ

ਭਾਵੇਂ ਕੋਈ ਹੈ, ਅਸਲ ਵਿਚ ਉਹ ਸਭ ਕੁਝ 'ਇਕ' ਦਾ ਹੀ ਚਮਤਕਾਰ ਹੈ—ਰਾਜਾ ਰੰਕ, ਸਾਧ-ਚੋਰ, ਜਲ-ਕਮਲ, ਸੂਰਜ-ਚੰਦ, ਤੇਜ-ਅੰਧਕਾਰ, ਸਭ ਕੁਝ ਇਕ ਹੀ ਹੈ, ਰੰਗਾਂ ਤੇ ਜਾਤਾਂ ਪਾਤਾਂ ਦੀਆਂ ਵੰਡੀਆਂ ਮਨੁੱਖਤਾ ਦੀ ਏਕਤਾ ਨੂੰ ਭੰਗ ਨਹੀਂ ਕਰ ਸਕਦੀਆਂ।

ਸਭਿਅਤਾ ਸਭਿਆਚਾਰ ਸਭ ਇਕ ਹੀ ਹਨ। ਇਹ ਸਭ ੧ਓ—ਚਕ੍ਰ ਦੇ ਰੂਪ ਹਨ। ਇਹ ਸਭ ਕੁਝ ਸਦੀਵੀ ਹੈ—ਇਸ ਦਾ ਅਨਾਦੀ ਪਰਵਾਹ ਚਲ ਰਿਹਾ ਹੈ। ਇਹ ਨਿਰਗੁਣ ਸਰਗੁਣ ਵੀ ਚਕ੍ਰ ਹੀ ਹਨ। ਇਕੋ ਸਤਿ ਚਿਤ ਅਨੰਦ ਸਤਾ ਦੇ ਚਕ੍ਰ ਹਨ।

ਚਕ੍ਰ ਇਸ ਦਰਸ਼ਨ ਦਾ ਲਖਾਇਕ ਹੈ ਕਿ ਸਭ ਵੰਡੀਆਂ ਨਿਰਮੂਲ ਹਨ—ਇਹ ਸਾਰਾ ਕੁਝ ਨਿਰੰਤਰ ਪਰਵਾਹ ਹੈ। ਇਸੇ ਲਈ ਧਰਮਾਂ ਤੇ ਮਾਰਗਾਂ ਦੀਆਂ, ਵਰਣਾਂ ਤੇ ਆਸ਼ਰਮਾਂ ਦੀਆਂ ਵੰਡੀਆਂ ਵੀ ਨਿਰਮੂਲ ਹਨ। ਦੋ ਸ੍ਰੀ ਸਾਹਿਬ ਤੇ ਖੰਡਾ ਇਸ ਦਰਸ਼ਨ ਦੇ ਲਖਾਇਕ ਹਨ।

ਮੀਰੀ ਦੇ ਜੀਵਨ ਦਾ ਚਿੰਨ੍ਹ ਤਾਂ ਤਲਵਾਰ ਹੈ ਪਰ ਪੀਰੀ ਦਾ ਚਿੰਨ੍ਹ ਕਿਵੇਂ ਤਲਵਾਰ ਹੈ? ਇਸ ਕਥਨ ਦੀ ਵਿਆਖਿਆ ਮੈਂ ਪਹਿਲਾਂ ਕਰ ਚੁੱਕਾ ਹਾਂ। ਅਸਲ ਵਿਚ ਦੋਹਾਂ ਵਿਚ ਆਦਰਸ਼ਕ ਰੂਪ ਜਾਂ ਸਿਖਰਾਂ ਤੀਕ ਪੁੱਜਣਾ 'ਖੰਨਿਅਹੁ ਤਿੱਖੇ' ਰਸਤੇ ਤੇ ਟੁਰਨਾ ਹੈ। ਆਦਰਸ਼ਕ ਰੂਪ ਦਾ ਰਾਜਾ ਹੋ ਸਕਣਾ ਤਦ ਹੀ ਸੰਭਵ ਹੈ ਜੇ ਕੋਈ ਪਹਿਲਾਂ ਆਦਰਸ਼ਕ ਰੂਪ ਦਾ ਪੀਰ-ਫ਼ਕੀਰ ਬਣੇ ਅਤੇ ਆਦਰਸ਼ਕ ਰੂਪ ਦੀ ਫ਼ਕੀਰੀ ਤਦ ਹੀ ਸੰਭਵ ਹੈ ਜੇ ਪਹਿਲਾਂ ਕੋਈ ਆਦਰਸ਼ਕ ਮੀਰ ਬਣੇ। ਇਹ ਰਾਜ ਜੋਗ ਗੁਰੂ ਨਾਨਕ ਦੇਵ ਜੀ ਨੇ ਕਮਾਇਆ ਅਤੇ ਖੰਡੇ ਦੀ ਧਾਰ ਤੇ ਚੱਲ ਕੇ ਦੱਸਿਆ। ਇਹੋ ਰਾਜ ਜੋਗ ਹੋਰ ਗੁਰੂ ਸਾਹਿਬਾਨ ਨੇ ਕਮਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਖੰਡੇਧਾਰ ਮਾਰਗ ਦੀ ਕਮਾਈ ਵਿਚ ਹੱਦ ਮੁਕਾ ਦਿੱਤੀ। ਖ਼ਾਲਸੇ ਨੇ ਇਹ ਖੰਡੇਧਾਰ ਮਾਰਗ ਅਪਣਾਇਆ ਹੈ।

ਇਹੋ ਖੰਡਾ ਖ਼ਾਲਸੇ ਦੇ ਅੰਮ੍ਰਿਤ ਦਾ ਚਿੰਨ੍ਹ ਹੈ। ਬਾਣੀ ਦੇ ਪਾਠ ਨਾਲ ਇਹ ਖੰਡਾ ਹੀ ਅੰਮ੍ਰਿਤ ਵਿਚ ਫਿਰਦਾ ਹੈ—ਬਾਣੀ ਤੇ ਖੰਡਾ ਇਕ ਸੁਰ ਹੋ ਕੇ ਅੰਮ੍ਰਿਤ ਦੀ ਧਾਰ ਵਗਾਉਂਦੇ ਹਨ ਜੋ ਸਿੱਖ ਦੀ ਸਰੀਰਕ, ਬੌਧਿਕ ਤੇ ਆਤਮਕ ਗ਼ੁਲਾਮੀ ਨੂੰ ਕੱਟਦਾ ਹੈ ਅਤੇ ਉਸ ਨੂੰ ਸਿੰਘ ਦਾ ਦਰਸ਼ਨ ਤੇ ਰੂਪ ਦਿੰਦਾ ਹੈ।

ਅੰਮ੍ਰਿਤ ਪਾਨ ਕਰਕੇ ਖ਼ਾਲਸਾ ਸ੍ਰੀ ਸਾਹਿਬ ਦੇ ਕਰਤੱਵ ਨੂੰ ਨਿਭਾਉਂਦਾ ਹੈ। ਉਸ ਦਾ ਨਿਸ਼ਾਨ ਸਾਹਿਬ ਇਸ ਗੱਲ ਦਾ ਸਾਖੀ ਹੈ। ਉਹ ਕਰਤੱਵ ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਕੀਤਾ ਹੋਇਆ ਹੈ।

ਖਗ ਖੰਡ ਬਿਹੰਡੰ, ਖਲ ਦਲ ਖੰਡੰ,
ਅਤਿ ਰਣ ਮੰਡੰ, ਬਰਬੰਡੰ।
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ
ਜੋਤਿ ਅਮੰਡੰ, ਭਾਨ ਪ੍ਰਭੰ।
ਸੁਖ ਸੰਤਾ ਕਰਣੰ, ਦੁਰਮਤਿ ਦਰਣੰ
ਕਿਲਬਿਖ ਹਰਣੰ, ਅਸ ਸਰਣੰ।

ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ,
ਮਮ ਪ੍ਰਤਿਪਾਰਣ, ਜੈ ਤੇਗੰ ॥

ਇਸੇ ਲਈ ਗੁਰੂ ਜੀ ਨੇ ਖੜਗ ਨੂੰ ਨਮਸਕਾਰ ਕੀਤੀ। ਇਸ ਲਈ ਖ਼ਾਲਸੇ ਦੇ ਨਿਸ਼ਾਨ ਸਾਹਿਬ ਵਿਚ ਖੜਗ ਦਾ ਚਿੰਨ੍ਹ ਚੜ੍ਹਾ ਦਿੱਤਾ ਤੇ ਸਾਰੇ ਸਿੱਖ ਇਸ ਨਿਸ਼ਾਨ ਸਾਹਿਬ ਦੀ ਅਰਦਾਸ ਕਰਦੇ ਹਨ ਕਿ ਇਹ 'ਜੁਗੋ ਜੁਗ ਅਟੱਲ ਰਹੇ'। ਇਹ ਆਦਰਸ਼ 'ਜੁਗੋ ਜੁਗ ਅਟੱਲ' ਰਹਿਣ, ਇਹ ਨਾਮ ਦੀ ਚੜ੍ਹਦੀ ਕਲਾ ਦੇ ਆਦਰਸ਼ ਹਨ।

੪.

ਨਿਸ਼ਾਨ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਸੁਮੇਲ ਹੈ, 'ਜਾਪੁ' ਤੇ 'ਅਕਾਲ ਉਸਤਤਿ' ਚਕ੍ਰ ਤੇ ਖੰਡੇ ਦਾ ਧਾਰਨੀ ਹੈ; ਜਪੁ ਤੇ ਸੁਖਮਨੀ ਚਕ੍ਰ, ਭਗਤੀ ਦੇ ਧਾਰਨੀ ਹਨ। ਇਹੋ ਨਿਸ਼ਾਨ ਸਾਹਿਬ ਹੈ। ਨਿਸ਼ਾਨ ਸਾਹਿਬ ਨੂੰ ਨਮਸਕਾਰ, ਦੋਹਾਂ ਗ੍ਰੰਥ ਸਾਹਿਬਾਂ ਨੂੰ ਨਮਸਕਾਰ ਹੈ।

ਨਿਸ਼ਾਨ ਸਾਹਿਬ ਪੰਥ ਦਾ ਚਿੰਨ੍ਹ ਹੈ, ਪੰਥਕ ਏਕਤਾ ਦਾ, ਪੰਥਕ ਗੌਰਵ ਦਾ। ਇਹ ਸਰਬੱਤ ਖ਼ਾਲਸਾ ਜੀ ਦਾ ਚਿੰਨ੍ਹ ਹੈ।

ਸਿੱਖ ਨੇ ਨਿਸ਼ਾਨ ਸਾਹਿਬ ਦੇ ਆਦਰਸ਼ ਤੀਕ ਉੱਚਾ ਉਠਣਾ ਹੈ, ਤਦ ਹੀ ਉਹ ਆਪਣੇ ਅਸਲ ਰੂਪ ਵਿਚ ਪ੍ਰਗਟ ਹੋਵੇਗਾ। ਨਿਸ਼ਾਨ ਸਾਹਿਬ ਦੇ ਆਦਰਸ਼ ਰੋਜ਼ ਅਰਦਾਸ ਵਿਚ ਆਉਂਦੇ ਹਨ :

> ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ। ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਿਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਕੇ ਬੋਲ ਬਾਲੇ ਬੋਲੋ ਜੀ ਵਾਹਿਗੁਰੂ।

ਸੋ ਨਿਸ਼ਾਨ ਸਾਹਿਬ ਪੰਥਕ ਏਕਤਾ ਤੇ ਫ਼ਤਿਹ ਦਾ ਚਿੰਨ੍ਹ ਹੈ। ਇਹ ਸਰਬੱਤ ਖ਼ਾਲਸਾ ਦਾ ਨਿਸ਼ਾਨ ਹੈ, ਜਿੱਥੇ ਇਹ ਨਿਸ਼ਾਨ ਝੂਲਦਾ ਹੈ, ਉਥੇ ਖ਼ਾਲਸੇ ਦੀ ਸਾਹਿਬੀ ਹੈ, ਜਿੱਥੇ ਖ਼ਾਲਸੇ ਦੀ ਸਾਹਿਬੀ ਹੈ, ਉਥੇ ਸਭ ਲਈ ਰੱਛਿਆ ਰਿਆਇਤ ਹੈ। ਨਿਸ਼ਾਨ ਸਾਹਿਬ ਦੇ ਅਧੀਨ ਲੜ ਕੇ ਖ਼ਾਲਸੇ ਨੇ—

ਬਿਰਦ ਦੀ ਪੈਜ,
ਪੰਥ ਕੀ ਜੀਤ ਅਤੇ
ਖ਼ਾਲਸੇ ਜੀ ਦੇ ਬੋਲ ਬਾਲੇ

ਕਰਨੇ ਹਨ—ਸ੍ਰੀ ਸਾਹਿਬ ਦੀ ਸਹਾਇਤਾ ਨਾਲ।

———

1. ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥

੨

# ੫. ਜੈਕਾਰਾ

ਜ ਬੋਲੇ, ਸੋ ਨਿਹਾਲ, ਸਤਿ ਸ੍ਰੀ ਅਕਾਲ ॥

ਜਿਵੇਂ ਖ਼ਾਲਸੇ ਦੀ 'ਫ਼ਤਿਹ'—ਵਾਹਿਗੁਰੂ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ—ਇਕ ਮਹਾਨ ਪ੍ਰਣ ਦੀ ਸੂਚਕ ਹੈ ਕਿ ਖ਼ਾਲਸੇ ਦਾ ਕਰਤੱਵ ਇਹ ਹੈ ਕਿ ਸੰਸਾਰ ਵਿਚ ਉਹ ਦਸ਼ਾ ਪੈਦਾ ਕੀਤੀ ਜਾਏ ਜਿਸ ਨੂੰ 'ਵਾਹਿਗੁਰੂ ਜੀ ਕੀ ਫ਼ਤਿਹ' ਦੀ ਦਸ਼ਾ ਕਿਹਾ ਜਾ ਸਕੇ ਅਤੇ ਉਹ ਦਸ਼ਾ ਹੈ 'ਨਿਰਭਉ ਤੇ ਨਿਰਵੈਰੁ' ਸੰਸਾਰ ਦੀ, ਤਿਵੇਂ ਹੀ 'ਜੋ ਬੋਲੇ, ਸੋ ਨਿਹਾਲ, ਸਤਿ ਸ੍ਰੀ ਅਕਾਲ' ਵੀ ਇਕ ਪ੍ਰਣ ਹੈ। ਇਹ ਇਕ ਆਦਰਸ਼ ਹੈ ਜਿਸ ਦਾ ਭਾਵ ਸਪੱਸ਼ਟ ਕਰਨ ਦਾ ਯਤਨ ਕਰਦਾ ਹਾਂ।

'ਜੋ ਬੋਲੇ' ਦਾ ਭਾਵ ਪੂਰੀ ਤਰ੍ਹਾਂ ਇਵੇਂ ਸਪੱਸ਼ਟ ਕੀਤਾ ਜਾ ਸਕਦਾ ਹੈ ਕਿ ਫ਼ਰਜ਼ ਕਰ ਲਉ, ਰਾਤ ਦਾ ਵੇਲਾ ਹੈ, ਗਵਾਂਢ ਕਿਸੇ ਨੂੰ ਚੋਰ ਆ ਪਏ ਹਨ ਅਤੇ ਉਹ ਮਦਦ ਲਈ ਚੀਕ ਮਾਰਦਾ ਹੈ, ਲਲਕਾਰਦਾ ਹੈ, ਜਾਂ ਕਿਤੇ ਅੱਗ ਲੱਗ ਗਈ ਹੈ ਅਤੇ ਮਦਦ ਲਈ ਚੀਕ ਪੁਕਾਰ ਹੋ ਰਹੀ ਹੈ ਜਾਂ ਕਿਸੇ ਨਾਲ ਕੋਈ ਧੱਕਾ, ਬਦ-ਸਲੂਕੀ ਹੋ ਰਹੀ ਹੈ ਅਤੇ ਉਹ ਸਹਾਇਤਾ ਲਈ ਪੁਕਾਰ ਰਿਹਾ ਹੈ, ਉਦੋਂ ਜੋ ਵੀ ਮਨੁੱਖ ਆਪਣੇ ਲਈ ਖ਼ਤਰਾ ਮੁੱਲ ਲੈ ਕੇ ਉੱਤਰ ਦੇਂਦਾ ਹੈ ਕਿ 'ਮੈਂ ਪਹੁੰਚਿਆ' ਅਤੇ ਆਪਣੀ ਜਾਨ ਦੀ ਪਰਵਾਹ ਨਾ ਕਰਦਾ ਹੋਇਆ ਦੌੜ ਕੇ ਵਾਰਦਾਤ ਵਾਲੀ ਥਾਂ ਤੇ ਪਹੁੰਚਦਾ ਹੈ, ਸਮਝੋ ਕਿ ਉਹ 'ਬੋਲਿਆ ਹੈ' ਉਸ ਰੂਪ ਵਿਚ, ਜਿਸ ਰੂਪ ਵਿਚ ਖ਼ਾਲਸਈ 'ਜੈਕਾਰਾ' ਹੈ, ਉਸ ਨੇ 'ਸਤਿ ਸ੍ਰੀ ਅਕਾਲ' ਲਈ ਭਾਵ ਸੱਚ-ਪ੍ਰਸਤੀ ਤੇ ਨਿਆਂ ਲਈ ਖ਼ਤਰਾ ਸਹੇੜਿਆ ਹੈ ਅਤੇ ਵਾਹੋਦਾਹੀ ਨਿਆਂ ਤੇ ਸੱਚ ਲਈ ਦੌੜ ਪਿਆ ਹੈ। ਇਹ ਹੈ 'ਬੋਲੇ' ਦੀ ਦਸ਼ਾ, ਜੋ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਵਿਚ ਹੈ।

ਇਹ ਖ਼ਾਲਸਈ ਜੈਕਾਰਾ ਹੈ, ਫ਼ਤਹਿ ਦਾ ਜੈਕਾਰਾ ਹੈ, ਇਹ ਜੈਕਾਰਾ ਖ਼ਾਲਸਾ ਯੁੱਧ ਸਮੇਂ ਲਗਾਉਂਦਾ ਹੈ। ਪਰ ਇਸ ਦਾ ਭਾਵ ਇਹੋ ਹੈ ਕਿ ਖ਼ਾਲਸਾ ਕੇਵਲ ਹੱਕ ਦੀ ਲੜਾਈ ਕਰਦਾ ਹੈ, ਖ਼ਾਲਸਾ ਕੇਵਲ ਨਿਆਂ ਤੇ ਸਚਾਈ ਲਈ ਇਹ ਜੈਕਾਰਾ ਲਗਾ ਕੇ ਜੁੱਧ ਲਈ ਚੜ੍ਹਾਈ ਕਰਦਾ ਹੈ, ਜਾਂ ਜੂਝਦਾ ਹੈ; ਖ਼ਾਲਸਾ ਧੱਕਾ ਕਰਨ ਲਈ, ਕੋਈ ਪਦਾਰਥਕ ਮੱਲ ਮਾਰਨ ਲਈ ਜਾਂ ਕੋਈ ਅਨਿਆਂ ਕਮਾਉਣ ਲਈ ਇਹ 'ਜੈਕਾਰਾ' ਨਹੀਂ ਲਗਾ ਸਕਦਾ। ਇਸ 'ਜੈਕਾਰੇ' ਦੀ ਜ਼ਰੂਰੀ ਸ਼ਰਤ 'ਸਤਿ ਸ੍ਰੀ ਅਕਾਲ' ਹੈ। ਇਹ 'ਜੈਕਾਰਾ' ਕੇਵਲ ਵਾਹਿਗੁਰੂ ਜੀ ਕੀ ਫ਼ਤਹਿ [ਸਤਿ ਸ੍ਰੀ ਅਕਾਲ] ਲਈ ਹੀ ਲਗਾਇਆ ਜਾ ਸਕਦਾ ਹੈ। ਵਾਹਿਗੁਰੂ ਜੀ ਕੀ ਫ਼ਤਿਹ ਅਤੇ ਸਤਿ ਸ੍ਰੀ ਅਕਾਲ ਦਾ ਇਕੋ ਹੀ ਭਾਵ ਹੈ।

'ਵਾਹਿਗੁਰੂ ਜੀ ਕੀ ਫ਼ਤਹਿ' ਤਦ ਹੀ ਹੋਵੇਗੀ ਜੇ 'ਸਤਿ ਸ੍ਰੀ ਅਕਾਲ' ਦਾ ਬੋਲ

ਬਾਲਾ ਹੋਵੇਗਾ। ਪੂਰਨ ਸਚਾਈ ਦਾ ਬੋਲਬਾਲਾ ਕਰਨ ਲਈ ਖ਼ਾਲਸੇ ਨੇ ਜੂਝਣਾ ਹੈ। ਜਿੱਥੇ ਵੀ ਵਾਹਿਗੁਰੂ ਜੀ ਕੀ ਫ਼ਤਿਹ ਵਿਚ ਕੋਈ ਵਿਘਨ ਪੈ ਰਿਹਾ ਹੈ, ਖ਼ਾਲਸੇ ਨੇ ਉਥੇ ਪਹੁੰਚਣਾ ਹੈ, ਲਬੈਕ ਕਹਿਣਾ ਹੈ ਅਤੇ ਜੂਝਣਾ ਹੈ।

ਵਾਹਿਗੁਰੂ ਜੀ ਕੀ ਫ਼ਤਿਹ ਦੀ ਦਸ਼ਾ ਵਿਚ ਉਹ ਹਾਲਾਤ ਹੀ ਬਾਧਕ ਹਨ ਜੋ ਉਸ ਦੇ ਸਰੂਪ ਦੇ ਪ੍ਰਤੀਕੂਲ ਹਨ। ਵਾਹਿਗੁਰੂ ਜੀ ਦਾ ਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਮੰਨਿਆ ਹੈ—

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥

ਪਹਿਲਾਂ ਕੇਵਲ ਇਹ ਦੋ ਸਤਰਾਂ ਹੀ ਵਿਚਾਰਦੇ ਹਾਂ। ਵਾਹਿਗੁਰੂ ਜੀ ਕੀ ਫ਼ਤਿਹ ਦੀ ਦਸ਼ਾ ਉਹ ਹੈ, ਜਿੱਥੇ— ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।

੧—ਚਕ੍ਰ ਚਿਹਨ
੨—ਬਰਨ ਜਾਤਿ
੩—ਰੂਪ ਰੰਗ
ਅਤੇ ੪—ਰੇਖ ਭੇਖ

ਦੇ ਆਧਾਰ ਤੇ ਵਿਤਕਰੇ, ਵੰਡੀਆਂ, ਅਨਿਆਂ, ਧਕਾ, ਜਬਰ, ਜ਼ੁਲਮ ਨਹੀਂ ਹੁੰਦਾ, ਸਗੋਂ ਅਨੇਕਤਾ ਵਿਚਲੀ ਏਕਤਾ ਦਾ ਸਤਿਕਾਰ ਕੀਤਾ ਜਾਂਦਾ ਹੈ। ਵਾਹਿਗੁਰੂ ਜੀ ਕੀ ਫ਼ਤਿਹ ਦੀ ਘੜੀ ਉਹ ਹੋਵੇਗੀ ਜਿਥੇ ਇਨਸਾਨ, ਇਨਸਾਨ ਨਾਲ ਕੇਵਲ ਉਸ ਦੇ ਵੱਖਰੇ ਚੁਕ੍ਰ ਚਿਹਨ, ਬਰਨ ਜਾਤਿ, ਰੂਪ ਰੰਗ ਅਤੇ ਰੇਖ ਭੇਖ ਕਰਕੇ ਵੈਰ-ਵਿਰੋਧ ਨਹੀਂ ਕਰਦਾ। ਪਰ ਸੰਸਾਰ ਵਿਚ ਇਹ ਵੰਡੀਆਂ ਕਿੰਨੀਆਂ ਪਰਬਲ ਹਨ ਅਤੇ ਇਹਨਾਂ ਨੇ ਸਾਰੇ ਸੰਸਾਰ ਨੂੰ ਕਿੰਨਾ ਔਖਾ ਕਰ ਰੱਖਿਆ ਹੈ ? ਸੰਸਾਰ ਵੰਡਿਆ ਪਿਆ ਹੈ, ਇਹਨਾਂ ਦੇ ਆਧਾਰ ਤੇ ਹੀ। ਪਰ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਸਾਨੂੰ ਵਾਹਿਗੁਰੂ ਜੀ ਕੀ ਫ਼ਤਿਹ ਅਤੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਦਿੱਤੇ ਉਹ ਤਾਂ ਇਹ ਦੱਸ ਰਹੇ ਹਨ ਕਿ ਵਾਹਿਗੁਰੂ ਦਾ ਕੋਈ ਵਿਸ਼ੇਸ਼ ਚਕ੍ਰ ਚਿਹਨ, ਬਰਨ ਜਾਤਿ, ਰੂਪ ਰੰਗ, ਅਤੇ ਰੇਖ ਭੇਖ ਨਹੀਂ ਹੈ ਭਾਵ ਸਾਰੇ ਚਕ੍ਰ, ਚਿਹਨ, ਬਰਨ ਜਾਤਿ, ਰੂਪ ਰੰਗ ਅਤੇ ਰੇਖ ਭੇਖ ਉਸ ਦੇ ਹਨ ਕਿਉਂਕਿ ਉਹ ਸਭ ਵਿਚ ਵਿਆਪਕ ਹੈ। ਜਿਵੇਂ—

'ਸਹਸ ਤਵ ਨੈਨ' ਹਨ ਪਰ 'ਨਨ ਨੈਨ ਹਹਿ ਤੋਹਿ' ਹੈ, ਉਸ ਦੇ ਹਜ਼ਾਰਾਂ ਨੈਨ ਹਨ ਪਰ ਕੋਈ ਵੀ ਉਸ ਦਾ ਨੈਨ ਨਹੀਂ, ਭਾਵ ਸਾਰੇ ਜੀਵਾਂ ਦੇ ਨੈਨ ਉਸ ਦੇ ਹੀ ਨੈਨ ਹਨ ਕਿਉਂਕਿ ਹਰ ਜੀਵ ਵਿਚ ਉਹ ਬਿਰਾਜਮਾਨ ਹੈ, ਪਰ ਉਸ ਦਾ ਵਿਸ਼ੇਸ਼ ਨੈਨ ਕੋਈ ਵੀ ਨਹੀਂ, ਉਸ ਦਾ ਆਪਣਾ ਸਰੀਰ ਕੋਈ ਨਹੀਂ। ਤਿਵੇਂ ਹੀ—

ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ ॥

ਇਸੇ ਤਰ੍ਹਾਂ ਸੰਸਾਰ ਤੇ ਜੋ ਵੀ ਚਕ੍ਰ ਚਿਹਨ, ਬਰਨ ਜਾਤਿ, ਰੂਪ ਰੰਗ ਅਤੇ ਰੇਖ ਭੇਖ ਦਿਸਦੇ ਹਨ, ਸਭ ਵਾਹਿਗੁਰੂ ਜੀ ਦੇ ਹਨ ਪਰ ਵਾਹਿਗੁਰੂ ਜੀ ਦਾ ਕੋਈ ਵਿਸ਼ੇਸ਼ ਜਾਤੀ ਚਕ੍ਰ ਚਿਹਨ ਆਦਿ ਨਹੀਂ।

ਇਸ ਤੋਂ ਸਪੱਸ਼ਟ ਇਹ ਹੁੰਦਾ ਹੈ ਕਿ ਜਿੰਨੇ ਤੀਕ ਚਕ੍ਰ ਚਿਹਨ, ਬਰਨ ਜਾਤਿ, ਰੂਪ ਰੰਗ ਅਤੇ ਰੇਖ ਭੇਖ ਦੇ ਆਧਾਰ ਤੇ ਵੈਰ, ਵੰਡੀਆਂ, ਧੱਕੇ, ਜਬਰ ਹੋ ਰਹੇ ਹਨ, ਉਨੇ ਤੀਕ ਖ਼ਾਲਸੇ ਨੇ ਯਤਨ ਕਰਨਾ ਹੈ ਕਿ 'ਵਾਹਿਗੁਰੂ ਜੀ ਕੀ ਫ਼ਤਿਹ' ਦੀ ਘੜੀ ਆਵੇ ਸਗੋਂ ਉਸ ਨੇ ਜੁੱਧ ਕਰਨਾ ਹੈ ਕਿ ਇਹ ਵੰਡ ਵਿਤਕਰਾ ਹਟੇ। ਜਾਪਾਨੀ ਚਕ੍ਰ ਚਿਹਨ ਹੋਰ ਹਨ, ਯੋਰਪੀ ਚਕ੍ਰ ਚਿਹਨ ਹੋਰ ਹਨ; ਅਰਬੀ ਹੋਰ ਹਨ, ਅਫ਼ਰੀਕੀ ਹੋਰ ਹਨ. ਪਰ ਇਹ ਸਾਰੇ ਚਕ੍ਰ ਚਿਹਨ ਹਨ ਵਾਹਿਗੁਰੂ ਜੀ ਦੇ, ਤਾਂ ਤੇ ਇਹਨਾਂ ਦੇ ਆਧਾਰ ਤੇ ਘਿਰਣਾ, ਵੈਰ ਵਿਰੋਧ ਅਤੇ ਧੱਕਾ ਵਾਹਿਗੁਰੂ ਵਿਰੁੱਧ ਜ਼ੁਲਮ ਹੈ। ਖ਼ਾਲਸਾ ਵਾਹਿਗੁਰੂ ਦੀ ਆਪਣੀ ਫ਼ੌਜ ਹੈ ਅਤੇ ਜਿੱਥੇ ਵੀ ਮਨੁੱਖਤਾ ਇਹਨਾਂ ਵੰਡਾਂ ਦੇ ਆਧਾਰ ਤੇ ਕੁਚਲੀ ਜਾ ਰਹੀ ਹੈ, ਖ਼ਾਲਸੇ ਨੇ ਉਸ ਮਨੁੱਖਤਾ ਦੇ ਭਾਗ ਦੀ ਚੀਖ-ਪੁਕਾਰ ਸੁਣਨੀ ਹੈ ਅਤੇ ਦੌੜ ਦੌੜ ਉਥੇ ਸਹਾਇਤਾ ਲਈ ਪਹੁੰਚਣਾ ਹੈ; ਐਸੀ ਸਹਾਇਤਾ ਵਿਚ ਆਪਣੀ ਜਾਨ ਭਾਵੇਂ ਲੱਗ ਜਾਵੇ।

ਇਵੇਂ ਹੀ ਜਿੱਥੇ ਵੀ ਬਰਨ ਜਾਤਿ ਦਾ ਵਿਤਕਰਾ ਹੋ ਰਿਹਾ ਹੈ, ਗੋਰੇ ਰੰਗ ਵਾਲੇ, ਕਾਲੇ ਰੰਗ ਵਾਲਿਆਂ ਨੂੰ ਮਾਰ ਕੁੱਟ ਰਹੇ ਹਨ, ਉਥੇ ਵਾਹਿਗੁਰੂ ਜੀ ਦਾ ਨਿਰਾਦਰ ਹੋ ਰਿਹਾ ਹੈ ਕਿਉਂਕਿ ਉਸ ਦਾ ਕੋਈ ਵਿਸ਼ੇਸ਼ ਰੰਗ ਨਹੀਂ ਹੈ ਉਹ ਤਾਂ ਗੋਰਿਆਂ ਵਿਚ ਵੀ ਹੈ ਅਤੇ ਕਾਲਿਆਂ ਵਿਚ ਵੀ। ਫਿਰ ਉਥੇ ਕਾਲਿਆਂ ਦੀ ਪੁਕਾਰ ਹੋ ਰਹੀ ਹੈ ਅਤੇ ਖ਼ਾਲਸੇ ਨੇ ਉਸ ਚੀਕ ਪੁਕਾਰ ਦਾ ਉੱਤਰ ਦੇਣਾ ਹੈ ਕਿ 'ਪਹੁੰਚੋ'। ਇਹ ਹੈ, 'ਜੋ ਬੋਲੇ' 'ਸੋ ਨਿਹਾਲ' ਦਾ ਪ੍ਰਣ ਪੂਰਾ ਕਰਨਾ।

ਜਿੱਥੇ ਆਪਣੇ ਦੇਸ਼ ਵਿਚ ਹੀ ਬਰਨ (ਰੰਗ) ਜਾਤਿ ਕਰਕੇ ਵਿਤਕਰਾ ਹੋ ਰਿਹਾ ਹੈ, ਧੱਕਾ ਹੋ ਰਿਹਾ ਹੈ, ਇਹ 'ਵਾਹਿਗੁਰੂ ਜੀ ਕੀ ਫ਼ਤਿਹ' ਵਾਲੀ ਹਾਲਤ ਨਹੀਂ। ਇਹ ਤਾਂ ਵਾਹਿਗੁਰੂ ਦੇ ਨਿਰਾਦਰ ਵਾਲੀ ਗੱਲ ਹੈ। ਖ਼ਾਲਸਾ ਵਾਹਿਗੁਰੂ ਜੀ ਦੀ ਫ਼ੌਜ ਹੈ ਅਤੇ ਉਸ ਨੇ ਝੱਟ ਉਠ ਕੇ ਉਥੇ ਪੁੱਜਣਾ ਹੈ, ਜਿਥੇ ਇਹ ਧੱਕਾ ਹੋ ਰਿਹਾ ਹੈ। ਇਹ ਹੈ ਚੀਕ-ਪੁਕਾਰ ਸੁਣ ਕੇ "ਬੋਲਣਾ" – 'ਜੋ ਬੋਲੇ, ਸੋ ਨਿਹਾਲ'। ਉਸ ਧੱਕੇ ਨੂੰ ਬੰਦ ਕਰਨਾ ਹੀ 'ਸਤਿ ਸ੍ਰੀ ਅਕਾਲ' ਹੈ ਅਤੇ 'ਵਾਹਿਗੁਰੂ ਜੀ ਕੀ ਫ਼ਤਿਹ' ਹੈ।

ਰੇਖ ਭੇਖ ਦੇ ਆਧਾਰ ਤੇ, ਸਾਰੇ ਸੰਸਾਰ ਵਿਚ ਕਿਤੇ ਨਾ ਕਿਤੇ ਧੱਕਾ ਹੁੰਦਾ ਹੀ ਰਹਿੰਦਾ ਹੈ। ਆਪਣੇ ਦੇਸ਼, ਅਰ ਗੁਆਂਢ ਵਿਚ ਧਰਮ ਤੇ ਧਾਰਮਕ ਭੇਖਾਂ ਕਾਰਨ ਧੱਕਾ ਹੁੰਦਾ ਰਹਿੰਦਾ ਹੈ, ਧਾਰਮਕ ਭੇਖਾਂ ਦੇ ਆਧਾਰ ਤੇ ਝਗੜੇ, ਲੜਾਈ ਤੀਕ ਹੁੰਦੇ ਰਹਿੰਦੇ ਹਨ। ਇਹ 'ਵਾਹਿਗੁਰੂ ਜੀ ਕੀ ਫ਼ਤਿਹ' ਵਾਲੀ ਦਸ਼ਾ ਨਹੀਂ ਹੈ ਇਹ ਤਾਂ ਵਾਹਿਗੁਰੂ ਜੀ ਦੇ ਨਿਰਾਦਰ ਵਾਲੀ ਦਸ਼ਾ ਹੈ। ਖ਼ਾਲਸਾ ਵਾਹਿਗੁਰੂ ਜੀ ਦੀ ਫ਼ੌਜ ਹੈ। ਫਿਰ ਉਸ ਨੇ ਮਜ਼ਲੂਮ ਦੀ ਚੀਕ-ਪੁਕਾਰ ਸੁਣ ਕੇ "ਬੋਲਣਾ" ਹੈ ਅਤੇ ਇਹ ਧੱਕਾ ਦੂਰ ਕਰਨਾ ਹੈ। ਇਹ ਹੈ 'ਜੋ ਬੋਲੇ, ਸੋ ਨਿਹਾਲ'। ਇਹ ਏ ਜਦੋਂ ਦੂਰ ਹੋ ਜਾਏ, ਉਹ ਦਸ਼ਾ ਹੀ 'ਸਤਿ ਸ੍ਰੀ ਅਕਾਲ' ਦੀ ਦਸ਼ਾ ਹੈ।

ਸੋ ਇਹ "ਜੈਕਾਰਾ" ਖ਼ਾਲਸੇ ਲਈ ਕਿੰਨੀ ਭਾਰੀ ਜ਼ਿੰਮੇਵਾਰੀ ਦਾ ਸੂਚਕ ਹੈ। ਖ਼ਾਲਸੇ ਨੇ ਉਦੋਂ "ਬੋਲਣਾ" ਹੈ ਜਦੋਂ ਕਿਤੇ ਅਨਿਆਂ, ਧੱਕਾ, ਜਬਰ ਹੁੰਦਾ ਹੈ ਅਤੇ ਬੋਲ ਕੇ ਉਸ ਧੱਕੇ ਨੂੰ ਦੂਰ ਕਰਨ ਲਈ ਚੜ੍ਹਾਈ ਕਰਨੀ ਹੈ, ਨਿਆਂ ਤੇ ਸਚਾਈ ਲਈ ਲੜਨਾ ਮਰਨਾ ਹੈ।

'ਜੈਕਾਰੇ' ਦਾ ਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਹੋਰ ਸ਼ਬਦਾਂ ਵਿਚ ਇਹ ਹੈ—

ਦੇਹ ਸ਼ਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂ ਨ ਟਰੋਂ ॥
ਨ ਡਰੋਂ ਅਰਿ ਸਿਉ ਜਬ ਜਾਇ ਲਰੋਂ
ਨਿਸਚੇ ਕਰ ਅਪਨੀ ਜੀਤ ਕਰੋਂ ॥
ਅਰ ਸਿਖ ਹੋਂ ਆਪਣੇ ਹੀ ਮਨ ਕਉ
ਇਹ ਲਾਲਚ ਹਉ ਗੁਣ ਤਉ ਉਚਰੋਂ ॥
ਜਬ ਆਵਿ ਕੀ ਅਉਧ ਨਿਦਾਨ ਬਨੈ
ਅਤਿ ਹੀ ਰਣ ਮਹਿ ਤਬ ਜੂਝ ਮਰੋਂ ॥ (ਚੰਡੀ ਚਰਿਤ੍ਰ)

ਇਹ ਹੈ ਠੀਕ 'ਬੋਲੇ' ਦਾ ਰੂਪ, 'ਜੋ ਬੋਲੇ'। ਜਦੋਂ ਵੀ ਵਾਹਿਗੁਰੂ ਦੇ 'ਅਰਿ' ਨਾਲ ਲੜਨ ਦਾ ਮੌਕਾ ਆ ਬਣਿਆ ਹੈ, ਉਦੋਂ ਹੀ ਅਨਿਆਂ ਦੇ ਵਿਰੁੱਧ ਬੋਲ ਪੈਣਾ, ਕਮਰਕੱਸਾ ਕਰ ਲੈਣਾ। ਚੜ੍ਹਾਈ ਕਰ ਦੇਣੀ ਅਤੇ ਜੂਝ ਜਾਣਾ—ਇਹ ਹੈ 'ਬੋਲਣਾ' (Answering the call)।

ਇਹ ਖ਼ਾਲਸਾ ਜ਼ਰੂਰ ਨਿਹਾਲ (ਮੁਕਤ) ਹੋਵੇਗਾ, ਜੋ ਇਹਨਾਂ ਹਾਲਾਤ ਵਿਚ ਬੋਲਦਾ ਹੈ ਅਤੇ ਜੂਝਦਾ ਹੈ। ਨਿਰਭਉ ਅਤੇ ਨਿਰਵੈਰ ਦੁਨੀਆ ਵਾਹਿਗੁਰੂ ਜੀ ਕੀ ਫ਼ਤਿਹ ਵਾਲੀ ਦੁਨੀਆ ਹੈ। 'ਅਚਲ ਮੂਰਤਿ, ਅਨਭਉ ਪ੍ਰਕਾਸ' ਵਾਲੀ ਦੁਨੀਆ ਹੈ। ਇਹ ਦੁਨੀਆ ਹੀ ਮਨੁੱਖ ਦੀ ਕਲਪਨਾ ਹੈ। ਇਸ ਦੁਨੀਆ ਦੀ ਉਡੀਕ ਤੇ ਹੀ ਮਨੁੱਖ ਜੀਅ ਰਿਹਾ ਹੈ। ਇਹ ਉਹ ਦੁਨੀਆ ਹੈ ਜਦੋਂ ਕੇਵਲ ਵਾਹਿਗੁਰੂ ਹੀ 'ਤ੍ਰਿਭਵਣ ਮਹੀਪ' ਮੰਨਿਆ ਗਿਆ ਹੈ, ਜਦੋਂ 'ਸਤਿ ਸ੍ਰੀ ਅਕਾਲ' ਮੰਨਿਆ ਗਿਆ ਹੈ।

ਸ਼ਾਇਦ, ਇਹ ਹੈ 'ਜੋ ਬੋਲੇ, ਸੋ ਨਿਹਾਲ ! ਸਤਿ ਸ੍ਰੀ ਅਕਾਲ' ਦਾ ਭਾਵ। ਇਹ ਤਾਂ ਬੜਾ ਔਖਾ ਪ੍ਰਣ ਹੈ, ਬੜਾ ਮਹਾਨ ਪ੍ਰਣ ਹੈ। ਪਰ ਖ਼ਾਲਸੇ ਦੀ ਸਥਾਪਨਾ ਇਹ ਦੁਨੀਆ ਸੰਭਵ ਬਨਾਉਣ ਲਈ ਹੀ ਹੋਈ ਹੈ।

੨.

ਅਰਦਾਸ ਕੀਤੀ ਜਾਂਦੀ ਹੈ, ਮਗਰੋਂ ਵਾਹਿਗੁਰੂ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ਬੁਲਾਈ ਜਾਂਦੀ ਹੈ, ਅਤੇ ਜੈਕਾਰਾ ਗਜਾਇਆ ਜਾਂਦਾ ਹੈ। ਅਰਦਾਸ ਵਿਚ ਵਰਣਿਤ ਗੁਰੂ, ਮਹਾਂਪੁਰਸ਼ ਤੇ ਸ਼ਹੀਦ ਉਹ ਖ਼ਾਲਸੇ ਹੋਏ ਹਨ ਜਿਨ੍ਹਾਂ ਸਚਮੁੱਚ ਜੈਕਾਰਾ ਗਜਾਇਆ ਅਤੇ ਉਠ ਕੇ ਹਰ ਪ੍ਰਕਾਰ ਦੇ ਵਿਤਕਰੇ, ਜਬਰ ਅਤੇ ਅਨਿਆਂ ਵਿਰੁੱਧ ਲੜਨ ਲਈ ਤੁਰੇ। ਇਹਨਾਂ ਵਿਚੋਂ ਹਰ ਗੁਰੂ ਅਤੇ ਮਹਾਂਪੁਰਸ਼ ਨੇ ਘੋਲ ਆਪਣੇ ਆਪਣੇ ਤਰੀਕੇ ਨਾਲ ਹੀ ਕੀਤਾ ਹੈ। ਪਰ ਕੀਤਾ ਅਵੱਸ਼ ਹੈ ਅਤੇ ਇਸ ਤਰ੍ਹਾਂ 'ਸਤਿ

ਸ੍ਰੀ ਅਕਾਲ' ਤੇ 'ਵਾਹਿਗੁਰੂ ਜੀ ਕੀ ਫ਼ਤਿਹ' ਲਈ ਉਪਰਾਲਾ ਕੀਤਾ ਹੈ।

ਸਾਰਾ ਅਰਦਾਸ-ਰੂਪ ਸਿੱਖ ਇਤਿਹਾਸ 'ਨਾਨਕ' ਦੀ ਅਗਵਾਈ ਵਿਚ ਬਣਿਆ ਹੈ। 'ਨਾਨਕ' ਇਕ ਵਿਚਾਰ-ਢੰਗ ਹੈ, ਇਕ ਸੰਸਥਾ ਹੈ, ਇਕ ਪ੍ਰਥਾ ਹੈ; 'ਨਾਨਕ' ਇਕ ਵਿਅਕਤੀ ਨਹੀਂ—ਇਸੇ ਲਈ ਸਾਰੇ ਗੁਰੂ ਸਾਹਿਬਾਨ 'ਨਾਨਕ' ਹੀ ਵਰਤਦੇ ਰਹੇ। ਨਾ ਕੇਵਲ ਗੁਰੂ ਸਾਹਿਬਾਨ, ਸਗੋਂ ਭੱਟ 'ਕਲ' ਦੇ ਸਵੱਈਏ ਤਾਂ ਇਹ ਪਏ ਦਸਦੇ ਹਨ ਕਿ ਆਦਿ ਕਾਲ ਤੋਂ ਸਾਰੇ ਰਿਸ਼ੀ-ਮੁਨੀ, ਜੋਗੀ ਜੋਗੇਸ੍ਵਰ,ਭਗਤ, ਸਿੱਧ ਸਭ 'ਨਾਨਕ' ਦਾ ਧਿਆਨ ਧਰਦੇ ਰਹੇ ਹਨ :—

ਗਾਵਉ ਗੁਨ ਪਰਮ ਗੁਰੂ ਸੁਖ ਸਾਗਰ
ਦੁਰਤ ਨਿਵਾਰਣ ਸਬਦ ਸਰੇ ॥
ਗਾਵਹਿ ਗੰਭੀਰ ਧੀਰ ਮਤਿ ਸਾਗਰ
ਜੋਗੀ ਜੰਗਮ ਧਿਆਨੁ ਧਰੇ ॥
ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ
ਆਤਮ ਰਸੁ ਜਿਨਿ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ
ਰਾਜੁ ਜੋਗੁ ਜਿਨਿ ਮਾਣਿਓ ॥ ੨ ॥
ਗਾਵਹਿ ਜਨਕਾਦਿ ਜੁਗਤ ਜੋਗੇਸੁਰ
ਹਰਿ ਰਸ ਪੂਰਨ ਸਰਬ ਕਲਾ ॥
ਗਾਵਹਿ ਸਨਕਾਦਿ ਸਾਧ ਸਿਧਾਦਿਕ
ਮੁਨਿ ਜਨ ਗਾਵਹਿ ਅਛਲ ਛਲਾ ॥
ਗਾਵੈ ਗੁਣ ਧੋਮੁ ਅਟਲ ਮੰਡਲਵੈ
ਭਗਤਿ ਭਾਇ ਰਸੁ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ
ਰਾਜੁ ਜੋਗੁ ਜਿਨਿ ਮਾਣਿਓ ॥ ੩ ॥
ਗਾਵਹਿ ਕਪਿਲਾਦਿ ਆਦਿ ਜੋਗੇਸੁਰ
ਅਪਰੰਪਰ ਅਵਤਾਰ ਵਰੇ ॥
ਗਾਵੈ ਜਮਦਗਨਿ ਪਰਸਰਾਮੇਸੁਰ
ਕਰ ਕੁਠਾਰੁ ਰਘੁ ਤੇਜੁ ਹਰਿਓ ॥
ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ

ਸਰਬਾਤਮੁ ਜਿਨਿ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ
ਰਾਜੁ ਜੋਗੁ ਜਿਨਿ ਮਾਣਿਓ ॥ ੪ ॥

ਅਤੇ ਉਸੇ 'ਗੁਰੂ ਨਾਨਕ' ਦੇ 'ਗੁਣ'

ਗੁਣ ਗਾਵੈ ਰਵਿਦਾਸ ਭਗਤੁ ਜੈਦੇਵ ਤ੍ਰਿਲੋਚਨ ॥

ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮਲੋਚਨ ॥
ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥ ...

ਇਹ 'ਨਾਨਕ' ਤਾਂ ਉਹ ਹੈ ਜਿਸ ਨੇ 'ਸਤਿਜੁਗਿ ਤੈ ਮਾਣਿਓ' 'ਤ੍ਰੇਤੈ ਤੈ ਮਾਣਿਓ' ਅਤੇ 'ਦੁਆਪੁਰਿ ਕ੍ਰਿਸਨ ਮੁਰਾਰਿ' ਹੋ ਗਿਆ। ਇਹ 'ਨਾਨਕ' (ਨਾ ਅਨਕ) 'ਅਦ੍ਵੈਤ ਵਾਹਿਗੁਰੂ' ਹੈ। ਨਾਨਕ 'ਅਦ੍ਵੈਤ ਵਾਹਿਗੁਰੂ' ਦਾ ਚਿੰਨ੍ਹ ਹੈ। 'ਨਾਨਕ ਜਾਂ ਅਦ੍ਵੈਤ' ਉਹ ਦਸ਼ਾ ਹੀ ਹੈ ਜਿੱਥੇ ਚਕ੍ਰ ਚਿਹਨ, ਬਰਨ ਜਾਤਿ, ਰੂਪ ਰੰਗ ਅਤੇ ਰੇਖ ਭੇਖ ਦੇ ਵਿਤਕਰੇ ਨਹੀਂ ਹਨ, ਜਿੱਥੇ ਪੂਰਨ ਨਿਰਭੈਤਾ ਹੈ ਅਤੇ 'ਨਿਰਵੈਰਤਾ' ਹੈ। 'ਨਾਨਕ' ਉਹ ਦਸ਼ਾ ਹੈ ਜਿੱਥੇ '੧ਓ ਦੀ ਫ਼ਤਿਹ ਹੈ, ਜਿਥੇ 'ਅਚਲ ਮੂਰਤਿ' 'ਅਨਭਉ ਪ੍ਰਕਾਸ' ਦੀ ਅਵਸਥਾ ਹੈ। 'ਨਾਨਕ' ਦੀ ਅਗਵਾਈ ਵਿਚ ਸਾਰੀ ਅਰਦਾਸ ਉਪਜੀ ਹੈ ਜਾਂ ਜੀਵੀ ਗਈ ਹੈ। ਅਰਦਾਸ ਚਕ੍ਰ ਚਿਹਨ, ਰੂਪ ਰੰਗ ਦੇ ਵਿਤਕਰੇ ਦੇ ਵਿਰੁੱਧ ਇਕ ਜਹਾਦ ਹੈ। ਅਰਦਾਸ ਉਹਨਾਂ ਲੋਕਾਂ ਦਾ ਇਤਿਹਾਸ ਹੈ ਜੋ ਇਸ ਵਿਤਕਰੇ ਵਿਚ ਪਿਸ ਰਹੀ ਲੋਕਾਈ ਦੀ ਆਵਾਜ਼ ਸੁਣ ਕੇ 'ਬੋਲੇ' ਅਤੇ ਉਠ ਦੌੜੇ ਉਸ ਦੇ ਦਰਦ ਨਾਸ਼ ਕਰਨ ਲਈ। ਉਹ ਲੜੇ, ਉਹ ਮਰੇ ਅਤੇ ਉਹਨਾਂ ਜ਼ਾਲਮਾਂ ਨੂੰ ਵੀ ਮਾਰਿਆ।

ਸਭ ਤੋਂ ਪਹਿਲਾਂ ਤਾਂ ਗੁਰੂ ਨਾਨਕ ਦੇਵ ਜੀ ਆਪ ਉਠੇ ਅਤੇ ਲੜਾਈ ਸ਼ੁਰੂ ਕੀਤੀ ਜ਼ਾਤ-ਪਾਤ, ਉਚ-ਨੀਚ ਦੇ ਵਿਤਕਰਿਆਂ ਵਿਰੁੱਧ। ਆਪ ਨੇ ਇਹ ਲੜਾਈ ਕਲਮ ਦੁਆਰਾ ਕੀਤੀ, ਗੋਸ਼ਟਾਂ ਦੁਆਰਾ ਕੀਤੀ, ਸੰਗੀਤ ਵਿਚ ਸ਼ਬਦ-ਸਲੋਕ ਗਾ ਕੇ ਕੀਤੀ। ਆਪ ਨੇ 'ਆਸਾ ਦੀ ਵਾਰ' ਰਚੀ ਅਤੇ ਇਹ ਰਚਨਾ ਇਕ ਘਮਸਾਣ ਹੈ, ਹਰ ਪ੍ਰਕਾਰ ਦੀ ਹਉਮੈ ਅਤੇ ਵਿਤਕਰੇ-ਬਾਜ਼ੀ ਵਿਰੁੱਧ ਇਕ ਜਹਾਦ ਹੈ, ਹਰ ਅਨਿਆਂ ਅਤੇ ਧੱਕੇ ਵਿਰੁੱਧ। ਆਪਣੇ ਆਪਣੇ ਤਰੀਕੇ ਨਾਲ ਇਹ ਲੜਾਈ ਲੰਗਰ ਲਗਾ ਕੇ ਉਥੇ ਵਿਤਕਰੇ-ਰਹਿਤ ਵੰਡ ਛਕਣ ਦੀ ਪ੍ਰਥਾ ਚਲਾ ਕੇ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਲੜੀ। ਇਹੋ ਲੜਾਈ ਗੁਰੂ ਰਾਮਦਾਸ ਜੀ ਨੇ ਹਰਿਮੰਦਰ ਦੀ ਕਲਪਨਾ ਕਰ ਕੇ ਲੜੀ। ਇਹੋ ਲੜਾਈ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਨਾਂ ਰੂਪ ਰੰਗ, ਚਕ੍ਰ ਚਿਹਨ, ਬਰਨ ਜ਼ਾਤਿ ਅਤੇ ਰੇਖ ਭੇਖ ਦੇ ਵਿਤਕਰੇ ਦੇ ਸਾਰੇ ਭਾਰਤੀ ਭਗਤਾਂ ਨੂੰ ਆਦਰ ਦੇ ਕੇ ਲੜੀ। ਇਸ ਮਹਾਨ ਗੁਰਤਾ ਪ੍ਰਾਪਤ ਪੁਸਤਕ ਵਿਚ ਨੀਚ-ਉਚ ਸਭ ਇਕੱਠੇ ਕਰ ਦਿੱਤੇ ਅਤੇ ਹਰ ਪ੍ਰਕਾਰ ਦੀ ਵੰਡ ਖ਼ਤਮ ਕਰ ਦਿੱਤੀ। ਇਹ ਵਾਹਿਗੁਰੂ ਜੀ ਕੀ ਫ਼ਤਿਹ ਦੀ ਘੜੀ ਹੈ। ਇਹੋ ਲੜਾਈ ਗੁਰੂ ਹਰਿਗੋਬਿੰਦ ਸਾਹਿਬ ਨੇ 'ਮਸਜਦ' ਬਣਵਾ ਕੇ ਲੜੀ, ਇਹੋ ਲੜਾਈ ਗੁਰੂ ਤੇਗ ਬਹਾਦਰ ਜੀ ਨੇ 'ਤਿਲਕ ਜੰਞੂ' ਦੀ ਰੱਖਿਆ ਕਰਦੇ ਲੜੀ—ਕਿੱਥੇ ਹੈ ਵਿਤਕਰਾ ? ਜਦੋਂ ਵੀ ਕਿਸੇ ਮਜ਼ਲੂਮ ਨੇ ਖ਼ਾਲਸੇ ਨੂੰ ਪੁਕਾਰਿਆ, ਖ਼ਾਲਸਾ 'ਬੋਲਿਆ' ਅਤੇ 'ਸਤਿ ਸ੍ਰੀ ਅਕਾਲ' ਦਾ ਰਾਜ ਸਥਾਪਤ ਕੀਤਾ। ਇਹੋ ਲੜਾਈ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਤ-ਪਾਤ ਦਾ ਵਿਤਕਰਾ ਮਿਟਾ ਕੇ ਇਕ ਬਾਟੇ ਵਿਚੋਂ ਸਾਰੇ ਭਾਰਤ ਨੂੰ ਅੰਮ੍ਰਿਤ ਛਕਾ ਕੇ ਲੜੀ। ਇਹ ਲੜਾਈ ਉਦੋਂ ਤੀਕ ਲੜੀ ਜਾ ਰਹੀ ਹੈ ਜਦੋਂ ਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁਗੋ ਜੁਗ ਅਟੱਲ ਤਖ਼ਤ ਤੇ ਬਿਰਾਜ-ਮਾਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੈਠੇ ਸਾਰੇ ਗੁਰੂ ਤੇ ਭਗਤ ਆਪਣੀ ਅਕਾਲੀ ਬਾਣੀ ਦੁਆਰਾ ਸਦਾ ਲਈ ਇਹ ਲੜਾਈ ਲੜ ਰਹੇ ਹਨ ਅਤੇ ਮਨੁੱਖਤਾ ਅਤੇ ਖ਼ਾਲਸੇ

ਵਿਚ ਬਲ ਪੈਦਾ ਕਰ ਰਹੇ ਹਨ ਕਿ ਚਕ੍ਰ ਚਿਹਨ, ਬਰਨ ਜਾਤਿ, ਰੂਪ ਰੰਗ ਅਤੇ ਰੇਖ ਭੇਖ ਦੇ ਵਿਤਕਰੇ ਵਿਰੁੱਧ ਲੜਾਈ ਜਾਰੀ ਰੱਖੇ। ਇਹ ਬਾਣੀ ਤਾਂ ਕੇਵਲ 'ਅਚਲ ਮੂਰਤਿ' ਅਤੇ 'ਅਨਭਉ ਪ੍ਰਕਾਸ' ਦੀ ਫ਼ਤਿਹ ਲਈ ਪ੍ਰੇਰਨਾ ਦਿੰਦੀ ਹੈ, ਇਹ ਬਾਣੀ ਸਦਾ 'ਬੋਲੇਗੀ' ਜਦੋਂ ਵੀ ਮਨੁੱਖਤਾ ਵਿਤਕਰੇ-ਵੰਡਾਂ ਕਰਕੇ ਦੁਖੀ ਹੋਵੇਗੀ। ਇਹ ਬਾਣੀ 'ਸਤਿ ਸ੍ਰੀ ਅਕਾਲ' ਦਾ ਨਾਹਰਾ ਮਾਰਦੀ ਰਹੇਗੀ।

ਇਹੋ ਲੜਾਈ ਮਹਾਨ ਸੂਰਬੀਰ ਜੋਧਿਆਂ ਅਤੇ ਸ਼ਹੀਦਾਂ ਨੇ ਲੜੀ, ਸਾਰੇ ਸ਼ਹੀਦ ਧਰਮ (ਰੇਖ ਭੇਖ) ਦੇ ਵਿਤਕਰੇ ਵਿਰੁੱਧ ਲੜੇ। ਅਰਦਾਸ ਦੇ ਸਾਰੇ ਸ਼ਹੀਦ ਭੇਖ-ਵਿਤਕਰੇ ਦਾ ਸ਼ਿਕਾਰ ਹੋਏ, ਉਹ ਇਸ ਵਿਤਕਰੇ ਦੇ ਅਨਿਆਂ ਵਿਰੁੱਧ ਜੂਝੇ ਅਤੇ ਸ਼ਹੀਦ ਹੋਏ। ਉਹ ਇਸ ਵਿਤਕਰੇ ਤੇ ਅਨਿਆਂ ਵਿਰੁਧ 'ਬੋਲੇ' ਅਤੇ ਸ਼ਹੀਦ ਹੋਏ।

੩.

ਸੋ, ਇਹ 'ਜੈਕਾਰਾ' ਕੋਈ ਰਸਮੀ ਚੀਜ਼ ਨਹੀਂ, ਇਹ ਤਾਂ ਇਕ ਪ੍ਰਣ ਹੈ ਕਿ ਖ਼ਾਲਸਾ ਮਜ਼ਲੂਮ ਦੀ ਆਵਾਜ਼ ਸੁਣ ਕੇ ਸਦਾ 'ਬੋਲੇਗਾ' ਅਤੇ 'ਸਤਿ ਸ੍ਰੀ ਅਕਾਲ' ਜਾਂ ਸਚਾਈ ਦੀ ਸਥਾਪਨਾ ਲਈ ਹਰ ਖ਼ਤਰਾ ਮੁੱਲ ਲਏਗਾ ਅਤੇ ਜਾਨ ਦੀ ਬਾਜ਼ੀ ਲਾਏਗਾ, ਸ਼ਹੀਦ ਹੋਏਗਾ, 'ਵਾਹਿਗੁਰੂ ਜੀ ਕੀ ਫ਼ਤਿਹ' ਲਈ ਲੜੇਗਾ। ਇਹ ਸਦੀਵੀ ਉੱਚਾ ਆਦਰਸ਼ ਹੈ, ਪੂਰੀ ਤਰ੍ਹਾਂ ਇਹ ਆਦਰਸ਼ ਕਦੇ ਵੀ ਪ੍ਰਾਪਤ ਨਹੀਂ ਹੋਣਾ—ਪਰ ਲਗਦੀ ਵਾਹ ਖ਼ਾਲਸੇ ਨੇ ਯਤਨ ਕਰਨਾ ਹੈ। ਥੋੜ੍ਹਾ ਇਸ ਦੇ ਭਾਵ ਤੋਂ ਚੇਤੰਨ ਹੋ ਕੇ ਜੈਕਾਰਾ ਗਜਾਉਣਾ ਚਾਹੀਦਾ ਹੈ ਅਤੇ ਇਸ ਪ੍ਰਣ ਨੂੰ ਨਿਭਾਉਣ ਦਾ ਰੱਤੀ ਭਰ ਯਤਨ ਕਰਨਾ ਚਾਹੀਦਾ ਹੈ।